ਸ਼ੁੱਕਰਵਾਰ, 18 ਸਤੰਬਰ, 2026
2 ਅੱਸੂ { ਨਾਨਕਸ਼ਾਹੀ 558 / ਬਿਕਰਮੀ 2083 }
ਜਿਲਦ/VOL. : 75
ਅੰਕ/NO. : 108

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • FRIDAY, 18 SEPTEMBER, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160
nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਸੁਪਰੀਮ ਕੋਰਟ ਦਿੱਲੀ 'ਚ ਵੋਟਰ ਕਟੌਤੀ ਬਾਰੇ ਸੁਣਵਾਈ ਕਰੇਗੀ

**ਨਵੀਂ ਦਿੱਲੀ** : ਸੁਪਰੀਮ ਕੋਰਟ ਵੀਰਵਾਰ ਵਿਸ਼ੇਸ਼ ਤੀਬਰ ਸੋਧ (ਐੱਸ ਆਈ ਆਰ) ਦੌਰਾਨ ਦਿੱਲੀ ਦੀ ਵੋਟਰ ਸੂਚੀ ਵਿੱਚੋਂ 47 ਲੱਖ ਨਾਵਾਂ ਨੂੰ ਹਟਾਉਣ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ 21 ਸਤੰਬਰ ਨੂੰ ਸੁਣਵਾਈ ਕਰਨ ਲਈ ਰਾਜ਼ੀ ਹੋ ਗਈ। ਚੋਣ ਕਮਿਸ਼ਨ ਵੱਲੋਂ 31 ਅਗਸਤ ਨੂੰ ਡਰਾਫਟ ਸੂਚੀ ਪ੍ਰਕਾਸ਼ਤ ਕਰਨ ਤੋਂ ਬਾਅਦ ਇਹ ਹਟਾਏ ਗਏ ਨਾਂਅ ਸਾਹਮਣੇ ਆਏ, ਜਿਸ ਨਾਲ ਸੂਚੀ ਵਿੱਚ 1.45 ਕਰੋੜ ਵੋਟਰਾਂ 'ਚੋਂ ਲੱਗਭੱਗ ਇੱਕ-ਤਿਹਾਈ ਦੀ ਕਮੀ ਹੋ ਗਈ। ਪਟੀਸ਼ਨਕਰਤਾ ਵੱਲੋਂ ਪੇਸ਼ ਹੋਏ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਚੀਫ ਜਸਟਿਸ ਸੂਰੀਆ ਕਾਂਤ, ਜਸਟਿਸ ਜੋਇਮਲਿਆ ਬਾਗਚੀ ਅਤੇ ਜਸਟਿਸ ਵੈਂਕਟ ਸੁਬਰਾਮਣੀ ਮੋਹਨਾ ਦੀ ਬੈਂਚ ਨੂੰ ਦੱਸਿਆ ਕਿ ਚੋਣ ਕਮਿਸ਼ਨ ਨੇ 33 ਲੱਖ ਲੋਕਾਂ ਨੂੰ ਨੋਟਿਸ ਜਾਰੀ ਕੀਤੇ ਹਨ, ਜਿਨ੍ਹਾਂ ਦੇ ਨਾਂਅ ਹਟਾ ਦਿੱਤੇ ਗਏ ਸਨ। ਭੂਸ਼ਣ ਨੇ ਸਵਾਲ ਕੀਤਾ ਕਿ ਚੋਣ ਕਮਿਸ਼ਨ ਨੇ ਨੋਟਿਸ ਪ੍ਰਾਪਤ ਕਰਨ ਵਾਲੇ ਲੋਕਾਂ ਦੇ ਨਾਂਅ ਜਾਂ ਉਨ੍ਹਾਂ ਨੂੰ ਸੂਚੀ ਵਿੱਚੋਂ ਬਾਹਰ ਕੱਢਣ ਦੇ ਕਾਰਨ ਜਨਤਕ ਕਿਉਂ ਨਹੀਂ ਕੀਤੇ। ਉਨ੍ਹਾ 'ਤਰਕਪੂਰਨ ਅੰਤਰ' ਅਤੇ 'ਮੈਪ ਨਾ ਕੀਤੇ' ਵੋਟਰਾਂ ਦੀ ਪਛਾਣ ਕਰਨ ਦੇ ਆਧਾਰ 'ਤੇ ਵੀ ਸਵਾਲ ਉਠਾਏ।

## ਅਨੁਰਾਗ ਵਰਮਾ ਦਾ ਤਬਾਦਲਾ



**ਚੰਡੀਗੜ੍ਹ (ਸੁਰਜੀਤ ਸੁਮਨ)**-ਪੰਜਾਬ ਸਰਕਾਰ ਨੇ ਵੀਰਵਾਰ ਐਡੀਸ਼ਨਲ ਚੀਫ ਸੈਕਟਰੀ ਅਨੁਰਾਗ ਵਰਮਾ ਨੂੰ ਬਦਲ ਕੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੀ ਜ਼ਿੰਮੇਵਾਰੀ ਤੋਂ ਇਲਾਵਾ ਟਰਾਂਸਪੋਰਟ ਵਿਭਾਗ ਦਾ ਵਾਧੂ ਚਾਰਜ ਦੇ ਦਿੱਤਾ। ਅਨੁਰਾਗ ਵਰਮਾ ਦੀ ਥਾਂ 'ਤੇ ਹੁਣ ਜਸਪ੍ਰੀਤ ਤਲਵਾੜ ਨੂੰ ਵਿੱਤ ਕਮਿਸ਼ਨਰ (ਮਾਲ, ਪੁਨਰਵਾਸ ਅਤੇ ਆਫਤ ਪ੍ਰਬੰਧਨ) ਲਾਇਆ ਗਿਆ ਹੈ। ਉਨ੍ਹਾ ਨੂੰ ਖਣਨ ਤੇ ਭੂ ਵਿਗਿਆਨ ਵਿਭਾਗ ਅਤੇ ਨਿਆਂ ਵਿਭਾਗ ਦਾ ਵਾਧੂ ਚਾਰਜ ਵੀ ਦਿੱਤਾ ਗਿਆ ਹੈ। ਅਰਸ਼ਦੀਪ ਸਿੰਘ ਥਿੰਦ ਹੁਣ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਪ੍ਰਬੰਧਕੀ ਸਕੱਤਰ ਹੋਣਗੇ ਅਤੇ ਉਨ੍ਹਾ ਨੂੰ ਯੋਜਨਾ ਵਿਭਾਗ ਦਾ ਵਾਧੂ ਚਾਰਜ ਵੀ ਦਿੱਤਾ ਗਿਆ ਹੈ। ਟਰਾਂਸਪੋਰਟ ਵਿਭਾਗ 'ਚੋਂ ਬਦਲੇ ਵਰੁਣ ਰੂਜ਼ਮ ਖੇਡਾਂ ਤੇ ਯੁਵਕ ਸੇਵਾਵਾਂ ਵਿਭਾਗ ਦੇ ਪ੍ਰਬੰਧਕੀ ਸਕੱਤਰ ਵਜੋਂ ਕੰਮ ਕਰਦੇ ਰਹਿਣਗੇ।

## ਗੈਰ-ਕਾਨੂੰਨੀ ਮਾਈਨਿੰਗ 'ਤੇ ਹਾਈ ਕੋਰਟ ਸਖਤ

**ਚੰਡੀਗੜ੍ਹ** : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਵੀਰਵਾਰ ਪੰਜਾਬ ਦੇ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਦੀ ਹਦਾਇਤ ਕੀਤੀ ਹੈ ਕਿ ਜਲੰਧਰ, ਮੋਗਾ ਅਤੇ ਲੁਧਿਆਣਾ ਜ਼ਿਲ੍ਹਿਆਂ ਵਿੱਚ ਕੋਈ ਗੈਰ-ਕਾਨੂੰਨੀ ਮਾਈਨਿੰਗ ਨਾ ਕੀਤੀ ਜਾਵੇ। ਚੀਫ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਅਤੇ ਜਸਟਿਸ ਰੋਹਿਤ ਕਪੂਰ ਦੀ ਡਵੀਜ਼ਨ ਬੈਂਚ ਨੇ ਕਿਹਾ ਕਿ ਜੇ ਅਜਿਹੀ ਕੋਈ ਘਟਨਾ ਸਾਹਮਣੇ ਆਉਂਦੀ ਹੈ, ਤਾਂ ਸੰਬੰਧਤ ਵਿਅਕਤੀਆਂ ਵਿਰੁੱਧ ਕਾਨੂੰਨ ਅਨੁਸਾਰ ਢੁਕਵੀਂ ਕਾਰਵਾਈ ਕੀਤੀ ਜਾਵੇਗੀ। ਬੈਂਚ ਅੱਗੇ ਕੇਸ ਦੀ ਮੁੜ ਸੁਣਵਾਈ ਹੋਈ ਤਾਂ ਕਾਰਜਕਾਰੀ ਇੰਜੀਨੀਅਰਾਂ, ਡਰੇਨੇਜ-ਕਮ-ਮਾਈਨਿੰਗ ਅਤੇ ਜਿਓਲਾਜੀ ਡਵੀਜ਼ਨ, ਜਲ ਸਰੋਤ ਵਿਭਾਗ, ਲੁਧਿਆਣਾ, ਜਲੰਧਰ ਅਤੇ ਮੋਗਾ ਦੁਆਰਾ ਸਥਿਤੀ ਰਿਪੋਰਟਾਂ ਦਾਖਲ ਕੀਤੀਆਂ ਗਈਆਂ। ਪਟੀਸ਼ਨਰ ਸੰਦੀਪ ਸਿੰਘ ਦੇ ਵਕੀਲ ਦੀ ਬੇਨਤੀ 'ਤੇ ਜਵਾਬ ਦਾਖਲ ਕਰਨ ਲਈ ਤਿੰਨ ਹਫਤਿਆਂ ਦਾ ਸਮਾਂ ਦਿੱਤਾ ਗਿਆ। ਬੈਂਚ ਨੇ ਅਗਲੀ ਸੁਣਵਾਈ 8 ਅਕਤੂਬਰ ਲਈ ਤੈਅ ਕੀਤੀ ਹੈ। ਬੈਂਚ ਨੇ ਅੱਗੇ ਕਿਹਾ ਕਿ ਇਸ ਦੌਰਾਨ ਰਾਜ ਦੇ ਅਧਿਕਾਰੀ ਇਹ ਯਕੀਨੀ ਬਣਾਉਣਗੇ ਕਿ ਸਵਾਲੀਆ ਖੇਤਰ ਵਿੱਚ ਕੋਈ ਗੈਰ-ਕਾਨੂੰਨੀ ਮਾਈਨਿੰਗ ਨਾ ਕੀਤੀ ਜਾਵੇ।

## ਰਾਜੋਆਣਾ ਦੀ ਮੋਦੀ ਨੂੰ ਚਿੱਠੀ

**ਪਟਿਆਲਾ** : ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਹੱਤਿਆ ਕਾਂਡ ਵਿੱਚ ਪਟਿਆਲਾ ਕੇਂਦਰੀ ਜੇਲ੍ਹ ਵਿੱਚ ਬੰਦ ਅਤੇ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਬਲਵੰਤ ਸਿੰਘ ਰਾਜੋਆਣਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਿੱਠੀ ਲਿਖ ਕੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਨ੍ਹਾ ਦੀ ਰਹਿਮ ਦੀ ਅਪੀਲ 'ਤੇ ਜਲਦ ਅਤੇ ਅੰਤਮ ਫੈਸਲਾ ਲਿਆ ਜਾਵੇ, ਭਾਵੇਂ ਫੈਸਲਾ ਉਸ ਦੀ ਫਾਂਸੀ ਦੀ ਸਜ਼ਾ ਨੂੰ ਬਰਕਰਾਰ ਰੱਖਣ ਦਾ ਹੀ ਕਿਉਂ ਨਾ ਹੋਵੇ। ਉਹ 31 ਸਾਲਾਂ ਤੋਂ ਆਪਣੇ ਭਵਿੱਖ ਤੋਂ ਅਣਜਾਣ ਜੇਲ੍ਹ ਵਿੱਚ ਬੰਦ ਹੈ, ਇਸ ਲਈ ਉਸ ਦੀ ਲੰਮੇ ਸਮੇਂ ਤੋਂ ਲਟਕਦੀ ਅਪੀਲ ਦਾ ਨਿਪਟਾਰਾ ਕੀਤਾ ਜਾਵੇ।

## ਫ਼ਰੀਦਕੋਟ ਦੇ ਨਮਨ ਧੀਰ ਦੀ ਭਾਰਤੀ ਕ੍ਰਿਕਟ ਟੀਮ 'ਚ ਚੋਣ



**ਚੰਡੀਗੜ੍ਹ** : ਫ਼ਰੀਦਕੋਟ ਦੇ ਕ੍ਰਿਕਟਰ ਨਮਨ ਧੀਰ ਲਈ 16 ਸਤੰਬਰ ਦਾ ਦਿਨ ਉਸ ਦੇ ਖੇਡ ਜੀਵਨ ਦਾ ਯਾਦਗਾਰ ਦਿਨ ਬਣ ਗਿਆ। ਭਾਰਤੀ ਕ੍ਰਿਕਟ ਕੰਟਰੋਲ ਬੋਰਡ ਨੇ ਵੈਸਟ ਇੰਡੀਜ਼ ਖ਼ਿਲਾਫ਼ ਹੋਣ ਵਾਲੀ ਤਿੰਨ ਮੈਚਾਂ ਦੀ ਵਨਡੇਅ ਲੜੀ ਲਈ ਟੀਮ ਦਾ ਐਲਾਨ ਕੀਤਾ। ਇਸ 15 ਮੈਂਬਰੀ ਟੀਮ ਵਿੱਚ ਪੰਜਾਬ ਦੇ ਬੱਲੇਬਾਜ਼ ਤੇ ਆਲਰਾਊਂਡਰ ਨਮਨ ਧੀਰ ਨੂੰ ਪਹਿਲੀ ਵਾਰ ਭਾਰਤੀ ਸੀਨੀਅਰ ਟੀਮ ਵਿੱਚ ਥਾਂ ਦਿੱਤੀ ਗਈ ਹੈ। ਭਾਰਤੀ ਟੀਮ ਦੀ ਕਪਤਾਨੀ ਸ਼ੁਭਮਨ ਗਿੱਲ ਕਰਨਗੇ ਜਦ ਕਿ ਕੇ.ਐੱਲ. ਰਾਹੁਲ ਉਪ-ਕਪਤਾਨ ਹੋਣਗੇ। ਨਮਨ ਧੀਰ ਦੇ ਨਾਲ ਜੰਮੂ-ਕਸ਼ਮੀਰ ਦੇ ਤੇਜ਼ ਗੇਂਦਬਾਜ਼ ਆਕਿਬ ਨਬੀ ਨੂੰ ਵੀ ਪਹਿਲੀ ਵਾਰ ਵਨਡੇਅ ਟੀਮ ਵਿੱਚ ਸੱਦਾ ਮਿਲਿਆ ਹੈ। ਭਾਰਤ ਅਤੇ ਵੈਸਟ ਇੰਡੀਜ਼ ਵਿਚਾਲੇ ਵਨਡੇਅ ਲੜੀ ਦਾ ਪਹਿਲਾ ਮੈਚ 27 ਸਤੰਬਰ ਨੂੰ ਤਿਰੂਵਨੰਤਪੁਰਮ, ਦੂਜਾ 30 ਸਤੰਬਰ ਨੂੰ ਗੁਹਾਟੀ ਅਤੇ ਤੀਜਾ 3 ਅਕਤੂਬਰ ਨੂੰ ਨਿਊ ਚੰਡੀਗੜ੍ਹ ਵਿੱਚ ਖੇਡਿਆ ਜਾਣਾ ਹੈ।

# ਖਿਸਕ ਗਿਆ ਚਾਵਲਾ



**ਚੰਡੀਗੜ੍ਹ (ਨਵਾਂ ਜ਼ਮਾਨਾ ਸਰਵਿਸ)**
ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਨੇਤਾ ਤੇ ਸ੍ਰੀ ਆਨੰਦਪੁਰ ਸਾਹਿਬ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਮਰਜੀਤ ਸਿੰਘ ਚਾਵਲਾ ਜਬਰ-ਜ਼ਨਾਹ ਦਾ ਮਾਮਲਾ ਦਰਜ ਹੋਣ ਮਗਰੋਂ ਕੈਨੇਡਾ ਪਹੁੰਚ ਗਏ ਹਨ। ਆਨੰਦਪੁਰ ਸਾਹਿਬ ਦੇ ਥਾਣੇ 'ਚ ਉਨ੍ਹਾ ਖਿਲਾਫ ਜਬਰ-ਜ਼ਨਾਹ ਦਾ ਮਾਮਲਾ 20 ਅਗਸਤ ਨੂੰ ਦਰਜ ਹੋ ਗਿਆ ਸੀ, ਪਰ ਪੁਲਸ ਨੇ ਉਨ੍ਹਾਂ ਨੂੰ ਭਿਣਕ ਤੱਕ ਨਹੀਂ ਪੈਣ ਦਿੱਤੀ। ਹੁਣ ਜਦੋਂ ਪੁਲਸ ਚਾਵਲਾ ਦੀ ਭਾਲ 'ਚ ਜੁਟੀ ਤਾਂ ਪਤਾ ਲੱਗਿਆ ਹੈ ਕਿ ਚਾਵਲਾ ਦੇਸ਼ ਤੋਂ ਬਾਹਰ ਜਾ ਚੁੱਕੇ ਹਨ।

ਪੰਜਾਬ ਸਰਕਾਰ ਦੇ ਇੱਕ ਸੀਨੀਅਰ ਅਧਿਕਾਰੀ ਨੇ ਪੁਸ਼ਟੀ ਕੀਤੀ ਹੈ ਕਿ ਚਾਵਲਾ 13 ਸਤੰਬਰ ਨੂੰ ਕੈਨੇਡਾ ਪਹੁੰਚ ਗਏ ਸਨ। ਪੰਜਾਬ ਪੁਲਸ ਉਨ੍ਹਾ ਵਿਰੁੱਧ ਲੁੱਕ ਆਊਟ ਨੋਟਿਸ ਜਾਰੀ ਕਰਨ ਦੀ ਤਿਆਰੀ ਕਰ ਰਹੀ ਸੀ, ਜਿਸ ਦੌਰਾਨ ਚਾਵਲਾ ਦੇ ਕੈਨੇਡਾ ਪੁੱਜਣ ਦਾ ਪਤਾ ਚੱਲਿਆ। ਚਾਵਲਾ ਖਿਲਾਫ ਕੇਸ ਸੰਗਰੂਰ ਜ਼ਿਲ੍ਹੇ ਦੀ ਇੱਕ ਔਰਤ ਦੀ ਸ਼ਿਕਾਇਤ 'ਤੇ ਰੂਪਨਗਰ ਜ਼ਿਲ੍ਹੇ ਦੇ ਸ੍ਰੀ ਆਨੰਦਪੁਰ ਸਾਹਿਬ ਥਾਣੇ 'ਚ ਦਰਜ ਕੀਤਾ ਗਿਆ ਹੈ। ਇਸ ਔਰਤ ਨੇ ਚਾਵਲਾ 'ਤੇ ਵਾਰ-ਵਾਰ ਸਰੀਰਕ ਸ਼ੋਸ਼ਣ ਦੇ ਦੋਸ਼ ਲਗਾਏ ਹਨ।

ਪੁਲਸ ਅਧਿਕਾਰੀਆਂ ਮੁਤਾਬਕ ਕਿ ਚਾਵਲਾ ਹਾਲੇ ਜਾਂਚ ਵਿੱਚ ਸ਼ਾਮਲ ਨਹੀਂ ਹੋਏ ਹਨ ਅਤੇ ਉਨ੍ਹਾ ਦੀ ਭਾਲ ਕੀਤੀ ਜਾ ਰਹੀ ਹੈ, ਦੂਸਰੇ ਪਾਸੇ ਐੱਫ ਆਈ ਆਰ ਦਰਜ ਹੋਣ ਤੋਂ ਬਾਅਦ ਚਾਵਲਾ ਨੇ ਸ਼੍ਰੋਮਣੀ ਕਮੇਟੀ ਦੀ ਮੈਂਬਰਸ਼ਿਪ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਦੇ ਅਹੁਦੇ ਸਮੇਤ ਸਾਰੇ ਅਹੁਦਿਆਂ ਤੋਂ ਅਸਤੀਫਾ ਦੇਣ ਦਾ ਐਲਾਨ ਕੀਤਾ ਹੈ।

ਚਾਵਲਾ ਨੇ ਸੋਸ਼ਲ ਮੀਡੀਆ 'ਤੇ ਜਾਰੀ ਇੱਕ ਵੀਡੀਓ ਸੰਦੇਸ਼ ਵਿੱਚ ਸਾਰੇ ਦੋਸ਼ਾਂ ਨੂੰ ਨਕਾਰਦਿਆਂ ਇਸ ਮਾਮਲੇ ਨੂੰ 'ਝੂਠਾ, ਬੇਬੁਨਿਆਦ ਅਤੇ ਕਿਰਦਾਰਕੁਸ਼ੀ ਕਰਨ ਦੀ ਇੱਕ ਡੂੰਘੀ ਸਾਜ਼ਿਸ਼' ਦੱਸਿਆ ਹੈ। ਉਨ੍ਹਾ ਕਿਹਾ ਕਿ ਉਹ ਨੈਤਿਕ ਆਧਾਰ 'ਤੇ ਅਸਤੀਫਾ ਦੇ ਰਹੇ ਹਨ ਅਤੇ ਜਦੋਂ ਤੱਕ ਅਦਾਲਤ ਤੋਂ ਨਿਰਦੋਸ਼ ਸਾਬਤ ਨਹੀਂ ਹੋ ਜਾਂਦੇ, ਉਦੋਂ ਤੱਕ ਕਿਸੇ ਵੀ ਜਨਤਕ ਅਹੁਦੇ 'ਤੇ ਵਾਪਸ ਨਹੀਂ ਆਉਣਗੇ।

# ਜੇਲ੍ਹ ਭਰੋ ਅੰਦੋਲਨ ਦੀਆਂ ਤਿਆਰੀਆਂ ਵਿੱਢ ਦਿਓ : ਧਾਲੀਵਾਲ



**ਚੰਡੀਗੜ੍ਹ (ਨਵਾਂ ਜ਼ਮਾਨਾ ਸਰਵਿਸ)**
ਪੰਜਾਬ ਸਟੇਟ ਕੌਂਸਲ ਸੀ ਪੀ ਆਈ ਦੇ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ ਵੀਰਵਾਰ ਜਾਰੀ ਬਿਆਨ 'ਚ ਦੱਸਿਆ ਕਿ ਸੀ ਪੀ ਆਈ ਵੱਲੋਂ 'ਬਦਲਾਅ ਜ਼ਰੂਰੀ ਹੈ', ਦੀ ਮੁਹਿੰਮ ਵਜੋਂ ਪਹਿਲੀ ਸਤੰਬਰ ਨੂੰ ਦਿੱਲੀ ਵਿਖੇ ਰਾਮ ਲੀਲ੍ਹਾ ਮੈਦਾਨ ਵਿੱਚ ਦੇਸ਼-ਪੱਧਰੀ ਵਿਸ਼ਾਲ ਰੈਲੀ ਕੀਤੀ ਗਈ ਸੀ, ਜਿਸ ਵਿੱਚ ਮੁੱਖ ਤੌਰ 'ਤੇ ਦਿੱਲੀ ਦੇ ਆਸ ਪਾਸ ਦੀਆਂ ਸਟੇਟਾਂ ਤੋਂ ਅਤੇ ਦੂਰ-ਦੁਰਾਡੇ ਸੂਬਿਆਂ ਤੋਂ ਵੀ ਵੱਡੀ ਗਿਣਤੀ ਵਿੱਚ ਪਾਰਟੀ ਕਾਡਰ ਅਤੇ ਆਮ ਲੋਕ 70 ਹਜ਼ਾਰ ਤੋਂ ਵੱਧ ਦੀ ਗਿਣਤੀ ਵਿੱਚ ਹੁੰਮ-ਹੁਮਾ ਕੇ ਪੁੱਜੇ ਸਨ। ਇਸ ਰੈਲੀ ਵਿੱਚੋਂ 'ਬਦਲਾਅ ਜ਼ਰੂਰੀ ਹੈ' ਦੀ ਮੁਹਿੰਮ ਨੂੰ ਜਾਰੀ ਰੱਖਦਿਆਂ ਸੀ ਪੀ ਆਈ ਨੇ ਪਹਿਲੀ ਦਸੰਬਰ ਤੋਂ ਦੇਸ਼ ਦੇ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਦੱਬੇ ਲਿਤਾੜੇ ਲੋਕਾਂ ਦੇ ਮੁੱਦਿਆਂ ਨੂੰ ਲੈ ਕੇ ਦੇਸ਼ ਵਿਆਪੀ ਜੇਲ੍ਹ ਭਰੋ ਅੰਦੋਲਨ ਸ਼ੁਰੂ ਕੀਤੇ ਜਾਣ ਦਾ ਸੱਦਾ ਦਿੱਤਾ ਗਿਆ ਅਤੇ ਟੀਚਾ ਮਿਥਿਆ ਗਿਆ ਹੈ ਕਿ ਘੱਟੋ-ਘੱਟ 5 ਲੱਖ ਪਾਰਟੀ ਕਾਰਕੁਨ ਅਤੇ ਹਮਦਰਦ ਜੇਲ੍ਹਾਂ ਵਿੱਚ ਜਾਣਗੇ ਇਸ ਮੁਹਿੰਮ ਦੀ ਸਫਲਤਾ ਲਈ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਦੀ ਲੀਡਰਸ਼ਿਪ ਨੂੰ ਕਿਹਾ ਗਿਆ ਹੈ ਕਿ ਆਪਣੇ ਆਪਣੇ ਜ਼ਿਲ੍ਹੇ ਵਿੱਚ ਹਰ ਇੱਕ ਬਰਾਂਚ ਪੱਧਰ 'ਤੇ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰਕੇ ਜੇਲ੍ਹ ਭਰੋ ਅੰਦੋਲਨ ਦੀ ਮਹੱਤਤਾ ਅਤੇ ਮੁੱਦਿਆਂ ਦੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਜਾਵੇ, ਤਾਂ ਕਿ ਕਾਰਪੋਰੇਟਾਂ ਅਤੇ ਫਿਰਕਾਪ੍ਰਸਤ ਤਾਕਤਾਂ ਦੀ ਪੁਸ਼ਤ-ਪਨਾਹੀ ਕਰਨ ਵਾਲੀ ਤਾਨਾਸ਼ਾਹੀ ਵੱਲ ਤੇਜ਼ੀ ਨਾਲ ਵਧ ਰਹੀ ਮੋਦੀ ਸਰਕਾਰ ਨੂੰ ਆਉਂਦੀਆਂ ਚੋਣਾਂ ਵਿੱਚ ਗੱਦੀ ਤੋਂ ਲਾਂਭੇ ਕੀਤਾ ਜਾ ਸਕੇ ਅਤੇ ਦੇਸ਼ ਦੇ ਸੰਵਿਧਾਨ, ਸੰਵਿਧਾਨਕ ਸੰਸਥਾਵਾਂ, ਫਿਰਕੂ ਇਕਸੁਰਤਾ, ਫੈਡਰਲ ਢਾਂਚਾ, ਸਮਾਜਿਕ ਤਾਣਾ-ਬਾਣਾ, ਖੇਤੀ ਛੋਟਾਂ ਅਤੇ ਮੱਧਮ ਵਪਾਰ ਅਤੇ ਲੋਕ ਅਦਾਰਿਆਂ ਨੂੰ ਬਚਾਇਆ ਜਾ ਸਕੇ। ਕਾਰਪੋਰੇਟੀ ਲੁੱਟ ਨੂੰ ਰੋਕਣਾ, ਘੱਟ ਗਿਣਤੀਆਂ ਉੱਤੇ ਹੁੰਦੇ ਹਮਲਿਆਂ ਨੂੰ ਰੋਕਣਾ, ਅਮਰੀਕਾ ਨਾਲ ਹੋਣ ਜਾ ਰਹੇ ਮੁਕਤ ਵਪਾਰ ਸਮਝੌਤੇ ਨੂੰ ਰੋਕਣਾ, ਮਨਰੇਗਾ ਕਾਨੂੰਨ ਬਹਾਲ ਕਰਾਉਣਾ ਸਿਹਤ ਸਿੱਖਿਆ ਅਤੇ ਰੁਜ਼ਗਾਰ ਆਦਿ ਸਭ ਵੀ ਜੇਲ੍ਹ ਭਰੋ ਅੰਦੋਲਨ ਦੇ ਮੁੱਖ ਮੁੱਦੇ ਹੋਣਗੇ।

ਧਾਲੀਵਾਲ ਨੇ ਬਿਆਨ ਜਾਰੀ ਰੱਖਦਿਆਂ ਕਿਹਾ ਕਿ ਪੰਜਾਬ ਵਿੱਚ ਇਸ ਸਮੇਂ ਅਸੈਂਬਲੀ ਚੋਣਾਂ ਦਾ ਚੁਣਾਵੀ ਮਾਹੌਲ ਦਿਨੋਂ-ਦਿਨ ਭਖਦਾ ਜਾ ਰਿਹਾ ਹੈ। ਪੰਜਾਬ ਸੀ ਪੀ ਆਈ ਜਲਦੀ ਹੀ ਕਾਰਜਕਾਰਨੀ ਅਤੇ ਸੂਬਾ ਕੌਂਸਲ ਦੀ ਮੀਟਿੰਗ ਕਰਨ ਜਾ ਰਹੀ ਹੈ, ਜਿਸ ਵਿੱਚ ਪੰਜਾਬ ਦੇ ਰਾਜਨੀਤਕ ਦ੍ਰਿਸ਼ ਦਾ ਲੇਖਾ-ਜੋਖਾ ਵੀ ਕੀਤਾ ਜਾਵੇਗਾ ਅਤੇ ਚੁਣਾਵੀ ਰਣਨੀਤੀ ਅਤੇ ਸੰਭਾਵਨਾਵਾਂ 'ਤੇ ਵੀ ਖੁੱਲ੍ਹ ਕੇ ਵਿਚਾਰ-ਚਰਚਾ ਕੀਤੀ ਜਾਵੇਗੀ। ਉਹਨਾ ਦੱਸਿਆ ਕਿ ਪਾਰਟੀ ਵੱਲੋਂ ਪਿਛਲੇ ਦੋ ਮਹੀਨਿਆਂ ਵਿੱਚ ਸਮੁੱਚੇ ਪੰਜਾਬ ਦੇ ਜ਼ਿਲ੍ਹਿਆਂ ਵਿੱਚ ਪੰਜਾਬ ਦੇ ਬੁਨਿਆਦੀ ਮੁੱਦਿਆਂ ਨੂੰ ਲੈ ਕੇ ਸਫਲ ਕਨਵੈਨਸ਼ਨਾਂ ਕੀਤੀਆਂ ਗਈਆਂ ਅਤੇ ਇਸ ਤੋਂ ਉਪਰੰਤ ਦਿੱਲੀ ਵਿਖੇ ਕੀਤੀ ਗਈ 'ਬਦਲਾਵ ਜ਼ਰੂਰੀ ਹੈ' ਰੈਲੀ ਦੀ ਸਫਲਤਾ ਲਈ ਸ਼ਲਾਘਾਯੋਗ ਉਦਮ ਕਰਦਿਆਂ ਹਜ਼ਾਰਾਂ ਦੀ ਗਿਣਤੀ ਵਿੱਚ ਪੰਜਾਬ ਦੇ ਜਥੇ ਦਿੱਲੀ ਰੈਲੀ ਵਿੱਚ ਸ਼ਾਮਲ ਹੋਏ।

ਪੰਜਾਬ ਦੇ ਸਮੁੱਚੇ ਹਾਲਾਤ ਅਤੇ ਭਗਵੰਤ ਮਾਨ ਸਰਕਾਰ ਦੀ ਕਾਰਗੁਜ਼ਾਰੀ ਦੀ ਗੱਲ ਕਰਦਿਆਂ ਧਾਲੀਵਾਲ ਨੇ ਕਿਹਾ ਕਿ ਆਪ ਦੀ ਸਰਕਾਰ ਹਰ ਫਰੰਟ 'ਤੇ ਫੇਲ੍ਹ ਸਰਕਾਰ ਸਾਬਤ ਹੋ ਚੁੱਕੀ ਹੈ ਅਤੇ ਪੰਜਾਬ ਦੇ ਲੋਕ ਇਸ ਸਰਕਾਰ ਦੇ ਹੱਥੋਂ ਠੱਗੇ ਹੋਏ ਮਹਿਸੂਸ ਕਰ ਰਹੇ ਹਨ, ਜਿਸ ਦਾ ਪ੍ਰਗਟਾਵਾ ਚੋਣਾਂ ਵਿੱਚ ਕਰਨ ਨੂੰ ਉਹ ਆਪਣਾ ਮਨ ਬਣਾਈ ਬੈਠੇ ਹਨ। ਸੂਬੇ ਦੇ ਹਰ ਪੱਖ ਤੋਂ ਲੋੜੀਂਦੇ ਵਿਕਾਸ ਨੂੰ ਕਿਸੇ ਕਿਸਮ ਦੀ ਗਤੀ ਪ੍ਰਦਾਨ ਕਰਨ ਵਿੱਚ ਇਹ ਸਰਕਾਰ ਪੂਰੀ ਤਰ੍ਹਾਂ ਨਾਕਾਮ ਸਾਬਤ ਹੋਈ ਹੈ। ਇਸ ਸਰਕਾਰ ਦੀ ਵਿਦਾਈ ਹੋਣ ਤੱਕ ਪੰਜਾਬ ਦੇ ਸਿਰ ਲੱਗਭੱਗ 5 ਲੱਖ ਕਰੋੜ ਰੁਪਏ ਦਾ ਕਰਜ਼ਾ ਹੋ ਚੁੱਕਾ ਹੋਵੇਗਾ। ਰੁਜ਼ਗਾਰ ਸਿਰਜਣ ਵਿੱਚ ਕੋਈ ਕਦਮ ਚੁੱਕੇ ਨਜ਼ਰ ਨਹੀਂ ਆਉਂਦੇ। ਸਰਕਾਰੀ ਅਤੇ ਅਰਧ ਸਰਕਾਰੀ ਅਦਾਰਿਆਂ ਵਿੱਚ ਢਾਈ ਤਿੰਨ ਲੱਖ ਖਾਲੀ ਪਈਆਂ ਨੌਕਰੀਆਂ ਦੇ ਬਦਲੇ • ਬਾਕੀ ਸਫਾ 2 'ਤੇ

# ਰੱਖੜਾ ਸਮਾਣਾ ਤੇ ਬਲਬੀਰ ਸਿੰਘ ਸ਼ਾਹਕੋਟ ਹਲਕੇ ਦੇ ਇੰਚਾਰਜ ਬਣਾਏ



**ਚੰਡੀਗੜ੍ਹ/ਸਮਾਣਾ/ਪਟਿਆਲਾ (ਗੁਰਜੀਤ ਬਿੱਲਾ/ਇਕਬਾਲ ਸਿੰਘ ਬੱਲ/ਰਾਜਿੰਦਰ ਸਿੰਘ ਥਿੰਦ)**



ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ 'ਆਪ' ਨੇ ਸਾਬਕਾ ਅਕਾਲੀ ਮੰਤਰੀ ਸੁਰਜੀਤ ਸਿੰਘ ਰੱਖੜਾ ਨੂੰ ਹਲਕਾ ਸਮਾਣਾ ਤੇ ਬਲਬੀਰ ਸਿੰਘ ਨੂੰ ਹਲਕਾ ਸ਼ਾਹਕੋਟ ਲਈ ਇੰਚਾਰਜ ਨਿਯੁਕਤ ਕੀਤਾ ਹੈ। ਸਾਬਕਾ ਮੰਤਰੀ ਚੇਤਨ ਸਿੰਘ ਜੌੜਮਾਜਰਾ ਸਮਾਣਾ ਹਲਕੇ ਤੋਂ ਆਪ ਦੇ ਵਿਧਾਇਕ ਹਨ। ਮੁੱਖ ਮੰਤਰੀ ਭਗਵੰਤ ਮਾਨ ਦੀ ਹਾਜ਼ਰੀ ਵਿੱਚ ਰੱਖੜਾ 'ਆਪ' ਵਿੱਚ ਸ਼ਾਮਲ ਹੋਏ ਸਨ। ਰੱਖੜਾ ਪ੍ਰਕਾਸ਼ ਸਿੰਘ ਬਾਦਲ ਸਰਕਾਰ ਵਿੱਚ ਮਾਲ ਅਤੇ ਮੁੜਵਸੇਬਾ ਮੰਤਰੀ ਵਜੋਂ ਸੇਵਾ ਨਿਭਾਅ ਚੁੱਕੇ ਹਨ। ਉਹ ਅਗਸਤ 2022 ਤੱਕ ਸ਼੍ਰੋਮਣੀ ਅਕਾਲੀ ਦਲ ਵਿੱਚ ਰਹੇ, ਪਰ ਬਾਅਦ ਵਿੱਚ ਸੁਖਬੀਰ ਸਿੰਘ ਬਾਦਲ ਨਾਲ ਮੱਤਭੇਦਾਂ ਕਾਰਨ ਪਾਰਟੀ ਤੋਂ ਦੂਰ ਹੋ ਗਏ ਸਨ। ਨਿਯੁਕਤੀ ਪੱਤਰ ਮਿਲਣ ਤੋਂ ਬਾਅਦ ਸੁਰਜੀਤ ਸਿੰਘ ਰੱਖੜਾ ਅਤੇ ਉਨ੍ਹਾ ਦੇ ਛੋਟੇ ਭਰਾ ਚਰਨਜੀਤ ਸਿੰਘ ਰੱਖੜਾ ਨੇ ਸਮਾਣਾ ਵਿਖੇ ਆਪਣੇ ਮੁੱਖ ਦਫਤਰ ਦਾ ਰਸਮੀ ਤੌਰ 'ਤੇ ਉਦਘਾਟਨ ਕੀਤਾ। ਇਸ ਸ਼ੁਭ ਮੌਕੇ 'ਤੇ ਨਗਰ ਕੌਂਸਲ ਸਮਾਣਾ ਦੇ ਪ੍ਰਧਾਨ ਕਪੂਰ ਚੰਦ ਬਾਂਸਲ, ਕੌਂਸਲਰ ਮਨਜਿੰਦਰ ਸਿੰਘ ਰਾਣਾ ਸੇਖੋਂ ਸਮੇਤ ਕਰੀਬ ਸਾਰੇ ਕੌਂਸਲਰ ਅਤੇ ਪਾਰਟੀ ਦੇ ਸੈਂਕੜੇ ਅਹੁਦੇਦਾਰ ਅਤੇ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ। ਵਰਕਰਾਂ ਵੱਲੋਂ ਢੋਲ ਵਜਾ ਕੇ ਅਤੇ ਲੱਡੂ ਵੰਡ ਕੇ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ। ਸਾਰਾ ਮਾਹੌਲ ਜ਼ਿੰਦਾਬਾਦ ਦੇ ਨਾਅਰਿਆਂ • ਬਾਕੀ ਸਫਾ 2 'ਤੇ

## ਕਬੱਡੀ ਦੇ 'ਕਲੋਜ਼ ਫਾਈਟਰ' ਹੁਣ ਲੜਨਗੇ ਸਿਆਸੀ ਲੜਾਈ



**ਸ਼ਾਹਕੋਟ (ਗਿਆਨ ਸੈਦਪੁਰੀ)**-ਕਬੱਡੀ ਜਗਤ ਦੇ ਵੱਡੇ ਸਟਾਰ, ਜਿਨ੍ਹਾਂ ਨੂੰ 'ਕਲੋਜ਼ ਫਾਈਟਰ' ਵਜੋਂ ਜਾਣਿਆ ਜਾਂਦਾ ਹੈ, ਨੂੰ ਆਮ ਆਦਮੀ ਪਾਰਟੀ ਨੇ ਵਿਧਾਨ ਸਭਾ ਹਲਕਾ ਸ਼ਾਹਕੋਟ ਦੇ ਇੰਚਾਰਜ ਨਿਯੁਕਤ ਕੀਤਾ ਹੈ।ਉਨ੍ਹਾ ਪਿੰਦਰ ਪੰਡੋਰੀ ਦੀ ਥਾਂ ਲਈ ਹੈ।'ਆਪ' ਵਿਚ ਸ਼ਾਮਲ ਹੋਣ ਵੇਲੇ ਉਨ੍ਹਾ ਦਾ ਪਹਿਲਾ ਪ੍ਰਤੀਕਰਮ ਸੀ ਕਿ ਉਹ ਆਪਣੀ ਸਿਆਸਤ ਨੂੰ ਥਾਣਿਆਂ ਤੱਕ ਸੀਮਤ ਨਹੀਂ ਰੱਖਣਗੇ।ਹਲਕਾ ਇੰਚਾਰਜ ਲੱਗਣ ਵੇਲੇ ਵੀ ਉਨ੍ਹਾ ਦੀ • ਬਾਕੀ ਸਫਾ 2 'ਤੇ

## ਹੂਤੀਆਂ ਨੇ ਸੁੱਟਿਆ ਸਾਊਦੀ ਫਾਈਟਰ ਜੈੱਟ



**ਸਨਾ** : ਹੂਤੀ ਮਿਲਟਰੀ ਦੇ ਬੁਲਾਰੇ ਬ੍ਰਿਗੇਡੀਅਰ ਜਨਰਲ ਯਾਹੀਆ ਸਰੀ ਨੇ ਦਾਅਵਾ ਕੀਤਾ ਹੈ ਕਿ ਹੂਤੀ ਫ਼ੌਜ ਨੇ ਸਾਊਦੀ ਅਰਬ ਦਾ ਐਫ-15 ਲੜਾਕੂ ਜਹਾਜ਼ ਸੁੱਟ ਲਿਆ ਹੈ। ਈਰਾਨ ਸਮਰਥਤ ਹੂਤੀ ਬਾਗੀਆਂ ਨੇ ਇੱਕ ਹੀ ਵੀਡੀਓ ਵਿੱਚ ਦੋ ਦ੍ਰਿਸ਼ ਸਾਂਝੇ ਕੀਤੇ ਹਨ। ਪਹਿਲਾ ਦ੍ਰਿਸ਼ ਜਹਾਜ਼ ਨੂੰ ਨਿਸ਼ਾਨਾ ਬਣਾਉਣ ਦਾ ਹੈ ਅਤੇ ਦੂਜਾ ਦ੍ਰਿਸ਼ ਜਹਾਜ਼ ਦੇ ਮਲਬੇ ਦਾ ਹੈ ਜਿਸ ਨਾਲ ਹਥਿਆਰਬੰਦ ਹੂਤੀ ਨਜਰ ਆ ਰਹੇ ਹਨ। ਹੂਤੀ ਬਾਗੀਆਂ ਨੇ ਜਹਾਜ਼ ਦੇ ਪਾਇਲਟਾਂ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਹੈ। ਸਾਊਦੀ ਅਰਬ ਨੇ ਵੀ ਅਜੇ ਤੱਕ ਇਸ ਮਾਮਲੇ 'ਤੇ ਕੋਈ ਟਿੱਪਣੀ ਨਹੀਂ ਕੀਤੀ ਹੈ। ਇਹ ਘਟਨਾਕ੍ਰਮ ਪੱਛਮੀ ਏਸ਼ੀਆ ਵਿੱਚ ਵਧੇ ਤਣਾਅ ਦਰਮਿਆਨ ਵਾਪਰਿਆ ਹੈ । ਹੂਤੀ ਲੜਾਕੂਆਂ ਨੇ ਸਾਊਦੀ ਅਰਬ 'ਤੇ ਹਮਲੇ ਤੇਜ਼ ਕਰ ਦਿੱਤੇ ਹਨ ਤੇ ਉਨ੍ਹਾਂ ਨੇ ਸਾਊਦੀ ਅਰਬ ਦੀ ਘੇਰਾਬੰਦੀ ਦਾ ਐਲਾਨ ਕੀਤਾ ਹੈ । ਹਾਲ ਹੀ ਵਿੱਚ ਲਗਾਤਾਰ ਸਾਊਦੀ ਅਰਬ 'ਤੇ ਮਿਜ਼ਾਈਲ ਅਤੇ ਡਰੋਨ ਨਾਲ ਹਮਲੇ ਕੀਤੇ ਹਨ। ਹੂਤੀ ਦੇ ਹਮਲਿਆਂ ਕਾਰਨ ਜੇਦਾਹ 'ਚ ਦੇਸ਼ ਦੇ ਮੁੱਖ ਇੰਟਰਨੈਸ਼ਨਲ ਏਅਰਪੋਰਟ ਨੂੰ ਬੰਦ ਕਰਨਾ ਪਿਆ ਅਤੇ ਯਾਨਬੂ, ਤਾਇਫ਼ ਅਤੇ ਆਭਾ ਸਮੇਤ ਕਈ ਹੋਰ ਸ਼ਹਿਰਾਂ 'ਚ ਅਲਰਟ ਜਾਰੀ ਕੀਤਾ ਗਿਆ ਹੈ।

## ਫਿਰੌਤੀ ਲਈ ਫਾਇਰਿੰਗ ਕਰਨ ਵਾਲੇ ਚਾਰ ਗ੍ਰਿਫਤਾਰ

**ਮੁਹਾਲੀ (ਗੁਰਜੀਤ ਬਿੱਲਾ)**
ਪੁਲਸ ਨੇ ਘਰਾਂ ਅਤੇ ਕੋਠੀਆਂ 'ਤੇ ਫਾਇਰਿੰਗ ਕਰਕੇ ਪੰਜ ਕਰੋੜ ਰੁਪਏ ਦੀ ਫਿਰੌਤੀ ਮੰਗਣ ਦੇ ਦੋਸ਼ ਹੇਠ ਲਾਰੈਂਸ ਬਿਸ਼ਨੋਈ ਗੈਂਗ ਨਾਲ ਜੁੜੇ ਚਾਰ ਬਦਮਾਸ਼ਾਂ ਨੂੰ ਗ੍ਰਿਫਤਾਰ ਕੀਤਾ ਹੈ। ਐੱਸ ਐੱਸ ਪੀ ਵਰੁਣ ਸ਼ਰਮਾ ਮੁਤਾਬਕ ਮੁਲਜ਼ਮ ਵਿਦੇਸ਼ ਵਿੱਚ ਬੈਠੇ ਗੈਂਗਸਟਰ ਕੁਲਵੀਰ ਸਿੰਘ ਸਿੱਧੂ ਦੇ ਸੰਪਰਕ ਵਿੱਚ ਸਨ। ਉਨ੍ਹਾਂ ਦੇ ਕਬਜ਼ੇ ਵਿੱਚੋਂ ਪੰਜ ਪਿਸਤੌਲ, 12 ਜ਼ਿੰਦਾ ਕਾਰਤੂਸ ਅਤੇ ਵਾਰਦਾਤ ਵਿੱਚ ਵਰਤੀ ਗਈ ਟੈਂਪਰਰੀ ਨੰਬਰ ਵਾਲੀ ਫਾਰਚੂਨਰ ਬਰਾਮਦ ਕੀਤੀ ਗਈ ਹੈ। 4-5 ਸਤੰਬਰ ਦੀ ਰਾਤ ਨੂੰ ਫੇਜ਼-10 ਦੇ ਰਹਿਣ ਵਾਲੇ ਸੰਯਮ ਜੁਡੇਜਾ ਦੇ ਘਰ 'ਤੇ ਦੋ ਮੋਟਰਸਾਈਕਲ ਸਵਾਰ ਨੌਜਵਾਨਾਂ ਨੇ ਆਟੋਮੈਟਿਕ ਹਥਿਆਰਾਂ ਨਾਲ ਫਾਇਰਿੰਗ ਕੀਤੀ ਸੀ। ਇਸ ਤੋਂ ਪਹਿਲਾਂ ਕੁਲਵੀਰ ਸਿੰਘ ਸਿੱਧੂ ਨੇ ਕਥਿਤ ਤੌਰ 'ਤੇ ਸੰਯਮ ਜੁਡੇਜਾ ਤੋਂ ਪੰਜ ਕਰੋੜ ਰੁਪਏ ਦੀ ਫਿਰੌਤੀ ਮੰਗੀ ਸੀ। 7 ਸਤੰਬਰ ਨੂੰ ਸੰਯਮ ਜੁਡੇਜਾ ਦੇ ਭਾਈਵਾਲ (ਪਾਰਟਨਰ) ਬਲਜੀਤ ਸਿੰਘ ਦੇ ਫੇਜ਼-10 ਸਥਿਤ ਘਰ ਨੂੰ ਵੀ ਨਿਸ਼ਾਨਾ ਬਣਾਇਆ ਗਿਆ। ਇੱਥੇ ਵੀ ਪੰਜ ਕਰੋੜ ਰੁਪਏ ਦੀ ਫਿਰੌਤੀ ਮੰਗਣ ਦੀ ਗੱਲ ਸਾਹਮਣੇ ਆਈ ਹੈ। 14 ਸਤੰਬਰ ਨੂੰ ਸੈਕਟਰ-104 ਸਥਿਤ ਜਗਦੀਪ ਸਿੰਘ ਮਾਨ ਦੀ ਕੋਠੀ 'ਤੇ ਵੀ ਫਾਇਰਿੰਗ ਦੌਰਾਨ ਘਰ 'ਚ ਕੰਮ ਕਰਨ ਵਾਲਾ ਸਚਿਨ ਨਾਂਅ ਦਾ ਕਰਮਚਾਰੀ ਜ਼ਖ਼ਮੀ ਹੋ ਗਿਆ ਸੀ। ਇੱਥੇ ਵੀ ਪੰਜ ਕਰੋੜ ਰੁਪਏ ਦੀ ਫਿਰੌਤੀ ਮੰਗਣ ਦੀ ਗੱਲ ਸਾਹਮਣੇ ਆਈ। ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਆਕਾਸ਼ਦੀਪ ਸਿੰਘ (23), ਪ੍ਰਵੀਨ ਕੁਮਾਰ ਉਰਫ ਕਾਲੂ (23), ਜਸਮਨਦੀਪ ਸਿੰਘ (20) ਅਤੇ ਦੁਸ਼ਯੰਤ ਸ਼ਰਮਾ ਉਰਫ ਸ਼ੰਮੀ (27) ਵਜੋਂ ਹੋਈ ਹੈ। ਜਸਮਨਦੀਪ ਸਿੰਘ ਰੇਕੀ ਕਰਦਾ ਸੀ, ਜਦਕਿ ਦੁਸ਼ਯੰਤ ਹਥਿਆਰਾਂ ਦਾ ਪ੍ਰਬੰਧ ਕਰਨ ਅਤੇ ਉਨ੍ਹਾਂ ਨੂੰ ਸਾਂਭਣ ਦਾ ਕੰਮ ਕਰਦਾ ਸੀ। ਆਕਾਸ਼ਦੀਪ, ਪ੍ਰਵੀਨ ਅਤੇ ਸਿਮਰਦੀਪ ਸਿੰਘ ਉਰਫ ਜਸ਼ਨ ਫਾਇਰਿੰਗ ਕਰਦੇ ਸਨ। ਸਿਮਰਦੀਪ ਦੀ ਗ੍ਰਿਫਤਾਰੀ ਅਜੇ ਬਾਕੀ ਹੈ।

## ਮੋਦੀ ਦੀ ਚਿੰਤਨ ਨਹੀਂ, ਚਿੰਤਾ ਬੈਠਕ : ਕਾਂਗਰਸ

**ਨਵੀਂ ਦਿੱਲੀ** : 23 ਅਤੇ 24 ਸਤੰਬਰ ਨੂੰ ਹੋਣ ਵਾਲੀ ਕੇਂਦਰੀ ਕੈਬਨਿਟ ਮੰਤਰੀਆਂ ਦੀ ਦੋ ਦਿਨਾਂ 'ਚਿੰਤਨ ਬੈਠਕ' ਨੂੰ ਕਾਂਗਰਸ ਨੇ ਸਰਕਾਰ ਦੀ ਵਧਦੀ ਆਲੋਚਨਾ ਦੇ ਵਿਚਕਾਰ 'ਚਿੰਤਾ ਬੈਠਕ' ਦੱਸਿਆ ਹੈ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਹੈ, "ਦੱਸਿਆ ਜਾ ਰਿਹਾ ਹੈ ਕਿ ਪ੍ਰਧਾਨ ਮੰਤਰੀ ਨੇ 23 ਅਤੇ 24 ਸਤੰਬਰ ਨੂੰ ਸਾਰੇ ਕੇਂਦਰੀ ਮੰਤਰੀਆਂ ਦੀ ਚਿੰਤਨ ਬੈਠਕ ਬੁਲਾਈ ਹੈ। ਦਰਅਸਲ, ਇਹ ਇੱਕ 'ਚਿੰਤਾ ਬੈਠਕ' ਹੈ, ਕਿਉਂਕਿ ਉਹ ਇੱਕ ਪੱਧਰ 'ਤੇ ਅਤੇ ਪਹਿਲਾਂ ਕਦੇ ਨਾ ਦੇਖੀ ਗਈ ਤੀਬਰਤਾ ਨਾਲ ਚੌਤਰਫਾ ਸਵਾਲਾਂ ਅਤੇ ਆਲੋਚਨਾ ਦਾ ਪੂਰੀ ਤਰ੍ਹਾਂ ਹੱਕਦਾਰ ਨਿਸ਼ਾਨਾ ਬਣ ਗਏ ਹਨ।" ਰਮੇਸ਼ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ 'ਤੇ ਦੋਸ਼ ਲਾਉਂਦਿਆਂ ਕਿਹਾ ਹੈ, "ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਲੋਕ ਸਭਾ ਵਿੱਚ ਉਸ ਮਾਮੂਲੀ, ਪਰ 'ਪੂਰੀ ਤਰ੍ਹਾਂ ਦਾਗ਼ੀ' ਦੋ-ਤਿਹਾਈ ਬਹੁਮਤ ਦੀ ਭਾਲ ਜਾਰੀ ਰੱਖ ਰਹੇ ਹਨ ਤਾਂ ਜੋ ਵਿਰੋਧੀ ਧਿਰ ਦੀ ਏਕਤਾ ਨਾਲ 17 ਅਪ੍ਰੈਲ ਨੂੰ ਉਨ੍ਹਾ ਅਤੇ ਮੋਦੀ ਸਰਕਾਰ ਦੇ ਹੋਏ ਅਪਮਾਨ ਦਾ ਬਦਲਾ ਲਿਆ ਜਾ ਸਕੇ। ਉਸ ਦਿਨ ਗਣਰਾਜ ਉਨ੍ਹਾਂ ਦੇ ਸ਼ੈਤਾਨੀ ਬਿੱਲਾਂ (ਜੁੜਵੇਂ ਹਲਕਾਬੰਦੀ ਤੇ ਮਹਿਲਾ ਰਿਜ਼ਰਵੇਸ਼ਨ ਬਿੱਲ) ਦੇ ਪਾਸ ਹੋਣ ਤੋਂ ਬਚ ਗਿਆ ਸੀ। ਇਹ ਏਕਤਾ ਤੋੜਨ ਅਤੇ ਡਰਾਉਣ ਦੀਆਂ ਉਨ੍ਹਾ ਦੇ ਚੱਲ ਰਹੇ ਯਤਨਾਂ ਤੋਂ ਖੁਦ ਨੂੰ ਬਚਾਏਗੀ।"

## ਮੱਧ ਪ੍ਰਦੇਸ਼ ਸਰਕਾਰ ਸਭ ਤੋਂ ਭ੍ਰਿਸ਼ਟ ਤੇ ਨਾਅਹਿਲ : ਰਾਹੁਲ

**ਨਵੀਂ ਦਿੱਲੀ** : ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਵੀਰਵਾਰ ਮੱਧ ਪ੍ਰਦੇਸ਼ ਦੀ ਭਾਜਪਾ ਸਰਕਾਰ 'ਤੇ ਬਾਲਾਘਾਟ ਜ਼ਿਲ੍ਹੇ ਵਿੱਚ 30 ਤੋਂ ਵੱਧ ਆਦਿਵਾਸੀ ਬੱਚਿਆਂ ਦੀਆਂ ਹੋਈਆਂ ਮੌਤਾਂ ਨੂੰ ਲੈ ਕੇ ਹਮਲਾ ਬੋਲਿਆ ਹੈ। ਉਨ੍ਹਾ ਦੋਸ਼ ਲਗਾਇਆ ਕਿ ਬਿਮਾਰੀ, ਕੁਪੋਸ਼ਣ ਅਤੇ ਨਾਕਾਫ਼ੀ ਸਿਹਤ ਸੰਭਾਲ ਨੇ ਬੱਚਿਆਂ ਦੀ ਜਾਨ ਲਈ ਹੈ। ਉਨ੍ਹਾਂ ਮੁੱਖ ਮੰਤਰੀ ਮੋਹਨ ਯਾਦਵ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਜੇਕਰ ਤੁਹਾਨੂੰ ਦੀਵੇ ਜਗਾਉਣ ਅਤੇ ਜਸ਼ਨ ਮਨਾਉਣ ਤੋਂ ਬਾਅਦ ਸਮਾਂ ਮਿਲਿਆ ਹੈ ਤਾਂ ਰਾਜ ਦੀ ਜ਼ਮੀਨੀ ਹਕੀਕਤ 'ਤੇ ਇੱਕ ਨਜ਼ਰ ਮਾਰੋ । ਉਨ੍ਹਾ ਦੋਸ਼ ਲਾਇਆ ਕਿ ਬਿਮਾਰੀ ਨਿਯੰਤਰਣ ਪ੍ਰਬੰਧਾਂ ਦੀ ਨਾਕਾਮੀ, ਪੋਸ਼ਣ , ਸਾਫ਼ ਪਾਣੀ ਦੀ ਘਾਟ, ਮਾੜੀ ਸਿਹਤ ਪ੍ਰਣਾਲੀ ਕਾਰਨ ਬੱਚਿਆਂ ਦੀਆਂ ਜ਼ਿੰਦਗੀਆਂ ਜੋਖਮ ਵਿੱਚ ਪੈ ਰਹੀਆਂ ਹਨ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਮਿਲਾਵਟੀ ਦਵਾਈਆਂ ਅਤੇ ਗੈਰ-ਕਾਨੂੰਨੀ ਸ਼ਰਾਬ ਰਾਜ ਭਰ ਦੇ ਪਰਵਾਰਾਂ ਨੂੰ ਪ੍ਰਭਾਵਤ ਕਰ ਰਹੀਆਂ ਹਨ। ਉਨ੍ਹਾ ਕਿਹਾ, 'ਮੈਂ ਇੰਦੌਰ ਜਾ ਰਿਹਾ ਹਾਂ ਅਤੇ ਮੈਂ ਰਾਜ ਭਰ ਦੇ ਵਿਦਿਆਰਥੀਆਂ, ਨੌਜਵਾਨਾਂ ਅਤੇ ਆਮ ਲੋਕਾਂ ਤੋਂ ਲਗਾਤਾਰ ਫੀਡਬੈਕ ਇਕੱਠਾ ਕਰ ਰਿਹਾ ਹਾਂ।' ਉਨ੍ਹਾ ਕਿਹਾ ਕਿ ਰਾਜ ਤੋਂ ਰਿਪੋਰਟ ਕੀਤੀਆਂ ਗਈਆਂ ਘਟਨਾਵਾਂ ਦਰਸਾਉਂਦੀਆਂ ਹਨ ਕਿ ਇਸ ਦੀ ਸਿੱਖਿਆ ਪ੍ਰਣਾਲੀ ਪੂਰੇ ਦੇਸ਼ ਵਿੱਚ ਸਭ ਤੋਂ ਵੱਧ ਮਾੜੀ ਹੈ। ਰਾਹੁਲ ਗਾਂਧੀ ਨੇ ਕਿਹਾ ਕਿ ਮੱਧ ਪ੍ਰਦੇਸ਼ • ਬਾਕੀ ਸਫਾ 2 'ਤੇ

## ਚੰਦਰਸ਼ੇਖਰਨ ਦੀ ਚੇਅਰਮੈਨ ਵਜੋਂ ਮੁੜ ਨਿਯੁਕਤੀ ਨੋਏਲ ਟਾਟਾ ਵੱਲੋਂ ਗੈਰ-ਕਾਨੂੰਨੀ ਕਰਾਰ


ਚੰਦਰਸ਼ੇਖਰਨ, ਨੋਏਲ ਟਾਟਾ

**ਮੁੰਬਈ (ਨਵਾਂ ਜ਼ਮਾਨਾ ਸਰਵਿਸ)**
ਟਾਟਾ ਟਰੱਸਟ ਦੇ ਚੇਅਰਮੈਨ ਨੋਏਲ ਐੱਨ ਟਾਟਾ ਨੇ ਟਾਟਾ ਸੰਨਜ਼ ਬੋਰਡ ਦੇ ਐੱਨ ਚੰਦਰਸ਼ੇਖਰਨ ਨੂੰ ਹੋਰ ਪੰਜ ਸਾਲਾਂ ਲਈ ਐਗਜ਼ੈਕਟਿਵ ਚੇਅਰਮੈਨ ਵਜੋਂ ਦੁਬਾਰਾ ਨਿਯੁਕਤ ਕਰਨ ਦੇ ਫੈਸਲੇ ਨੂੰ ਗੈਰਕਾਨੂੰਨੀ ਕਰਾਰ ਦਿੱਤਾ ਹੈ। ਇਸ ਨਾਲ ਟਾਟਾ ਗਰੁੱਪ ਹੋਲਡਿੰਗ ਕੰਪਨੀ ਵਿੱਚ ਇੱਕ ਨਵੇਂ ਲੀਡਰਸ਼ਿਪ ਵਿਵਾਦ ਦਾ ਮੁੱਢ ਬੱਝ ਗਿਆ ਹੈ। ਟਾਟਾ ਸੰਨਜ਼ ਦੇ ਬੋਰਡ ਨੇ ਵੀਰਵਾਰ ਨੂੰ ਬਹੁਮਤ ਵੋਟਾਂ ਨਾਲ ਚੰਦਰਸ਼ੇਖਰਨ ਦੀ ਮੁੜ ਨਿਯੁਕਤੀ ਨੂੰ ਮਨਜ਼ੂਰੀ ਦੇ ਦਿੱਤੀ। ਕੁਝ ਹਫਤੇ ਪਹਿਲਾਂ 63 ਸਾਲਾ ਚੰਦਰਸ਼ੇਖਰਨ ਨੇ ਡਾਇਰੈਕਟਰਾਂ ਨੂੰ ਕਿਹਾ ਸੀ ਕਿ ਉਹ 20 ਫਰਵਰੀ, 2027 ਨੂੰ ਆਪਣਾ ਮੌਜੂਦਾ ਕਾਰਜਕਾਲ ਖਤਮ ਹੋਣ 'ਤੇ ਹੋਰ ਕਾਰਜਕਾਲ ਦੀ ਮੰਗ ਕਰਨ ਦਾ ਇਰਾਦਾ ਨਹੀਂ ਰੱਖਦੇ। ਮਾਮਲੇ ਤੋਂ ਜਾਣੂ ਲੋਕਾਂ ਮੁਤਾਬਕ ਨੋਏਲ ਟਾਟਾ ਨੇ ਮਤੇ ਦੇ ਵਿਰੁੱਧ ਵੋਟ ਦਿੱਤੀ ਅਤੇ ਆਪਣੀ ਅਸਹਿਮਤੀ ਦਰਜ ਕਰਵਾਈ।

ਨੋਏਲ ਟਾਟਾ ਨੇ ਕਿਹਾ, 'ਮੈਂ ਚੰਦਰਾ ਦੀ ਚੇਅਰਮੈਨ ਵਜੋਂ ਨਿਯੁਕਤੀ ਦੇ ਵਿਰੁੱਧ ਵੋਟ ਦਿੱਤੀ। ਮੇਰਾ ਵੀਟੋ ਕਾਨੂੰਨੀ ਰਾਏ ਦੇ ਆਧਾਰ 'ਤੇ ਗਲਤ ਤਰੀਕੇ ਨਾਲ ਰੱਦ ਕਰ ਦਿੱਤਾ ਗਿਆ। ਇਹ ਫੈਸਲਾ ਗੈਰਕਾਨੂੰਨੀ ਹੈ। ਮੈਂ ਆਪਣੀ ਅਸਹਿਮਤੀ ਦਰਜ ਕਰਾਈ।' ਮੁੰਬਈ ਵਿੱਚ ਹੋਈ ਬੋਰਡ ਦੀ ਲਗਭਗ ਤਿੰਨ ਘੰਟੇ ਦੀ ਮੀਟਿੰਗ ਨੇ ਰਿਜ਼ਰਵ ਬੈਂਕ ਆਫ ਇੰਡੀਆ ਦੇ ਦਿਸ਼ਾ-ਨਿਰਦੇਸ਼ਾਂ ਦੀ • ਬਾਕੀ ਸਫਾ 2 'ਤੇ

## 'ਆਪ' ਵੱਲੋਂ ਨਸ਼ੇ ਦੇ ਮੁੱਦੇ 'ਤੇ ਭਾਜਪਾ ਨੂੰ ਨੰਗਾ ਕਰਨ ਦਾ ਫੈਸਲਾ

**ਚੰਡੀਗੜ੍ਹ (ਗੁਰਜੀਤ ਬਿੱਲਾ)**
ਆਮ ਆਦਮੀ ਪਾਰਟੀ ਦੀ ਨਵੀਂ ਚੁਣੀ ਸਿਆਸੀ ਮਾਮਲਿਆਂ ਬਾਰੇ ਕਮੇਟੀ (ਪੀ ਏ ਸੀ) ਦੀ ਪਲੇਠੀ ਮੀਟਿੰਗ ਵੀਰਵਾਰ ਨਵੀਂ ਦਿੱਲੀ ਵਿਖੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਪ੍ਰਧਾਨਗੀ ਹੇਠ ਹੋਈ, ਜਿਸ 'ਚ ਮੁੱਖ ਮੰਤਰੀ ਭਗਵੰਤ ਮਾਨ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਵੀ ਸ਼ਮੂਲੀਅਤ ਕੀਤੀ। ਹਾਲਾਂਕਿ ਇਸ ਮੀਟਿੰਗ 'ਚ ਪੰਜਾਬ, ਗੁਜਰਾਤ ਅਤੇ ਗੋਆ ਚੋਣਾਂ ਦੀ ਚਰਚਾ ਹੋਈ, ਪ੍ਰੰਤੂ ਪੰਜਾਬ ਚੋਣਾਂ ਦੀ ਮੁੱਖ ਤੌਰ 'ਤੇ ਗੂੰਜ ਪਈ। 'ਆਪ' ਸਰਕਾਰ ਦੀ ਪੰਜਾਬ ਵਿੱਚ ਵਾਪਸੀ ਲਈ ਰਣਨੀਤੀ ਬਾਰੇ ਮੀਟਿੰਗ 'ਚ ਵਿਚਾਰ-ਵਟਾਂਦਰਾ ਹੋਇਆ।

ਮਾਨ ਮੀਟਿੰਗ ਮਗਰੋਂ ਪੰਜਾਬ ਪਰਤ ਆਏ ਹਨ। ਮੀਟਿੰਗ 'ਚ ਹੀ ਹਲਕਾ ਸਮਾਣਾ ਅਤੇ ਹਲਕਾ ਸ਼ਾਹਕੋਟ ਦੇ ਨਵੇਂ ਹਲਕਾ ਇੰਚਾਰਜਾਂ ਦਾ ਫੈਸਲਾ ਲਿਆ ਗਿਆ ਅਤੇ ਬਾਕੀ ਹਲਕਿਆਂ ਬਾਰੇ ਵੀ ਚਰਚਾ ਹੋਈ। ਮੀਟਿੰਗ 'ਚ ਇਹ ਤੈਅ ਹੋਇਆ ਕਿ ਮੁੱਢਲੇ ਪੜਾਅ 'ਤੇ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਘਰ-ਘਰ ਪੁੱਜਦਾ ਕਰਨ 'ਤੇ ਜ਼ੋਰ ਦਿੱਤਾ ਜਾਵੇ। ਇਸ ਦੌਰਾਨ ਭਾਜਪਾ ਦੀ 'ਨਸ਼ਾ ਮੁਕਤ ਪੰਜਾਬ ਯਾਤਰਾ' 'ਤੇ ਵੀ ਚਰਚਾ ਹੋਈ। ਮੀਟਿੰਗ 'ਚ ਫੈਸਲਾ ਲਿਆ ਗਿਆ ਕਿ ਭਾਜਪਾ ਦੀ ਨਸ਼ਿਆਂ ਨੂੰ ਲੈ ਕੇ ਪਹੁੰਚ ਦੀ ਅਸਲੀਅਤ ਨੂੰ ਲੋਕਾਂ ਤੱਕ ਲਿਜਾਇਆ ਜਾਵੇ।

ਮੀਟਿੰਗ ਦੌਰਾਨ ਭਾਜਪਾ ਨੂੰ ਨਸ਼ਿਆਂ ਦੇ ਮੁੱਦੇ 'ਤੇ ਬੇਨਕਾਬ ਕਰਨ ਲਈ ਇੱਕ ਪੈਂਫਲਟ ਜਾਰੀ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਪੈਂਫਲਟ ਜ਼ਰੀਏ ਪੰਜਾਬ ਦੇ ਲੋਕਾਂ ਨੂੰ ਇਹ ਦੱਸਣ ਦੀ ਕੋਸ਼ਿਸ਼ ਕੀਤੀ ਜਾਵੇਗੀ ਕਿ ਕੌਮਾਂਤਰੀ ਸਰਹੱਦ ਦੇ ਪੰਜਾਹ ਕਿੱਲੋਮੀਟਰ ਦਾ ਦਾਇਰਾ ਬੀ ਐੱਸ ਐੱਫ ਕੋਲ ਹੈ, ਜਿੱਥੋਂ ਨਸ਼ੇ ਡਰੋਨਾਂ ਰਾਹੀਂ ਆ ਰਹੇ ਹਨ। ਇਸ ਤੋਂ ਇਲਾਵਾ ਗੁਜਰਾਤ ਵਿੱਚੋਂ ਨਸ਼ੇ ਪੰਜਾਬ ਪੁੱਜ ਰਹੇ ਹਨ। ਮੀਟਿੰਗ ਵਿੱਚ ਨਸ਼ਿਆਂ ਦੇ ਮੁੱਦੇ 'ਤੇ ਵਿਰੋਧੀਆਂ ਨੂੰ ਜਵਾਬ ਦੇਣ ਬਾਰੇ ਵੀ ਚਰਚਾ ਹੋਈ।

ਰਾਜਸਥਾਨ ਦੀਆਂ ਸਥਾਨਕ ਚੋਣਾਂ ਵਿੱਚ ਬਾਰਾਂ 'ਚ ਮਿਲੀ ਜਿੱਤ ਦੇ ਮੱਦੇਨਜ਼ਰ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਲੋਕਾਂ ਦਾ ਧੰਨਵਾਦ ਕਰਨ ਲਈ ਰਾਜਸਥਾਨ ਜਾਣਗੇ। ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ ਨੇ ਕਿਹਾ ਕਿ ਪੰਜਾਬ ਦੇ ਲੋਕ 'ਆਪ' ਸਰਕਾਰ ਦੇ ਕੰਮਾਂ ਤੋਂ ਖੁਸ਼ ਹਨ ਅਤੇ ਸਰਕਾਰ ਨੂੰ ਮੁੜ ਸੱਤਾ ਵਿੱਚ ਦੇਖਣਾ ਚਾਹੁੰਦੇ ਹਨ। ਲੋਕ ਇਸ ਗੱਲੋਂ ਜਾਣੂ ਹਨ ਕਿ ਜੇ ਕੋਈ ਦੂਸਰੀ ਪਾਰਟੀ ਆਵੇਗੀ ਤਾਂ • ਬਾਕੀ ਸਫਾ 2 'ਤੇ

## ਅੱਜ-ਨਾਮਾ

ਪੰਜਾਬ ਅੰਦਰ ਜਦ ਭਾਜਪਾ ਟੀਮ ਆਈ,
ਮਾਮਲਾ ਨਸ਼ੇ ਦਾ ਲਿਆ ਈ ਚੁੱਕ ਭਾਈ।
ਨਸ਼ੇ ਬੁਝਾਏ ਹਨ ਜਿਨ੍ਹਾਂ ਦੇ ਘਰੀਂ ਦੀਵੇਂ,
ਰੋਣ ਪਰਵਾਰ ਜਿਹੜੇ ਬੁੱਕੋ-ਬੁੱਕ ਭਾਈ।
ਕੁਝਨਾਂ ਘਰਾਂ ਵਿੱਚ ਇੱਕ ਨਹੀਂ ਦੋ ਮੌਤਾਂ,
ਟੱਬਰ ਦੇ ਪੁੱਤ ਸਭ ਗਏ ਨੇ ਮੁੱਕ ਭਾਈ।
ਚਿਹਰੇ ਗਮਗੀਨ ਤੇ ਹੋਣਗੇ ਆਗੂਆਂ ਦੇ,
ਰਾਜਸੀ ਪੱਖੋਂ ਤਾਂ ਹੋਊ ਪੂਰਾ ਠੁੱਕ ਭਾਈ।
ਰਹਿੰਦੜਾ ਘੱਟ ਛੇਮਾਹੀ ਤੋਂ ਵਕਤ ਬਾਕੀ,
ਸਭ ਦੀ ਚੋਣਾਂ 'ਤੇ ਲੱਗੀ ਪਈ ਅੱਖ ਭਾਈ।
ਵਿਖਾਵਾ ਉੱਤੋਂ ਜੋ ਮਰਜ਼ੀ ਹੈ ਕਰੀ ਜਾਂਦੇ,
ਰੱਖੀ ਸਿਆਸਤ ਨਾ ਜਾਣੀ ਹੈ ਵੱਖ ਭਾਈ।

-ਤੀਸ ਮਾਰ ਖਾਂ

## ਈ ਪੀ ਐੱਫ ਓ ਦੀ ਤਨਖਾਹ ਹੱਦ 30 ਹਜ਼ਾਰ ਕੀਤੀ ਜਾਵੇ : ਅਮਰਜੀਤ ਕੌਰ



**ਲੁਧਿਆਣਾ (ਐੱਮ ਐੱਸ ਭਾਟੀਆ)**
ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਨੇ ਕੇਂਦਰੀ ਕੈਬਨਿਟ ਵੱਲੋਂ ਕਰਮਚਾਰੀ ਭਵਿੱਖ ਨਿਧੀ ਸੰਗਠਨ (ਈ ਪੀ ਐੱਫ ਓ) ਦੀ ਤਨਖਾਹ ਹੱਦ 15,000 ਤੋਂ ਵਧਾ ਕੇ 25,000 ਕਰਨ ਦੇ ਫੈਸਲੇ ਨੂੰ 12 ਸਾਲਾਂ ਬਾਅਦ ਕੀਤਾ ਗਿਆ ਦੇਰ ਨਾਲ ਲਿਆ ਕਦਮ ਕਰਾਰ ਦਿੱਤਾ ਹੈ।ਏਟਕ ਨੇ ਕਿਹਾ ਕਿ ਇਹ ਮਜ਼ਦੂਰ ਜਥੇਬੰਦੀਆਂ ਦੀ ਲੰਮੇ ਸਮੇਂ ਤੋਂ ਚੱਲ ਰਹੀ ਮੰਗ ਦਾ ਦੇਰ ਨਾਲ ਦਿੱਤਾ ਗਿਆ ਜਵਾਬ ਹੈ।

ਏਟਕ ਦੀ ਜਨਰਲ ਸਕੱਤਰ ਅਮਰਜੀਤ ਕੌਰ ਨੇ ਜਾਰੀ ਬਿਆਨ ਵਿੱਚ ਕਿਹਾ ਕਿ ਈ ਪੀ ਐੱਫ ਓ ਦੀ ਤਨਖਾਹ ਹੱਦ ਆਖਰੀ ਵਾਰ ਸਤੰਬਰ 2014 ਵਿੱਚ ਸੋਧੀ ਗਈ ਸੀ।ਇਸ ਤੋਂ ਬਾਅਦ ਤਨਖਾਹਾਂ, ਕੀਮਤਾਂ ਅਤੇ ਜੀਵਨ-ਨਿਰਬਾਹ ਦੇ ਖਰਚਿਆਂ ਵਿੱਚ ਕਾਫ਼ੀ ਵਾਧਾ ਹੋਇਆ ਹੈ।ਇਸ ਦੇ ਬਾਵਜੂਦ 15,000 ਦੀ ਹੱਦ 12 ਸਾਲਾਂ ਤੱਕ ਜਿਉਂ ਦੀ ਤਿਉਂ ਰਹੀ।ਉਨ੍ਹਾ ਕਿਹਾ ਕਿ ਤਨਖਾਹ ਹੱਦ ਵਧਾਉਣ ਦੀ ਮੰਗ ਵਾਰ-ਵਾਰ ਸਰਕਾਰ ਅਤੇ ਈ ਪੀ ਐੱਫ ਓ ਸਾਹਮਣੇ ਉਠਾਈ ਜਾਂਦੀ ਰਹੀ ਹੈ।ਸਾਲ 2022 ਵਿੱਚ ?15,000 ਦੀ ਹੱਦ ਵਧਾਉਣ ਦੀ ਮੰਗ ਸੰਸਦ ਵਿੱਚ ਵੀ ਰਸਮੀ ਤੌਰ 'ਤੇ ਉਠਾਈ ਗਈ ਸੀ।ਇਸੇ ਤਰ੍ਹਾਂ ਈ ਪੀ ਐੱਫ ਓ ਦੇ ਕੇਂਦਰੀ ਬੋਰਡ ਵਿੱਚ ਕਰਮਚਾਰੀ ਨੁਮਾਇੰਦਿਆਂ ਨੇ 25,000 ਤੱਕ ਹੱਦ ਵਧਾਉਣ ਦੀ ਮੰਗ ਕੀਤੀ ਸੀ ਅਤੇ ਫਰਵਰੀ 2024 ਵਿੱਚ ਇਸ ਸੰਬੰਧੀ ਵਿਸ਼ੇਸ਼ ਪ੍ਰਸਤਾਵ ਵੀ ਰੱਖਿਆ ਗਿਆ ਸੀ।

ਏਟਕ ਨੇ ਕਿਹਾ ਕਿ 25,000 ਦੀ ਨਵੀਂ ਹੱਦ ਵੀ ਕਾਫ਼ੀ ਨਹੀਂ ਹੈ।ਯੂਨੀਅਨ ਅਨੁਸਾਰ ਸਮਾਜਿਕ ਸੁਰੱਖਿਆ ਦੀ ਹੱਦ ਨੂੰ ਮਜ਼ਦੂਰਾਂ ਦੀਆਂ ਅਸਲ ਕਮਾਈਆਂ, ਘੱਟੋ-ਘੱਟ ਉਜਰਤਾਂ, ਮਹਿੰਗਾਈ ਅਤੇ ਜੀਵਨ-ਨਿਰਬਾਹ ਦੇ ਖਰਚੇ ਨਾਲ ਤਾਲਮੇਲ ਵਿੱਚ ਸਮੇਂ-ਸਮੇਂ 'ਤੇ ਸੋਧਿਆ ਜਾਣਾ ਚਾਹੀਦਾ ਹੈ।

ਏਟਕ ਨੇ ਮੰਗ ਕੀਤੀ ਕਿ ਤਨਖਾਹ ਹੱਦ 30,000 ਕੀਤੀ ਜਾਵੇ, ਤਾਂ ਜੋ ਹੋਰ ਯੋਗ ਕਰਮਚਾਰੀ ਵੀ ਇਸ ਦੇ ਘੇਰੇ ਵਿੱਚ ਆ ਸਕਣ। ਬਿਆਨ ਵਿੱਚ ਕਰਮਚਾਰੀਆਂ ਦੀ ਮਹੀਨਾਵਾਰ ਹੱਥ ਵਿੱਚ ਆਉਣ ਵਾਲੀ ਤਨਖਾਹ ਦੀ ਸੁਰੱਖਿਆ 'ਤੇ ਵੀ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ।ਉਹਨਾ ਨੇ ਕਿਹਾ ਕਿ ਸਮਾਜਿਕ ਸੁਰੱਖਿਆ ਦਾ ਦਾਇਰਾ ਵਧਾਉਣ ਦਾ ਬੋਝ ਕਰਮਚਾਰੀਆਂ ਦੀ ਮੌਜੂਦਾ ਤਨਖਾਹ ਘਟਾ ਕੇ ਨਹੀਂ ਪਾਇਆ ਜਾਣਾ ਚਾਹੀਦਾ।ਰੁਜ਼ਗਾਰਦਾਤਾ ਵੱਲੋਂ ਦਿੱਤਾ ਜਾਣ ਵਾਲਾ ਕਾਨੂੰਨੀ ਈ ਪੀ ਐੱਫ ਯੋਗਦਾਨ ਕਰਮਚਾਰੀ ਦੀ ਸੀ ਟੀ ਸੀ ਤੋਂ ਵੱਖਰਾ ਅਤੇ ਉਸ ਤੋਂ ਉਪਰ ਹੋਣਾ ਚਾਹੀਦਾ ਹੈ ਅਤੇ ਇਸ ਨੂੰ ਕਰਮਚਾਰੀ ਦੀ ਤੈਅ ਜਾਂ ਮੌਜੂਦਾ ਤਨਖਾਹ ਵਿੱਚੋਂ ਕੱਟਿਆ ਜਾਂ ਉਸੇ ਵਿੱਚ ਐਡਜਸਟ ਨਹੀਂ ਕੀਤਾ ਜਾਣਾ ਚਾਹੀਦਾ ਹੈ।ਏਟਕ ਨੇ ਇਹ ਵੀ ਮੰਗ ਕੀਤੀ ਕਿ ਈ ਪੀ ਐੱਫ ਓ ਦੀ ਤਨਖਾਹ ਹੱਦ ਵਿੱਚ ਸੋਧ ਲਈ ਨਿਯਮਤ ਅਤੇ ਆਟੋਮੈਟਿਕ ਪ੍ਰਣਾਲੀ ਬਣਾਈ ਜਾਵੇ, ਤਾਂ ਜੋ ਹਰ ਵਾਰ ਇੱਕ ਦਹਾਕੇ ਜਾਂ ਇਸ ਤੋਂ ਵੱਧ ਸਮੇਂ ਦੀ ਉਡੀਕ ਨਾ ਕਰਨੀ ਪਵੇ ਅਤੇ ਟਰੇਡ ਯੂਨੀਅਨਾਂ ਦੇ ਲਗਾਤਾਰ ਦਬਾਅ ਤੋਂ ਬਾਅਦ ਹੀ ਸਰਕਾਰ ਕਦਮ ਚੁੱਕੇ।ਏਟਕ ਨੇ ਚੇਤਾਵਨੀ ਦਿੱਤੀ ਕਿ ਈ ਪੀ ਐੱਫ ਓ ਦੇ ਦਾਇਰੇ ਦਾ ਵਿਸਥਾਰ ਸਿਰਫ਼ ਅੰਕੜਿਆਂ ਵਿੱਚ ਵਾਧੇ ਤੱਕ ਸੀਮਤ ਨਹੀਂ ਰਹਿਣਾ ਚਾਹੀਦਾ, ਨਵੇਂ ਦਾਇਰੇ ਵਿੱਚ ਆਉਣ ਵਾਲੇ ਮਜ਼ਦੂਰਾਂ ਨੂੰ ਪ੍ਰੋਵੀਡੈਂਟ ਫੰਡ, ਪੈਨਸ਼ਨ ਅਤੇ ਬੀਮਾ ਸਮੇਤ ਪ੍ਰਭਾਵਸ਼ਾਲੀ ਸਮਾਜਿਕ ਸੁਰੱਖਿਆ ਮਿਲਣੀ ਚਾਹੀਦੀ ਹੈ ਅਤੇ ਰੁਜ਼ਗਾਰਦਾਤਾਵਾਂ ਵੱਲੋਂ ਕਾਨੂੰਨੀ ਯੋਗਦਾਨ ਜਮ੍ਹਾਂ ਕਰਵਾਉਣ ਨੂੰ ਯਕੀਨੀ ਬਣਾਉਣ ਲਈ ਪ੍ਰਭਾਵਸ਼ਾਲੀ ਢੰਗ ਨਾਲ ਕਾਨੂੰਨ ਲਾਗੂ ਕੀਤਾ ਜਾਣਾ ਚਾਹੀਦਾ ਹੈ।

## ਯੂਨੀਵਰਸਿਟੀ ਨੂੰ ਬਚਾਉਣ ਲਈ ਨਰੇਸ਼ ਗੌੜ ਨੂੰ ਜਿਤਾਉਣਾ ਸਮੇਂ ਦੀ ਲੋੜ : ਅਰਸ਼ੀ



**ਤਲਵੰਡੀ ਸਾਬੋ/ਬਠਿੰਡਾ/ਰਾਮਪੁਰਾ ਫੂਲ (ਜਗਦੀਪ ਗਿੱਲ, ਬਖਤੌਰ ਢਿੱਲੋਂ, ਪਰਵਿੰਦਰਜੀਤ ਸਿੰਘ, ਦਰਸ਼ਨ ਜਿੰਦਲ)**
ਟੀਚਰਜ਼ ਹੋਮ ਬਠਿੰਡਾ ਵਿਖੇ ਚੌਥੀ ਜਿੱਤ ਦਰਜ ਕਰਨ ਲਈ ਸੈਨੇਟ ਦੀ ਚੋਣ ਲੜ ਰਹੇ ਨਰੇਸ਼ ਗੌੜ ਦੇ ਸਮਰਥਨ ਲਈ ਇੱਕ ਭਰਵੀਂ ਮੀਟਿੰਗ ਡਾ. ਗੁਰਪ੍ਰੀਤ ਸਿੰਘ ਬਾਠ ਅਤੇ ਬੈਂਕਾਂ ਦੇ ਆਗੂ ਨਰਿੰਦਰ ਬਾਂਸਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸਾਥੀ ਗੌੜ ਨੇ ਆਪਣੀਆਂ ਜੇਤੂ ਤਿੰਨ ਟਰਮਾਂ ਦੀ ਰਿਪੋਰਟ ਕਾਰਡ ਦੀ ਵਿਆਖਿਆ ਕਰਦੇ ਹੋਏ ਕਿਹਾ ਕਿ ਭਾਵੇਂ ਵੱਡੇ ਸਾਂਝੇ ਸੰਘਰਸ਼ਾਂ ਨੇ ਸਾਡੀ ਪੰਜਾਬ ਯੂਨੀਵਰਸਿਟੀ ਨੂੰ ਕੇਂਦਰੀ ਯੂਨੀਵਰਸਿਟੀ ਵਿੱਚ ਬਦਲਣ ਦੀ ਕੇਂਦਰ ਸਰਕਾਰ ਦੀ ਸਾਜ਼ਿਸ਼ ਨੂੰ ਇੱਕ ਵਾਰ ਤਾਂ ਅਸਫਲ ਕਰ ਦਿੱਤਾ ਹੈ, ਪ੍ਰੰਤੂ ਅਵੇਸਲੇ ਹੋਣਾ ਖਤਰਨਾਕ ਹੋਵੇਗਾ। ਕੇਂਦਰ ਸਰਕਾਰ ਕਿਸੇ ਸਮੇਂ ਵੀ ਯੂਨੀਵਰਸਿਟੀ ਪੰਜਾਬ ਤੋਂ ਖੋਹ ਸਕਦੀ ਹੈ। ਸਾਥੀ ਗੌੜ ਨੇ ਅੰਤ ਵਿੱਚ ਕਿਹਾ ਕਿ ਯੂਨੀਵਰਸਿਟੀ ਵਿਦਿਆਰਥੀਆਂ ਤ • ਬਾਕੀ ਸਫਾ 2 'ਤੇ

## ਸੁਰਿੰਦਰ ਜੁਨੇਜਾ ਜਿੱਤੇ ਫ਼ੋਟੋਗ੍ਰਾਫ਼ਰ ਐਸੋਸੀਏਸ਼ਨ ਮਲੋਟ ਦੀ ਪ੍ਰਧਾਨਗੀ



**ਮਲੋਟ (ਰਜਿੰਦਰ ਜੁਨੇਜਾ)**-ਮਲੋਟ ਵਿਖੇ ਫ਼ੋਟੋਗ੍ਰਾਫ਼ਰ ਐਸੋਸੀਏਸ਼ਨ ਦੀ ਹੋਈ ਚੋਣ ਵਿੱਚ ਮਿਲਨ ਸਟੂਡੀਓ ਵਾਲੇ ਸੁਰਿੰਦਰ ਕੁਮਾਰ 'ਕਾਕਾ' ਜੁਨੇਜਾ ਨੇ ਸ਼ਾਨਦਾਰ ਜਿੱਤ ਦਰਜ ਕੀਤੀ ਹੈ।ਇਸ ਮੁਕਾਬਲੇ ਵਿੱਚ ਉਨ੍ਹਾਂ ਨੇ ਆਪਣੇ ਵਿਰੋਧੀ ਉਮੀਦਵਾਰ ਵਿੱਕੀ ਸੁਖੀਜਾ (ਅਰਪਿਤਾ ਸਟੂਡੀਓ) ਨੂੰ 49-11 ਦੇ ਵੱਡੇ ਫ਼ਰਕ ਨਾਲ ਮਾਤ ਦਿੱਤੀ।ਜ਼ਿਕਰਯੋਗ ਹੈ ਕਿ ਪਹਿਲੀ ਵਾਰ ਐਸੋਸੀਏਸ਼ਨ ਦੀ ਚੋਣ ਵੋਟਾਂ ਰਾਹੀਂ ਹੋਈ।ਸੁਰਿੰਦਰ ਜੁਨੇਜਾ ਪਹਿਲਾਂ ਵੀ ਪੰਜਾਬ ਫ਼ੋਟੋਗ੍ਰਾਫ਼ਰ ਐਸੋਸੀਏਸ਼ਨ (ਮਲੋਟ ਯੂਨਿਟ) ਦੇ ਪ੍ਰਧਾਨ ਤੇ ਸੂਬਾ ਡੈਲੀਗੇਟ ਵਜੋਂ ਸੇਵਾਵਾਂ ਨਿਭਾਅ ਚੁੱਕੇ ਹਨ।ਉਨ੍ਹਾਂ ਦੀ ਇਸ ਸ਼ਾਨਦਾਰ ਜਿੱਤ 'ਤੇ ਸਮੂਹ ਫ਼ੋਟੋਗ੍ਰਾਫ਼ਰ ਭਾਈਚਾਰੇ ਤੇ ਸ਼ਹਿਰ ਵਾਸੀਆਂ ਵੱਲੋਂ ਉਨ੍ਹਾਂ ਦਾ ਫੁੱਲਾਂ ਦੇ ਹਾਰ ਪਾ ਕੇ ਭਰਵਾਂ ਸਵਾਗਤ ਕੀਤਾ ਗਿਆ ਤੇ ਮੁਬਾਰਕਬਾਦ ਦਿੱਤੀ ਗਈ।ਇਸ ਮੌਕੇ ਸਮੂਹ ਮੈਂਬਰਾਂ ਨੇ ਉਮੀਦ ਜਤਾਈ ਕਿ ਨਵੀਂ ਅਗਵਾਈ ਹੇਠ ਸਮੂਹ ਫ਼ੋਟੋਗ੍ਰਾਫ਼ਰ ਭਾਈਚਾਰੇ ਦੇ ਹਿੱਤਾਂ ਤੇ ਭਲਾਈ ਲਈ ਕੰਮ ਹੋਰ ਵੀ ਬਿਹਤਰ ਢੰਗ ਨਾਲ ਹੋਣਗੇ।

## ਸ੍ਰੀ ਗੁਰੂ ਗ੍ਰੰਥ ਸਾਹਿਬ 'ਵਰਸਿਟੀ ਵਿਖੇ ਵਿਸ਼ਵ ਓਜ਼ੋਨ ਦਿਵਸ ਮਨਾਇਆ



**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫ਼ਤਿਹਗੜ੍ਹ ਸਾਹਿਬ ਦੇ ਰਸਾਇਣ ਵਿਗਿਆਨ ਵਿਭਾਗ ਵੱਲੋਂ ਸੈਂਟਰ ਫਾਰ ਸਾਇੰਟਿਫਿਕ ਰਿਸਰਚ ਐਂਡ ਇਨੋਵੇਸ਼ਨ ਦੀ ਅਗਵਾਈ ਹੇਠ ਵਿਸ਼ਵ ਓਜ਼ੋਨ ਦਿਵਸ ਮਨਾਉਣ ਲਈ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ। ਪ੍ਰੋਗਰਾਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਓਜ਼ੋਨ ਪਰਤ ਦੀ ਸੁਰੱਖਿਆ, ਹਰੀ ਰਸਾਇਣ ਤੇ ਵਾਤਾਵਰਣਕ ਸਥਿਰਤਾ ਪ੍ਰਤੀ ਜਾਗਰੂਕ ਕਰਨਾ ਸੀ।ਪ੍ਰੋਗਰਾਮ ਦੀ ਮੁੱਖ ਵਿਸ਼ੇਸ਼ਤਾ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਰਸਾਇਣ ਵਿਗਿਆਨ ਵਿਭਾਗ ਦੇ ਐਸੋਸੀਏਟ ਪ੍ਰੋਫੈਸਰ ਡਾ. ਅਮਨ ਭੱਲਾ ਵੱਲੋਂ ਗਲੋਬਲ ਵਾਰਮਿੰਗ ਤੇ ਓਜ਼ੋਨ ਪਰਤ ਦਾ ਘਟਨਾ ਵਿਸ਼ੇ 'ਤੇ ਦਿੱਤਾ ਗਿਆ ਮੁੱਖ ਭਾਸ਼ਣ ਰਿਹਾ।ਉਨ੍ਹਾਂ ਨੇ ਓਜ਼ੋਨ ਪਰਤ ਦੀ ਸੁਰੱਖਿਆ ਲਈ ਵਿਅਕਤੀਗਤ ਤੇ ਭਾਈਚਾਰਕ ਪੱਧਰ 'ਤੇ ਯਤਨਾਂ ਦੀ ਲੋੜ 'ਤੇ ਵੀ ਜ਼ੋਰ ਦਿੱਤਾ।ਇਸ ਮੌਕੇ ਪ੍ਰੋ. ਪਰਿਤ ਪਾਲ ਸਿੰਘ ਵਾਈਸ-ਚਾਂਸਲਰ ਨੇ ਗ੍ਰੀਨਹਾਊਸ ਗੈਸਾਂ ਦੇ ਵਾਤਾਵਰਣ 'ਤੇ ਪ੍ਰਭਾਵ, ਗ੍ਰੀਨਹਾਊਸ ਪ੍ਰਭਾਵ ਵਿੱਚ ਨਮੀ ਦੀ ਭੂਮਿਕਾ ਤੇ ਓਜ਼ੋਨ ਪਰਤ ਦੇ ਘਟਣ ਦੇ ਕਾਰਨਾਂ ਬਾਰੇ ਵਿਚਾਰ ਸਾਂਝੇ ਕੀਤੇ।ਪ੍ਰੋਗਰਾਮ ਦਾ ਉਦਘਾਟਨ ਪ੍ਰੋ. ਤੇਜਬੀਰ ਸਿੰਘ, ਰਜਿਸਟਰਾਰ ਤੇ ਚੇਅਰਮੈਨ, ਸੈਂਟਰ ਫਾਰ ਸਾਇੰਟਿਫਿਕ ਰਿਸਰਚ ਐਂਡ ਇਨੋਵੇਸ਼ਨ ਵੱਲੋਂ ਕੀਤਾ ਗਿਆ।ਇਸ ਮੌਕੇ ਪ੍ਰੋ. ਸੁਖਵਿੰਦਰ ਸਿੰਘ ਬਿਲਿੰਗ ਡੀਨ ਅਕਾਦਮਿਕ ਮਾਮਲੇ, ਡਾ. ਰਾਹੁਲ ਬਦਰੂ ਮੁਖੀ ਰਸਾਇਣ ਵਿਗਿਆਨ ਵਿਭਾਗ ਤੇ ਮੈਂਬਰ ਸੈਂਟਰ ਫਾਰ ਸਾਇੰਟਿਫਿਕ ਰਿਸਰਚ ਐਂਡ ਇਨੋਵੇਸ਼ਨ, ਡਾ. ਬਿਲਗਾ, ਖੇਤੀਬਾੜੀ ਵਿਭਾਗ ਤੇ ਸੈਂਟਰ ਦੇ ਹੋਰ ਮੈਂਬਰ ਹਾਜ਼ਰ ਸਨ।ਸਮਾਪਤੀ ਸੈਸ਼ਨ ਦੌਰਾਨ ਜੇਤੂਆਂ ਤੇ ਭਾਗੀਦਾਰਾਂ ਨੂੰ ਪ੍ਰਮਾਣ-ਪੱਤਰ ਪ੍ਰਦਾਨ ਕੀਤੇ ਗਏ।ਪ੍ਰੋਗਰਾਮ ਦੇ ਅੰਤ ਵਿੱਚ ਡਾ. ਰਾਹੁਲ ਬਦਰੂ ਨੇ ਧੰਨਵਾਦ ਮਤਾ ਪੇਸ਼ ਕੀਤਾ।

## ਗੁਰੂ ਨਾਨਕ ਕਾਲਜ ਦੇ ਵਿਦਿਆਰਥੀਆਂ ਵੱਲੋਂ ਹੋਟਲ ਇਕਬਾਲ ਇਨ ਦਾ ਦੌਰਾ



**ਬੁਢਲਾਡਾ (ਅਸ਼ੋਕ ਲਾਕੜਾ)**-ਉੱਤਰੀ ਭਾਰਤ ਦੀ ਸਿਰਮੌਰ ਤੇ ਆਟੋਨੋਮਸ ਸੰਸਥਾ ਗੁਰੂ ਨਾਨਕ ਕਾਲਜ ਬੁਢਲਾਡਾ ਦੇ ਬੈਚਲਰ ਆਫ਼ ਹੌਸਪਿਟੈਲਿਟੀ ਐਂਡ ਟੂਰਿਜ਼ਮ ਮੈਨੇਜਮੈਂਟ ਦੇ ਵਿਦਿਆਰਥੀਆਂ ਨੇ ਪਟਿਆਲਾ ਦੇ ਨਾਮਵਰ 4 ਸਟਾਰ ਹੋਟਲ ਇਕਬਾਲ ਇਨ ਵਿਖੇ ਦੌਰਾ ਕੀਤਾ।ਇਸ ਵਿਸ਼ੇਸ਼ ਦੌਰੇ ਵਿੱਚ ਜਮਾਤ ਦੇ 40 ਵਿਦਿਆਰਥੀਆਂ ਨੇ ਭਾਗ ਲਿਆ।ਪ੍ਰਿੰਸੀਪਲ ਡਾ. ਨਰਿੰਦਰ ਸਿੰਘ ਨੇ ਦੱਸਿਆ ਕਿ ਡਾ. ਸੁਖਵਿੰਦਰ ਕੌਰ ਦੀ ਅਗਵਾਈ ਵਿੱਚ ਇਸ ਉਦਯੋਗਿਕ ਦੌਰੇ ਦਾ ਮੁੱਖ ਮਕਸਦ ਵਿਦਿਆਰਥੀਆਂ ਨੂੰ ਕਲਾਸਰੂਮ ਦੀ ਸਿਧਾਂਤਕ ਪੜ੍ਹਾਈ ਤੋਂ ਅੱਗੇ ਲਿਜਾ ਕੇ ਹੌਸਪਿਟੈਲਿਟੀ ਖੇਤਰ ਦੀ ਵਿਹਾਰਕ ਤੇ ਅਸਲ ਕਾਰਜਪ੍ਰਣਾਲੀ ਤੋਂ ਜਾਣੂ ਕਰਵਾਉਣਾ ਸੀ। ਹੋਟਲ ਇਕਬਾਲ ਇਨ ਪਹੁੰਚਣ 'ਤੇ ਜਨਰਲ ਮੈਨੇਜਰ ਆਸ਼ੀਸ਼ ਗੁਪਤਾ, ਐੱਚ. ਆਰ. ਮੈਨੇਜਰ ਕੁਮਾਰੀ ਹੇਮਾ ਤੇ ਐੱਫ.ਐਂਡ.ਬੀ. ਮੈਨੇਜਰ ਅਭੈ ਗੁਪਤਾ ਨੇ ਵਿਦਿਆਰਥੀਆਂ ਦਾ ਸਵਾਗਤ ਕੀਤਾ ਤੇ ਹੋਟਲ ਦੇ ਵੱਖ-ਵੱਖ ਮੁੱਖ ਵਿਭਾਗਾਂ ਦੀਆਂ ਗਤੀਵਿਧੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨੇ ਦੱਸਿਆ ਕਿ ਇਸ ਅਨੁਭਵ ਨਾਲ ਉਨ੍ਹਾਂ ਦੇ ਵਿਹਾਰਕ ਹੁਨਰ, ਪੇਸ਼ੇਵਰ ਆਤਮ-ਵਿਸ਼ਵਾਸ, ਸਮਾਂ ਪ੍ਰਬੰਧਨ ਤੇ ਟੀਮ ਵਰਕ ਵਿੱਚ ਵਾਧਾ ਹੋਇਆ ਹੈ, ਜੋ ਭਵਿੱਖ ਵਿੱਚ ਹੌਸਪਿਟੈਲਿਟੀ ਤੇ ਟੂਰਿਜ਼ਮ ਖੇਤਰ ਵਿੱਚ ਕਰੀਅਰ ਬਣਾਉਣ ਲਈ ਬੇਹੱਦ ਲਾਹੇਵੰਦ ਸਾਬਿਤ ਹੋਵੇਗਾ।ਇਸ ਮੌਕੇ ਸੰਸਥਾ ਦੇ ਅਧਿਆਪਕ ਡਾ. ਹਰਜਿੰਦਰ ਕੌਰ, ਡਾ. ਗੁਰਪ੍ਰੀਤ ਸਿੰਘ ਤੇ ਪ੍ਰੋ. ਦਿਲਰਾਜ ਸਿੰਘ ਹਾਜ਼ਰ ਰਹੇ।

## ਨਗਰ ਕੌਂਸਲ ਪ੍ਰਧਾਨ ਬਾਜਵਾ ਵੱਲੋਂ ਸਰਕਾਰੀ ਹਸਪਤਾਲ ਦਾ ਦੌਰਾ




**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਨਗਰ ਕੌਂਸਲ ਧੂਰੀ ਦੀ ਪ੍ਰਧਾਨ ਮੈਡਮ ਅਮਰਜੀਤ ਕੌਰ ਬਾਜਵਾ ਵੱਲੋਂ ਸਥਾਨਕ ਸਰਕਾਰੀ ਹਸਪਤਾਲ ਦਾ ਦੌਰਾ ਕਰਦਿਆਂ ਆਮ ਲੋਕਾਂ ਨੂੰ ਮਿਲ ਰਹੀਆਂ ਸਿਹਤ ਸਹੂਲਤਾਂ ਤੇ ਹਸਪਤਾਲ ਕੰਪਲੈਕਸ ਦੇ ਅੰਦਰੂਨੀ ਸਫ਼ਾਈ ਪ੍ਰਬੰਧਾਂ ਦਾ ਬਾਰੀਕੀ ਨਾਲ ਨਿਰੀਖਣ ਕੀਤਾ।ਦੌਰੇ ਦੌਰਾਨ ਮੈਡਮ ਬਾਜਵਾ ਨੇ ਹਸਪਤਾਲ ਦੇ ਵੱਖ-ਵੱਖ ਵਾਰਡਾਂ ਵਿੱਚ ਜਾ ਕੇ ਦਾਖ਼ਲ ਮਰੀਜ਼ਾਂ ਤੇ ਉਨ੍ਹਾਂ ਦੇ ਵਾਰਸਾਂ ਨਾਲ ਗੱਲਬਾਤ ਕੀਤੀ।ਉਨ੍ਹਾਂ ਨੇ ਮਰੀਜ਼ਾਂ ਦੀ ਕੁਸ਼ਲਤਾ ਪੁੱਛੀ ਤੇ ਹਸਪਤਾਲ ਵੱਲੋਂ ਦਿੱਤੀਆਂ ਜਾ ਰਹੀਆਂ ਦਵਾਈਆਂ, ਟੈਸਟਾਂ ਤੇ ਹੋਰ ਮੈਡੀਕਲ ਸੇਵਾਵਾਂ ਬਾਰੇ ਜਾਣਕਾਰੀ ਹਾਸਲ ਕੀਤੀ।ਮਰੀਜ਼ਾਂ ਨੇ ਪ੍ਰਬੰਧਾਂ 'ਤੇ ਤਸੱਲੀ ਪ੍ਰਗਟਾਈ।ਮੈਡਮ ਬਾਜਵਾ ਨੇ ਹਸਪਤਾਲ ਦੇ ਕੋਰੀਡੋਰਾਂ, ਵਾਰਡਾਂ ਤੇ ਆਲੇ-ਦੁਆਲੇ ਦੀ ਸਫ਼ਾਈ ਦਾ ਵੀ ਜਾਇਜ਼ਾ ਲਿਆ।ਉਨ੍ਹਾਂ ਹਦਾਇਤ ਕੀਤੀ ਕਿ ਹਸਪਤਾਲ ਵਰਗੀ ਸੰਵੇਦਨਸ਼ੀਲ ਥਾਂ 'ਤੇ ਸਫ਼ਾਈ ਦਾ ਪੱਧਰ ਹਮੇਸ਼ਾ ਉੱਚਾ ਹੋਣਾ ਚਾਹੀਦਾ ਹੈ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਇਨਫੈਕਸ਼ਨ ਜਾਂ ਬੀਮਾਰੀ ਦੇ ਫੈਲਣ ਦਾ ਖ਼ਤਰਾ ਨਾ ਰਹੇ।ਇਸ ਤੋਂ ਬਾਅਦ ਉਨ੍ਹਾਂ ਹਸਪਤਾਲ ਦੇ ਐੱਸ.ਐੱਮ.ਓ ਡਾ. ਸੰਜੀਵ ਅਰੋੜਾ ਨਾਲ ਗੱਲਬਾਤ ਵੀ ਕੀਤੀ।ਉਨ੍ਹਾਂ ਆਖਿਆ ਕਿ ਨਗਰ ਕੌਂਸਲ ਧੂਰੀ ਸ਼ਹਿਰ ਵਾਸੀਆਂ ਨੂੰ ਮਿਆਰੀ ਸੇਵਾਵਾਂ ਦੇਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

## ਸਰਬੱਤ ਦਾ ਭਲਾ ਟਰੱਸਟ ਨੇ ਲੋੜਵੰਦ ਨੂੰ ਬਣਾ ਕੇ ਦਿੱਤਾ ਮਕਾਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਡਾਕਟਰ ਐੱਸ ਪੀ ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਸੰਨੀ ਓਬਰਾਏ ਆਵਾਸ ਯੋਜਨਾ ਤਹਿਤ ਵੱਡੀ ਪੱਧਰ 'ਤੇ ਲੋੜਵੰਦ ਪਰਿਵਾਰਾਂ ਨੂੰ, ਹੜ੍ਹਾਂ ਤੋਂ ਪੀੜਤ ਪਰਵਾਰਾਂ ਤੇ ਬਾਰਸ਼ਾਂ ਨਾਲ ਪ੍ਰਭਾਵਿਤ ਹੋਏ ਮਕਾਨਾਂ ਨੂੰ ਬਣਾ ਕੇ ਦਿੱਤਾ ਜਾ ਰਿਹਾ ਹੈ।ਅਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਸ ਲੜੀ ਤਹਿਤ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਮਾਨ ਸਿੰਘ ਵਾਲਾ ਵਿਖੇ ਪਿਛਲੇ ਸਾਲ ਬਾਰਸ਼ਾਂ ਦੌਰਾਨ ਇੱਕ ਗਰੀਬ ਪਰਵਾਰ ਦਾ ਮਕਾਨ ਡਿੱਗਣ ਕਾਰਨ ਪਰਵਾਰ ਖੁੱਲ੍ਹੇ ਅਸਮਾਨ ਹੇਠ ਦਿਨ ਕੱਟਣ ਲਈ ਮਜਬੂਰ ਸੀ, ਘਰ ਦਾ ਕਮਾਉਣ ਵਾਲਾ ਵੀ ਕਿਸੇ ਨਾਮੁਰਾਦ ਬੀਮਾਰੀ ਤੋਂ ਪੀੜਤ ਹੈ।ਇਸ ਕੇਸ ਨੂੰ ਪੜਤਾਲ ਉਪਰੰਤ ਡਾ. ਐੱਸ ਪੀ ਸਿੰਘ ਓਬਰਾਏ ਕੋਲ ਭੇਜਿਆ ਗਿਆ ਤੇ ਡਾ. ਓਬਰਾਏ ਨੇ ਜ਼ਿਲ੍ਹਾ ਟੀਮ ਨੂੰ ਤੁਰੰਤ ਲੋੜੀਂਦਾ ਮਕਾਨ ਬਣਾ ਕੇ ਦੇਣ ਲਈ ਕਿਹਾ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਇਹ ਬਣ ਕੇ ਤਿਆਰ ਹੋ ਗਿਆ ਹੈ, ਅੱਜ ਇਸ ਨੂੰ ਪਿੰਡ ਦੇ ਪਤਵੰਤਿਆਂ ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਟੀਮ ਦੀ ਹਾਜ਼ਰੀ ਵਿੱਚ ਲੋੜਵੰਦ ਦੇ ਹਵਾਲੇ ਕਰ ਦਿੱਤਾ ਗਿਆ ਹੈ।ਇਸ ਮੌਕੇ ਚਰਨਜੀਤ ਸਿੰਘ ਮੈਂਬਰ ਬਲਾਕ ਸੰਮਤੀ, ਸੁਖਬੀਰ ਸਿੰਘ ਜੈਲਦਾਰ, ਹਰਭਗਵਾਨ ਸਿੰਘ ਧੱਪਿਆਂਵਾਲੀ, ਮਲਕੀਤ ਸਿੰਘ ਕਾਲਾ ਧੱਪਿਆਂਵਾਲੀ, ਪਿੰਡ ਦੇ ਪਤਵੰਤੇ ਹਾਜ਼ਰ ਸਨ।

## ਆਕਸਫੋਰਡ ਦੀਆਂ ਵਿਦਿਆਰਥਣਾਂ ਨੇ ਟੈਕਨੀਕਲ ਪੇਸ਼ਕਾਰੀ 'ਚ ਮਾਰੀਆਂ ਮੱਲਾਂ



**ਬਠਿੰਡਾ (ਰਾਜੀਵ ਗੋਇਲ)**-ਬੀਤੇ ਦਿਨੀਂ ਬਠਿੰਡਾ ਲੋਕਲ ਸੈਂਟਰ ਪੰਜਾਬ, ਬਠਿੰਡਾ ਵੱਲੋਂ 59ਵਾਂ ਇੰਜੀਨੀਅਰ ਡੇ ਮਨਾਇਆ ਗਿਆ। ਇਸ ਵਿੱਚ ਟੈਕਨੀਕਲ ਪੱਖ ਨੂੰ ਮੁੱਖ ਵਿਸ਼ੇ ਵਜੋਂ ਲਿਆ ਗਿਆ।ਇਸ ਸਮਾਰੋਹ ਵਿੱਚ ਆਕਸਫੋਰਡ ਦੇ ਵਿਦਿਆਰਥੀਆਂ ਨੇ ਤੀਖਣ ਬੁੱਧੀ ਦਾ ਪ੍ਰਦਰਸ਼ਨ ਕਰਦੇ ਹੋਏ ਕ੍ਰਮਵਾਰ ਪਹਿਲਾ ਤੇ ਦੂਸਰਾ ਸਥਾਨ ਪ੍ਰਾਪਤ ਕੀਤਾ।ਇਸ ਸੰਸਥਾ ਦੀ ਦਸਵੀਂ ਜਮਾਤ ਦੀ ਵਿਦਿਆਰਥਣ ਹਰਕੀਰਤ ਕੌਰ ਤੇ ਨੌਵੀਂ ਜਮਾਤ ਦੀ ਵਿਦਿਆਰਥਣ ਪ੍ਰਨੀਤ ਕੌਰ ਨੇ ਟੈਕਨੀਕਲ ਰੈਸਿਊ ਨੈੱਟ ਏ.ਆਈ. ਦਾ ਪੇਪਰ ਪੇਸ਼ ਕਰਕੇ ਪਹਿਲਾ ਸਥਾਨ ਤੇ ਛੇਵੀਂ ਜਮਾਤ ਦੀ ਵਿਦਿਆਰਥਣ ਜੈਨਮ ਅਤੇ ਜਸਨੀਤ ਕੌਰ ਨੇ ਡਰਾਈਵਰ ਲੈੱਸ ਕਾਰ ਦਾ ਪੇਪਰ ਪੇਸ਼ ਕਰਕੇ ਦੂਸਰਾ ਸਥਾਨ ਪ੍ਰਾਪਤ ਕੀਤਾ।ਇਨ੍ਹਾਂ ਵਿਦਿਆਰਥੀਆਂ ਨੂੰ 1100 ਰੁ. ਤੇ 900 ਰੁ. ਦੇ ਨਗਦ ਇਨਾਮ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਰੂਪ ਲਾਲ ਬਾਂਸਲ ਤੇ ਸਮੁੱਚੀ ਟੀਮ ਅਤੇ ਏ.ਟੀ.ਐੱਲ ਲੈਬ ਦੇ ਇੰਚਾਰਜ ਇੰਜੀਨੀਅਰ ਅਧਿਆਪਕ ਹਰੀਸ਼ਨ ਅਗਰਵਾਲ ਨੂੰ ਵੀ ਇਸ ਸਫਲਤਾ ਦੀ ਵਧਾਈ ਦਿੱਤੀ।ਇਸ ਮੌਕੇ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਹਰਦੇਵ ਸਿੰਘ ਬਰਾੜ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਭਗਤਾ ਭਾਈਕਾ, ਸ: ਹਰਗੁਰਪ੍ਰੀਤ ਸਿੰਘ ਗਗਨ ਬਰਾੜ (ਚੇਅਰਮੈਨ), ਗੁਰਮੀਤ ਸਿੰਘ ਗਿੱਲ (ਪ੍ਰਧਾਨ), ਪਰਮਪਾਲ ਸਿੰਘ ਸ਼ੈਰੀ (ਉੱਪ-ਚੇਅਰਮੈਨ), ਰਾਜਵਿੰਦਰ ਸਿੰਘ ਸੇਖੋਂ (ਜਨਰਲ ਸਕੱਤਰ) ਤੇ ਗੁਰਮੀਤ ਸਿੰਘ ਗਿੱਲ ਸਰਪੰਚ (ਵਿੱਤ ਸਕੱਤਰ) ਨੇ ਵਿਦਿਆਰਥੀਆਂ ਨੂੰ ਇਸ ਸਫਲਤਾ ਦੀ ਵਧਾਈ ਦਿੱਤੀ ਤੇ ਇਸੇ ਤਰ੍ਹਾਂ ਅੱਗੇ ਵਧਦੇ ਰਹਿਣ ਲਈ ਪ੍ਰੇਰਿਤ ਕੀਤਾ।

# ਡਿੱਪੂ ਹੋਲਡਰਾਂ ਨੇ ਦਰਪੇਸ਼ ਮੁਸ਼ਕਲਾਂ ਦੇ ਹੱਲ ਲਈ ਡਾ. ਅਨਵਰ ਭਸੌੜ ਨੂੰ ਸੌਂਪਿਆ ਮੰਗ ਪੱਤਰ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਰਾਸ਼ਨ ਡਿੱਪੂ ਹੋਲਡਰ ਫੈਡਰੇਸ਼ਨ ਆਫ਼ ਪੰਜਾਬ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਕਾਂਝਲਾ ਨੇ ਸਥਾਨਕ ਮੁੱਖ ਮੰਤਰੀ ਦਫ਼ਤਰ ਦੇ ਇੰਚਾਰਜ ਡਾ. ਅਨਵਰ ਭਸੌੜ ਨਾਲ ਵਿਸ਼ੇਸ਼ ਮੁਲਾਕਾਤ ਕੀਤੀ।ਇਸ ਦੌਰਾਨ ਉਨ੍ਹਾਂ ਨੇ ਡਿੱਪੂ ਹੋਲਡਰਾਂ ਤੇ ਲਾਭਪਾਤਰੀਆਂ ਨੂੰ ਆ ਰਹੀਆਂ ਦਰਪੇਸ਼ ਮੁਸ਼ਕਲਾਂ ਦੇ ਹੱਲ ਲਈ ਮੁੱਖ ਮੰਤਰੀ ਦਫ਼ਤਰ ਦੇ ਇੰਚਾਰਜ ਡਾ. ਅਨਵਰ ਭਸੌੜ ਨੂੰ ਇੱਕ ਵਿਸ਼ੇਸ਼ ਮੰਗ ਪੱਤਰ ਸੌਂਪਿਆ।

ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਕਾਂਝਲਾ ਨੇ ਆਖਿਆ ਕਿ ਸਰਕਾਰ ਵੱਲੋਂ ਹਾੜ੍ਹੀ/ਸਾਉਣੀ ਦੀ ਕਣਕ ਵੰਡਣ ਲਈ ਈ-ਪੋਸ਼ ਮਸ਼ੀਨਾਂ ਚਲਾਉਣ ਦੀ ਅੰਤਿਮ ਤਾਰੀਖ 31 ਅਕਤੂਬਰ ਮਿੱਥੀ ਗਈ ਸੀ, ਪਰ ਦੁੱਖ ਦੀ ਗੱਲ ਇਹ ਹੈ ਕਿ ਸਰਵਰ ਵਿੱਚ ਨਿਰੰਤਰ ਤਕਨੀਕੀ ਖਰਾਬੀ ਆਉਣ ਕਾਰਨ ਇਹ ਮਸ਼ੀਨਾਂ ਸਮੇਂ ਤੋਂ ਪਹਿਲਾਂ ਹੀ ਠੱਪ ਹੋ ਰਹੀਆਂ ਹਨ।ਸਰਵਰ ਡਾਊਨ ਰਹਿਣ ਕਰਕੇ ਹਜ਼ਾਰਾਂ ਗਰੀਬ ਖਪਤਕਾਰ ਕਣਕ ਦੀ ਖੁਰਾਕ ਤੋਂ ਵਾਂਝੇ ਰਹਿ ਗਏ ਹਨ।ਉਨ੍ਹਾਂ ਪੁਰਜ਼ੋਰ ਮੰਗ ਕੀਤੀ ਕਿ ਈ-ਪੋਸ਼ ਮਸ਼ੀਨਾਂ ਦੇ ਸਰਵਰ ਨੂੰ ਤੁਰੰਤ ਦਰੁਸਤ ਕੀਤਾ ਜਾਵੇ ਤੇ ਕਣਕ ਦੀ ਵੰਡ ਦਾ ਸਮਾਂ ਵਧਾਇਆ ਜਾਵੇ ਤਾਂ ਜੋ ਕੋਈ ਵੀ ਲੋੜਵੰਦ ਪਰਿਵਾਰ ਰਾਸ਼ਨ ਤੋਂ ਬਿਨਾਂ ਨਾ ਰਹੇ।

ਕਾਂਝਲਾ ਨੇ ਮਸ਼ੀਨਾਂ ਦੀ ਕਾਰਜਪ੍ਰਣਾਲੀ 'ਤੇ ਸਵਾਲ ਚੁੱਕਦਿਆਂ ਦੱਸਿਆ ਕਿ ਮੌਜੂਦਾ ਸਮੇਂ ਇੱਕ ਹੀ ਖਪਤਕਾਰ ਨੂੰ ਕਣਕ ਦੇਣ ਲਈ ਮਸ਼ੀਨ ਵਿੱਚੋਂ ਚਾਰ-ਚਾਰ ਪਰਚੀਆਂ ਨਿਕਲਦੀਆਂ ਹਨ।ਇਸ ਪ੍ਰਕਿਰਿਆ ਕਾਰਨ ਇੱਕ ਸਿੰਗਲ ਲਾਭਪਾਤਰੀ ਦਾ ਅੰਗੂਠਾ ਲਵਾਉਣ ਤੇ ਰਾਸ਼ਨ ਦੇਣ ਵਿੱਚ ਅੱਧੇ ਤੋਂ ਪੌਣਾ ਘੰਟਾ ਬਰਬਾਦ ਹੋ ਜਾਂਦਾ ਹੈ।ਡਿੱਪੂਆਂ 'ਤੇ ਲੰਮੀਆਂ-ਲੰਮੀਆਂ ਲਾਈਨਾਂ ਲੱਗਣ ਕਰਕੇ ਦਿਹਾੜੀਦਾਰ ਤੇ ਬਜ਼ੁਰਗ ਖਪਤਕਾਰ ਬੇਲੋੜੇ ਖੱਜਲ-ਖੁਆਰ ਹੁੰਦੇ ਹਨ।ਫੈਡਰੇਸ਼ਨ ਨੇ ਮੰਗ ਕੀਤੀ ਹੈ ਕਿ ਕੰਮ ਨੂੰ ਸੁਚਾਰੂ ਅਤੇ ਤੇਜ਼ ਬਣਾਉਣ ਲਈ ਚਾਰ ਪਰਚੀਆਂ ਦੀ ਥਾਂ ਸਿਰਫ਼ ਇੱਕੋ ਪਰਚੀ ਜਾਰੀ ਕਰਨ ਦਾ ਸਿਸਟਮ ਬਣਾਇਆ ਜਾਵੇ। ਦਫ਼ਤਰ ਇੰਚਾਰਜ ਡਾ. ਅਨਵਰ ਭਸੌੜ ਨੇ ਡਿੱਪੂ ਹੋਲਡਰਾਂ ਦੀਆਂ ਇਹ ਵਾਜਬ ਮੰਗਾਂ ਧਿਆਨ ਨਾਲ ਸੁਣੀਆਂ ਤੇ ਭਰੋਸਾ ਦਿਵਾਇਆ ਕਿ ਇਹ ਮਾਮਲਾ ਤੁਰੰਤ ਉੱਚ ਅਧਿਕਾਰੀਆਂ ਤੇ ਸਰਕਾਰ ਦੇ ਧਿਆਨ ਵਿੱਚ ਲਿਆ ਕੇ ਜਲਦ ਹੱਲ ਕਰਵਾਇਆ ਜਾਵੇਗਾ।

## ਭਗੌੜਾ ਮੁਲਜ਼ਮ ਕਾਬੂ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਇੰਸਪੈਕਟਰ ਮੁਖਤਿਆਰ ਸਿੰਘ ਇੰਚਾਰਜ ਪੀ. ਓ. ਸਟਾਫ਼, ਸ੍ਰੀ ਮੁਕਤਸਰ ਸਾਹਿਬ ਦੀ ਅਗਵਾਈ ਹੇਠ ਪੁਲਸ ਪਾਰਟੀ ਵੱਲੋਂ ਕਾਰਵਾਈ ਕਰਦਿਆਂ ਪੀ.ਓ. ਭਗੌੜੇ ਮੁਲਜ਼ਮ ਅਜੇ ਕੁਮਾਰ ਪੁੱਤਰ ਰਾਜ ਕੁਮਾਰ, ਵਾਸੀ ਕੋਟਲੀ ਰੋਡ, ਸ੍ਰੀ ਮੁਕਤਸਰ ਸਾਹਿਬ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਗਈ।ਅਜੇ ਕੁਮਾਰ ਖ਼ਿਲਾਫ਼ ਥਾਣਾ ਸਿਟੀ ਸ੍ਰੀ ਮੁਕਤਸਰ ਸਾਹਿਬ ਵਿਖੇ ਮੁਕੱਦਮਾ ਆਈ.ਪੀ.ਸੀ. ਦਰਜ ਹੈ।ਉਕਤ ਮੁਕੱਦਮੇ ਵਿੱਚ ਮਾਨਯੋਗ ਅਦਾਲਤ ਵੱਲੋਂ ਅਜੇ ਕੁਮਾਰ ਨੂੰ ਮਿਤੀ 06-05-2023 ਨੂੰ ਪੀ.ਓ. (ਭਗੌੜਾ ਮੁਲਜ਼ਮ) ਐਲਾਨਿਆ ਗਿਆ ਸੀ। ਪੀ.ਓ. ਸਟਾਫ਼ ਵੱਲੋਂ ਲਗਾਤਾਰ ਕੀਤੀ ਜਾ ਰਹੀ ਕਾਰਵਾਈ ਦੌਰਾਨ ਉਕਤ ਮੁਲਜ਼ਮ ਨੂੰ ਮਿਤੀ 17-09-2026 ਨੂੰ ਕਾਬੂ ਕੀਤਾ ਗਿਆ।ਕਾਬੂ ਕੀਤੇ ਗਏ ਪੀ.ਓ. ਮੁਲਜ਼ਮ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਅਗਲੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।ਸ੍ਰੀ ਮੁਕਤਸਰ ਸਾਹਿਬ ਪੁਲਸ ਵੱਲੋਂ ਮਾਨਯੋਗ ਅਦਾਲਤਾਂ ਵੱਲੋਂ ਭਗੌੜੇ ਐਲਾਨੇ ਗਏ ਮੁਲਜ਼ਮਾਂ ਨੂੰ ਕਾਬੂ ਕਰਨ ਲਈ ਵਿਸ਼ੇਸ਼ ਮੁਹਿੰਮ ਲਗਾਤਾਰ ਜਾਰੀ ਹੈ ਤੇ ਮੁਲਜ਼ਮਾਂ ਖ਼ਿਲਾਫ਼ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ।

## ਸਫਾ 1 ਦੇ ਬਾਕੀ...

### ਜੇਲ੍ਹ ਭਰੋ ਅੰਦੋਲਨ ਦੀਆਂ...

ਸਿਰਫ 40 ਹਜ਼ਾਰ ਅਰਧ ਪੱਕੀਆਂ ਨੌਕਰੀਆਂ ਦਿੱਤੇ ਜਾਣ ਦੇ ਹੀ ਦਮਗਜ਼ੇ ਮਾਰੇ ਜਾ ਰਹੇ ਹਨ, ਜਦਕਿ ਉਹ ਭਰਤੀ ਵੀ ਪੁਲਸ ਫੋਰਸਾਂ ਵਿੱਚ ਹੀ ਹੋਈ ਹੈ। ਮੁਲਾਜ਼ਮਾਂ ਦਾ ਡੀ ਏ, ਪੇ ਕਮਿਸ਼ਨ ਦੇ ਬਕਾਏ ਦੇਣ ਤੋਂ ਸਰਕਾਰ ਸਿਰਫ ਇਨਕਾਰੀ ਹੀ ਨਹੀਂ, ਸਗੋਂ 8 ਲੱਖ ਵਰਤਮਾਨ ਅਤੇ ਸੇਵਾ-ਮੁਕਤ ਮੁਲਾਜ਼ਮਾਂ ਨਾਲ ਦੁਸ਼ਮਣਾਂ ਵਾਂਗ ਮੱਥਾ ਲਾਇਆ ਹੋਇਆ ਹੈ ਅਤੇ ਮੁਲਾਜ਼ਮਾਂ ਨੂੰ ਸਾਰੇ ਦੇਸ਼ ਤੋਂ ਵੱਧ ਤਨਖਾਹ ਦਿੱਤੀਆਂ ਜਾ ਰਹੀਆਂ ਹਨ ਆਦਿ ਵਰਗਾ ਭੰਡੀ ਪ੍ਰਚਾਰ ਕੀਤਾ ਜਾ ਰਿਹਾ ਹੈ। ਮਹਿੰਗੇ ਵਕੀਲ ਕਰਕੇ ਅਦਾਲਤਾਂ ਅੱਗੇ ਡੀ ਏ ਨਾ ਦੇਣ ਦੀ ਦੁਹਾਈ ਪਾਈ ਜਾ ਰਹੀ ਹੈ। ਆਪਣੇ ਹੱਕਾਂ ਲਈ ਪ੍ਰੋਟੈਸਟ ਕਰ ਰਹੇ ਹਰ ਵਰਗ 'ਤੇ ਲਾਠੀਚਾਰਜ, ਪਾਣੀ ਦੀਆਂ ਬੁਛਾੜਾਂ ਰਾਹੀਂ ਤਸ਼ੱਦਦ ਦਾ ਦੌਰ ਸ਼ੁਰੂ ਕੀਤਾ ਹੋਇਆ ਹੈ। ਮੁਫਤ ਸਫਰ ਸਹੂਲਤਾਂ ਤੀਰਥ ਯਾਤਰਾਵਾਂ ਅਤੇ 1000 ਰੁਪਏ ਵਰਗੀ ਟੂੰ-ਟੂੰ ਦਾ ਖਮਿਆਜ਼ਾ ਟਰਾਂਸਪੋਰਟ ਮਹਿਕਮੇ ਦੇ ਮੁਲਾਜ਼ਮ ਅਤੇ ਕਈ ਹੋਰ ਅਦਾਰਿਆਂ ਦੇ ਮੁਲਾਜ਼ਮ ਤਨਖਾਹਾਂ ਨਾ ਮਿਲਣ ਦੇ ਰੂਪ ਵਿੱਚ ਭੁਗਤ ਰਹੇ ਹਨ। ਬਿਜਲੀ ਦੇ ਕੱਟਾਂ ਦੇ ਕਾਰਨ ਝੋਨੇ ਦੀ ਫਸਲ ਨੂੰ ਪਾਣੀ ਦੀ ਜ਼ਰੂਰੀ ਲੋੜ ਸਮੇਂ ਕਿਸਾਨ ਬੁਰੀ ਤਰ੍ਹਾਂ ਪਰੇਸ਼ਾਨ ਹਨ, ਘਰੇਲੂ ਖਪਤਕਾਰ ਅਤੇ ਸਨਅਤਕਾਰ ਇਹਨਾਂ ਬਿਜਲੀ ਕੱਟਾਂ ਤੋਂ ਬੇਹੱਦ ਦੁਖੀ ਹਨ। ਸਰਕਾਰ ਦੇ ਮੁਖੀ ਅਤੇ ਮੰਤਰੀਆਂ ਨੂੰ ਜੇਕਰ ਕੋਈ ਇਸ ਸੰਬੰਧੀ ਜਾਂ ਕਤਲ, ਡਾਕੇ, ਚੋਰੀਆਂ ਅਤੇ ਫਿਰੌਤੀਆਂ ਆਦਿ ਬਾਰੇ ਚਿੰਤਾ ਜ਼ਾਹਰ ਕਰਨ ਲਈ ਸਵਾਲ ਪੁੱਛਦਾ ਹੈ ਤਾਂ ਹੰਕਾਰ ਵਿੱਚ ਗ੍ਰਸਤ ਮੰਤਰੀ ਪੁਲਸ ਨੂੰ ਸਵਾਲ ਕਰਤਾ ਨੂੰ ਸਬਕ ਸਿਖਾਉਣ ਦਾ ਹੁਕਮ ਚਾੜ੍ਹ ਕੇ ਤਸ਼ੱਦਦ ਕਰਵਾਉਂਦੇ ਹਨ, ਜਿਸ ਦੀਆਂ ਤਾਜ਼ਾ ਦੋ ਬਹੁਤ ਹੀ ਜ਼ਾਲਮਾਨਾ ਘਟਨਾਵਾਂ ਸਾਡੇ ਸਾਹਮਣੇ ਹਨ, ਕਿਵੇਂ ਮੋਹਣਜੀਤ ਸਿੰਘ ਸ਼ੇਰੋਂ ਨੂੰ ਤਸੀਹੇ ਦੇ ਕੇ ਬੇਇੱਜ਼ਤ ਕੀਤਾ ਗਿਆ ਅਤੇ ਦੂਸਰੀ ਹਿਰਦੇਵੇਦਕ ਘਟਨਾ ਖਜ਼ਾਨਾ ਮੰਤਰੀ ਦੇ ਹੰਕਾਰ ਦੀ ਉਪਜ ਵਿੱਚੋਂ ਵਾਪਰੀ, ਜਦੋਂ ਆਪਣੇ ਘਰ ਦੀ ਨਸ਼ੇ ਨਾਲ ਹੋਈ ਬਰਬਾਦੀ ਦੀ ਦਾਸਤਾਨ ਸੁਣਾਉਣ ਵਾਲੇ ਗੁਲਜ਼ਾਰ ਸਿੰਘ ਨੂੰ ਹਾਕਮੀ ਦਹਿਸ਼ਤਗਰਦੀ ਨਾ ਸਹਾਰਦੇ ਹੋਏ ਸਲਫਾਸ ਨਿਗਲ ਕੇ ਆਪਣੀ ਜਾਨ ਦੇਣੀ ਪਈ। ਇਹਨਾਂ ਘਟਨਾਵਾਂ ਦੀ ਜਿੱਥੇ ਸਾਡੀ ਪਾਰਟੀ ਪੁਰਜ਼ੋਰ ਨਿਖੇਧੀ ਕਰਦੀ ਹੈ, ਉੱਥੇ ਨਾਲ ਹੀ ਮੰਗ ਕਰਦੀ ਹੈ ਕਿ ਇਹਨਾਂ ਘਟਨਾਵਾਂ ਦੀ ਜਾਂਚ ਸੀ ਬੀ ਆਈ ਤੋਂ ਕਰਵਾਈ ਜਾਵੇ ਅਤੇ ਢੁਕਵੀਂ ਕਾਰਵਾਈ ਕਰਕੇ ਦੋਸ਼ੀਆਂ ਵਿਰੁੱਧ ਮੁਕਦਮੇ ਦਰਜ ਕੀਤੇ ਜਾਣ। ਪਾਰਟੀ ਵੱਲੋਂ ਅਮਰੀਕਾ ਵਿੱਚ ਸਿੱਖ ਭਾਈਚਾਰੇ ਦੇ ਡਰਾਈਵਰਾਂ ਵਿਰੁੱਧ ਇਸ਼ਤਿਹਾਰ ਜਾਰੀ ਕਰਕੇ ਭੱਦੀਆਂ ਟਿੱਪਣੀਆਂ ਕਰਕੇ ਨਸਲੀ ਭੜਕਾਹਟ ਪੈਦਾ ਕਰਨ ਦੀ ਘਟੀਆ ਹਰਕਤ ਲਈ ਟਰੰਪ ਪ੍ਰਸ਼ਾਸਨ ਦੀ ਪੁਰਜ਼ੋਰ ਨਿਖੇਧੀ ਕੀਤੀ ਜਾਂਦੀ ਹੈ ਅਤੇ ਮੰਗ ਕਰਦੀ ਹੈ ਕਿ ਭਾਰਤ ਸਰਕਾਰ ਵੱਲੋਂ ਇਸ ਮਸਲੇ ਤੇ ਦੇਸ਼ ਦੇ ਸਵੈਮਾਨ ਦੀ ਰਾਖੀ ਕਰਨ ਲਈ ਟਰੰਪ ਨੂੰ ਕਾਰਵਾਈ ਕਰਨ ਲਈ ਕਿਹਾ ਜਾਵੇ ਅਤੇ ਅਹਿਸਾਸ ਕਰਵਾਇਆ ਜਾਵੇ। ਪੰਜਾਬ ਸੀ ਪੀ ਆਈ ਪੰਜਾਬ ਸਰਕਾਰ ਤੋਂ ਮੰਗ ਕਰਦੀ ਹੈ ਕਿ ਨਰੇਗਾ ਕਾਮਿਆਂ ਨੂੰ ਪੂਰਾ ਕੰਮ ਮਿਲਣ ਦੀ ਅਤੇ ਪੂਰੀ ਅਦਾਇਗੀ ਕਰਨ ਦੀ ਗਰੰਟੀ ਕੀਤੀ ਜਾਵੇ, ਖੇਤ ਮਜ਼ਦੂਰਾਂ ਨੂੰ ਆਪਣੇ ਚੁਣਾਵੀ ਵਾਅਦੇ ਮੁਤਾਬਕ 5 ਹਜ਼ਾਰ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾਵੇ, ਮੁਲਾਜ਼ਮਾਂ ਨੂੰ 18 ਫੀਸਦੀ ਡੀ ਏ ਅਤੇ ਪੇ ਕਮਿਸ਼ਨ ਦਾ ਬਕਾਇਆ ਜਾਰੀ ਕੀਤਾ ਜਾਵੇ, ਕੰਟਰੈਕਟ ਅਤੇ ਆਊਟਸੋਰਸ ਵਰਕਰਾਂ ਨੂੰ ਫੌਰੀ ਤੌਰ 'ਤੇ ਰੈਗੂਲਰ ਕੀਤਾ ਜਾਵੇ, ਸ਼ਹਿਰਾਂ ਵਿੱਚੋਂ ਕੂੜੇ ਅਤੇ ਗੰਦਗੀ ਦੇ ਢੇਰਾਂ ਨੂੰ ਸਮੇਟਿਆ ਜਾਵੇ ਅਤੇ ਸਾਫ-ਸਫਾਈ ਦਾ ਯੋਗ ਪ੍ਰਬੰਧ ਕੀਤਾ ਜਾਵੇ, ਅਮਨ-ਕਾਨੂੰਨ ਦੀ ਅੱਤ ਦੀ ਮਾੜੀ ਹੋ ਚੁੱਕੀ ਹਾਲਤ ਨੂੰ ਸੁਧਾਰਿਆ ਜਾਵੇ, ਭ੍ਰਿਸ਼ਟਾਚਾਰ ਅਤੇ ਨਸ਼ਾ ਤਸਕਰੀ ਨੂੰ ਸਖਤੀ ਨਾਲ ਰੋਕਿਆ ਜਾਵੇ।

### ਮੱਧ ਪ੍ਰਦੇਸ਼ ਸਰਕਾਰ...

ਸਰਕਾਰ ਅੱਜ ਭਾਰਤ ਦੀ ਸਭ ਤੋਂ ਭ੍ਰਿਸ਼ਟ ਅਤੇ ਸਭ ਤੋਂ ਅਯੋਗ ਸਰਕਾਰ ਹੈ, ਇਹ ਸੱਚਾਈ ਹੈ। ਕਾਂਗਰਸ ਨੇ ਮੌਤਾਂ ਨੂੰ ਲੈ ਕੇ ਉਪ ਮੁੱਖ ਮੰਤਰੀ ਅਤੇ ਸਿਹਤ ਮੰਤਰੀ ਰਾਜੇਂਦਰ ਸ਼ੁਕਲਾ ਦੇ ਅਸਤੀਫ਼ੇ ਦੀ ਮੰਗ ਕੀਤੀ ਹੈ। ਮੱਧ ਪ੍ਰਦੇਸ਼ ਹਾਈ ਕੋਰਟ ਨੇ ਪਿਛਲੇ ਹਫ਼ਤੇ ਮੌਤਾਂ ਸੰਬੰਧੀ ਇੱਕ ਜਨਹਿੱਤ ਪਟੀਸ਼ਨ 'ਤੇ ਰਾਜ ਸਰਕਾਰ ਤੋਂ ਜਵਾਬ ਮੰਗਿਆ ਸੀ। ਕਾਰਜਕਾਰੀ ਚੀਫ਼ ਜਸਟਿਸ ਵਿਵੇਕ ਰੂਸੀਆ ਅਤੇ ਜਸਟਿਸ ਪ੍ਰਦੀਪ ਮਿੱਤਲ ਦੀ ਇੱਕ ਡਵੀਜ਼ਨ ਬੈਂਚ ਨੇ ਸਿਹਤ ਵਿਭਾਗ, ਮਹਿਲਾ ਅਤੇ ਬਾਲ ਵਿਕਾਸ ਵਿਭਾਗ ਅਤੇ ਬਾਲਾਘਾਟ ਕੁਲੈਕਟਰ ਸਮੇਤ ਹੋਰਨਾਂ ਨੂੰ ਨੋਟਿਸ ਜਾਰੀ ਕੀਤੇ। ਪਟੀਸ਼ਨ ਵਿੱਚ ਨਾਕਾਫ਼ੀ ਇਲਾਜ ਦਾ ਦੋਸ਼ ਲਗਾਇਆ ਗਿਆ ਸੀ ਅਤੇ ਦਾਅਵਾ ਕੀਤਾ ਗਿਆ ਸੀ ਕਿ 50 ਬਿਸਤਰਿਆਂ ਦੀ ਸਮਰੱਥਾ ਵਾਲੇ ਹਸਪਤਾਲ ਵਿੱਚ ਲਗਭਗ 400 ਬੱਚਿਆਂ ਦਾ ਇਲਾਜ ਕੀਤਾ ਜਾ ਰਿਹਾ ਹੈ। ਇਸ ਵਿੱਚ ਇਹ ਵੀ ਦੋਸ਼ ਲਗਾਇਆ ਗਿਆ ਸੀ ਕਿ ਪ੍ਰਭਾਵਤ ਖੇਤਰਾਂ ਵਿੱਚ ਹੈਂਡਪੰਪ ਪੀਲੇ ਰੰਗ ਦਾ ਪਾਣੀ ਸਪਲਾਈ ਕਰ ਰਹੇ ਸਨ ਅਤੇ ਬੱਚਿਆਂ ਅਤੇ ਔਰਤਾਂ ਨੂੰ ਕਈ ਮਹੀਨਿਆਂ ਤੋਂ ਸਮੇਂ ਸਿਰ ਪੌਸ਼ਟਿਕ ਭੋਜਨ ਨਹੀਂ ਮਿਲਿਆ ਸੀ।

### ਰੱਖੜਾ ਸਮਾਣਾ ਤੇ ...

ਨਾਲ ਗੂੰਜ ਉਠਿਆ।ਇਸ ਮੌਕੇ ਸੰਬੋਧਨ ਕਰਦਿਆਂ ਚਰਨਜੀਤ ਸਿੰਘ ਰੱਖੜਾ ਨੇ ਕਿਹਾ ਕਿ ਸੁਰਜੀਤ ਸਿੰਘ ਰੱਖੜਾ ਦੇ ਤਜਰਬੇ ਅਤੇ ਦੂਰਅੰਦੇਸ਼ੀ ਸੋਚ ਸਦਕਾ ਸਮਾਣਾ ਹਲਕੇ ਦਾ ਸਰਬਪੱਖੀ ਵਿਕਾਸ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਸਮਾਣੇ ਦੇ ਵਿਕਾਸ ਵਿੱਚ ਕੋਈ ਵੀ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਲੋਕਾਂ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਇਸ ਦਫਤਰ ਦੀ ਦੇਖ-ਰੇਖ ਦੀ ਜ਼ਿੰਮੇਵਾਰੀ ਕਪੂਰ ਚੰਦ ਬਾਂਸਲ ਅਤੇ ਕੌਂਸਲਰ ਮਨਜਿੰਦਰ ਸਿੰਘ ਰਾਣਾ ਸੇਖੋਂ ਨੂੰ ਸੌਂਪੀ ਗਈ ਹੈ, ਤਾਂ ਜੋ ਹਰ ਆਮ ਵਿਅਕਤੀ ਦੀ ਪਹੁੰਚ ਇਸ ਦਫਤਰ ਤੱਕ ਸੌਖੀ ਹੋ ਸਕੇ।ਨਗਰ ਕੌਂਸਲ ਪ੍ਰਧਾਨ ਕਪੂਰ ਚੰਦ ਬਾਂਸਲ ਨੇ ਕਿਹਾ ਕਿ ਸੁਰਜੀਤ ਸਿੰਘ ਰੱਖੜਾ ਉਹ ਸ਼ਖ਼ਸੀਅਤ ਹਨ, ਜਿਨ੍ਹਾ ਹਮੇਸ਼ਾ ਸਮਾਣਾ ਨੂੰ ਆਪਣੇ ਦਿਲ ਵਿੱਚ ਰੱਖਿਆ ਹੈ। ਉਨ੍ਹਾ ਦੀ ਪਿਛਲੀ ਅਗਵਾਈ ਹੇਠ ਸਮਾਣਾ ਸ਼ਹਿਰ ਦੀਆਂ ਕਰੀਬ ਸਾਰੀਆਂ ਮੁੱਖ ਸੜਕਾਂ ਨੂੰ ਪੱਕਾ ਕੀਤਾ ਗਿਆ, ਸੀਵਰੇਜ ਅਤੇ ਸਟਰੀਟ ਲਾਈਟਾਂ ਵਰਗੇ ਵੱਡੇ ਕੰਮ ਨੇਪਰੇ ਚਾੜ੍ਹੇ ਗਏ। ਉਨ੍ਹਾ ਦੱਸਿਆ ਕਿ ਹੁਣ ਵੀ ਬਾਕੀ ਰਹਿੰਦੇ ਵਿਕਾਸ ਕਾਰਜ ਜੰਗੀ ਪੱਧਰ 'ਤੇ ਜਾਰੀ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਸਮਾਣਾ ਨੂੰ ਪੰਜਾਬ ਦਾ ਨਮੂਨੇ ਦਾ ਸ਼ਹਿਰ ਬਣਾਇਆ ਜਾਵੇਗਾ।ਸੰਗਠਨ ਪ੍ਰਧਾਨ ਗੁਲਜਾਰ ਸਿੰਘ ਵਿਰਕ ਅਤੇ ਕੌਂਸਲਰ ਮਨਜਿੰਦਰ ਸਿੰਘ ਰਾਣਾ ਸੇਖੋਂ ਨੇ ਸੁਰਜੀਤ ਸਿੰਘ ਰੱਖੜਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਇੱਕ ਨੇਕ ਦਿਲ, ਸਾਫ਼-ਸੁਥਰੀ ਛਵੀ ਵਾਲੇ ਅਤੇ ਇਮਾਨਦਾਰ ਸਿਆਸਤਦਾਨ ਹਨ। ਉਨ੍ਹਾ ਦੀ ਰਹਿਨੁਮਾਈ ਹੇਠ ਨਾ ਸਿਰਫ਼ ਸਮਾਣਾ ਸ਼ਹਿਰ, ਸਗੋਂ ਪੂਰੇ ਸਮਾਣਾ ਹਲਕੇ ਦੇ ਪਿੰਡਾਂ ਦਾ ਵੀ ਚਹੁੰ-ਮੁਖੀ ਵਿਕਾਸ ਹੋਵੇਗਾ। ਇਸ ਮੌਕੇ ਕੌਂਸਲਰ ਅਸ਼ੋਕ ਮੋਦਗਿੱਲ, ਜਤਿੰਦਰ ਢੀਂਗੜਾ, ਬੱਗਾ ਵਰਮਾ, ਗੁਰਦੀਪ ਸ਼ਰਮਾ, ਗੁਰਦਿਆਲ ਸਿੰਘ ਰੰਧਾਵਾ, ਰਾਜ ਕੌਰ ਬਾਹਲਾ, ਪਵਨ ਕੁਮਾਰ ਪੰਨੀ, ਸੁਰਜੀਤ ਰਾਮ ਪੱਪੀ, ਲਾਡੀ ਸਰਪੰਚ ਵੜੈਚਾਂ ਪੱਤੀ, ਸੰਦੀਪ ਸਿੰਘ ਸਰਪੰਚ ਕਾਕੜਾ, ਬਲਜੀਤ ਸਿੰਘ ਹਰਿੰਦਰ ਸਿੰਘ ਕਲਬੁਰਛਾਂ ਤੋਂ ਇਲਾਵਾ ਸੈਂਕੜੇ ਵਰਕਰ ਹਾਜ਼ਰ ਸਨ।

### ਕਬੱਡੀ ਦੇ 'ਕਲੋਜ਼...

ਪਹਿਲੀ ਸਤਰ ਸੀ ਕਿ ਉਹ ਹਲਕੇ ਵਿਚ ਪਰਚਿਆਂ ਦੀ ਸਿਆਸਤ ਖਤਮ ਕਰਨਗੇ।ਕੁਝ ਲੋਕਾਂ ਵੱਲੋਂ ਹਲਕਾ ਇੰਚਾਰਜ ਬਦਲੇ ਜਾਣ ਦੀਆਂ ਕਿਆਸਅਰਾਈਆਂ ਕਈ ਮਹੀਨੇ ਪਹਿਲਾਂ ਤੋਂ ਲਗਾਈਆਂ ਜਾ ਰਹੀਆਂ ਸਨ ਉਂਜ ਬਲਬੀਰ ਸਿੰਘ ਪਾਲਾ ਜਲਾਲਪੁਰ ਵੱਲੋਂ ਕਬੱਡੀ ਜਗਤ ਨੂੰ ਬੁਲੰਦੀਆਂ ਪ੍ਰਦਾਨ ਕਰਵਾਉਣ ਦੀ ਗੱਲ ਤਾਂ ਆਖੀ ਜਾਂਦੀ ਰਹੀ ਹੈ, ਪਰ ਹਲਕਾ ਇੰਚਾਰਜ ਬਣਨ ਦੀ ਦੌੜ ਵਿੱਚ ਸ਼ਾਮਿਲ ਹੋਣ ਦੀ ਉਹਨਾ ਵੱਲੋਂ ਕੋਈ ਕਨਸੋਅ ਨਹੀਂ ਸੀ। ਹੁਣ ਜਦੋਂ ਅਚਾਨਕ ਇਹ ਘਟਨਾਕ੍ਰਮ ਵਾਪਰ ਗਿਆ ਹੈ ਤਾਂ ਹੋਰ ਕਈ ਚਰਚਾਵਾਂ ਦਾ ਜ਼ਿਕਰ ਹੋਣਾ ਸ਼ੁਰੂ ਹੋ ਗਿਆ। ਇਹਨਾਂ ਵਿੱਚ ਇੱਕ ਇਹ ਵੀ ਹੈ ਕਿ ਟਿਕਟ ਦੇ ਮਾਮਲੇ ਵਿੱਚ ਚਾਰ-ਪੰਜ ਥਾਵਾਂ 'ਤੇ ਵੰਡੀ ਹੋਈ ਨਜ਼ਰ ਆਉਂਦੀ ਪਾਰਟੀ ਨੂੰ ਕਬੱਡੀ ਸਟਾਰ ਇੱਕ ਕਰ ਸਕਣਗੇ? ਇਹ ਵੀ ਚਰਚਾ ਹੈ ਕਿ ਪਿਛਲੇ ਦਿਨਾਂ ਵਿੱਚ ਸੂਬਾ ਪੱਧਰ 'ਤੇ ਇੱਕ ਆਗੂ ਵੱਲੋਂ ਪਿੰਦਰ ਪੰਡੋਰੀ ਨਾਲ ਸੰਬੰਧ ਕੁਝ ਖਟਾਸ ਵਾਲੇ ਹੋ ਜਾਣ ਕਾਰਨ ਵੀ ਸ਼ਾਇਦ ਹਲਕੇ ਦੀ ਵਾਗਡੋਰ ਅਸਰ ਅੰਦਾਜ਼ ਹੋਈ ਹੈ। ਖੈਰ, ਇਸ ਵੇਲੇ ਨਵੇਂ ਹਲਕਾ ਇੰਚਾਰਜ ਬਲਬੀਰ ਸਿੰਘ ਪਾਲਾ ਜਲਾਲਪੁਰ ਨੂੰ ਵਧਾਈਆਂ ਦੇਣ ਦਾ ਤਾਂਤਾ ਲੱਗਾ ਹੋਇਆ ਨਜ਼ਰ ਆਉਂਦਾ ਹੈ।

### ਯੂਨੀਵਰਸਿਟੀ ਨੂੰ ਬਚਾਉਣ...

ਵਿਗਿਆਨਿਕ ਵਿਦਿਆ ਦੇ ਕਾਜ ਨੂੰ ਸਮਰਪਤ ਉਮੀਦਵਾਰਾਂ ਨੂੰ ਜਿਤਾ ਕੇ ਸੈਨੇਟ ਵਿੱਚ ਭੇਜਣਾ ਚਾਹੀਦਾ ਹੈ। ਮੀਟਿੰਗ ਵਿੱਚ ਬੋਲਦੇ ਹੋਏ ਐੱਸ ਬੀ ਆਈ ਇੰਪਲਾਈਜ਼ ਫੈਡਰੇਸ਼ਨ ਦੇ ਜਨਰਲ ਸਕੱਤਰ ਨਰ ਕੇਸਰ ਰਾਏ ਨੇ ਸਾਥੀ ਗੌੜ ਦੀ ਸਮੁੱਚੀ ਚੋਣ ਮੁਹਿੰਮ ਦੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਿਛਲੀਆਂ ਸਾਰੀਆਂ ਚੋਣਾਂ ਨਾਲੋਂ ਵੱਧ ਸਮਰਥਨ ਮਿਲ ਰਿਹਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਸਾਥੀ ਗੌੜ ਸ਼ਾਨਦਾਰ ਜਿੱਤ ਦਰਜ ਕਰਨਗੇ।

ਬਠਿੰਡਾ, ਮਾਨਸਾ ਜ਼ਿਲਿਆਂ ਦੀ ਚੋਣ ਮੁਹਿੰਮ ਦੀ ਅਗਵਾਈ ਕਰ ਰਹੇ ਸਾਬਕਾ ਵਿਧਾਇਕ ਹਰਦੇਵ ਅਰਸ਼ੀ ਨੇ ਮੀਟਿੰਗ ਵਿੱਚ ਬੋਲਦੇ ਹੋਏ ਕਿਹਾ ਕਿ ਪੰਜਾਬ ਦੀ ਇਤਿਹਾਸਿਕ ਵਿਰਾਸਤ ਪੰਜਾਬ ਯੂਨੀਵਰਸਿਟੀ ਨੂੰ ਪੰਜਾਬ ਕੋਲੋਂ ਖੋਹਣ ਦੀਆਂ ਕੇਂਦਰ ਸਰਕਾਰ ਦੀਆਂ ਸਾਜ਼ਿਸ਼ਾਂ ਨੂੰ ਰੋਕਣ ਲਈ ਅਤੇ ਦੇਸ਼ ਦੀ ਇੱਕੋ-ਇੱਕ ਯੂਨੀਵਰਸਿਟੀ ਅੰਦਰ ਸੈਨੇਟ ਵਰਗਾ ਲੋਕਤੰਤਰੀ ਢਾਂਚਾ ਬਣਾਈ ਰੱਖਣ ਲਈ ਸਾਥੀ ਨਰੇਸ਼ ਗੌੜ ਵਰਗੇ ਮਜ਼ਬੂਤ ਅਤੇ ਪੰਜਾਬ ਪੱਖੀ ਉਮੀਦਵਾਰ ਨੂੰ ਜਿਤਾਉਣਾ ਬਹੁਤ ਜ਼ਰੂਰੀ ਹੈ। ਅਰਸ਼ੀ ਨੇ ਦੱਸਿਆ ਕਿ ਦੋਵਾਂ ਜ਼ਿਲ੍ਹਿਆਂ ਨੂੰ ਦਰਜਨਾਂ ਸੈਕਟਰਾਂ ਵਿੱਚ ਵੰਡ ਕੇ ਜ਼ਿੰਮੇਵਾਰ ਸਾਥੀਆਂ ਨੂੰ ਕਮਾਨ ਸੰਭਾਲ ਦਿੱਤੀ ਹੈ, ਤਾਂ ਜੋ ਵੋਟਰਾਂ ਤੱਕ ਨਿੱਜੀ ਸੰਪਰਕ ਬਣਾ ਸਕਣ। ਵੋਟਰਾਂ ਦਾ ਜਿਸ ਤਰ੍ਹਾਂ ਦਾ ਭਰਪੂਰ ਹੁੰਗਾਰਾ ਮਿਲ ਰਿਹਾ ਹੈ ਤਾਂ ਕਿਹਾ ਜਾ ਸਕਦਾ ਹੈ ਕਿ ਦੋਵਾਂ ਜ਼ਿਲ੍ਹਿਆਂ ਵਿੱਚੋਂ ਸਾਥੀ ਗੌੜ ਸਭ ਤੋਂ ਵੱਧ ਵੋਟਾਂ ਪ੍ਰਾਪਤ ਕਰਨਗੇ। 20 ਸਤੰਬਰ ਲਈ ਪੋਲਿੰਗ ਬੂਥ ਦਾ ਸੁਚੱਜਾ ਪ੍ਰਬੰਧ ਕਰਨ ਲਈ ਟੀਮ ਨਿਯੁਕਤ ਕਰ ਦਿੱਤੀ ਹੈ।ਮੀਟਿੰਗ ਨੂੰ ਕੁਲ ਹਿੰਦ ਕਿਸਾਨ ਸਭਾ ਦੇ ਸੂਬਾ ਜਨਰਲ ਸਕੱਤਰ ਬਲਕਰਨ ਸਿੰਘ ਬਰਾੜ, ਪ੍ਰੋਫੈਸਰ ਅਸ਼ੋਕ ਸਿੰਘ ਮਿੱਤਲ, ਬੈਂਕਾਂ ਦੇ ਆਗੂ ਪਵਨ ਕੁਮਾਰ ਜਿੰਦਲ ਤੇ ਬਸੰਤ ਸਿੰਘ ਅਗਰੋਈਆ ਨੇ ਵੀ ਸੰਬੋਧਨ ਕੀਤਾ।

### ਚੰਦਰਸ਼ੇਖਰਨ ਦੀ ਚੇਅਰਮੈਨ...

ਪਾਲਣਾ ਕਰਨ ਲਈ ਕਦਮ ਵੀ ਚੁੱਕੇ, ਜੋ ਟਾਟਾ ਗਰੁੱਪ ਦੀ ਹੋਲਡਿੰਗ ਕੰਪਨੀ, ਟਾਟਾ ਸੰਨਜ਼ ਦੀ ਸੂਚੀਬੱਧਤਾ ਲਈ ਰਾਹ ਪੱਧਰਾ ਕਰ ਸਕਦੇ ਹਨ। ਚੰਦਰਸ਼ੇਖਰਨ ਦੀ ਮੁੜ ਨਿਯੁਕਤੀ ਅਤੇ ਸੂਚੀਬੱਧਤਾ ਪ੍ਰਸਤਾਵ ਦੋਵਾਂ ਲਈ ਕੰਪਨੀ ਦੀ ਏ ਜੀ ਐੱਮ ਵਿੱਚ ਪ੍ਰਵਾਨਗੀ ਦੀ ਲੋੜ ਹੋਵੇਗੀ। ਟਾਟਾ ਦੇ ਟਰੱਸਟ, ਜੋ ਸਮੂਹਕ ਤੌਰ 'ਤੇ ਟਾਟਾ ਸੰਨਜ਼ ਦੇ ਲਗਭਗ 66 ਫੀਸਦੀ ਹਿੱਸੇ ਨੂੰ ਕੰਟਰੋਲ ਕਰਦੇ ਹਨ, ਨੇ ਕਿਹਾ ਹੈ ਕਿ ਚੰਦਰਸ਼ੇਖਰਨ ਨੂੰ ਦੁਬਾਰਾ ਨਿਯੁਕਤ ਕਰਨ ਦਾ ਮਤਾ 'ਗੈਰਕਾਨੂੰਨੀ ਪੁਜ਼ੀਸ਼ਨ' ਹੈ। ਚੰਦਰਸ਼ੇਖਰਨ ਦੇ ਤੀਜੇ ਕਾਰਜਕਾਲ ਦੀ ਮੰਗ ਨਾ ਕਰਨ ਦੇ ਪਹਿਲੇ ਫੈਸਲੇ 'ਤੇ ਮੁੜ ਵਿਚਾਰ ਕਰਨ ਦੇ ਫੈਸਲੇ ਤੋਂ ਬਾਅਦ ਨੋਏਲ ਟਾਟਾ ਨੇ ਬੋਰਡ ਮੀਟਿੰਗ ਵਿੱਚ ਇਤਰਾਜ਼ ਦੁਹਰਾਇਆ। ਟਾਟਾ ਸੰਨਜ਼ ਨੇ ਕਿਹਾ ਕਿ ਉਸ ਦੀ ਨਾਮਜ਼ਦਗੀ ਅਤੇ ਮਿਹਨਤਾਨਾ ਕਮੇਟੀ (ਐੱਨ ਆਰ ਸੀ) ਨੇ ਸਰਬਸੰਮਤੀ ਨਾਲ ਸਿਫਾਰਸ਼ ਕੀਤੀ ਕਿ ਚੰਦਰਸ਼ੇਖਰਨ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰੇ। ਟਾਟਾ ਸੰਨਜ਼ ਨੇ ਕਿਹਾ, 'ਉਚਿਤ ਵਿਚਾਰ-ਵਟਾਂਦਰੇ ਤੋਂ ਬਾਅਦ ਅਤੇ ਉਨ੍ਹਾ ਦੇ ਯੋਗਦਾਨ ਅਤੇ ਟਾਟਾ ਗਰੁੱਪ ਦੇ ਵਡੇਰੇ ਹਿੱਤਾਂ ਨੂੰ ਮਾਨਤਾ ਦਿੰਦੇ ਹੋਏ, ਐੱਨ ਆਰ ਸੀ ਨੇ ਸਰਬਸੰਮਤੀ ਨਾਲ ਉਨ੍ਹਾ ਨੂੰ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰਨ ਅਤੇ ਅਗਲੀ ਬੋਰਡ ਮੀਟਿੰਗ ਵਿੱਚ ਉਨ੍ਹਾ ਨੂੰ ਦੁਬਾਰਾ ਨਿਯੁਕਤੀ ਲਈ ਸਿਫਾਰਸ਼ ਕਰਨ ਦੀ ਬੇਨਤੀ ਕਰਨ ਦਾ ਫੈਸਲਾ ਕੀਤਾ।' ਬੋਰਡ ਨੇ ਬਾਅਦ ਵਿੱਚ ਬਹੁਮਤ ਨਾਲ ਮੁੜ ਨਿਯੁਕਤੀ ਨੂੰ ਮਨਜ਼ੂਰੀ ਦੇ ਦਿੱਤੀ। ਇਹ ਵਿਵਾਦ ਟਾਟਾ ਸੰਨਜ਼ ਆਰਟੀਕਲਜ਼ ਆਫ ਐਸੋਸੀਏਸ਼ਨ ਦੇ ਇੱਕ ਲੇਖ 'ਤੇ ਕੇਂਦਰਤ ਹੈ, ਜਿਸ ਵਿੱਚ ਕੁਝ ਨਤੀਜੇ ਵਜੋਂ ਫੈਸਲਿਆਂ ਨੂੰ ਮਨਜ਼ੂਰੀ ਦੇਣ ਲਈ ਟਾਟਾ ਟਰੱਸਟ ਦੁਆਰਾ ਨਿਯੁਕਤ ਡਾਇਰੈਕਟਰਾਂ ਦੀ ਬਹੁਗਿਣਤੀ ਦੀ ਲੋੜ ਹੁੰਦੀ ਹੈ। ਟਾਟਾ ਸੰਨਜ਼ ਬੋਰਡ ਇੱਕ ਕਾਨੂੰਨੀ ਰਾਏ ਦੇ ਆਧਾਰ 'ਤੇ ਅੱਗੇ ਵਧਿਆ ਜਾਪਦਾ ਹੈ ਕਿ ਕਿਸੇ ਡੈੱਡਲਾਕ ਦੀ ਸਥਿਤੀ ਵਿੱਚ ਬੋਰਡ ਮੀਟਿੰਗ ਦੇ ਚੇਅਰਮੈਨ ਕੋਲ ਫੈਸਲਾਕੁੰਨ ਵੋਟ ਹੁੰਦਾ ਹੈ। ਇਸ ਮਾਮਲੇ ਤੋਂ ਜਾਣੂ ਲੋਕਾਂ ਮੁਤਾਬਕ ਟਾਟਾ ਦੇ ਟਰੱਸਟ ਚੰਦਰਸ਼ੇਖਰਨ ਦੇ ਏ ਜੀ ਐੱਮ ਵਿੱਚ ਜਾਰੀ ਰਹਿਣ ਨੂੰ ਚੁਣੌਤੀ ਦੇ ਸਕਦੇ ਹਨ। ਮੁਲਤਵੀ ਕੀਤੀ ਗਈ ਏ ਜੀ ਐੱਮ, ਜੋ ਕਿ 31 ਦਸੰਬਰ ਤੱਕ ਹੋਣੀ ਜ਼ਰੂਰੀ ਹੈ, ਮਹੱਤਵਪੂਰਨ ਹੈ, ਕਿਉਂਕਿ ਚੰਦਰਸ਼ੇਖਰਨ ਟਾਟਾ ਸੰਨਜ਼ ਦੇ ਡਾਇਰੈਕਟਰ ਵਜੋਂ ਰੋਟੇਸ਼ਨ ਦੁਆਰਾ ਸੇਵਾਮੁਕਤ ਹੋਣ ਵਾਲੇ ਹਨ ਅਤੇ ਡਾਇਰੈਕਟਰ ਵਜੋਂ ਉਨ੍ਹਾ ਦੀ ਮੁੜ ਨਿਯੁਕਤੀ ਲਈ ਸ਼ੇਅਰਧਾਰਕਾਂ ਦੀ ਮਨਜ਼ੂਰੀ ਦੀ ਲੋੜ ਹੋਵੇਗੀ। ਇਸ ਮਾਮਲੇ ਤੋਂ ਜਾਣੂ ਇੱਕ ਵਿਅਕਤੀ ਨੇ ਕਿਹਾ, 'ਇੱਕ ਵਾਰ ਜਦੋਂ ਉਸ ਨੂੰ ਡਾਇਰੈਕਟਰ ਦੇ ਅਹੁਦੇ ਤੋਂ ਹਟਾ ਦਿੱਤਾ ਜਾਂਦਾ ਹੈ, ਤਾਂ ਉਹ ਚੇਅਰਮੈਨ ਦੇ ਅਹੁਦੇ 'ਤੇ ਨਹੀਂ ਰਹਿ ਸਕਦਾ।'

ਬੋਰਡ ਨੇ ਲਾਗੂ ਆਰ ਬੀ ਆਈ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਵੱਲ ਕਦਮ ਚੁੱਕਣ ਦਾ ਵੀ ਫੈਸਲਾ ਲਿਆ, ਜਿਸ ਨਾਲ ਟਾਟਾ ਸੰਨਜ਼ ਲਈ ਸਟਾਕ-ਮਾਰਕੀਟ ਵਿੱਚ ਸੂਚੀਬੱਧ ਹੋਣ ਦੀ ਸੰਭਾਵਨਾ ਮੁੜ ਸੁਰਜੀਤ ਹੋ ਸਕਦੀ ਹੈ।

ਟਾਟਾ ਸੰਨਜ਼ ਨੇ ਸਟਾਕ-ਮਾਰਕੀਟ ਸੂਚੀ ਤੋਂ ਬਚਣ ਲਈ ਛੋਟ ਦੀ ਮੰਗ ਕੀਤੀ ਸੀ ਅਤੇ ਇਸ ਦੇ ਲਈ ਯੋਗ ਹੋਣ ਦੀਆਂ ਆਪਣੀਆਂ ਕੋਸ਼ਿਸ਼ਾਂ ਦੇ ਹਿੱਸੇ ਵਜੋਂ 21,000 ਕਰੋੜ ਰੁਪਏ ਤੋਂ ਵੱਧ ਦਾ ਕਰਜ਼ਾ ਚੁਕਾਇਆ ਸੀ। ਆਰ ਬੀ ਆਈ ਨੇ 2022 ਵਿੱਚ ਟਾਟਾ ਸੰਨਜ਼ ਨੂੰ ਇੱਕ 'ਉੱਪਰੀ ਪਰਤ' ਗੈਰ-ਬੈਂਕਿੰਗ ਵਿੱਤੀ ਕੰਪਨੀ ਵਜੋਂ ਸ਼੍ਰੇਣੀਬੱਧ ਕੀਤਾ ਸੀ, ਇੱਕ ਅਜਿਹਾ ਅਹੁਦਾ ਜਿਸ ਲਈ ਕੰਪਨੀ ਨੂੰ ਤਿੰਨ ਸਾਲਾਂ ਦੇ ਅੰਦਰ ਸੂਚੀਬੱਧ ਕਰਨ ਦੀ ਲੋੜ ਹੁੰਦੀ ਹੈ। ਇਹ ਸਮਾਂ ਸੀਮਾ ਸਤੰਬਰ 2025 ਵਿੱਚ ਖਤਮ ਹੋ ਗਈ, ਜਦੋਂ ਇਸ ਦੀ ਰਜਿਸਟ੍ਰੇਸ਼ਨ ਰੱਦ ਕਰਨ ਦੀ ਬੇਨਤੀ ਵਿਚਾਰ ਅਧੀਨ ਸੀ। ਸੂਤਰਾਂ ਅਨੁਸਾਰ, ਬੋਰਡ ਮੈਂਬਰਾਂ ਨੇ ਤਰਕ ਦਿੱਤਾ ਕਿ ਲੀਡਰਸ਼ਿਪ ਦੀ ਨਿਰੰਤਰਤਾ ਸੰਭਾਵੀ ਸੂਚੀਬੱਧਤਾ ਤੋਂ ਪਹਿਲਾਂ ਸੰਭਾਵੀ ਨਿਵੇਸ਼ਕਾਂ ਨੂੰ ਭਰੋਸਾ ਪ੍ਰਦਾਨ ਕਰ ਸਕਦੀ ਹੈ। ਸੂਚੀਕਰਨ ਦੇ ਫੈਸਲੇ ਨੇ ਟਾਟਾ ਟਰੱਸਟਾਂ ਦੇ ਅੰਦਰ ਮਤਭੇਦਾਂ ਨੂੰ ਵੀ ਉਜਾਗਰ ਕੀਤਾ ਹੈ। ਇਸ ਮਾਮਲੇ ਤੋਂ ਜਾਣੂ ਲੋਕਾਂ ਮੁਤਾਬਕ ਸਰ ਦੋਰਾਬਜੀ ਟਾਟਾ ਟਰੱਸਟ ਨੇ ਨਾਮਜ਼ਦ ਡਾਇਰੈਕਟਰ ਵੇਣੂ ਸ੍ਰੀਨਿਵਾਸਨ ਨੂੰ ਸੂਚੀਕਰਨ ਦੇ ਵਿਰੁੱਧ ਵੋਟ ਪਾਉਣ ਲਈ ਮਜਬੂਰ ਕਰਨ ਦੀ ਕੋਸ਼ਿਸ਼ ਕੀਤੀ, ਪਰ ਸ੍ਰੀਨਿਵਾਸਨ ਨੇ ਇੱਕ ਡਾਇਰੈਕਟਰ ਅਤੇ ਸੰਯੁਕਤ ਨਾਮਜ਼ਦ ਵਜੋਂ ਆਪਣੀ ਸੁਤੰਤਰ ਡਿਊਟੀ ਦਾ ਹਵਾਲਾ ਦਿੰਦੇ ਹੋਏ ਇਨਕਾਰ ਕਰ ਦਿੱਤਾ। ਲੋਕਾਂ ਨੇ ਕਿਹਾ ਕਿ ਆਰ ਬੀ ਆਈ ਦੇ ਅਸਵੀਕਾਰ ਨੂੰ ਕੋਈ ਵੀ ਕਾਨੂੰਨੀ ਚੁਣੌਤੀ ਸਿਰਫ ਟਾਟਾ ਸੰਨਜ਼ ਦੁਆਰਾ ਹੀ ਦਿੱਤੀ ਜਾ ਸਕਦੀ ਹੈ, ਨਾ ਕਿ ਸਿੱਧੇ ਤੌਰ 'ਤੇ ਟਰੱਸਟਾਂ ਦੁਆਰਾ। ਅਗਸਤ ਵਿੱਚ ਚੰਦਰਸ਼ੇਖਰਨ ਦੇ ਤੀਜੇ ਕਾਰਜਕਾਲ ਲਈ ਨਾ ਲੜਨ ਦੇ ਫੈਸਲੇ ਨੇ ਸਰ ਦੋਰਾਬਜੀ ਟਾਟਾ ਟਰੱਸਟ ਨੂੰ ਉਨ੍ਹਾ ਦੇ ਉੱਤਰਾਧਿਕਾਰੀ ਦੀ ਰਸਮੀ ਖੋਜ ਸ਼ੁਰੂ ਕਰਨ ਲਈ ਪ੍ਰੇਰਿਤ ਕੀਤਾ ਸੀ। ਟਾਟਾ ਸਟੀਲ ਦੇ ਮੁੱਖ ਕਾਰਜਕਾਰੀ ਟੀ ਵੀ ਨਰਿੰਦਰਨ, ਟਾਟਾ ਸੰਨਜ਼ ਸਮੂਹ ਦੇ ਮੁੱਖ ਵਿੱਤੀ ਅਧਿਕਾਰੀ ਸੌਰਭ ਅਗਰਵਾਲ ਅਤੇ ਨੈਸ਼ਨਲ ਸਟਾਕ ਐਕਸਚੇਂਜ ਦੇ ਮੁੱਖ ਕਾਰਜਕਾਰੀ ਆਸ਼ੀਸ਼ ਚੌਹਾਨ ਇਸ ਪ੍ਰਕਿਰਿਆ ਵਿੱਚ ਵਿਚਾਰੇ ਗਏ ਲੋਕਾਂ ਵਿੱਚ ਸ਼ਾਮਲ ਸਨ। ਵੀਰਵਾਰ ਨੂੰ ਹੋਈ ਬੋਰਡ ਵੋਟ ਤੋਂ ਬਾਅਦ ਹੁਣ ਉਸ ਉੱਤਰਾਧਿਕਾਰ ਅਭਿਆਸ ਨੂੰ ਰੋਕੇ ਜਾਣ ਜਾਂ ਬੰਦ ਕੀਤੇ ਜਾਣ ਦੀ ਉਮੀਦ ਹੈ।

ਚੰਦਰਸ਼ੇਖਰਨ ਫਰਵਰੀ 2017 ਤੋਂ ਟਾਟਾ ਸੰਨਜ਼ ਦੀ ਅਗਵਾਈ ਕਰ ਰਹੇ ਹਨ, ਜਦੋਂ ਬੋਰਡ ਵੱਲੋਂ ਸਾਇਰਸ ਮਿਸਤਰੀ ਨੂੰ ਹਟਾਏ ਜਾਣ ਤੋਂ ਬਾਅਦ ਉਹ ਚੇਅਰਮੈਨ ਬਣੇ ਸਨ। ਉਨ੍ਹਾ ਨੂੰ 2022 ਵਿੱਚ ਸਰਬਸੰਮਤੀ ਨਾਲ ਪੰਜ ਸਾਲਾਂ ਦੇ ਦੂਜੇ ਕਾਰਜਕਾਲ ਲਈ ਦੁਬਾਰਾ ਨਿਯੁਕਤ ਕੀਤਾ ਗਿਆ ਸੀ। ਟਾਟਾ ਟਰੱਸਟ ਨੇ 2025 ਦੇ ਸ਼ੁਰੂ ਵਿੱਚ ਹੀ ਉਨ੍ਹਾ ਲਈ ਤੀਜੇ ਕਾਰਜਕਾਲ ਦਾ ਸਮਰਥਨ ਕੀਤਾ ਸੀ, ਪਰ ਫਰਵਰੀ 2026 ਵਿੱਚ ਨੋਏਲ ਟਾਟਾ ਵੱਲੋਂ ਏਅਰ ਇੰਡੀਆ ਅਤੇ ਟਾਟਾ ਡਿਜੀਟਲ ਸਮੇਤ ਕਾਰੋਬਾਰਾਂ ਵਿੱਚ ਹੋਏ ਨੁਕਸਾਨ 'ਤੇ ਚਿੰਤਾਵਾਂ ਜ਼ਾਹਰ ਕਰਨ ਅਤੇ ਨਵੀਨੀਕਰਨ ਦਾ ਸਮਰਥਨ ਕਰਨ ਲਈ ਟਾਟਾ ਸੰਨਜ਼ ਨੂੰ ਸੂਚੀਬੱਧ ਨਾ ਰੱਖਣ ਸਮੇਤ ਸ਼ਰਤਾਂ ਲਗਾਉਣ ਤੋਂ ਬਾਅਦ ਪ੍ਰਸਤਾਵ ਰੁਕ ਗਿਆ। ਸ਼ਾਪੂਰਜੀ ਪੱਲੋਂਜੀ ਗਰੁੱਪ, ਜੋ ਕਿ ਟਾਟਾ ਸੰਨਜ਼ ਦੇ ਲਗਭਗ 18 ਪ੍ਰਤੀਸ਼ਤ ਦਾ ਮਾਲਕ ਹੈ, ਨੇ ਆਪਣੀ ਹੋਲਡਿੰਗ ਤੋਂ ਮੁੱਲ ਪ੍ਰਾਪਤ ਕਰਨ ਅਤੇ ਆਪਣੇ ਕਰਜ਼ੇ ਦੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਵਿੱਚ ਮਦਦ ਕਰਨ ਲਈ ਇੱਕ ਸੂਚੀ ਦਾ ਸਮਰਥਨ ਕੀਤਾ ਹੈ। ਟਾਟਾ ਸੰਨਜ਼ ਦੀ ਸੂਚੀ ਭਾਰਤ ਦੀਆਂ ਸਭ ਤੋਂ ਵੱਡੀਆਂ ਸ਼ੁਰੂਆਤੀ ਜਨਤਕ ਪੇਸ਼ਕਸ਼ਾਂ ਵਿੱਚੋਂ ਇੱਕ ਹੋ ਸਕਦੀ ਹੈ। ਕੰਪਨੀ ਲਈ ਲਗਭਗ 20 ਲੱਖ ਕਰੋੜ ਰੁਪਏ ਦਾ ਅੰਤਮ ਮੁਲਾਂਕਣ ਅਨੁਮਾਨ ਲਗਾਇਆ ਗਿਆ ਹੈ, ਜਿਸ ਦੀ ਆਟੋਮੋਬਾਈਲ, ਸਟੀਲ, ਸੂਚਨਾ ਤਕਨਾਲੋਜੀ, ਪ੍ਰਾਹੁਣਚਾਰੀ ਅਤੇ ਹਵਾਬਾਜ਼ੀ ਦੇ ਕਾਰੋਬਾਰਾਂ ਵਿੱਚ ਨਿਯੰਤਰਣ ਹਿੱਸੇਦਾਰੀ ਹੈ।

### 'ਆਪ' ਵੱਲੋਂ ਨਸ਼ੇ ਦੇ...

ਮੁੜ ਨਸ਼ਿਆਂ ਦੀ ਅਲਾਮਤ ਸਿਰ ਚੁੱਕ ਲਵੇਗੀ।

ਕਮੇਟੀ ਦੀ ਮੀਟਿੰਗ ਵਿੱਚ ਯੂ ਪੀ ਆਈ ਬਾਰੇ ਚਰਚਾ ਹੋਈ ਕਿ ਟਰੰਪ ਦੇ ਦਬਾਅ ਹੇਠ ਇਹ ਕਦਮ ਚੁੱਕਿਆ ਗਿਆ ਹੈ ਅਤੇ ਲੋਕ ਇਸ ਫੈਸਲੇ ਤੋਂ ਠੱਗਿਆ ਹੋਇਆ ਮਹਿਸੂਸ ਕਰ ਰਹੇ ਹਨ, ਕਿਉਂਕਿ ਉਨ੍ਹਾਂ ਨੂੰ ਆਪਣੇ ਹੀ ਪੈਸੇ ਖਰਚਣ ਲਈ ਵਾਧੂ ਫੀਸਾਂ ਦੇਣੀਆਂ ਪੈਣਗੀਆਂ। ਕਮੇਟੀ ਵਿੱਚ ਇੱਕ ਮੀਡੀਆ ਰਿਪੋਰਟ ਦੇ ਹਵਾਲੇ ਨਾਲ ਕਿਹਾ ਗਿਆ ਕਿ ਦਿੱਲੀ ਦੀ ਸੱਤਾ ਹਾਸਲ ਕਰਨ ਲਈ ਭਾਜਪਾ ਵੱਲੋਂ ਚੋਣ ਕਮਿਸ਼ਨ ਨਾਲ ਮਿਲ ਕੇ ਫਰਜ਼ੀ ਤਰੀਕੇ ਨਾਲ ਵੋਟਾਂ ਕੱਟ ਕੇ ਧਾਂਦਲੀ ਕੀਤੀ ਗਈ। ਮੀਟਿੰਗ ਵਿੱਚ ਇਹ ਵੀ ਚਰਚਾ ਹੋਈ ਕਿ ਹੁਣ ਗੋਆ ਅਤੇ ਗੁਜਰਾਤ ਦੇ ਲੋਕ ਵੀ ਬਦਲਾਅ ਦੀ ਤਲਾਸ਼ ਵਿੱਚ ਹਨ। ਮੀਟਿੰਗ ਵਿੱਚ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ, ਸਤਿੰਦਰ ਜੈਨ, ਗੋਪਾਲ ਰਾਏ, ਆਤਿਸ਼ੀ, ਸੌਰਵ ਭਾਰਦਵਾਜ ਅਤੇ ਰਾਜਬੀਰ ਸਿੰਘ ਘੁੰਮਣ ਆਦਿ ਸ਼ਾਮਲ ਸਨ।

## ਹਿੰਮਤਪੁਰਾ ਸਕੂਲ ਦੀਆਂ ਵਿਦਿਆਰਥਣਾਂ ਨੇ ਵਿਸ਼ੇਸ਼ ਵਜ਼ੀਫ਼ਾ ਪ੍ਰਾਪਤ ਕੀਤਾ




**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਿੰਮਤਪੁਰਾ ਦੇ ਸੱਤਵੀਂ, ਅੱਠਵੀਂ, ਨੌਵੀਂ ਤੇ ਦਸਵੀਂ ਕਲਾਸ ਵਿੱਚੋਂ ਮਾਰਚ 2026 ਵਿੱਚ ਪਹਿਲੀ ਪੋਜ਼ੀਸ਼ਨ ਹਾਸਲ ਕਰਨ ਵਾਲੀਆਂ ਹੋਣਹਾਰ ਵਿਦਿਆਰਥਣਾਂ ਨੇ ਪੰਜਾਬ ਨੈਸ਼ਨਲ ਬੈਂਕ ਦਾ ਵਿਸ਼ੇਸ਼ ਵਜ਼ੀਫਾ ਪ੍ਰਾਪਤ ਕੀਤਾ ਹੈ।ਵਿਸ਼ੇਸ਼ ਵਜ਼ੀਫਾ ਪ੍ਰਾਪਤ ਕਰਨ ਵਾਲੇ ਬੱਚਿਆਂ ਵਿੱਚ ਮਹਿਕਦੀਪ ਕੌਰ ਪੁੱਤਰੀ ਹਰਜਿੰਦਰ ਸਿੰਘ, ਜਿਸਮੀਤ ਕੌਰ ਪੁੱਤਰੀ ਜਸਵਿੰਦਰ ਸਿੰਘ, ਜਸਪ੍ਰੀਤ ਕੌਰ ਪੁੱਤਰੀ ਚੰਦ ਸਿੰਘ, ਗਗਨਦੀਪ ਕੌਰ ਪੁੱਤਰੀ ਗੁਰਦੀਪ ਸਿੰਘ ਸ਼ਾਮਲ ਸਨ।ਸਕੂਲ ਮੁਖੀ ਅਮਨਦੀਪ ਮਾਛੀਕੇ ਨੇ ਕਿਹਾ ਕਿ ਐੱਸ. ਸੀ. ਵਿਦਿਆਰਥਣਾਂ ਨੂੰ 12ਵੀਂ ਜਮਾਤ ਤੱਕ ਸਾਲਾਨਾ 5000 ਰੁ. ਪ੍ਰਤੀ ਵਿਦਿਆਰਥੀ ਵਿਸ਼ੇਸ਼ ਵਜ਼ੀਫਾ ਮਿਲਿਆ ਕਰੇਗਾ।ਸਮੂਹ ਸਟਾਫ ਵੱਲੋਂ ਪੰਜਾਬ ਨੈਸ਼ਨਲ ਬੈਂਕ ਪੁਰਾਣੀ ਦਾਣਾ ਮੰਡੀ ਬ੍ਰਾਂਚ ਨਿਹਾਲ ਸਿੰਘ ਵਾਲਾ ਦੇ ਮੈਨੇਜਰ ਸੰਦੀਪ ਕੁਮਾਰ, ਪਰਮਜੀਤ ਸ਼ਰਮਾ, ਸੂਬੇਦਾਰ ਲਖਵਿੰਦਰ ਸਿੰਘ ਹਿੰਮਤਪੁਰਾ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ, ਜਿਨ੍ਹਾਂ ਦੀ ਪ੍ਰੇਰਨਾ ਤੇ ਸਹਿਯੋਗ ਸਦਕਾ ਲੋੜਵੰਦ ਵਿਦਿਆਰਥੀਆਂ ਨੂੰ ਵਜ਼ੀਫੇ ਦਾ ਲਾਭ ਪ੍ਰਾਪਤ ਹੋਇਆ ਹੈ। ਉਨ੍ਹਾਂ ਕਿਹਾ ਕਿ ਹਰ ਸਾਲ ਹੀ ਯੋਗ ਵਿਦਿਆਰਥੀਆਂ ਦੇ ਨਾਮ ਭੇਜ ਕੇ ਵਜ਼ੀਫੇ ਦਾ ਲਾਭ ਦਵਾਇਆ ਜਾਇਆ ਕਰੇਗਾ।ਸਕੂਲ ਮੁਖੀ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਿੰਮਤਪੁਰਾ ਦੇ ਮਿਹਨਤੀ ਸਟਾਫ ਦਾ ਧੰਨਵਾਦ ਕੀਤਾ, ਜਿਨ੍ਹਾਂ ਦੀ ਬਦੌਲਤ ਇਹ ਸੰਭਵ ਹੋ ਸਕਿਆ ਹੈ।ਸਮੂਹ ਸਟਾਫ ਵੱਲੋਂ ਸਕੂਲ ਵਿੱਚ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ।ਇਸ ਸਮੇਂ ਸਕੂਲ ਦਾ ਸਮੁੱਚਾ ਸਟਾਫ ਹਾਜ਼ਰ ਸੀ।

## ਫਤਿਹ ਗਰੁੱਪ ਆਫ਼ ਇੰਸ. ਵਿਖੇ ਸਾਹਿਤਕ ਸਮਾਗਮ ਕਰਵਾਇਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਫਤਿਹ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਵਿਖੇ ਕਰਵਾਏ ਸਾਹਿਤਕ ਸਮਾਗਮ ਵਿੱਚ ਉੱਘੇ ਗ਼ਜ਼ਲਗੋ ਗੁਰਤੇਜ ਸਿੰਘ ਕੁਹਾਰਵਾਲਾ ਨੇ ਮੁੱਖ ਮਹਿਮਾਨ ਤੇ ਮੁੱਖ ਵਕਤਾ ਵਜੋਂ ਸ਼ਿਰਕਤ ਕਰਦਿਆਂ ਵਿਦਿਆਰਥੀਆਂ ਨਾਲ ਗ਼ਜ਼ਲ, ਕਵਿਤਾ ਤੇ ਸਾਹਿਤ ਦੇ ਵੱਖ-ਵੱਖ ਪੱਖਾਂ ਬਾਰੇ ਵਿਚਾਰ ਸਾਂਝੇ ਕੀਤੇ।ਗੁਰਤੇਜ ਸਿੰਘ ਕੁਹਾਰਵਾਲਾ ਨੇ ਵਿਦਿਆਰਥੀਆਂ ਨੂੰ ਗ਼ਜ਼ਲ ਤੇ ਕਵਿਤਾ ਦੀ ਬਣਤਰ, ਸ਼ਬਦਾਂ ਦੀ ਚੋਣ, ਭਾਸ਼ਾ ਦੀ ਸੁੰਦਰਤਾ ਤੇ ਰਚਨਾਤਮਕਤਾ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਸਾਹਿਤ ਮਨੁੱਖੀ ਮਨ ਨੂੰ ਸੰਵੇਦਨਸ਼ੀਲ ਬਣਾਉਣ ਦੇ ਨਾਲ-ਨਾਲ ਜ਼ਿੰਦਗੀ ਦੀਆਂ ਔਕੜਾਂ ਨਾਲ ਨਜਿੱਠਣ ਲਈ ਮਾਨਸਿਕ ਤਾਕਤ ਪ੍ਰਦਾਨ ਕਰਦਾ ਹੈ।ਉਨ੍ਹਾਂ ਕਿਹਾ ਕਿ ਕਲਾ ਤੇ ਕਲਪਨਾ ਮਨੁੱਖ ਨੂੰ ਆਪਣੀ ਅਸਲੀ ਜ਼ਿੰਦਗੀ ਨੂੰ ਵੀ ਖ਼ੁਸ਼ਗਵਾਰ ਬਣਾਉਣ ਦਾ ਹੌਸਲਾ ਦਿੰਦੀਆਂ ਹਨ।ਉਨ੍ਹਾਂ ਵਿਦਿਆਰਥੀਆਂ ਨੂੰ ਸਾਹਿਤ ਪੜ੍ਹਨ ਤੇ ਆਪਣੀ ਸਿਰਜਣਾਤਮਕ ਸੋਚ ਨੂੰ ਪ੍ਰਗਟ ਕਰਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਲੇਖਿਕਾ ਕੁਲਵਿੰਦਰ ਕੌਰ ਭੱਟੀ ਨੇ ਵੀ ਵਿਦਿਆਰਥੀਆਂ ਨਾਲ ਆਪਣੀ ਜ਼ਿੰਦਗੀ ਦੇ ਤਜਰਬੇ ਤੇ ਸਮਾਜਿਕ ਸਰੋਕਾਰ ਸਾਂਝੇ ਕੀਤੇ।ਉਨ੍ਹਾਂ ਆਧੁਨਿਕ ਸਮਾਜ ਵਿੱਚ ਸਾਹਿਤ ਦੀ ਭੂਮਿਕਾ ਤੇ ਨੌਜਵਾਨ ਪੀੜ੍ਹੀ ਨਾਲ ਇਸ ਦੇ ਸਬੰਧ ਬਾਰੇ ਵਿਚਾਰ ਪ੍ਰਗਟ ਕੀਤੇ।ਸਮਾਗਮ ਦੌਰਾਨ ਪੰਜਾਬੀ ਸਾਹਿਤ ਤੇ ਮਰਹੂਮ ਕਵੀ ਸੁਰਜੀਤ ਪਾਤਰ ਦੀ ਕਵਿਤਾ ਦਾ ਵੀ ਜ਼ਿਕਰ ਹੋਇਆ।ਸੰਸਥਾ ਦੇ ਚੇਅਰਮੈਨ ਸੁਖਮੰਦਰ ਸਿੰਘ ਚੱਠਾ ਤੇ ਐੱਮ. ਡੀ. ਮਨਜੀਤ ਕੌਰ ਚੱਠਾ ਨੇ ਸਮਾਗਮ ਵਿੱਚ ਸ਼ਿਰਕਤ ਕੀਤੀ।ਡੀਨ ਅਕਾਦਮਿਕ ਡਾ. ਜਗਵਿੰਦਰ ਸਿੰਘ ਨੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਜੀ ਆਇਆਂ ਆਖਿਆ ਤੇ ਸੰਸਥਾ ਵੱਲੋਂ ਧੰਨਵਾਦ ਕੀਤਾ।ਮੰਚ ਸੰਚਾਲਨ ਡਾ. ਗੁਰਵਿੰਦਰ ਸਿੰਘ ਵੱਲੋਂ ਬਾਖ਼ੂਬੀ ਕੀਤਾ ਗਿਆ। ਸਮਾਪਤੀ ਮੌਕੇ ਮਹਿਮਾਨਾਂ ਨੇ ਫਤਿਹ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੀਆਂ ਵਿੱਦਿਅਕ ਤੇ ਸਾਹਿਤਕ ਗਤੀਵਿਧੀਆਂ ਦੀ ਸ਼ਲਾਘਾ ਕੀਤੀ।

## ਸਚਿਨ ਪਾਇਲਟ ਦੇ ਪੰਜਾਬ ਇੰਚਾਰਜ ਬਣਨ 'ਤੇ ਕਾਂਗਰਸੀ ਵਰਕਰਾਂ 'ਚ ਭਾਰੀ ਉਤਸ਼ਾਹ : ਰਜਿੰਦਰ ਸਿੰਘ



**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਟਕਸਾਲੀ ਕਾਂਗਰਸੀ ਤੇ ਸਮਾਣਾ ਦੇ ਸਾਬਕਾ ਵਿਧਾਇਕ ਰਜਿੰਦਰ ਸਿੰਘ ਨੇ ਕਿਹਾ ਕਿ ਕਾਂਗਰਸ ਹਾਈਕਮਾਂਡ ਵੱਲੋਂ ਆਲ ਇੰਡੀਆ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਤੇ ਸੀ. ਡਬਲਿਊ. ਸੀ. ਮੈਂਬਰ ਸਚਿਨ ਪਾਇਲਟ ਦੇ ਪੰਜਾਬ ਕਾਂਗਰਸ ਦਾ ਇੰਚਾਰਜ ਬਣਨ ਤੋਂ ਬਾਅਦ ਸੂਬੇ ਦੇ ਕਾਂਗਰਸੀ ਵਰਕਰਾਂ 'ਚ ਭਾਰੀ ਉਤਸ਼ਾਹ ਪੈਦਾ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਸਚਿਨ ਪਾਇਲਟ ਜ਼ਮੀਨ ਨਾਲ ਜੁੜੇ ਹੋਏ ਆਗੂ ਹਨ।ਪੰਜਾਬ ਤੇ ਰਾਜਸਥਾਨ ਦਾ ਸੱਭਿਆਚਾਰ, ਖਾਣ ਪੀਣ, ਰਹਿਣ-ਸਹਿਣ ਇਕ ਸਮਾਨ ਹੈ।ਇਸ ਕਰ ਕੇ ਸਚਿਨ ਪਾਇਲਟ ਨੂੰ ਪੰਜਾਬ ਦੀ ਮਾਨਸਿਕਤਾ, ਪੰਜਾਬ ਦੀਆਂ ਸਮੱਸਿਆਵਾਂ ਬਾਰੇ ਚੰਗੀ ਤਰ੍ਹਾਂ ਜਾਣਕਾਰੀ ਹੈ।ਰਜਿੰਦਰ ਸਿੰਘ ਇਥੇ ਕਾਂਗਰਸੀ ਵਰਕਰਾਂ ਦੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ।ਉਨ੍ਹਾਂ ਕਿਹਾ ਕਿ ਸਚਿਨ ਪਾਇਲਟ ਦੇ ਇੰਚਾਰਜ ਬਣਨ ਨਾਲ 2027 ਵਿਚ ਸੂਬੇ ਵਿਚ ਕਾਂਗਰਸ ਸਰਕਾਰ ਬਣਨ ਦਾ ਰਾਹ ਪੱਧਰਾ ਹੋ ਗਿਆ ਹੈ।ਪੰਜਾਬ 'ਚ ਕਾਂਗਰਸ ਪਾਰਟੀ ਦਾ ਸੰਗਠਨ ਵੀ ਮਜ਼ਬੂਤ ਹੋਇਆ ਹੈ ਤੇ ਸਮੁੱਚੀ ਪਾਰਟੀ ਇਕਜੁੱਟ ਹੋ ਗਈ ਹੈ।ਉਨ੍ਹਾਂ ਸਮੂਹ ਵਰਕਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਵਿਧਾਨ ਸਭਾ ਚੋਣਾਂ 'ਚ ਬਹੁਤ ਘੱਟ ਸਮਾਂ ਰਹਿ ਗਿਆ ਹੈ, ਇਸ ਲਈ ਸਮੁੱਚੇ ਵਰਕਰ ਡੱਟ ਜਾਣ। ਕੇਂਦਰ ਦੀ ਭਾਜਪਾ ਸਰਕਾਰ ਤੇ ਪੰਜਾਬ ਸਰਕਾਰ ਦੀਆਂ ਲੋਕ-ਵਿਰੋਧੀ ਨੀਤੀਆਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਤੇ ਕਾਂਗਰਸ ਦੀਆਂ ਲੋਕ ਪੱਖੀ ਨੀਤੀਆਂ ਨੂੰ ਘਰ-ਘਰ ਪਹੁੰਚਾਉਣ।ਇਸ ਮੌਕੇ ਡਾ. ਪ੍ਰੇਮਪਾਲ, ਡਾ ਰਾਜ ਕੁਮਾਰ ਡਾਕਾਲਾ, ਸੁਰਿੰਦਰ ਮਿੱਤਲ ਬਲਬੇੜਾ, ਅਵਤਾਰ ਸਿੰਘ ਬਠੋਈ, ਨੈਬ ਸਿੰਘ ਭਾਨਰੀ, ਸਾਬਕਾ ਚੇਅਰਮੈਨ ਤਰਸੇਮ ਝੰਡੀ, ਮੱਖਣ ਝੰਡੀ, ਸ਼ਿਵ ਕੁਮਾਰ ਘੱਗਾ, ਕੁਲਦੀਪ ਦੀਪਾ, ਭੋਲੀ ਬਲਾਕ ਸੰਮਤੀ ਮੈਂਬਰ, ਗੁਰਪ੍ਰੀਤ ਰਾਜਗੜ੍ਹ, ਗੁਰਵਿੰਦਰ ਖੇੜੀਮਾਨੀਆਂ, ਸੁਖਦੇਵ ਸਿੰਘ ਨਿਜਾਮਨੀਵਾਲਾ, ਨੰਬਰਦਾਰ ਬੀਬੀਪੁਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਾਂਗਰਸੀ ਆਗੂ ਹਾਜ਼ਰ ਸਨ।

## ਓ.ਐੱਸ.ਡੀ. ਸੁਖਵੀਰ ਸਿੰਘ ਵੱਲੋਂ ਵੱਖ-ਵੱਖ ਪਿੰਡਾਂ ਦਾ ਤੂਫ਼ਾਨੀ ਦੌਰਾ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀਆਂ ਦਿਸ਼ਾ-ਨਿਰਦੇਸ਼ਾਂ ਹੇਠ ਹਲਕਾ ਧੂਰੀ ਦੇ ਵਿਕਾਸ ਨੂੰ ਹੁਲਾਰਾ ਦੇਣ ਤੇ ਆਮ ਲੋਕਾਂ ਦੀਆਂ ਦਰਪੇਸ਼ ਮੁਸ਼ਕਲਾਂ ਦੇ ਨਿਪਟਾਰੇ ਲਈ ਓ.ਐੱਸ.ਡੀ. ਸੁਖਵੀਰ ਸਿੰਘ ਵੱਲੋਂ ਇਲਾਕੇ ਦੇ ਵੱਖ-ਵੱਖ ਪਿੰਡਾਂ ਦਾ ਵਿਸ਼ੇਸ਼ ਦੌਰਾ ਕੀਤਾ ਗਿਆ।ਇਸ ਦੌਰਾਨ ਉਨ੍ਹਾਂ ਪਿੰਡ ਰੁਲਦੂ ਸਿੰਘ ਵਾਲਾ, ਮਾਨਾਂ, ਮੀਰਹੇੜੀ ਤੇ ਹਰਚੰਦਪੁਰ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਪਿੰਡ ਵਾਸੀਆਂ ਨਾਲ ਸਿੱਧਾ ਰਾਬਤਾ ਕਾਇਮ ਕੀਤਾ ਤੇ ਉਨ੍ਹਾਂ ਦੀਆਂ ਦਰਪੇਸ਼ ਸਮੱਸਿਆਵਾਂ ਨੂੰ ਬਹੁਤ ਹੀ ਗੰਭੀਰਤਾ ਨਾਲ ਸੁਣਿਆ।ਇਨ੍ਹਾਂ ਮੀਟਿੰਗਾਂ ਦੌਰਾਨ ਪਿੰਡਾਂ ਦੇ ਮੁਹਤਬਰਾਂ, ਪੰਚਾਂ-ਸਰਪੰਚਾਂ ਤੇ ਆਮ ਨਿਵਾਸੀਆਂ ਨੇ ਆਪਣੇ-ਆਪਣੇ ਪਿੰਡਾਂ ਦੀਆਂ ਮੁੱਖ ਜ਼ਰੂਰਤਾਂ, ਜਿਵੇਂ ਕਿ ਛੱਪੜਾਂ ਦੀ ਸਫ਼ਾਈ, ਗਲੀਆਂ-ਨਾਲੀਆਂ ਦੀ ਮੁਰੰਮਤ, ਪੀਣ ਵਾਲੇ ਸਾਫ਼ ਪਾਣੀ ਦੇ ਉਪਰਾਲੇ ਤੇ ਲਿੰਕ ਸੜਕਾਂ ਦੀ ਹਾਲਤ ਸੁਧਾਰਨ ਸਬੰਧੀ ਓ.ਐੱਸ.ਡੀ. ਸਾਹਿਬ ਨੂੰ ਜਾਣੂ ਕਰਵਾਇਆ।ਸੁਖਵੀਰ ਸਿੰਘ ਨੇ ਸਾਰੇ ਮਸਲਿਆਂ ਨੂੰ ਧਿਆਨਪੂਰਵਕ ਸੁਣਦਿਆਂ ਮੌਕੇ 'ਤੇ ਮੌਜੂਦ ਸਬੰਧਤ ਅਧਿਕਾਰੀਆਂ ਨੂੰ ਲੋੜੀਂਦੇ ਨਿਰਦੇਸ਼ ਦਿੱਤੇ ਤੇ ਵਿਕਾਸ ਕਾਰਜਾਂ ਲਈ ਜਲਦ ਤੋਂ ਜਲਦ ਗ੍ਰਾਂਟਾਂ ਜਾਰੀ ਕਰਨ ਦਾ ਪੂਰਨ ਭਰੋਸਾ ਦਿੱਤਾ। ਉਨ੍ਹਾਂ ਆਖਿਆ ਕਿ ਧੂਰੀ ਹਲਕੇ ਦੇ ਲੋਕਾਂ ਦੀ ਸੇਵਾ ਲਈ ਸਰਕਾਰੀ ਮਸ਼ੀਨਰੀ ਤੇ ਉਹ ਆਪ ਹਰ ਵੇਲੇ ਹਾਜ਼ਰ ਹਨ।ਸਰਕਾਰ ਦਾ ਮੰਤਵ ਲੋਕਾਂ ਨੂੰ ਦਫ਼ਤਰਾਂ ਦੇ ਗੇੜ ਮਾਰਨ ਤੋਂ ਨਿਜਾਤ ਦਿਵਾ ਕੇ ਉਨ੍ਹਾਂ ਦੇ ਮਸਲੇ ਪਿੰਡਾਂ ਵਿੱਚ ਹੀ ਹੱਲ ਕਰਨਾ ਹੈ।ਪਿੰਡ ਵਾਸੀਆਂ ਨੇ ਓ.ਐੱਸ.ਡੀ. ਸੁਖਵੀਰ ਸਿੰਘ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।

## ਨਾਭਾ ਮੀਡੀਆ ਕਲੱਬ ਦੀ ਕੀਤੀ ਸਥਾਪਨਾ

### ਪੱਤਰਕਾਰਾਂ ਖਿਲਾਫ ਦੁਰਵਿਹਾਰ ਨੂੰ ਬਰਦਾਸ਼ਤ ਨਹੀਂ ਕਰਾਂਗੇ : ਗੋਲਡੀ, ਦੁਲੱਦੀ



**ਨਾਭਾ (ਅਮਨ ਗਰਗ)**-ਪੱਤਰਕਾਰੀ ਦੇ ਖੇਤਰ ਦੇ ਨਾਲ ਜੁੜੇ ਹੋਏ ਪੱਤਰਕਾਰਾਂ ਦੀ ਇੱਕ ਵਿਸ਼ੇਸ਼ ਮੀਟਿੰਗ ਨਾਭਾ ਦੇ ਨਿਜੀ ਹੋਟਲ ਵਿਖੇ ਕੀਤੀ ਗਈ, ਜਿਸ ਵਿੱਚ ਜਿੱਥੇ ਪੱਤਰਕਾਰਾਂ ਨੂੰ ਕੰਮ ਕਰਦੇ ਹੋਏ ਪੇਸ਼ ਆ ਰਹੀਆਂ ਸਮੱਸਿਆ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ, ਉੱਥੇ ਪੱਤਰਕਾਰਾਂ ਦੇ ਹਿੱਤਾਂ ਦੇ ਲਈ ਨਵੇਂ ਨਾਭਾ ਮੀਡੀਆ ਕਲੱਬ ਨਾਭਾ ਦੀ ਸਥਾਪਨਾ ਕੀਤੀ ਗਈ, ਜਿਸ ਵਿੱਚ ਸੰਜੀਵ ਕੁਮਾਰ ਸ਼ਰਮਾ ਨੂੰ ਸੰਵਿਧਾਨਕ ਵਿਧੀ ਰਾਹੀਂ ਪ੍ਰਧਾਨ ਚੁਣਿਆ ਗਿਆ।ਇਸ ਤੋਂ ਇਲਾਵਾ ਕਲੱਬ ਵੱਲੋਂ ਸਾਰੇ ਅਹੁਦੇਦਾਰਾਂ ਦੀ ਚੋਣ ਸਰਬ ਸਹਿਮਤੀ ਦੇ ਨਾਲ ਕੀਤੀ ਗਈ, ਜਿਸ ਵਿੱਚ ਚੇਅਰਮੈਨ ਜਗਨਾਰ ਸਿੰਘ ਦੁਲੱਦੀ, ਸਰਪ੍ਰਸਤ ਸਤੀਸ਼ ਬਾਤਿਸ਼ ਤੇ ਬਲਜਿੰਦਰ ਸਿੰਘ ਮਾਨ, ਸੀਨੀਅਰ ਵਾਈਸ ਪ੍ਰਧਾਨ ਵਿਕਾਸ ਗੋਇਲ, ਵਾਈਸ ਪ੍ਰਧਾਨ ਗੌਰਵ ਢੀਂਗੀ, ਜਨਰਲ ਸਕੱਤਰ ਪ੍ਰਦੀਪ ਬਾਂਗਾ, ਕੈਸ਼ੀਅਰ ਅਮਰਦੀਪ ਅਹੂਜਾ, ਪ੍ਰੈੱਸ ਸਕੱਤਰ ਵਰਿੰਦਰ ਵਰਮਾ, ਲੀਗਲ ਐਡਵਾਈਜ਼ਰ ਤਰੁਣ ਸ਼ਰਮਾ, ਜੁਆਇੰਟ ਸਕੱਤਰ ਅਸ਼ੋਕ ਸੌਫਤ, ਸਲਾਹਕਾਰ ਪੁਨੀਤ ਭਾਰਦਵਾਜ ਤੇ ਤਰੁਣ ਮਹਿਤਾ, ਕਾਰਜਕਾਰਨੀ ਮੈਂਬਰ ਵਿਸ਼ਵ ਦੀਪਕ ਸੋਰੀ, ਦਿਨੇਸ਼ ਬਾਂਗਾ, ਹੈਪੀ ਢਿੰਗੀ, ਅਮਨ ਗਰਗ, ਅਵਤਾਰ ਸਿੰਘ ਧਰਮਸੋਤ, ਜਤਿੰਦਰ ਜੋਨੀ, ਗੁਰਸੇਵਕ ਸਿੰਘ, ਰਕੇਸ਼ ਜਿੰਦਲ ਸ਼ਾਮਲ ਹਨ।ਇਸ ਮੌਕੇ ਸਮੂਹ ਮੈਂਬਰਾਂ ਨੇ ਭਵਿੱਖ ਵਿੱਚ ਪੱਤਰਕਾਰਾਂ ਨੂੰ ਕੋਈ ਸਮੱਸਿਆ ਨਾ ਆਵੇ ਇਸ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।ਨਵ-ਨਿਯੁਕਤ ਪ੍ਰਧਾਨ ਸੰਜੀਵ ਕੁਮਾਰ ਸ਼ਰਮਾ ਨੇ ਕਿਹਾ ਕਿ ਅੱਜ ਦੇ ਸਮੇਂ ਪੱਤਰਕਾਰਤਾ ਕਰਨੀ ਬੜੀ ਮੁਸ਼ਕਲ ਹੋ ਗਈ ਹੈ। ਖਾਸ ਤੌਰ 'ਤੇ ਰਾਜਨੀਤਕ ਪਾਰਟੀਆਂ ਵੱਲੋਂ ਪੱਤਰਕਾਰਾਂ ਖਿਲਾਫ ਕੀਤੇ ਜਾ ਰਹੇ ਦੁਰਵਿਹਾਰ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਕਲੱਬ ਦੇ ਚੇਅਰਮੈਨ ਜਗਨਾਰ ਸਿੰਘ ਦੁਲੱਦੀ ਤੇ ਮੈਂਬਰਾਂ ਨੇ ਕਿਹਾ ਕਿ ਅਜੋਕੇ ਸਮੇਂ ਪੱਤਰਕਾਰੀ ਕਰਨੀ ਬੜੀ ਮੁਸ਼ਕਲ ਹੈ, ਪਰ ਬਾਵਜੂਦ ਇਸ ਦੇ ਬੜੀ ਦ੍ਰਿੜ੍ਹਤਾ ਨਾਲ ਨਾਭਾ ਵਿਖੇ ਪੱਤਰਕਾਰ ਆਪਣੀ ਜ਼ਿੰਮੇਵਾਰੀ ਨਿਭਾਅ ਰਹੇ ਹਨ।ਇਸ ਨਵੇਂ ਪ੍ਰੈੱਸ ਕਲੱਬ ਰਾਹੀਂ ਸਰਕਾਰ ਤੇ ਪ੍ਰਸ਼ਾਸਨ ਤੱਕ ਪੱਤਰਕਾਰਾਂ ਦੇ ਭਵਿੱਖ ਲਈ ਕੰਮ ਕੀਤਾ ਜਾਵੇਗਾ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * **Web** : www.nawanzamana.in

# ਭੋਆ 'ਚ ਨਸ਼ਾ ਵਿਰੋਧੀ ਮੁਹਿੰਮ ਨੂੰ ਹੋਰ ਮਜ਼ਬੂਤ ਕਰਨ 'ਤੇ ਜ਼ੋਰ

*** ਕਟਾਰੂਚੱਕ ਨੇ ਪੰਚਾਇਤੀ ਨੁਮਾਇੰਦਿਆਂ ਤੇ ਵੀ ਡੀ ਸੀ ਮੈਂਬਰਾਂ ਨਾਲ ਕੀਤੀ ਸਮੀਖਿਆ ਮੀਟਿੰਗ**



ਪਠਾਨਕੋਟ (ਦਵਿੰਦਰ ਸਿੰਘ)- ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖ਼ਾਤਮੇ ਲਈ ਚਲਾਈ ਜਾ ਰਹੀ ਮੁਹਿੰਮ ਨੂੰ ਜ਼ਮੀਨੀ ਪੱਧਰ 'ਤੇ ਹੋਰ ਪ੍ਰਭਾਵਸ਼ਾਲੀ ਬਣਾਉਣ ਦੇ ਉਦੇਸ਼ ਨਾਲ ਵਿਧਾਨ ਸਭਾ ਹਲਕਾ ਭੋਆ ਵਿੱਚ ਕੈਬਨਿਟ ਮੰਤਰੀ ਪੰਜਾਬ ਲਾਲ ਚੰਦ ਕਟਾਰੂਚੱਕ ਦੀ ਅਗਵਾਈ ਹੇਠ ਸਰਪੰਚਾਂ, ਪੰਚਾਂ ਅਤੇ ਵੀ.ਡੀ.ਸੀ. ਮੈਂਬਰਾਂ ਨਾਲ ਵਿਸ਼ੇਸ਼ ਸਮੀਖਿਆ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਪਿੰਡਾਂ ਵਿੱਚ ਨਸ਼ਿਆਂ ਦੀ ਰੋਕਥਾਮ, ਨਸ਼ਾ ਤਸਕਰੀ ਵਿਰੁੱਧ ਕੀਤੀ ਜਾ ਰਹੀ ਕਾਰਵਾਈ ਅਤੇ ਸਰਕਾਰ ਦੀ ਮੁਹਿੰਮ ਨੂੰ ਹੋਰ ਮਜ਼ਬੂਤ ਕਰਨ ਸਬੰਧੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।ਇਸ ਮੌਕੇ ਕੈਬਨਿਟ ਮੰਤਰੀ ਕਟਾਰੂਚੱਕ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਤਹਿਤ ਨਸ਼ਾ ਤਸਕਰੀ ਵਿੱਚ ਸ਼ਾਮਲ ਵਿਅਕਤੀਆਂ ਖ਼ਿਲਾਫ਼ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਸੂਬੇ ਵਿੱਚ ਹੁਣ ਤੱਕ ਕਰੀਬ 77 ਹਜ਼ਾਰ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਕਾਰਵਾਈ ਉਨ੍ਹਾਂ ਵਿਅਕਤੀਆਂ ਵਿਰੁੱਧ ਕੀਤੀ ਗਈ ਹੈ ਜੋ ਕਿਸੇ ਨਾ ਕਿਸੇ ਤਰੀਕੇ ਨਾਲ ਨਸ਼ਾ ਤਸਕਰੀ ਦੇ ਕਾਰੋਬਾਰ ਵਿੱਚ ਸ਼ਾਮਲ ਪਾਏ ਗਏ ਹਨ।ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਖ਼ਾਤਮੇ ਲਈ ਸਿਰਫ਼ ਸਰਕਾਰੀ ਪੱਧਰ 'ਤੇ ਕਾਰਵਾਈ ਹੀ ਕਾਫ਼ੀ ਨਹੀਂ, ਸਗੋਂ ਪਿੰਡ ਪੱਧਰ 'ਤੇ ਲੋਕਾਂ ਦੀ ਭਾਗੀਦਾਰੀ ਅਤੇ ਪੰਚਾਇਤੀ ਨੁਮਾਇੰਦਿਆਂ ਦਾ ਸਹਿਯੋਗ ਵੀ ਬੇਹੱਦ ਮਹੱਤਵਪੂਰਨ ਹੈ। ਇਸੇ ਮੰਤਵ ਤਹਿਤ ਭੋਆ ਹਲਕੇ ਦੇ ਸਰਪੰਚਾਂ, ਪੰਚਾਂ ਅਤੇ ਵੀ.ਡੀ.ਸੀ. ਮੈਂਬਰਾਂ ਨਾਲ ਇਹ ਸਮੀਖਿਆ ਮੀਟਿੰਗ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਸਾਂਝੇ ਯਤਨਾਂ ਦੀ ਲੋੜ ਹੈ। ਕਟਾਰੂਚੱਕ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਸਰਕਾਰ ਦੀ ਮੁਹਿੰਮ ਨੂੰ ਸਫ਼ਲ ਬਣਾਉਣ ਵਿੱਚ ਪਿੰਡਾਂ ਦੇ ਚੁਣੇ ਹੋਏ ਨੁਮਾਇੰਦਿਆਂ ਦੀ ਭੂਮਿਕਾ ਅਹਿਮ ਹੈ। ਉਨ੍ਹਾਂ ਸਰਪੰਚਾਂ, ਪੰਚਾਂ ਅਤੇ ਬੀ.ਡੀ.ਸੀ. ਮੈਂਬਰਾਂ ਨੂੰ ਆਪਣੇ-ਆਪਣੇ ਪਿੰਡਾਂ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਪੈਦਾ ਕਰਨ ਅਤੇ ਨੌਜਵਾਨਾਂ ਨੂੰ ਖੇਡਾਂ ਤੇ ਹੋਰ ਰਚਨਾਤਮਕ ਗਤੀਵਿਧੀਆਂ ਨਾਲ ਜੋੜਨ ਲਈ ਯਤਨ ਕਰਨ ਦੀ ਗੱਲ ਕਹੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪਵਨ ਕਟਾਰੂ ਚੇਅਰਮੈਨ ਬਲਾਕ ਸੰਮਤੀ ਘਰੋਟਾ, ਚੇਅਰਮੈਨ ਧਰਮਪਾਲ ਬਲਾਕ ਸੰਮਤੀ ਬਮਿਆਲ, ਅੰਕਿਤ ਮਹਿਰਾ ਜ਼ਿਲ੍ਹਾ ਕੋਆਰਡੀਨੇਟਰ ਯੁੱਧ ਨਸ਼ਿਆਂ ਵਿਰੁੱਧ, ਤਰਸੇਮ ਸਿੰਘ ਸਿਰੋੜਾ ਯੂਥ ਹਲਕਾ ਪ੍ਰਧਾਨ, ਬਲਜਿੰਦਰ ਸਿੰਘ ਬੰਟੀ ਪ੍ਰਧਾਨ ਕਿਸਾਨ ਵਿੰਗ, ਪਰਸ਼ੋਤਮ ਸਰਪੰਚ ਫੂਟ ਹਲਕਾ ਕੋਆਰਡੀਨੇਟਰ ਡਾਕਟਰ ਨਿਖਿਲ ਕੁਮਾਰ, ਤਰੁਣ ਉਪ ਹਲਕਾ ਕੋਆਰਡੀਨੇਟਰ, ਪਲਵਿੰਦਰ ਸਿੰਘ ਉਪ ਹਲਕਾ ਕੋਆਰਡੀਨੇਟਰ, ਬਲਾਕ ਕੋਆਰਡੀਨੇਟਰ ਹਾਰਦਿਕ, ਜਤਿੰਦਰ, ਸਾਹੁਲ, ਰਕੇਸ਼ ਕੋਟਲੀ, ਰਜਨੀਸ਼, ਕੁਲਵਿੰਦਰ ਸਿੰਘ, ਮਨੀਸ਼ ਗੁਪਤਾ ਸਰਪੰਚ ਬਮਿਆਲ, ਦਵਿੰਦਰ ਸਿੰਘ ਛੋਟੂ ਸਰਪੰਚ ਮੀਰ ਚੱਕ ਅਤੇ ਆਮ ਆਦਮੀ ਪਾਰਟੀ ਦੇ ਹੋਰ ਕਾਰਜ ਕਰਤਾ ਅਤੇ ਅਹੁਦੇਦਾਰ ਵੀ ਹਾਜ਼ਰ ਸਨ।

## 20 ਦੀ ਰੈਲੀ 'ਚ ਹਜ਼ਾਰਾਂ ਕਿਸਾਨ ਤੇ ਮਜ਼ਦੂਰ ਹੋਣਗੇ ਸ਼ਾਮਲ : ਬਲਵੰਤ ਘੋਹ



ਪਠਾਨਕੋਟ (ਦਵਿੰਦਰ ਸਿੰਘ)- ਦੋ ਕਿਸਾਨ ਜਥੇਬੰਦੀਆਂ ਜਮਹੂਰੀ ਕਿਸਾਨ ਸਭਾ ਅਤੇ ਪੰਜਾਬ ਕਿਸਾਨ ਯੂਨੀਅਨ ਦਰਮਿਆਨ ਇਤਿਹਾਸਕ ਏਕਤਾ ਕਾਨਫਰੰਸ ਮੌਕੇ ਦੇਸ਼ ਭਗਤ ਯਾਦਗਾਰ ਕੰਪਲੈਕਸ ਜਲੰਧਰ ਵਿਖੇ 20 ਸਤੰਬਰ ਦੀ ਵਿਸ਼ਾਲ ਰੈਲੀ ਵਿੱਚ ਪਠਾਨਕੋਟ-ਗੁਰਦਾਸਪੁਰ ਜ਼ਿਲ੍ਹੇ ਵਿੱਚੋਂ ਇਕ ਹਜ਼ਾਰ ਤੋਂ ਵੱਧ ਮਜ਼ਦੂਰਾਂ ਕਿਸਾਨਾਂ ਦਾ ਕਾਫ਼ਲਾ ਸ਼ਾਮਲ ਹੋਵੇਗਾ। ਜਮਹੂਰੀ ਕਿਸਾਨ ਸਭਾ ਦੇ ਸੂਬਈ ਆਗੂ ਕਾਮਰੇਡ ਬਲਵੰਤ ਸਿੰਘ ਘੋਹ ਨੇ ਦੱਸਿਆ ਕਿ ਅੱਜ ਜਦੋਂ ਦੇਸ਼ ਅੰਦਰ ਕੇਂਦਰ ਦੀ ਮੋਦੀ ਸਰਕਾਰ ਅਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਕਿਸਾਨਾਂ, ਮਜ਼ਦੂਰਾਂ ਤੇ ਮੁਲਾਜ਼ਮਾਂ ਖ਼ਿਲਾਫ਼ ਇਕ ਤੋਂ ਬਾਅਦ ਇਕ ਆਰਥਿਕ, ਰਾਜਨੀਤਕ ਤੇ ਵਿਚਾਰਧਾਰਕ ਹਮਲੇ ਕਰਕੇ ਮਿਹਨਤਕਸ਼ ਵਰਗ ਦੀਆਂ ਮੁਸ਼ਕਲਾਂ ਵਿੱਚ ਅਥਾਹ ਵਾਧਾ ਕਰ ਰਹੀ ਹੈ, ਉਸ ਸਮੇਂ ਦੋ ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਦਾ ਇੱਕ ਹੋਣਾ ਇਤਿਹਾਸਕ ਕਾਰਜ ਹੋਣ ਦੇ ਨਾਲ ਨਾਲ ਸੰਘਰਸ਼ ਨੂੰ ਹੋਰ ਬਲ ਬਖ਼ਸ਼ੇਗਾ।

ਰੈਲੀ ਉਪਰੰਤ ਆਲ ਇੰਡੀਆ ਕਿਸਾਨ ਮਹਾਂਸਭਾ ਦੀ ਦੋ ਦਿਨਾਂ 5ਵੀਂ ਕੌਮੀ ਕਾਨਫ਼ਰੰਸ ਵਿੱਚ ਦੇਸ਼ ਭਰ ਦੇ ਵੱਖ-ਵੱਖ ਸੂਬਿਆਂ ਤੋਂ ਇਕ ਹਜ਼ਾਰ ਦੇ ਕਰੀਬ ਪਹੁੰਚ ਰਹੇ ਡੈਲੀਗੇਟ ਕਿਸਾਨੀ ਮੰਗਾਂ, ਮਨਰੇਗਾ ਕਾਨੂੰਨ ਦੀ ਮੁੜ ਬਹਾਲੀ, ਦੇਸ਼ ਵਿਰੋਧੀ ਭਾਰਤ - ਅਮਰੀਕਾ ਵਿਕਤਰਫ਼ਾ ਅਮਰੀਕਾ ਪੱਖੀ ਫ੍ਰੀ ਟ੍ਰੇਡ ਵਪਾਰਕ ਸਮਝੌਤੇ ਖ਼ਿਲਾਫ਼ ਜਨਤਕ ਅੰਦੋਲਨ ਛੇੜਨ ਸਬੰਧੀ ਵਿਚਾਰ ਵਟਾਂਦਰਾ ਕਰਨਗੇ।

# ਗੁਰੂ ਨਾਨਕ ਸਾਹਿਬ ਦੇ ਵਿਆਹ ਪੁਰਬ ਦੀਆਂ ਰੌਣਕਾਂ

ਬਿਆਸ (ਪਰਮਜੀਤ ਸਿੰਘ ਰੱਖੜਾ)- ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 539ਵੇਂ ਵਿਆਹ ਪੁਰਬ ਨੂੰ ਲੈ ਕੇ ਸੰਗਤਾਂ ਦੇ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ।ਗੁਰੂ ਸਾਹਿਬ ਦੇ ਵਿਆਹ ਪੁਰਬ ਸਬੰਧੀ ਵੀਰਵਾਰ ਨੂੰ ਸਵੇਰੇ ਸੁਲਤਾਨਪੁਰ ਲੋਧੀ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਤੋਂ ਬਟਾਲਾ ਸਥਿਤ ਗੁਰਦੁਆਰਾ ਸ੍ਰੀ ਕੰਧ ਸਾਹਿਬ ਲਈ ਬਰਾਤ ਰੂਪੀ ਨਗਰ ਕੀਰਤਨ ਰਵਾਨਾ ਹੋਇਆ ਸੀ। ਜੋ ਦੇਰ ਸ਼ਾਮ ਜ਼ਿਲ੍ਹਾ ਅੰਮ੍ਰਿਤਸਰ ਅਧੀਨ ਪੈਂਦੇ ਹਾਈਟੈਕ ਨਾਕਾ ਬਿਆਸ ਰਾਹੀਂ ਮਾਝੇ ਵਿੱਚ ਦਾਖ਼ਲ ਹੋਣ 'ਤੇ ਵੱਖ-ਵੱਖ ਥਾਵਾਂ 'ਤੇ ਸੰਗਤਾਂ ਵੱਲੋਂ ਪੂਰੇ ਸ਼ਰਧਾ ਅਤੇ ਸਤਿਕਾਰ ਨਾਲ ਨਿੱਘਾ ਸਵਾਗਤ ਕੀਤਾ ਗਿਆ ਹੈ।ਇਸੇ ਤਹਿਤ ਬਿਆਸ ਵਿਖੇ ਵੀ ਬਰਾਤ ਰੂਪੀ ਨਗਰ ਕੀਰਤਨ ਦੇ ਪਹੁੰਚਣ ਮੌਕੇ ਐਸ ਐਸ ਪੀ ਅੰਮ੍ਰਿਤਸਰ ਦਿਹਾਤੀ ਕਵਲਪ੍ਰੀਤ ਸਿੰਘ ਚਾਹਲ ਦੀ ਅਗਵਾਈ ਹੇਠ ਜਿੱਥੇ ਭਾਰੀ ਪੁਲਿਸ ਬਲ ਤੈਨਾਤ ਦਿਖਾਈ ਦਿੱਤਾ।ਉੱਥੇ ਹੀ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਵੀ ਦੇਖਣ ਨੂੰ ਮਿਲਿਆ। ਸੰਗਤਾਂ ਵੱਲੋਂ ਗੁਰੂ ਸਾਹਿਬ ਦੇ ਸਰੂਪ ਵਾਲੀ ਪਾਲਕੀ ਸਾਹਿਬ ਦੇ ਦਰਸ਼ਨ ਕੀਤੇ ਗਏ ਅਤੇ ਫੁੱਲਾਂ ਦੀ ਵਰਖਾ ਕਰਕੇ ਸ਼ਰਧਾ ਪ੍ਰਗਟ ਕੀਤੀ ਗਈ।ਬਿਆਸ ਦੇ ਹਾਈਟੈਕ ਪੁਲਿਸ ਨਾਕੇ ਵਿਖੇ ਨਗਰ ਕੀਰਤਨ ਦੇ ਸਵਾਗਤ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ। ਪਾਲਕੀ ਸਾਹਿਬ ਦੇ ਉੱਪਰ ਫੁੱਲਾਂ ਦੀ ਵਰਖਾ ਕੀਤੀ ਗਈ। ਇਸ ਮੌਕੇ ਪੰਜਾਬ ਪੁਲਿਸ



ਦੀਆਂ ਟੁਕੜੀਆਂ ਵੱਲੋਂ ਗੁਰੂ ਸਾਹਿਬ ਨੂੰ ਸਲਾਮੀ ਵੀ ਦਿੱਤੀ ਗਈ।ਧਾਰਮਿਕ ਸਮਾਗਮ ਦੇ ਮੱਦੇਨਜ਼ਰ ਪੰਜਾਬ ਪੁਲਿਸ ਵੱਲੋਂ ਸੰਗਤਾਂ ਲਈ ਵੱਖ-ਵੱਖ ਤਰ੍ਹਾਂ ਦੇ ਲੰਗਰ ਵੀ ਲਗਾਏ ਗਏ। ਇਨ੍ਹਾਂ ਵਿੱਚ ਫਲ-ਫਰੂਟ, ਜਲ, ਲੱਡੂ ਅਤੇ ਹੋਰ ਖਾਣ-ਪੀਣ ਦੀਆਂ ਵਸਤਾਂ ਸ਼ਾਮਲ ਸਨ। ਪੁਲਿਸ ਮੁਲਾਜ਼ਮਾਂ ਵੱਲੋਂ ਨਗਰ ਕੀਰਤਨ ਵਿੱਚ ਸ਼ਾਮਲ ਸੰਗਤਾਂ ਦੀ ਸੇਵਾ ਵੀ ਕੀਤੀ ਗਈ।ਬਿਆਸ ਵਿਖੇ ਨਗਰ ਕੀਰਤਨ ਦੇ ਨਿੱਘੇ ਸਵਾਗਤ ਤੋਂ ਬਾਅਦ ਅੱਜ ਇਹ ਨਗਰ ਕੀਰਤਨ ਇਤਿਹਾਸਕ ਗੁਰੂ ਨਗਰੀ ਬਾਬਾ ਬਕਾਲਾ ਸਾਹਿਬ ਵਿਖੇ ਸਥਿਤ ਗੁਰਦੁਆਰਾ ਸ੍ਰੀ ਨੌਵੀਂ ਪਾਤਸ਼ਾਹੀ ਰਾਤ ਦਾ ਠਹਿਰਾਓ ਕਰੇਗਾ ਅਤੇ ਕੱਲ੍ਹ ਨੂੰ ਅੱਗੇ ਬਟਾਲਾ ਜਾਣ ਦੇ ਲਈ ਸੰਗਤਾਂ ਚਾਲੇ ਪਾਉਣਗੀਆਂ।ਇਸ ਦੌਰਾਨ ਗੱਲਬਾਤ ਕਰਦੇ ਹੋਏ ਐਸ ਐਸ ਪੀ ਅੰਮ੍ਰਿਤਸਰ ਦਿਹਾਤੀ ਕੰਵਲਪ੍ਰੀਤ ਸਿੰਘ ਚਾਹਲ ਨੇ ਪਹਿਲਾਂ ਤਾਂ ਦੇਸ਼ ਵਿਦੇਸ਼ ਦੇ ਵਿੱਚ ਵਿਚਰਦੀਆਂ ਸਮੂਹ ਸੰਗਤਾਂ ਨੂੰ ਗੁਰੂ ਸਾਹਿਬ ਦੇ ਵਿਆਹ ਪੁਰਬ ਦੀ ਵਧਾਈ ਦਿੱਤੀ। ਇਸ ਦੇ ਨਾਲ ਹੀ ਉਹਨਾਂ ਦੱਸਿਆ ਕਿ ਇਸ ਨਗਰ ਕੀਰਤਨ ਨੂੰ ਲੈ ਕੇ ਪੁਲਿਸ ਵੱਲੋਂ ਜਿੱਥੇ ਪੁਖਤਾ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ ਉੱਥੇ ਹੀ ਜ਼ਿਲ੍ਹੇ ਭਰ ਦੇ ਵਿੱਚ ਵਿਸ਼ੇਸ਼ ਤੌਰ ਦੇ ਉੱਤੇ ਟਰੈਫਿਕ ਪੁਲਿਸ ਟੀਮਾਂ ਵੀ ਤੈਨਾਤ ਕੀਤੀਆਂ ਗਈਆਂ ਹਨ।ਸੁਲਤਾਨਪੁਰ ਲੋਧੀ ਤੋਂ ਸ਼ੁਰੂ ਹੋਇਆ ਇਹ ਬਰਾਤ ਰੂਪੀ ਨਗਰ ਕੀਰਤਨ ਬਟਾਲਾ ਦੇ ਗੁਰਦੁਆਰਾ ਸ੍ਰੀ ਕੰਧ ਸਾਹਿਬ ਵਿਖੇ ਪਹੁੰਚੇਗਾ, ਜਿੱਥੇ ਵਿਆਹ ਪੁਰਬ ਸਬੰਧੀ ਅਗਲੇ ਧਾਰਮਿਕ ਸਮਾਗਮ ਰੱਖੇ ਗਏ ਹਨ।

## ਡਿਫੈਂਸਿਵ ਕਮੇਟੀਆਂ ਤੇ ਨਸ਼ਾ ਮੁਕਤੀ ਟੀਮ ਕਰਕੇ ਹੀ ਨਸ਼ੇ ਦਾ 90 ਫੀਸਦੀ ਲੱਕ ਟੁੱਟਿਆ : ਰੰਧਾਵਾ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਯੁੱਧ ਨਸ਼ਾ ਵਿਰੁੱਧ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਬਣਾਈਆਂ ਗਈਆਂ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਦੇ ਨਾਲ ਤਾਲਮੇਲ ਕਰਨ ਲਈ ਨਸ਼ਾ ਮੁਕਤੀ ਮੋਰਚਾ ਟੀਮ ਦੇ ਹਲਕਾ ਕੋਆਰਡੀਨੇਟਰ ਦਲਬੀਰ ਸਿੰਘ ਧਾਲੀਵਾਲ ਰਾਜੇਕੇ ਅਤੇ ਵਾਇਸ ਹਲਕਾ ਕੋਆਰਡੀਨੇਟਰ ਸੁਖਦੀਪ ਸਿੰਘ ਹਕੀਮਪੁਰ ਵੱਲੋਂ ਡੇਰਾ ਬਾਬਾ ਨਾਨਕ ਤੇ ਸਰਕਾਰੀ ਸੀਨੀਅਰ ਸਮਾਰਟ ਸਕੂਲ ਲੜਕੇ ਵਿਖੇ ਵਿਸ਼ੇਸ਼ ਮੀਟਿੰਗ ਕਰਵਾਈ ਗਈ।ਇਸ ਵਿੱਚ ਮੁੱਖ ਮਹਿਮਾਨ ਵਜੋਂ ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ, ਐਸ ਡੀ ਐਮ ਡੇਰਾ ਬਾਬਾ ਨਾਨਕ ਲਛਮਣ ਸਿੰਘ, ਐਸ ਐਚ ਓ ਡੇਰਾ ਬਾਬਾ ਨਾਨਕ ਅਸ਼ੋਕ ਕੁਮਾਰ ਸ਼ਰਮਾ, ਐਸ ਐਚ ਓ ਕੋਟਲੀ ਸੂਰਤ ਮੱਲੀ ਅਤੇ ਐਸ ਐਚ ਓ ਕਰਤਾਰਪੁਰ ਕੋਰੀਡੋਰ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਗਈ।ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਦਾ ਸਮਾਗਮ ਵਾਲੀ ਜਗ੍ਹਾ ਪਹੁੰਚਣ 'ਤੇ ਨਸ਼ਾ ਮੁਕਤੀ ਮੋਰਚਾ ਟੀਮ ਮੈਂਬਰਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ।ਇਸ ਮੌਕੇ ਵਿਧਾਇਕ ਰੰਧਾਵਾ ਨੇ ਡਿਫੈਂਸ ਕਮੇਟੀਆਂ ਅਤੇ ਇਲਾਕੇ ਦੇ ਪੰਚਾਂ ਸਰਪੰਚਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਬਣਾਈਆਂ ਗਈਆਂ ਡਿਫੈਂਸ ਕਮੇਟੀਆਂ ਦੇ ਤਾਲਮੇਲ ਨਾਲ ਇਲਾਕੇ ਵਿੱਚੋਂ ਕਰੀਬ 90 ਪ੍ਰਤੀਸ਼ਤ ਨਸ਼ੇ ਦਾ ਲੱਕ ਟੁੱਟ ਚੁੱਕਾ ਹੈ ਪਰ ਅਜੇ ਵੀ 10 ਪ੍ਰਤੀਸ਼ਤ ਨਸ਼ਾ ਤਸਕਰ ਚੋਰ ਮੋਰੀਆਂ ਰਾਹੀਂ ਨਸ਼ਾ ਵੇਚ ਰਹੇ ਹਨ ਜਿਨ੍ਹਾਂ ਨੂੰ ਨੱਥ ਪਾਉਣ ਲਈ ਪ੍ਰਸ਼ਾਸਨ ਨੂੰ ਸਖ਼ਤ ਨਿਰਦੇਸ਼ ਜਾਰੀ ਕੀਤੇ ਗਏ ਹਨ। ਇਸ ਮੌਕੇ ਵਿਧਾਇਕ ਰੰਧਾਵਾ ਵੱਲੋਂ ਨਸ਼ਾ ਮੁਕਤੀ ਮੋਰਚਾ ਟੀਮ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਨਸ਼ਾ ਮੁਕਤੀ ਟੀਮ ਵੱਲੋਂ ਪਿੰਡਾਂ ਵਿੱਚ ਡਿਫੈਂਸ ਕਮੇਟੀਆਂ ਬਣਾ ਕੇ ਉਹਨਾਂ ਦੇ ਤਾਲਮੇਲ ਸਦਕਾ ਹੀ ਅੱਜ ਨਸ਼ਾ ਮੁੱਕਣ ਦੀ ਕਗਾਰ 'ਤੇ ਆ ਗਿਆ ਹੈ ਤੇ ਜਲਦੀ ਹੀ ਪੰਜਾਬ ਸੂਬਾ ਨਸ਼ਾ ਮੁਕਤ ਅਤੇ ਰੰਗਲਾ ਪੰਜਾਬ ਬਣੇਗਾ।ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਦੇ ਜੀਵਨ ਉੱਪਰ ਦਰਸਾਈ ਗਈ ਫਿਲਮ ਸਤੌਜ ਤੋਂ ਸੰਸਦ ਤੱਕ ਦਿਖਾਈ ਗਈ।ਇਸ ਮੌਕੇ ਪ੍ਰਧਾਨ ਰਜੇਸ਼ ਕੁਮਾਰ ਬਿੱਟਾ ਡੇਰਾ ਬਾਬਾ ਨਾਨਕ, ਨਾਇਬ ਤਹਿਸੀਲਦਾਰ ਕੁਲਵੰਤ ਸਿੰਘ, ਆਪ ਆਗੂ ਚੇਤਨ ਸਿੰਘ ਖਾਲਸਾ, ਕੈਪਟਨ ਜਸਬੀਰ ਸਿੰਘ ਕਾਹਲਾਂ ਵਾਲੀ, ਯੂਥ ਤੇਜਿੰਦਰ ਸਿੰਘ ਨਿਕੋਸਰਾ, ਫੌਜੀ ਸਤਨਾਮ ਸਿੰਘ ਟਰਪੱਲਾ,ਸਰਪੰਚ ਮਹਿੰਦਰ ਸਿੰਘ ਨਿਕੋਸਰਾ, ਸਰਪੰਚ ਬਲਵਿੰਦਰ ਸਿੰਘ ਸ਼ਿਕਾਰ ਮਾਛੀਆਂ, ਬਲਾਕ ਪ੍ਰਧਾਨ ਅੰਗਰੇਜ਼ ਸਿੰਘ ਸ਼ਾਹਪੁਰ ਗੁਰਾਇਆ, ਮਲਕੀਤ ਸਿੰਘ ਸਰਪੰਚ ਖੁਸ਼ਹਾਲਪੁਰ, ਸਰਪੰਚ ਸੁਲੱਖਣ ਸਿੰਘ ਬਸੰਤਕੋਟ, ਸਰਪੰਚ ਬਲਦੇਵ ਸਿੰਘ ਬੱਲੀ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਡਿਫੈਂਸ ਕਮੇਟੀਆਂ ਦੇ ਮੈਂਬਰ ਅਤੇ ਨਸ਼ਾ ਮੁਕਤੀ ਮੋਰਚਾ ਦੇ ਬਲਾਕ ਪ੍ਰਧਾਨ ਹਾਜ਼ਰ ਸਨ।

## ਡਿਪਟੀ ਕਮਿਸ਼ਨਰ ਵੱਲੋਂ ਵਿਆਹ ਪੁਰਬ ਦੀ ਵਧਾਈ




ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ) - ਸ੍ਰੀ ਆਦਿਤਿਆ ਉੱਪਲ ਡਿਪਟੀ ਕਮਿਸ਼ਨਰ ਗੁਰਦਾਸਪੁਰ ਨੇ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਅਤੇ ਸੁਲੱਖਣੀ ਦੇ ਵਿਆਹ ਪੁਰਬ ਦੀ ਵਧਾਈ ਦਿੱਤੀ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਦਾ ਬਟਾਲਾ ਸ਼ਹਿਰ ਵਿਖੇ ਮਾਤਾ ਸੁਲੱਖਣੀ ਨਾਲ ਪਾਵਨ ਅਸਥਾਨ ਗੁਰਦੁਆਰਾ ਸ੍ਰੀ ਡੇਹਰਾ ਸਾਹਿਬ ਵਿਖੇ ਵਿਆਹ ਹੋਇਆ ਸੀ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੇ ਪਾਵਨ ਚਰਨ ਪੈਣ ਨਾਲ ਬਟਾਲਾ ਧਰਤੀ ਪੁਲਤ ਹੋਈ ਹੈ ਅਤੇ ਅੱਜ ਦੁਨੀਆਂ ਭਰ ਦੇ ਲੋਕ ਬਟਾਲਾ ਸ਼ਹਿਰ ਵਿਖੇ ਗੁਰੂ ਸਾਹਿਬ ਦੇ ਵਿਆਹ ਅਸਥਾਨ ਵਿਖੇ ਨਤਮਸਤਕ ਹੋ ਕੇ ਆਸ਼ੀਰਵਾਦ ਪ੍ਰਾਪਤ ਕਰਦੇ ਹਨ।

## ਐੱਸ ਐੱਸ ਪੀ ਬਟਾਲਾ ਵੱਲੋਂ ਸਮੂਹ ਸੰਗਤਾਂ ਨੂੰ ਮੁਬਾਰਕਬਾਦ



ਬਟਾਲਾ (ਡਾਕਟਰ ਮਲਵਿੰਦਰ ਸਿੰਘ ) - ਸ੍ਰੀ ਨਾਨਕ ਦੇਵ ਅਤੇ ਮਾਤਾ ਸੁਲੱਖਣੀ ਦੇ ਵਿਆਹ ਪੁਰਬ ਦੀ ਮੁਬਾਰਕਬਾਦ ਦਿੰਦਿਆਂ ਐਸ.ਐਸ.ਪੀ ਬਟਾਲਾ ਡਾ. ਮਹਿਤਾਬ ਸਿੰਘ ਨੇ ਕਿਹਾ ਕਿ ਵਿਆਹ ਪੁਰਬ ਸਮਾਗਮਾਂ ਸਬੰਧੀ ਬਟਾਲਾ ਪੁਲਿਸ ਵਲੋਂ ਸੰਗਤਾਂ ਦੀ ਸਹੂਲਤ ਲਈ ਆਵਾਜਾਈ ਤੇ ਸੁਰੱਖਿਆ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਅਸੀ ਸਾਰੇ ਜਾਣਦੇ ਬਹੁਤ ਵਡਭਾਗੀ ਹਾਂ ਕਿ ਸਾਨੂੰ ਗੁਰੂ ਸਾਹਿਬ ਜੀ ਦੇ ਵਿਆਹ ਪੁਰਬ ਸਮਾਗਮ ਮਨਾਉਣ ਦੀ ਸੇਵਾ ਮਿਲੀ ਹੈ। ਉਨ੍ਹਾਂ ਕਿਹਾ ਕਿ ਦੇਸ਼-ਵਿਦੇਸ਼ ਵਿੱਚੋਂ ਆ ਰਹੀ ਸੰਗਤ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਆਵਾਜਾਈ ਦੀ ਸਹੂਲਤ ਲਈ ਟਰੈਫਿਕ ਪੁਲਿਸ ਵਲੋਂ ਪ੍ਰਬੰਧ ਕੀਤੇ ਗਏ ਹਨ ਅਤੇ ਸੰਗਤਾਂ ਦੇ ਸਹਿਯੋਗ ਨਾਲ ਵਿਆਹ ਪੁਰਬ ਸਮਾਗਮ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹੇ ਜਾਣਗੇ।

## ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਗੁਰੂ ਵੰਦਨ ਛਾਤਰ ਅਭਿਨੰਦਨ ਪ੍ਰੋਗਰਾਮ



ਅੰਮ੍ਰਿਤਸਰ (ਅਰੋੜਾ) : ਭਾਰਤ ਵਿਕਾਸ ਪ੍ਰੀਸ਼ਦ ਛੇਹਰਟਾ ਸ਼ਾਖਾ ਵੱਲੋਂ ਪ੍ਰਭਾਕਰ ਸੀਨੀਅਰ ਸੈਕੰਡਰੀ ਸਕੂਲ, ਛੇਹਰਟਾ ਵਿਖੇ ਗੁਰੂ ਵੰਦਨ-ਛਾਤਰ ਅਭਿਨੰਦਨ ਪ੍ਰੋਗਰਾਮ ਦਾ ਆਯੋਜਨ ਸ਼ਾਖਾ ਦੀ ਪ੍ਰਧਾਨ ਮੈਡਮ ਜਨਕ ਜੋਸ਼ੀ ਦੀ ਪ੍ਰਧਾਨਗੀ ਹੇਠ ਕੀਤਾ ਗਿਆ। ਪ੍ਰੋਗਰਾਮ ਦਾ ਮਨੋਰਥ ਸਿੱਖਿਆ ਦੇ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੇ ਅਧਿਆਪਕਾਂ ਪ੍ਰਤੀ ਸਤਿਕਾਰ ਅਤੇ ਧੰਨਵਾਦ ਪ੍ਰਗਟ ਕਰਨਾ ਅਤੇ ਸਿਖਲਾਈ ਪ੍ਰਾਪਤ ਅਧਿਆਪਕਾਂ ਦਾ ਅਭਿਨੰਦਨ ਕਰਨਾ ਸੀ।ਪ੍ਰੋਗਰਾਮ ਵਿੱਚ ਭਾਰਤ ਵਿਕਾਸ ਪ੍ਰੀਸ਼ਦ ਦੇ ਮੈਂਬਰ ਸ਼੍ਰੀ ਸਤੀਸ਼ ਬੱਲੂ , ਪ੍ਰੋਜੈਕਟ ਹੈੱਡ ਸ਼੍ਰੀ ਨੀਰਜ ਨਈਅਰ , ਭਾਰਤ ਵਿਕਾਸ ਪਰਿਸ਼ਦ ਪੰਜਾਬ ਉੱਤਰ ਦੇ ਪ੍ਰਧਾਨ ਸ਼੍ਰੀ ਰਾਜੇਸ਼ ਪ੍ਰਭਾਕਰ, ਜਨਰਲ ਸਕੱਤਰ ਸ਼੍ਰੀ ਰਵਿੰਦਰ ਪਠਾਨੀਆ, ਸ਼੍ਰੀ ਗਗਨਦੀਪ ਸਿੰਘ, ਡਾ. ਹਰਜੀਤ ਸਿੰਘ , ਮੈਡਮ ਸੋਨੀਆ, ਮੈਡਮ ਚਾਵਲਾ, ਡਾ. ਨੀਰਜਾ ਜਿੰਦਲ, ਡਾ. ਜਸਪ੍ਰੀਤ ਕੌਰ, ਸਕੂਲ ਦੇ ਐਜੂਕੇਸ਼ਨ ਐਡਵਾਈਜ਼ਰ ਕਰਨਲ ਸ਼ਿਵ ਪਟਿਆਲ, ਮੈਡਮ ਰਚਨਾ ਪ੍ਰਭਾਕਰ ਸਮੇਤ ਸਕੂਲ ਸਟਾਫ਼ ਦੇ ਮੈਂਬਰ ਹਾਜ਼ਰ ਸਨ।ਪ੍ਰੋਗਰਾਮ ਦੌਰਾਨ ਸਿੱਖਿਆ ਦੇ ਖੇਤਰ ਵਿੱਚ ਸ਼ਲਾਘਾਯੋਗ ਯੋਗਦਾਨ ਪਾਉਣ ਵਾਲੇ ਅਧਿਆਪਕਾਂ ਨੂੰ ਸਨਮਾਨਿਤ ਕੀਤਾ ਗਿਆ। ਸਨਮਾਨਿਤ ਅਧਿਆਪਕਾਂ ਵਿੱਚ ਡਾ. ਪੂਜਾ ਸ਼ਰਮਾ (ਅਸਿਸਟੈਂਟ ਪ੍ਰੋਫੈਸਰ, ਖਾਲਸਾ ਯੂਨੀਵਰਸਿਟੀ, ਅੰਮ੍ਰਿਤਸਰ), ਸ਼੍ਰੀਮਤੀ ਬਿਪਲਪ੍ਰੀਤ ਕੌਰ (ਗੌਰਮਿੰਟ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਨਵਾਂਕੋਟ), ਡਾ. ਜਸਪ੍ਰੀਤ ਕੌਰ, ਸ਼੍ਰੀਮਤੀ ਅਮਨਪ੍ਰੀਤ ਕੌਰ, ਸ਼੍ਰੀਮਤੀ ਰਣਜੀਤ ਕੌਰ, ਸ਼੍ਰੀ ਅਸ਼ਵਨੀ ਕੁਮਾਰ, ਮੈਡਮ ਰਿੰਪੀ ਸ਼ਰਮਾ ਅਤੇ ਮੈਡਮ ਰਾਧਿਕਾ ਸ਼ਾਮਲ ਸਨ।

## ਡਾ. ਕਮਲਜੀਤ ਸਿੰਘ ਵੱਲੋਂ ਮਨੀਸ਼ ਸਿਸੋਦੀਆ ਨਾਲ ਮੁਲਾਕਾਤ



ਧਾਰੀਵਾਲ (ਮਨਦੀਪ ਵਿੱਕੀ)- ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਤੋਂ ਸੇਵਾਦਾਰ ਡਾ.ਕਮਲਜੀਤ ਸਿੰਘ ਕੇਜੇ ਨੂੰ ਪੰਜਾਬ ਸਰਕਾਰ ਵੱਲੋਂ ਪੰਜਾਬ ਐਨਰਜੀ ਡਿਵੈਲਪਮੈਂਟ ਏਜੰਸੀ (ਪੇਡਾ) ਦਾ ਸੀਨੀਅਰ ਵਾਈਸ ਚੇਅਰਮੈਨ ਨਿਯੁਕਤ ਕੀਤੇ ਜਾਣ ਤੋਂ ਬਾਅਦ ਉਨ੍ਹਾਂ ਨੇ ਦਿੱਲੀ ਦੇ ਸਾਬਕਾ ਸਿੱਖਿਆ ਮੰਤਰੀ ਅਤੇ 'ਆਪ' ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਸ੍ਰੀ ਮਨੀਸ਼ ਸਿਸੋਦੀਆ ਨਾਲ ਇੱਕ ਅਹਿਮ ਮੁਲਾਕਾਤ ਕੀਤੀ।ਇਸ ਮੁਲਾਕਾਤ ਦੌਰਾਨ ਡਾ. ਕਮਲਜੀਤ ਸਿੰਘ ਕੇਜੇ ਨੇ ਸ੍ਰੀ ਮਨੀਸ਼ ਸਿਸੋਦੀਆ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕੀਤਾ ਅਤੇ ਇਸ ਅਹਿਮ ਜ਼ਿੰਮੇਵਾਰੀ ਲਈ ਪਾਰਟੀ ਹਾਈਕਮਾਂਡ, ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਦੌਰਾਨ ਸ੍ਰੀ ਮਨੀਸ਼ ਸਿਸੋਦੀਆ ਨੇ ਡਾ.ਕੇਜੇ ਨੂੰ ਨਵੀਂ ਨਿਯੁਕਤੀ ਦੀ ਵਧਾਈ ਦਿੱਤੀ ਅਤੇ ਉਮੀਦ ਜਤਾਈ ਕਿ ਉਹ ਪੰਜਾਬ ਵਿੱਚ ਨਵਿਆਉਣਯੋਗ ਊਰਜਾ ਦੇ ਖੇਤਰ ਵਿੱਚ ਸ਼ਾਨਦਾਰ ਕੰਮ ਕਰਕੇ ਪਾਰਟੀ ਅਤੇ ਸਰਕਾਰ ਦੀਆਂ ਉਮੀਦਾਂ 'ਤੇ ਖਰੇ ਉਤਰਨਗੇ।ਇਸ ਦੇ ਨਾਲ ਹੀ ਉਨ੍ਹਾਂ ਨੇ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਵਿੱਚ ਪਾਰਟੀ ਦੀਆਂ ਗਤੀਵਿਧੀਆਂ ਨੂੰ ਹੋਰ ਮਜ਼ਬੂਤ ਕਰਨ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੂਬਾ ਉਪ ਪ੍ਰਧਾਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਵੀ ਮੌਜੂਦ ਸਨ।

# ਔਜਲਾ ਨੇ ਬੀ ਐੱਸ ਐੱਨ ਐੱਲ ਐਡਵਾਇਜ਼ਰੀ ਕਮੇਟੀ ਦੀ ਮੀਟਿੰਗ 'ਚ ਸੇਵਾਵਾਂ ਦੀ ਕੀਤੀ ਸਮੀਖਿਆ

ਛੇਹਰਟਾ/ਜੈਂਤੀਪੁਰ (ਮਨੋਜ ਕੁਮਾਰ/ਸੁਖਬੀਰ ਸਿੱਧੂ)- ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਨੇ ਬੀ ਐਸ ਐਨ ਐਲ ਟੈਲੀਫੋਨ ਐਡਵਾਇਜ਼ਰੀ ਕਮੇਟੀ ਦੀ ਮੀਟਿੰਗ ਕਰਕੇ ਅੰਮ੍ਰਿਤਸਰ ਸਮੇਤ ਸੰਬੰਧਤ ਖੇਤਰਾਂ ਵਿੱਚ ਬੀ ਐਸ ਐਨ ਐਲ ਦੀਆਂ ਸੇਵਾਵਾਂ ਅਤੇ ਨੈੱਟਵਰਕ ਵਿਵਸਥਾ ਦੀ ਸਮੀਖਿਆ ਕੀਤੀ। ਮੀਟਿੰਗ ਦੌਰਾਨ ਅੰਮ੍ਰਿਤਸਰ, ਹਰੀਕੇ, ਕਪੂਰਥਲਾ ਅਤੇ ਤਰਨਤਾਰਨ ਖੇਤਰਾਂ ਵਿੱਚ ਬੀ ਐਸ ਐਨ ਐਲ ਦੇ ਨੈੱਟਵਰਕ ਦੇ ਵਿਸਥਾਰ, ਨਵੇਂ ਕੁਨੈਕਸ਼ਨ ਵਧਾਉਣ, ਫਾਈਬਰ ਆਪਟੀਕਲ ਨੈੱਟਵਰਕ ਅਤੇ ਪੇਂਡੂ ਇਲਾਕਿਆਂ ਨੂੰ ਇੰਟਰਨੈੱਟ ਨਾਲ ਜੋੜਨ ਲਈ ਚੱਲ ਰਹੇ ਕੰਮਾਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ।ਮੀਟਿੰਗ ਵਿੱਚ ਪੇਂਡੂ ਖੇਤਰਾਂ ਵਿੱਚ ਵਿਛਾਈ ਜਾ ਰਹੀ ਫਾਈਬਰ ਆਪਟੀਕਲ ਕੇਬਲ ਦੀ ਪ੍ਰਗਤੀ ਦੀ ਸਮੀਖਿਆ ਕੀਤੀ ਗਈ। ਇਸ ਦੇ ਨਾਲ ਹੀ ਨੈੱਟਵਰਕ ਨੂੰ ਇਸ ਤਰ੍ਹਾਂ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ ਗਿਆ ਕਿ ਕਿਸੇ ਇੱਕ ਥਾਂ 'ਤੇ ਕੇਬਲ ਕੱਟ ਜਾਣ ਦੀ ਸਥਿਤੀ ਵਿੱਚ ਪੂਰੇ ਖੇਤਰ ਦੀਆਂ ਇੰਟਰਨੈੱਟ ਅਤੇ ਟੈਲੀਫੋਨ ਸੇਵਾਵਾਂ ਪ੍ਰਭਾਵਿਤ ਨਾ ਹੋਣ।



ਰੱਖਿਆ ਗਿਆ ਕਿ ਅੰਮ੍ਰਿਤਸਰ ਏਅਰਪੋਰਟ 'ਤੇ ਬਾਹਰੋਂ ਆਉਣ ਵਾਲੇ ਅਤੇ ਵਿਦੇਸ਼ ਜਾਣ ਵਾਲੇ ਯਾਤਰੀਆਂ ਨੂੰ ਬੀ ਐਸ ਐਨ ਐਲ ਦੀ ਸਿਮ ਉਪਲਬਧ ਕਰਵਾਉਣ ਦੀ ਸਹੂਲਤ ਸ਼ੁਰੂ ਕੀਤੀ ਜਾਵੇ। ਇਸ ਤੋਂ ਇਲਾਵਾ ਹੋਟਲ ਇੰਡਸਟਰੀ ਨੂੰ ਵੀ ਬੀ ਐਸ ਐਨ ਐਲ ਦੀਆਂ ਸੇਵਾਵਾਂ ਨਾਲ ਜੋੜਨ ਅਤੇ ਇਸ ਲਈ ਢੁਕਵਾਂ ਬਿਜ਼ਨਸ ਮਾਡਲ ਤਿਆਰ ਕਰਨ 'ਤੇ ਵੀ ਵਿਚਾਰ ਕੀਤਾ ਗਿਆ। ਇਸ ਦੌਰਾਨ ਬੀ ਐਸ ਐਨ ਐਲ ਦੀਆਂ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਗਾਹਕਾਂ ਦੀਆਂ ਸ਼ਿਕਾਇਤਾਂ ਦੇ ਤੁਰੰਤ ਨਿਪਟਾਰੇ ਅਤੇ ਕਰਮਚਾਰੀਆਂ ਦੀ ਕਾਰਜਪ੍ਰਣਾਲੀ ਵਿੱਚ ਸੁਧਾਰ ਦਾ ਮੁੱਦਾ ਵੀ ਉਠਾਇਆ ਗਿਆ। ਟੈਲੀਫੋਨ ਐਡਵਾਇਜ਼ਰੀ ਕਮੇਟੀ ਦੇ ਮੈਂਬਰਾਂ ਨੇ ਵੀ ਮੀਟਿੰਗ ਵਿੱਚ ਹਿੱਸਾ ਲਿਆ।

ਇਸ ਲਈ ਬਦਲਵੇਂ ਰੂਟ ਅਤੇ ਸਰਕਿਟ ਤਿਆਰ ਕਰਨ ਦੀ ਵਿਵਸਥਾ 'ਤੇ ਵੀ ਚਰਚਾ ਹੋਈ। ਦੱਸਿਆ ਗਿਆ ਕਿ ਅੰਮ੍ਰਿਤਸਰ ਸ਼ਹਿਰ ਵਿੱਚ ਇਸ ਦਿਸ਼ਾ ਵਿੱਚ ਕਾਫ਼ੀ ਕੰਮ ਹੋ ਚੁੱਕਾ ਹੈ, ਜਦਕਿ ਪੇਂਡੂ ਖੇਤਰਾਂ ਵਿੱਚ ਵੀ ਨੈੱਟਵਰਕ ਨੂੰ ਹੋਰ ਮਜ਼ਬੂਤ ਕਰਨ ਲਈ ਕੰਮ ਜਾਰੀ ਹੈ।ਸੰਸਦ ਮੈਂਬਰ ਨੇ ਅੰਮ੍ਰਿਤਸਰ ਏਅਰਪੋਰਟ ਅਤੇ ਸੈਰ-ਸਪਾਟਾ ਖੇਤਰ ਵਿੱਚ ਬੀ ਐਸ ਐਨ ਐਲ ਦੀਆਂ ਸੇਵਾਵਾਂ ਦੇ ਵਿਸਥਾਰ ਦੀਆਂ ਸੰਭਾਵਨਾਵਾਂ 'ਤੇ ਵੀ ਚਰਚਾ ਕੀਤੀ। ਮੀਟਿੰਗ ਵਿੱਚ ਪ੍ਰਸਤਾਵ

## ਗੁਰਦਾਸਪੁਰ ਜ਼ਿਲ੍ਹੇ 'ਚ ਅੱਜ ਛੁੱਟੀ ਰਹੇਗੀ

ਡੇਰਾ ਬਾਬਾ ਨਾਨਕ/ਬਟਾਲਾ/ਧਾਰੀਵਾਲ (ਰਮੇਸ਼ ਸ਼ਰਮਾ/ਡਾ. ਮਲਵਿੰਦਰ ਸਿੰਘ/ਮਨਦੀਪ ਵਿੱਕੀ)- ਸ੍ਰੀ ਆਦਿਤਿਆ ਉੱਪਲ ,ਡਿਪਟੀ ਕਮਿਸ਼ਨਰ ਵੱਲੋਂ ਜਾਰੀ ਕੀਤੇ ਹੁਕਮਾਂ ਤਹਿਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਅਵਸਰ 'ਤੇ 18 ਸਤੰਬਰ ਦਿਨ ਸ਼ੁੱਕਰਵਾਰ ਨੂੰ ਜ਼ਿਲ੍ਹਾ ਗੁਰਦਾਸਪੁਰ ਦੇ ਸਾਰੇ ਸਕੂਲਾਂ, ਦਫਤਰਾਂ, ਬੋਰਡਾਂ/ਕਾਰਪੋਰੇਸ਼ਨ ਅਤੇ ਸਰਕਾਰੀ ਵਿਦਿਅਕ ਅਦਾਰਿਆਂ ਵਿੱਚ ਸਥਾਨਕ ਛੁੱਟੀ ਘੋਸ਼ਿਤ ਕੀਤੀ ਗਈ ਹੈ। ਇਸ ਦਿਨ ਬੋਰਡ/ਯੂਨੀਵਰਸਿਟੀ ਵੱਲੋਂ ਲਈਆਂ ਜਾ ਰਹੀਆਂ ਪ੍ਰੀਖਿਆਵਾਂ ਪਹਿਲਾਂ ਦੀ ਤਰ੍ਹਾਂ ਹੀ ਹੋਣਗੀਆਂ।

## ਕੁੱਕ ਕਮ ਹੈਲਪਰਾਂ ਨੂੰ ਮਿਲੇਗੀ ਵਰਦੀ

ਵੇਰਕਾ (ਰਾਣਾ)-ਪੀ.ਐਮ ਪੋਸ਼ਣ ਪੰਜਾਬ ਸਕੀਮ ਅਧੀਨ ਸਰਕਾਰੀ ਸਕੂਲਾਂ ਵਿੱਚ ਕੰਮ ਕਰਨ ਵਾਲੀਆਂ ਕੁੱਕ ਕਮ ਹੈਲਪਰਾਂ ਨੂੰ ਸਾਲ ਵਿੱਚ ਦੋ ਵਾਰ ਮੁਫ਼ਤ ਵਰਦੀ ਮਿਲੇਗੀ। ਇਸ ਸੰਬੰਧ ਵਿੱਚ ਸਕੂਲ ਸਿੱਖਿਆ ਵਿਭਾਗ ਪੰਜਾਬ ਸਰਕਾਰ ਚੰਡੀਗੜ੍ਹ ਵੱਲੋਂ ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰਾਂ ( ਐਲੀ: ਸਿੱ: ) ਨੂੰ ਨਿਰਦੇਸ਼ ਜਾਰੀ ਕੀਤੇ ਗਏ ਹਨ ਕਿ ਪੀ.ਐਮ ਪੋਸ਼ਣ ਤਹਿਤ ਕੰਮ ਕਰਨ ਵਾਲੀਆਂ ਕੁੱਕ ਕਮ ਹੈਲਪਰਾਂ ਨੂੰ ਸਾਲ ਵਿੱਚ ਦੋ ਵਾਰ ਗਰਮੀਆਂ ਦੀ ਵਰਦੀ ਲਈ 600 ਰੁਪਏ ਅਤੇ ਸਰਦੀਆਂ ਦੀ ਵਰਦੀ ਲਈ 600 ਰੁਪਏ ਭਾਵ ਕੁੱਲ 1200 ਰੁਪਏ ਵਰਦੀ ਵਾਸਤੇ ਦਿੱਤੇ ਜਾਣਗੇ। ਇਹ ਉਪਰੋਕਤ ਕੁੱਕ ਕਮ ਹੈਲਪਰ ਯੂਨੀਅਨ ਪੰਜਾਬ ਦੀ ਸਰਕਾਰ ਪਾਸੋਂ ਚਿਰੋਕਣੀ ਮੰਗ ਸੀ।


## ਮਾਰਕਿਟ ਕਮੇਟੀ ਗਹਿਰੀ ਮੰਡੀ ਅਤੇ ਮਹਿਤਾ ਦੇ ਨਵ ਨਿਯੁਕਤ ਚੇਅਰਮੈਨਾਂ ਨੇ ਸੰਭਾਲੇ ਅਹੁਦੇ



ਤਰਸਿੱਕਾ (ਤਰਸੇਮ ਸਿੰਘ ਸਾਹਪੁਰ)- ਮਾਰਕੀਟ ਕਮੇਟੀ ਗਹਿਰੀ ਮੰਡੀ ਦੇ ਨਵ ਨਿਯੁਕਤ ਚੇਅਰਮੈਨ ਸ. ਹਰਪਾਲ ਸਿੰਘ ਚੌਹਾਨ ਅਤੇ ਮਾਰਕੀਟ ਕਮੇਟੀ ਮਹਿਤਾ ਦੇ ਚੇਅਰਮੈਨ ਸ. ਲਖਵਿੰਦਰ ਸਿੰਘ ਉਸਮਾਂ ਨੇ ਵੀਰਵਾਰ ਨੂੰ ਕਰਵਾਏ ਗਏ ਤਾਜਪੋਸ਼ੀ ਸਮਾਗਮ ਦੌਰਾਨ ਆਪਣੇ-ਆਪਣੇ ਅਹੁਦੇ ਸੰਭਾਲ ਲਏ।ਇਸ ਮੌਕੇ ਸੂਬੇ ਦੇ ਲੋਕ ਨਿਰਮਾਣ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਅਤੇ ਨਵ ਨਿਯੁਕਤ ਚੇਅਰਮੈਨਾਂ ਨੂੰ ਅਹੁਦਾ ਸੰਭਾਲਣ 'ਤੇ ਵਧਾਈ ਦਿੱਤੀ। ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਕਿਸਾਨ, ਆੜ੍ਹਤੀਏ, ਇਲਾਕੇ ਦੇ ਹੋਰ ਮੁਹਤਬਰ ਵਿਅਕਤੀ ਅਤੇ ਆਮ ਆਦਮੀ ਪਾਰਟੀ ਦੇ ਵਲੰਟੀਅਰ ਵੀ ਹਾਜ਼ਰ ਸਨ।ਸਮਾਗਮ ਨੂੰ ਸੰਬੋਧਨ ਕਰਦਿਆਂ ਸ. ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਨਵ ਨਿਯੁਕਤ ਚੇਅਰਮੈਨ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਂਦਿਆਂ ਕਿਸਾਨਾਂ ਦੀ ਭਲਾਈ ਅਤੇ ਮਾਰਕਿਟ ਕਮੇਟੀਆਂ ਦੇ ਕੰਮਕਾਜ ਨੂੰ ਹੋਰ ਬਿਹਤਰ ਬਣਾਉਣ ਲਈ ਯਤਨਸ਼ੀਲ ਰਹਿਣਗੇ। ਇਸ ਮੌਕੇ ਨਵ ਨਿਯੁਕਤ ਚੇਅਰਮੈਨ ਸ. ਹਰਪਾਲ ਸਿੰਘ ਚੌਹਾਨ ਅਤੇ ਸ. ਲਖਵਿੰਦਰ ਸਿੰਘ ਉਸਮਾਂ ਨੇ ਪੰਜਾਬ ਸਰਕਾਰ ਅਤੇ ਲੋਕ ਨਿਰਮਾਣ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਉਨ੍ਹਾਂ ਨੂੰ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ, ਮਿਹਨਤ ਅਤੇ ਤਨਦੇਹੀ ਨਾਲ ਨਿਭਾਉਣਗੇ ਅਤੇ ਕਿਸਾਨਾਂ ਦੀ ਭਲਾਈ ਲਈ ਲਗਾਤਾਰ ਕੰਮ ਕਰਦੇ ਰਹਿਣਗੇ।

## ਵਿਆਹ ਪੁਰਬ ਮੌਕੇ ਆਰ ਡੀ ਖੋਸਲਾ ਸਕੂਲ 'ਚ ਸੁਖਮਨੀ ਸਾਹਿਬ ਦਾ ਪਾਠ

ਬਟਾਲਾ (ਤਰਲੋਕ ਬੱਗਾ, ਡਾ ਮਲਵਿੰਦਰ ਸਿੰਘ)- ਆਰ.ਡੀ. ਖੋਸਲਾ ਡੀ.ਏ.ਵੀ. ਮਾਡਲ ਸੀਨੀਅਰ ਸੈਕੰਡਰੀ ਸਕੂਲ ਵਿਖੇ ਸ੍ਰੀ ਗੁਰੂ ਨਾਨਕ ਦੇਵ ਦੇ ਵਿਆਹ ਦੀ ਖੁਸ਼ੀ ਮਨਾਈ ਗਈ। ਇਸ ਮੌਕੇ ਸੁਖਮਨੀ ਸਾਹਿਬ ਦਾ ਪਾਠ ਕੀਤਾ ਗਿਆ ਜਿਸ ਵਿੱਚ ਸਕੂਲ ਦੇ ਚੇਅਰਮੈਨ ਸ਼੍ਰੀ ਅਰਵਿੰਦ ਖੋਸਲਾ, ਪ੍ਰਧਾਨ ਸ਼੍ਰੀ ਅਜੈ ਖੋਸਲਾ, ਪ੍ਰਿੰਸੀਪਲ ਡਾ. ਬਿੰਦੂ ਭੱਲਾ, ਪ੍ਰਬੰਧਕ ਕਮੇਟੀ ਮੈਂਬਰ ਸ. ਭੁਪਿੰਦਰ ਸਿੰਘ ,ਸ਼੍ਰੀਮਤੀ ਮੋਨਿਕਾ ਖੋਸਲਾ , ਸ਼੍ਰੀਮਤੀ ਮਨੀਸ਼ਾ ਖੋਸਲਾ ਸ਼੍ਰੀ ਕਮਲ ਅਰੋੜਾ, ਸ਼੍ਰੀ ਅਸ਼ਵਨੀ ਸ਼ਰਮਾ, ਸ਼੍ਰੀ ਵਰਿੰਦਰ ਕਾਂਸਰਾ, ਅਧਿਆਪਕਾਂ ਅਤੇ ਗੈਰ-ਅਧਿਆਪਨ ਸਟਾਫ਼ ਨੇ ਸ਼ਰਧਾ ਨਾਲ ਹਿੱਸਾ ਲਿਆ। ਪਾਠ ਤੋਂ ਬਾਅਦ ਕੀਰਤਨ ਦਾ ਆਯੋਜਨ ਕੀਤਾ ਗਿਆ ਜਿਸ ਨੂੰ ਸਾਰਿਆਂ ਨੇ ਸ਼ਾਂਤ ਮਨ ਨਾਲ ਸੁਣਿਆ । ਵਿਦਿਆਰਥੀਆਂ ਦੀ ਗਤਕਾ ਪਾਰਟੀ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ । ਲੰਗਰ ਦਾ ਵੀ ਪ੍ਰਬੰਧ ਕੀਤਾ ਗਿਆ ।



## ਬਿਆਸ ਰੇਲਵੇ ਸਟੇਸ਼ਨ 'ਤੇ ਯਾਤਰੀਆਂ ਦੀ ਹੋਈ ਭਾਰੀ ਖੱਜਲ ਖੁਆਰੀ



ਬਿਆਸ (ਪਰਮਜੀਤ ਸਿੰਘ ਰੱਖੜਾ) : ਰੇਲਵੇ ਸਟੇਸ਼ਨ ਬਿਆਸ ਵਿਖੇ ਵੀਰਵਾਰ ਟਰੇਨਾਂ ਦੀ ਆਵਾਜਾਈ ਪ੍ਰਭਾਵਿਤ ਹੋਣ ਨਾਲ ਯਾਤਰੀਆਂ ਨੂੰ ਬਹੁਤ ਜਿਆਦਾ ਨਿਰਾਸ਼ਾ ਅਤੇ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪਿਆ।ਟਰੇਨਾਂ ਪ੍ਰਭਾਵਿਤ ਹੋਣ ਦਾ ਕਾਰਨ ਜੰਡਿਆਲਾ ਗੁਰੂ ਨੇੜੇ ਪਿੰਡ ਦੇਵੀਦਾਪੁਰਾ ਵਿਖੇ ਰੇਲਵੇ ਟਰੈਕ 'ਤੇ ਕਿਸਾਨਾਂ ਵੱਲੋਂ ਲਾਇਆ ਧਰਨਾ ਦੱਸਿਆ ਗਿਆ।

ਰੇਲਵੇ ਸਟੇਸ਼ਨ ਮਾਸਟਰ ਧੀਰਜ ਕੁਮਾਰ ਦੇ ਕਹਿਣ ਅਨੁਸਾਰ ਕਰੀਬ 20 ਅੱਪ ਡਾਊਨ ਟਰੇਨਾਂ ਪ੍ਰਭਾਵਿਤ ਹੋਈਆਂ।ਯਾਤਰੀਆਂ ਨੂੰ ਰੇਲਵੇ ਅਧਿਕਾਰੀਆਂ ਨਾਲ ਕਾਫੀ ਗੁੱਸੇ 'ਚ ਗੱਲਬਾਤ ਅਤੇ ਬਹਿਸ ਕਰਦਿਆਂ ਹੋਇਆਂ ਦੇਖਿਆ ਗਿਆ।ਯਾਤਰੀਆਂ ਦੇ ਭਾਰੀ ਨਿਰਾਸ਼ਾ ਅਤੇ ਖੱਜਲ ਖੁਆਰੀ ਨੂੰ ਦੇਖਦਿਆਂ ਦੋ ਟਰੇਨਾਂ ਜਿਸ 'ਚ ਨੰਗਲ ਡੈਮ ਅਤੇ ਨਵੀਂ ਦਿੱਲੀ ਸ਼ਤਾਬਦੀ ਨੂੰ ਅੰਮ੍ਰਿਤਸਰ ਦੇ ਲਈ ਵਾਇਆ ਤਰਨਤਾਰਨ ਡਾਇਵਰਟ ਕਰ ਦਿੱਤਾ ਗਿਆ।ਕੁਝ ਯਾਤਰੀਆਂ ਨੇ ਖੱਜਲ ਖੁਆਰੀ ਦੇ ਚਲਦਿਆਂ ਪ੍ਰਾਈਵੇਟ ਟੈਕਸੀਆਂ ਮੰਗਵਾ ਲਈਆਂ। ਉਨ੍ਹਾਂ ਟੈਕਸੀ ਚਾਲਕਾਂ 'ਤੇ ਵੀ ਵੱਧ ਕਿਰਾਇਆ ਵਸੂਲਣ ਦਾ ਦੋਸ਼ ਲਾਇਆ।

# ਪ੍ਰਿੰਸੀਪਲ ਬਲਬੀਰ ਸਿੰਘ ਨੂੰ ਨਮ ਅੱਖਾਂ ਨਾਲ ਅੰਤਿਮ ਵਿਦਾਇਗੀ

ਧਾਰੀਵਾਲ (ਮਨਦੀਪ ਵਿੱਕੀ) - ਸਿੱਖਿਆ ਜਗਤ ਦੀ ਉੱਘੀ ਸਖਸ਼ੀਅਤ ਪ੍ਰਿੰਸੀਪਲ ਬਲਬੀਰ ਸਿੰਘ (ਸਾਬਕਾ ਡਿਪਟੀ ਡੀ.ਈ.ਓ.), ਜੋ ਬੀਤੇ ਦਿਨੀਂ 52 ਸਾਲ ਦੀ ਉਮਰ ਵਿੱਚ ਸਦੀਵੀ ਵਿਛੋੜਾ ਦੇ ਗਏ ਸਨ,ਦੇ ਮ੍ਰਿਤਕ ਸਰੀਰ ਦਾ ਇਥੇ ਜਫਰਵਾਲ ਰੋਡ ਲੇਹਲ ਵਿਖੇ ਸ਼ਿਵਪੁਰ ਸਮਸਾਨਘਾਟ ਵਿੱਚ ਪੂਰੇ ਸਨਮਾਨਾਂ ਅਤੇ ਨਮ ਅੱਖਾਂ ਨਾਲ ਅੰਤਿਮ ਸਸਕਾਰ ਕਰ ਦਿੱਤਾ ਗਿਆ। ਚਿੱਖਾ ਨੂੰ ਅਗਨੀ ਉਨ੍ਹਾਂ ਦੇ ਬੇਟੇ ਗੁਰਨੂਰ ਸਿੰਘ ਨੇ ਵਿਖਾਈ। ਸਸਕਾਰ ਮੌਕੇ ਪਹੁੰਚੇ ਸਿਆਸੀ, ਸਮਾਜਿਕ, ਧਾਰਮਿਕ ਅਤੇ ਖਾਸ ਕਰਕੇ ਸਿੱਖਿਆ ਜਗਤ ਨਾਲ ਜੁੜੀਆਂ ਪ੍ਰਮੁੱਖ ਸਖਸ਼ੀਅਤਾਂ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਗੁਰਦਾਸਪੁਰ ਸ੍ਰੀ ਰਾਜੇਸ਼ ਸ਼ਰਮਾ ਸਮੇਤ ਹੋਰ ਅਧਿਕਾਰੀਆਂ ਅਤੇ ਅਧਿਆਪਕ ਜਥੇਬੰਦੀਆਂ ਦੇ ਆਗੂਆਂ ਨੇ ਪ੍ਰਿੰਸੀਪਲ ਬਲਬੀਰ ਸਿੰਘ ਨੂੰ ਸ਼ਰਧਾਂਜ਼ਲੀ ਭੇਟ ਕੀਤੀ ਅਤੇ ਪੀੜਤ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਆਗੂਆਂ ਅਤੇ ਸਿੱਖਿਆ ਅਧਿਕਾਰੀਆਂ ਨੇ ਕਿਹਾ ਪ੍ਰਿੰਸੀਪਲ ਬਲਬੀਰ ਸਿੰਘ ਦੇ ਸੰਸਾਰ ਤੋਂ ਚਲੇ ਜਾਣ ਨਾਲ ਸਿੱਖਿਆ ਜਗਤ ਅਤੇ ਸਮਾਜ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਹ ਇੱਕ ਬੇਹੱਦ ਮਿਲਣਸਾਰ, ਇਮਾਨਦਾਰ ਅਤੇ ਨੇਕ ਦਿਲ ਇਨਸਾਨ ਸਨ। ਅੰਤਿਮ ਵਿਦਾਇਗੀ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਰਾਜ਼ੇਸ ਸ਼ਰਮਾ, ਸਾਬਕਾ ਡੀ ਈ ਓ ਐਲੀਮੈਂਟਰੀ ਸੁਰਜੀਤ ਪਾਲ, ਸਾਬਕਾ ਡੀ ਈ ਓ ਹਰਦੀਪ ਸਿੰਘ, ਸਾਬਕਾ ਡੀ ਈ ਓ ਅਮਰਜੀਤ ਸਿੰਘ ਭਾਟੀਆ, ਸਾਬਕਾ ਡਿਪਟੀ ਡੀ ਈ ਓ ਲਖਵਿੰਦਰ ਸਿੰਘ, ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਜਸਵਿੰਦਰ ਸਿੰਘ ਚੌਧਰਪੁਰ, ਬੀ ਪੀ ਈ ਓ ਬਲਵਿੰਦਰ ਸਿੰਘ ਗਿੱਲ, ਲਖਵਿੰਦਰ ਸਿੰਘ ਸੇਖੋਂ, ਬੀ ਪੀ ਈ ਓ ਤਰਸੇਮ ਸਿੰਘ, ਹੈੱਡਮਾਸਟਰ ਨੀਰਜ ਕੁਮਾਰ,ਸੁਰਜੀਤ ਸਿੰਘ ਲਾਡੀ,ਸੰਦੀਪ ਸਿੰਘ, ਆਪ ਦੇ ਹਲਕਾ ਇੰਚਾਰਜ ਗੁਰਇਕਬਾਲ ਸਿੰਘ ਮਾਹਲ ਦੇ ਫਰਜੰਦ



ਡਾਕਟਰ ਕਰਨਬੀਰ ਸਿੰਘ ਮਾਹਲ, ਵਾਰਿਸ ਪੰਜਾਬ ਦੇ ਜ਼ਿਲ੍ਹਾ ਆਗੂ ਗੁਰਦੇਵ ਸਿੰਘ ਸ਼ਾਹੀ,ਨਗਰ ਕੌਂਸਲ ਪ੍ਰਧਾਨ ਅਸ਼ਵਨੀ ਦੁੱਗਲ, ਪ੍ਰਧਾਨ ਜਤਿੰਦਰਪਾਲ ਸਿੰਘ ਜੇਪੀ, ਪ੍ਰੋਫੈਸਰ ਸਰਤਾਜ਼ ਸਿੰਘ ਛੀਨਾ, ਅਧਿਆਪਕ ਆਗੂ ਅਸ਼ਵਨੀ ਫੱਜੂਪੁਰ, ਕੁਲਦੀਪ ਪੂਰੋਵਾਲ, ਅਨਿਲ ਕੁਮਾਰ ਲਾਹੌਰੀਆ, ਹੈੱਡਮਾਸਟਰ ਸੁਖਵਿੰਦਰ ਰੰਧਾਵਾ, ਵਿਜੈ ਲੂਣਾ, ਗੁਰਪਿੰਦਰ ਸਿੰਘ ਕੰਪਿਊਟਰ ਯੂਨੀਅਨ, ਮਨਜਿੰਦਰ ਸਿੰਘ ਕਲਿਆਣਪੁਰ,ਸਪਰਡੈਂਟ ਪ੍ਰਬੋਧ ਕੁਮਾਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਝਾਵਰ, ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਅਤੇ ਸੈਕੰਡਰੀ ਦਾ ਸਟਾਫ, ਪਵਨ ਕੁਮਾਰ, ਜਸਬੀਰ ਸਿੰਘ, ਬਲਰਾਜ ਸਿੰਘ ਛੀਨਾ, ਕਾਮਰੇਡ ਜੋਗਿੰਦਰ ਸਿੰਘ ਲੇਹਲ, ਅਕਾਲੀ ਆਗੂ ਕੁਲਬੀਰ ਸਿੰਘ ਰਿਆੜ ਆਦਿ ਸਮੇਤ ਜ਼ਿਲ੍ਹੇ ਭਰ ਤੋਂ ਵੱਖ ਵੱਖ ਜਥੇਬੰਦੀਆਂ ਦੇ ਆਗੂ ਅਤੇ ਅਧਿਆਪਕਾਂ ਤੋਂ ਇਲਾਵਾ ਰਿਸ਼ਤੇਦਾਰ ਅਤੇ ਪਰਿਵਾਰਕ ਮੈਂਬਰ ਹਾਜਰ ਸਨ।

## ਜੋੜ ਮੇਲੇ ਦੀਆਂ ਤਿਆਰੀਆਂ ਸੰਬੰਧੀ ਮੀਟਿੰਗ 19 ਨੂੰ

**ਝਬਾਲ (ਹਰਜਿੰਦਰ ਸਿੰਘ ਸੋਨੀ)**-ਮਾਝੇ ਦੇ ਇਤਿਹਾਸਕ ਪਵਿੱਤਰ ਅਸਥਾਨ ਬੀੜ ਬਾਬਾ ਬੁੱਢਾ ਸਾਹਿਬ ਜੀ ਵਿਖੇ ਸਲਾਨਾ ਜੋੜ ਮੇਲਾ ਜੋ ਕਿ ਹਰ ਸਾਲ ਗੁਰਦੁਆਰਾ ਸੰਤ ਨਿਵਾਸ ਬੀੜ ਸਾਹਿਬ ਵਿਖੇ ਸੰਪ੍ਰਦਾਇ ਕਾਰ ਸੇਵਾ ਬਾਬਾ ਖੜਕ ਸਿੰਘ-ਬਾਬਾ ਦਰਸ਼ਨ ਸਿੰਘ ਵੱਲੋਂ ਬਾਬਾ ਸੰਤੋਖ ਸਿੰਘ ਬੀੜ ਸਾਹਿਬ ਵਾਲਿਆਂ ਦੀ ਅਗਵਾਈ ਵਿੱਚ ਮਨਾਇਆ ਜਾਂਦਾ ਹੈ, ਦੀਆਂ ਤਿਆਰੀਆਂ ਸਬੰਧੀ ਇਲਾਕੇ ਦੇ ਧਾਰਮਿਕ ਜਥੇਬੰਦੀਆਂ ਦੇ ਆਗੂਆਂ ਤੇ ਪਤਵੰਤਿਆਂ ਨਾਲ ਵਿਚਾਰ ਵਟਾਂਦਰਾ ਕਰਨ ਲਈ ਇਕ ਜ਼ਰੂਰੀ ਮੀਟਿੰਗ 19 ਸਤੰਬਰ ਨੂੰ ਗੁਰਦੁਆਰਾ ਸੰਤ ਨਿਵਾਸ ਬੀੜ ਸਾਹਿਬ ਦੇ ਦੀਵਾਨ ਹਾਲ ਵਿਖੇ ਰੱਖੀ ਗਈ ਹੈ। ਗੁਰਦੁਆਰਾ ਸੰਤ ਨਿਵਾਸ ਦੇ ਮੁੱਖ ਸੇਵਾਦਾਰ ਜਥੇਦਾਰ ਬਾਬਾ ਭੋਲਾ ਸਿੰਘ ਬੀੜ ਸਾਹਿਬ ਵਾਲਿਆਂ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਇਲਾਕੇ ਦੇ ਪਤਵੰਤੇ ਪਹੁੰਚ ਕੇ ਸਾਲਾਨਾ ਜੋੜ ਮੇਲੇ ਦੇ ਪ੍ਰਬੰਧਾਂ ਸਬੰਧੀ ਵਿਚਾਰ ਵਟਾਂਦਰਾ ਕਰਨਗੇ।ਉਨ੍ਹਾਂ ਇਲਾਕੇ ਦੀ ਸੰਗਤ, ਸਮੂਹ ਪੰਚਾਂ-ਸਰਪੰਚਾਂ, ਮੋਹਤਬਰਾਂ ਅਤੇ ਜਥੇਬੰਦੀਆਂ ਦੇ ਆਗੂਆਂ ਨੂੰ ਇਸ ਮੀਟਿੰਗ ਵਿੱਚ ਹੁੰਮ-ਹੁਮਾ ਕੇ ਪਹੁੰਚਣ ਦੀ ਬੇਨਤੀ ਕੀਤੀ ਹੈ।

# ਸ੍ਰੀ ਗੁਰੂ ਨਾਨਕ ਦੇਵ ਤੇ ਮਾਤਾ ਸੁਲੱਖਣੀ ਦਾ ਵਿਆਹ ਪੁਰਬ ਅੱਜ ਮਨਾਇਆ ਜਾਵੇਗਾ : ਜਥੇਦਾਰ ਗੋਰਾ

**ਧਾਰੀਵਾਲ (ਮਨਦੀਪ ਵਿੱਕੀ)**- ਸ੍ਰੀ ਗੁਰੂ ਨਾਨਕ ਦੇਵ ਤੇ ਜਗਤ ਮਾਤਾ ਸੁਲੱਖਣੀ ਦਾ ਵਿਆਹ ਪੁਰਬ ਹਰ ਸਾਲ ਦੀ ਤਰਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਇਤਿਹਾਸਿਕ ਗੁਰਦੁਆਰਾ ਸ੍ਰੀ ਕੰਧ ਸਾਹਿਬ ਬਟਾਲਾ, ਗੁਰਦੁਆਰਾ ਡੇਹਰਾ ਸਾਹਿਬ , ਗੁਰਦੁਆਰਾ ਸਤਿਕਰਤਾਰੀਆਂ ਸਾਹਿਬ ਸਮੇਤ ਵੱਖ ਵੱਖ ਗੁਰਦੁਆਰਾ ਸਾਹਿਬ ਵਿਖੇ 18 ਸਤੰਬਰ ਦਿਨ ਸ਼ੁਕਰਵਾਰ ਨੂੰ ਬਹੁਤ ਹੀ ਸ਼ਰਧਾ ਸਤਿਕਾਰ ਤੇ ਖ਼ਾਲਸਾਈ ਰਵਾਇਤ ਨਾਲ ਮਨਾਇਆ ਜਾਵੇਗਾ। ਵਿਆਹ ਪੁਰਬ ਦੇ ਮੁੱਖ ਪ੍ਰਬੰਧਕ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਦੇ ਵਿਆਹ ਪੁਰਬ ਨੂੰ ਸਮਰਪਿਤ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਵਿਆਹ ਪੁਰਬ ਵਾਲੇ ਦਿਨ 18 ਸਤੰਬਰ ਨੂੰ ਸਵੇਰੇ 6 ਵਜੇ ਪੈਣਗੇ। ਉਪਰੰਤ ਗੁਰੂ ਸਾਹਿਬ ਦੇ ਸਹੁਰਾ ਘਰ ਇਤਿਹਾਸਕ ਗੁਰਦੁਆਰਾ ਡੇਹਰਾ ਸਾਹਿਬ ਤੋਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛੱਤਰ ਛਾਇਆ ਹੇਠ ਅਤੇ ਪੰਜਾਂ



ਪਿਆਰਿਆਂ ਦੀ ਅਗਵਾਈ ਵਿੱਚ ਮਹਾਨ ਨਗਰ ਕੀਰਤਨ ਸਜਾਇਆ ਜਾਵੇਗਾ ਜੋ ਖਜੂਰੀ ਗੇਟ, ਜਥੇਦਾਰ ਜੱਸਾ ਸਿੰਘ ਰਾਮਗੜ੍ਹੀਆ ਹਾਰ,ਸਮਾਧ ਰੋੜ,ਹੰਸਲੀ ਪੁਲ, ਸ਼ਹੀਦ ਭਾਈ ਸੁੱਖਾ ਸਿੰਘ ਭਾਈ ਮਹਿਤਾਬ ਸਿੰਘ ਚੌਕ, ਸ਼ਾਸਤਰੀ ਨਗਰ, ਪੁਲਿਸ ਲਾਈਨ ਰੋਡ,ਜੀ ਟੀ ਰੋਡ, ਕਾਦੀਆਂ ਫਾਟਕ, ਗੁਰੂ ਨਾਨਕ ਨਗਰ, ਸਿੰਬਲ ਚੌਕ, ਇੰਪਰੂਵਮੈਂਟ ਟਰੱਸਟ ਦਫ਼ਤਰ,ਬੱਸ ਸਟੈਂਡ,ਐਸ ਐਸ ਪੀ ਦਫਤਰ, ਗਾਂਧੀ ਚੌਕ, ਸਿਟੀ ਰੋਡ, ਸਿਨੇਮਾ ਰੋਡ, ਗੁਰਦੁਆਰਾ ਸਤਿਕਰਤਾਰੀਆਂ ਸਾਹਿਬ,ਠਠਿਆਰੀ ਗੇਟ, ਗੁਰਦੁਆਰਾ ਸ੍ਰੀ ਕੰਧ ਸਾਹਿਬ ਤੋਂ ਹੁੰਦਾ ਹੋਇਆ ਰਾਤ ਨੂੰ ਗੁਰਦੁਆਰਾ ਸਤਿਕਰਤਾਰੀਆ ਸਾਹਿਬ ਵਿਖੇ ਸੰਪੂਰਨ ਹੋਵੇਗਾ। ਇਸ ਮੌਕੇ ਉਨ੍ਹਾਂ ਨਾਲ ਸ੍ਰ ਗੁਰਤਿੰਦਰ ਪਾਲ ਸਿੰਘ ਭਾਟੀਆ ਐਡੀਸ਼ਨਲ ਮੈਨੇਜਰ ਸ੍ਰੀ ਦਰਬਾਰ ਸਾਹਿਬ,ਸ੍ਰ ਜਗਦੀਪ ਸਿੰਘ ਧਾਰੋਵਾਲੀ ਮੈਨੇਜਰ ਗੁਰਦੁਆਰਾ ਸ੍ਰੀ ਕੰਧ ਸਾਹਿਬ,ਸ੍ਰ ਦਵਿੰਦਰ ਸਿੰਘ ਲਾਲੀ ਬਾਜਵਾ ਮੈਨੇਜਰ ਗੁਰਦੁਆਰਾ ਓਠੀਆਂ ਸਾਹਿਬ, ਐਡਵੋਕੇਟ ਰਜਿੰਦਰ ਸਿੰਘ ਪਦਮ ਪ੍ਰਧਾਨ ਸੁਖਮਨੀ ਸਾਹਿਬ ਸੇਵਾ ਸੁਸਾਇਟੀ, ਸ੍ਰ ਚੇਤਨ ਸਿੰਘ ਜੰਡੂ ਸੁਪਰਵਾਈਜ਼ਰ ਸ਼੍ਰੋਮਣੀ ਕਮੇਟੀ,ਸਮਾਜ ਸੇਵੀ ਮਾਸਟਰ ਜੋਗਿੰਦਰ ਸਿੰਘ ਅੱਚਲੀ ਗੇਟ, ਸ੍ਰ ਸਿਮਰਤਪਾਲ ਸਿੰਘ ਭਾਟੀਆ,ਸ੍ਰ ਅਰਸ਼ਪ੍ਰੀਤ ਸਿੰਘ ਭਾਟੀਆ,ਸ੍ਰ ਗੁਰਜੋਤ ਸਿੰਘ ਪਦਮ ਆਦਿ ਹਾਜ਼ਰ ਸਨ।

## ਰਣਜੀਤ ਸਿੰਘ ਨੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ 'ਚ ਅਹੁਦਾ ਸੰਭਾਲਿਆ




ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਸ਼੍ਰੀ ਗੁਰੂ ਨਾਨਕ ਦੇਵ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਨਗਰੀ ਦੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਵਿਖੇ ਤਾਇਨਾਤ ਮੈਨੇਜਰ ਸਤਨਾਮ ਸਿੰਘ ਗੋਸਲ ਦਾ ਤਬਾਦਲਾ ਗੁਰਦੁਆਰਾ ਸ਼੍ਰੀ ਬੁਰਜ ਸਾਹਿਬ ਧਾਰੀਵਾਲ ਵਿਖੇ ਹੋਣ ਉਪਰੰਤ ਰਣਜੀਤ ਸਿੰਘ ਕਲਿਆਣਪੁਰ ਨੇ ਬਤੌਰ ਮੈਨੇਜਰ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦਾ ਚਾਰਜ ਸੰਭਾਲ ਲਿਆ ਹੈ। ਚਾਰਜ ਸੰਭਾਲਣ ਮੌਕੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਆਗੂਆਂ ਵੱਲੋਂ ਮੈਨੇਜਰ ਰਣਜੀਤ ਸਿੰਘ ਕਲਿਆਣ ਪੁਰ ਨੂੰ ਫੁੱਲਾਂ ਦੇ ਬੁੱਕੇ ਦੇ ਕੇ ਜੀ ਆਇਆਂ ਆਖਦਿਆਂ ਉਨ੍ਹਾਂ ਦਾ ਭਰਵਾਂ ਸੁਆਗਤ ਕੀਤਾ ਗਿਆ। ਇਸ ਮੌਕੇ ਸਤਨਾਮ ਸਿੰਘ ਪਟਵਾਰੀ ਠੇਠਰਕੇ,ਹਰਸਿਮਰਤ ਸਿੰਘ ਬਾਜਵਾ ਵੈਰੋਕੇ ਪ੍ਰਧਾਨ ਯੂਥ ਅਕਾਲੀ ਦਲ ,ਜਥੇਦਾਰ ਗੁਰਪ੍ਰੀਤ ਸਿੰਘ ਬਾਦਲ,ਹਰਜੀਤ ਸਿੰਘ ਬਿੱਟਾ ਸਿੰਘਪੁਰਾ,ਇੰਸਪੈਕਟਰ ਸਵਰਨ ਸਿੰਘ,ਜੋਗਾ ਸਿੰਘ ਮਾਨ,ਮਨਿੰਦਰ ਸਿੰਘ ਲਾਲੀ ਪੀ ਏ,ਰਜਿੰਦਰ ਸਿੰਘ ਬਾਜਵਾ,ਸੁਖਚੈਨ ਸਿੰਘ ਵੈਰੋਕੇ,ਪ੍ਰਤਾਪ ਸਿੰਘ ਪਿੰਕਾ ਪੱਲੇਨੰਗਲ,ਜਸਵਿੰਦਰ ਸਿੰਘ ਝੰਗੀ ਜਸਪਾਲ ਸਿੰਘ, ਸੰਦੀਪ ਸਿੰਘ ਵੈਰੋਕੇ ਸ਼ਮਸ਼ੇਰ ਸਿੰਘ ਵੈਰੋਕੇ,ਮਨਜੀਤ ਸਿੰਘ,ਹਰਪ੍ਰੀਤ ਸਿੰਘ ਹੈਰੀ ਤੋਂ ਇਲਾਵਾ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਦਾ ਸੁੱਚਾ ਸਟਾਫ ਹਾਜ਼ਰ ਸੀ ।

## ਸਾਲਾਨਾ ਜੋੜ ਮੇਲੇ ਨੂੰ ਲੈ ਕੇ ਪਾਵਰਕਾਮ ਪੱਬਾਂ ਭਾਰ



ਸ੍ਰੀ ਗੋਇੰਦਵਾਲ ਸਾਹਿਬ ( ਕਾਬਲ ਸਿੰਘ ਮੱਲੀ)-ਗੁਰੂ ਅਮਰਦਾਸ ਦੇ ਸਾਲਾਨਾ ਜੋੜ ਮੇਲੇ ਨੂੰ ਮੁੱਖ ਰੱਖਦਿਆਂ ਮੇਲੇ-ਜੱਗ ਦੌਰਾਨ ਨਿਰਵਿਘਨ ਬਿਜਲੀ ਸਪਲਾਈ ਦੇਣ ਲਈ ਇਲਾਕੇ ਨਾਲ ਸਬੰਧਤ ਬਿਜਲੀ ਸਮੱਸਿਆ ਨੂੰ ਦੂਰ ਕਰਨ ਅਤੇ ਪੁਰਾਣੀਆਂ ਹਾਈ ਵੋਲਟੇਜ ਤਾਰਾਂ ਨੂੰ ਤਬਦੀਲ ਕਰਨ ਲਈ ਖਡੂਰ ਸਾਹਿਬ ਦਾ ਪਾਵਰਕੌਮ ਵਿਭਾਗ ਪੱਬਾਂ ਭਾਰ ਦਿਖਾਈ ਦੇ ਰਿਹਾ ਹੈ। ਐਸ ਡੀ ਓ ਕੁਲਵਿੰਦਰ ਸਿੰਘ ਦੀ ਨਿਗਰਾਨੀ ਹੇਠ ਜੋੜ ਮੇਲੇ ਨੂੰ ਮੁੱਖ ਰੱਖ ਕੇ ਜੇ ਈ ਗੁਰਦੀਪ ਸਿੰਘ ਵੱਲੋਂ ਕਸਬੇ ਦੀ ਬਿਜਲੀ ਸਪਲਾਈ ਨੂੰ ਨਿਰੰਤਰ ਜਾਰੀ ਰੱਖਣ ਲਈ ਰਿਪੇਅਰ ਦਾ ਕੰਮ ਕੀਤਾ ਜਾ ਰਿਹਾ ਹੈ। ਲਾਇਨਮੈਨ ਸ਼ੁਭਦੀਪ ਸਿੰਘ ਸ਼ੁਭ ਨੇ ਦੱਸਿਆ ਕਿ ਮੇਲੇ ਦੌਰਾਨ ਬਿਜਲੀ ਸਪਲਾਈ ਨੂੰ ਦਰੁਸਤ ਰੱਖਣ ਲਈ ਕਸਬੇ ਨਾਲ ਸਬੰਧਤ 15 ਦੇ ਕਰੀਬ ਟ੍ਰਾਂਸਫਾਰਮਰਾਂ ਦੀ ਰਿਪੇਅਰ ਕੀਤੀ ਗਈ ਹੈ। ਇਸ ਦੇ ਨਾਲ ਹੀ ਖਸਤਾ ਹਾਲਤ ਕੇਬਲ ਤਾਰਾਂ ਨੂੰ ਤਬਦੀਲ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸਮੁੱਚੀ ਪਾਵਰਕੌਮ ਦੀ ਟੀਮ ਵੱਲੋਂ ਕਰੀਬ ਇੱਕ ਮਹੀਨੇ ਤੋਂ ਕਸਬੇ ਦੀ ਰਿਪੇਅਰ ਦਾ ਕੰਮ ਕੀਤਾ ਜਾ ਰਿਹਾ। ਇਸ ਸਬੰਧੀ ਪਿੰਡ ਗੋਇੰਦਵਾਲ ਸਾਹਿਬ ਦੇ ਸਰਪੰਚ ਨਿਰਮਲ ਸਿੰਘ ਢੋਟੀ ਅਤੇ ਮੈਨੇਜਰ ਨਿਰਮਲ ਸਿੰਘ ਕਾਹਲਵਾਂ ਵੱਲੋਂ ਐਸ ਡੀ ਓ ਕੁਲਵਿੰਦਰ ਸਿੰਘ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਦਾ ਧੰਨਵਾਦ ਕੀਤਾ ਹੈ।

## ਆਂਗਣਵਾੜੀ ਵਰਕਰਾਂ / ਹੈਲਪਰਾਂ ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ 'ਚ ਸ਼ਾਮਲ ਹੋਣਗੀਆਂ



ਅਜਨਾਲਾ (ਸੁਖਜਿੰਦਰ ਸਿੰਘ ਰਾਜੂ)- ਬਲਾਕ ਅਟਾਰੀ ਦੇ ਖਾਸਾ ਸਰਕਲ ਦੀਆਂ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਦੀ ਮੀਟਿੰਗ ਬਲਾਕ ਪ੍ਰਧਾਨ ਸੁਖਵਿੰਦਰ ਕੌਰ ਦੀ ਅਗਵਾਈ ਹੇਠ ਹੋਈ। ਮੀਟਿੰਗ ਵਿੱਚ ਸਰਬਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਵਰਕਰਾਂ / ਹੈਲਪਰਾਂ ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਵਿੱਚ ਸ਼ਾਮਲ ਹੋਣਗੀਆਂ। ਇਸ ਮੌਕੇ ਜ਼ਿਲ੍ਹਾ ਜਨਰਲ ਸਕੱਤਰ ਸੰਤੋਸ਼ ਕੌਰ, ਸ੍ਰੀ ਅੰਮ੍ਰਿਤਸਰ ਸਾਹਿਬ ਨੇ ਨਵੀਆਂ ਸ਼ਾਮਲ ਹੋਈਆਂ ਭੈਣਾਂ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਯੂਨੀਅਨ ਹਰ ਮੁਸ਼ਕਿਲ ਘੜੀ ਵਿੱਚ ਉਹਨਾਂ ਦੇ ਨਾਲ ਖੜ੍ਹੀ ਹੋਵੇਗੀ।

## ਬੀ ਐੱਮ ਡਬਲਿਊ ਨੇ ਭਾਰਤ 'ਚ ਨਵੀਂ 7 ਸੀਰੀਜ਼ ਰੇਂਜ ਕੀਤੀ ਲਾਂਚ

**ਜਲੰਧਰ** : ਬੀ ਐਮ ਡਬਲਿਊ ਇੰਡੀਆ ਨੇ ਭਾਰਤ ਵਿੱਚ ਨਵੀਂ ਬੀ ਐਮ ਡਬਲਿਊ 7 ਸੀਰੀਜ਼ ਰੇਂਜ ਲਾਂਚ ਕੀਤੀ ਹੈ, ਜਿਸ ਵਿੱਚ ਪੈਟਰੋਲ ਅਤੇ ਪੂਰੀ ਤਰ੍ਹਾਂ ਇਲੈਕਟ੍ਰਿਕ ਮਾਡਲ ਸ਼ਾਮਲ ਹਨ। ਰੇਂਜ ਵਿੱਚ ਹੁਣ ਤੱਕ ਦੀ ਸਭ ਤੋਂ ਸ਼ਕਤੀਸ਼ਾਲੀ 7 ਸੀਰੀਜ਼ ਆਈ 7 ਐਮ 70 ਐਕਸਡਰਾਈਵ ਵੀ ਸ਼ਾਮਲ ਹੈ। ਕੰਪਨੀ ਮੁਤਾਬਕ ਨਵੀਂ ਆਈ 7 ਦਾ ਉਤਪਾਦਨ ਭਾਰਤ ਵਿੱਚ ਹੋਵੇਗਾ, ਜਿਸ ਨਾਲ ਜਰਮਨੀ ਤੋਂ ਬਾਅਦ ਭਾਰਤ ਇਸ ਦਾ ਦੂਜਾ ਉਤਪਾਦਨ ਕੇਂਦਰ ਬਣ ਗਿਆ ਹੈ। 740 ਐਮ ਸਪੋਰਟ ਅਤੇ ਆਈ 7 50 ਐਕਸਡਰਾਈਵ ਐਮ ਸਪੋਰਟ ਦੀ ਕੀਮਤ ?1.95 ਕਰੋੜ, ਜਦਕਿ ਆਈ 7 ਐਮ 70 ਐਕਸਡਰਾਈਵ ਦੀ ਕੀਮਤ ?2.65 ਕਰੋੜ (ਐਕਸ-ਸ਼ੋਰੂਮ) ਹੈ। 740 ਐਮ ਸਪੋਰਟ ਅਤੇ ਆਈ 7 50 ਐਕਸਡਰਾਈਵ ਦਾ ਉਤਪਾਦਨ ਚੇਨਈ ਪਲਾਂਟ ਵਿੱਚ ਹੋਵੇਗਾ।

# ਖੰਡ ਮਿੱਲ ਮੋਰਚਾ 120ਵੇਂ ਦਿਨ 'ਚ ਦਾਖਲ



ਤਰਨ ਤਾਰਨ-ਸੰਯੁਕਤ ਕਿਸਾਨ ਮੋਰਚੇ ਵਲੋਂ ਸ਼ੁਰੂ ਕੀਤਾ ਸ਼ੇਰੋਂ ਖੰਡ ਮਿੱਲ ਮੋਰਚਾ ਵੀਰਵਾਰ ਨੂੰ 120 ਵੇਂ ਦਿਨ ਵਿੱਚ ਦਾਖਲ ਹੋ ਗਿਆ । ਇਸ ਮੌਕੇ ਹਾਜ਼ਰ ਕਿਸਾਨ ਆਗੂਆਂ ਦਲਜੀਤ ਸਿੰਘ ਦਿਆਲਪੁਰਾ, ਤਰਸੇਮ ਸਿੰਘ ਲੁਹਾਰ, ਡਾ. ਇੰਦਰਜੀਤ ਸਿੰਘ ਮਰਹਾਣਾ, ਰਤਨ ਸਿੰਘ ਢੰਡ, ਗੁਰਪ੍ਰੀਤ ਸਿੰਘ ਗੰਡੀਵਿੰਡ, ਜਸਬੀਰ ਸਿੰਘ ਨਿੱਝਰ ਆਦਿ ਨੇ ਕਿਹਾ ਕਿ ਝੋਨੇ ਦੀ ਫਸਲ ਦੇ ਮੰਡੀਆਂ ਵਿੱਚ ਅੰਬਾਰ ਲੱਗ ਚੁੱਕੇ ਹਨ ਪਰ ਪੰਜਾਬ ਸਰਕਾਰ ਸਰਕਾਰੀ ਖਰੀਦ ਸ਼ੁਰੂ ਨਹੀਂ ਕਰ ਰਹੀ । ਜਿਸ ਦੇ ਚਲਦਿਆਂ ਮੁਨਾਫ਼ਾਖੋਰ ਸਰਕਾਰੀ ਰੇਟ ਤੋਂ ਘੱਟ ਰੇਟ 'ਤੇ ਫਸਲ ਖਰੀਦ ਕੇ ਕਿਸਾਨਾਂ ਦੀ ਵੱਡੇ ਪੱਧਰ ਤੇ ਆਰਥਕ ਲੁੱਟ ਕਰ ਰਹੇ ਹਨ। ਇਸ ਹੋ ਰਹੀ ਲੁੱਟ ਨੂੰ ਠੱਲ੍ਹ ਪਾਉਣ ਲਈ ਪੰਜਾਬ ਸਰਕਾਰ ਤੁਰੰਤ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਕਰੇ। ਆਗੂਆਂ ਨੇ ਕਿਹਾ ਕਿ ਮਾਨ ਸਰਕਾਰ ਖੰਡ ਮਿੱਲ ਦੀ ਜ਼ਮੀਨ ਦੀ ਮਾਲਕੀ ਬਦਲਣ ਦਾ ਲੋਕ ਵਿਰੋਧੀ ਫੈਸਲਾ ਵਾਪਸ ਲੈ ਕੇ ਕੀਤੇ ਵਾਅਦੇ ਮੁਤਾਬਕ ਖੰਡ ਮਿੱਲ ਮੁੜ ਤੋਂ ਚਾਲੂ ਕਰੇ । ਇਸ ਮੌਕੇ ਕਿਸਾਨ ਆਗੂਆਂ ਕੇਹਰ ਸਿੰਘ ਮੁਗਲਚੱਕ, ਮੰਗਲ ਸਿੰਘ ਮੁਗਲਚੱਕ, ਗੁਰਸਾਹਬ ਸਿੰਘ ਮੰਡ, ਪ੍ਰਤਾਪ ਸਿੰਘ ਕੰਡਿਆਲਾ, ਹਰਭਜਨ ਸਿੰਘ ਚੂਸਲੇਵੜ੍ਹ, ਮਨਜੀਤ ਸਿੰਘ ਬੱਗੂ, ਮਹੀਪਾਲ ਸਿੰਘ ਠੱਠੀਆਂ ਮਹੰਤਾਂ, ਗੁਰਵਿੰਦਰ ਸਿੰਘ, ਸੁਖਦੇਵ ਸਿੰਘ ਸਰਹਾਲੀ, ਜੱਸਾ ਸਿੰਘ ਕੱਦਗਿੱਲ, ਕਸ਼ਮੀਰ ਸਿੰਘ ਸ਼ੇਰੋਂ ਆਦਿ ਨੇ ਕਿਹਾ ਕਿ ਮਾਨ ਸਰਕਾਰ ਸੰਯੁਕਤ ਕਿਸਾਨ ਮੋਰਚੇ ਨਾਲ ਚੰਡੀਗੜ੍ਹ ਪੱਕੇ ਮੋਰਚੇ ਦੇ ਅਖੀਰਲੇ ਦਿਨ 7 ਸਤੰਬਰ ਨੂੰ ਪੰਜਾਬ ਦੇ ਦਰਿਆਈ ਪਾਣੀਆਂ ਦੇ ਮਸਲਿਆਂ ਸਮੇਤ ਹੋਰ ਮੰਗਾਂ 'ਤੇ ਬਣੀਆਂ ਸਹਿਮਤੀਆਂ ਵਿਧਾਨ ਸਭਾ ਦਾ ਸੈਸ਼ਨ ਸੱਦ ਕੇ ਫੌਰੀ ਲਾਗੂ ਕਰੇ । ਆਗੂਆਂ ਨੇ ਪੰਜਾਬ ਵਿੱਚ ਹਰ ਦਿਨ ਵਧ ਰਹੀਆਂ ਲੁੱਟ-ਖੋਹ ਅਤੇ ਕਤਲਾਂ ਦੀਆਂ ਵਾਰਦਾਤਾਂ ਤੇ ਨੱਥ ਪਾਉਣ ਦੀ ਜ਼ੋਰਦਾਰ ਮੰਗ ਕੀਤੀ ।

## ਐਡੀਸ਼ਨਲ ਹੈੱਡ ਗ੍ਰੰਥੀ ਭਾਈ ਮਲਕੀਤ ਸਿੰਘ ਤੇ ਡਰਾਈਵਰ ਮੋਹਣ ਸਿੰਘ ਕੀਤੇ ਮੁਅੱਤਲ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਐਡੀਸ਼ਨਲ ਹੈੱਡ ਗ੍ਰੰਥੀ ਭਾਈ ਮਲਕੀਤ ਸਿੰਘ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਡਰਾਈਵਰ ਵਜੋਂ ਕਾਰਜਸ਼ੀਲ ਮੋਹਣ ਸਿੰਘ ਦਾ ਅਨੈਤਿਕ ਮਾਮਲੇ ਵਿਚ ਨਾਂ ਆਉਣ ਕਰਕੇ ਤੁਰੰਤ ਪ੍ਰਭਾਵ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ। ਇਹ ਕਾਰਵਾਈ ਸਾਹਮਣੇ ਆਈਆਂ ਖ਼ਬਰਾਂ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਆਦੇਸ਼ਾਂ 'ਤੇ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਦਫ਼ਤਰ ਸ਼੍ਰੋਮਣੀ ਕਮੇਟੀ ਤੋਂ ਜਾਰੀ ਇਕ ਬਿਆਨ ਵਿਚ ਦੱਸਿਆ ਕਿ ਮੀਡੀਆ ਰਾਹੀਂ ਸਾਹਮਣੇ ਆਈ ਜਾਣਕਾਰੀ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਐਡੀਸ਼ਨਲ ਹੈੱਡ ਗ੍ਰੰਥੀ ਭਾਈ ਮਲਕੀਤ ਸਿੰਘ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਡਰਾਈਵਰ ਵਜੋਂ ਸੇਵਾ ਨਿਭਾਅ ਰਹੇ ਮੋਹਣ ਸਿੰਘ 'ਤੇ ਇਹ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਦੇ ਨਿਰਦੇਸ਼ ਅਨੁਸਾਰ ਦੋਹਾਂ ਮੁਲਾਜ਼ਮਾਂ ਨੂੰ ਸਰਵਿਸ ਤੋਂ ਮੁਅੱਤਲ ਕਰਕੇ ਡੂੰਘਾਈ ਨਾਲ ਪੜਤਾਲ ਲਈ ਫਲਾਇੰਗ ਵਿਭਾਗ ਨੂੰ ਆਦੇਸ਼ ਜਾਰੀ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਿਸੇ ਵੀ ਅਜਿਹੇ ਮੁਲਾਜ਼ਮ ਨੂੰ ਬਖ਼ਸ਼ਿਆ ਨਹੀਂ ਜਾਵੇਗਾ, ਜਿਸ ਦਾ ਨਾਂ ਅਨੈਤਿਕ ਕੰਮਾਂ ਵਿਚ ਸ਼ਾਮਲ ਹੋਵੇ।

# ਨਵਾਂ ਜ਼ਮਾਨਾ

ਸ਼ੁੱਕਰਵਾਰ, 18 ਸਤੰਬਰ 2026


## ਸਰਕਾਰੀ ਜਨਮ ਦਿਨ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ 76ਵਾਂ ਜਨਮ ਦਿਨ 17 ਸਤੰਬਰ ਨੂੰ ਦੇਸ਼-ਭਰ ਵਿੱਚ ਵੱਡੇ ਪੱਧਰ 'ਤੇ ਮਨਾਇਆ ਗਿਆ। ਇਸ ਸਾਲ ਜਨਮ ਦਿਨ ਨੂੰ ਪ੍ਰਧਾਨ ਮੰਤਰੀ ਦੇ ਜਨਤਕ ਜੀਵਨ ਦੇ 25 ਸਾਲਾਂ ਨਾਲ ਵੀ ਜੋੜਿਆ ਗਿਆ ਹੈ। ਭਾਜਪਾ ਨੇ 17 ਸਤੰਬਰ ਤੋਂ 17 ਅਕਤੂਬਰ ਤੱਕ ਇੱਕ ਮਹੀਨਾ ਚੱਲਣ ਵਾਲਾ 'ਸੇਵਾ ਸੰਕਲਪ ਅਭਿਆਨ' ਚਲਾਉਣ ਦੀ ਯੋਜਨਾ ਬਣਾਈ ਹੈ। ਕਈ ਭਾਜਪਾ ਸ਼ਾਸਤ ਰਾਜਾਂ ਨੇ ਪ੍ਰਧਾਨ ਮੰਤਰੀ ਦੇ ਜਨਮ ਦਿਨ ਨੂੰ ਮਨਾਉਣ ਲਈ ਸਰਕਾਰ ਪੱਧਰੀ ਪ੍ਰੋਗਰਾਮਾਂ ਦਾ ਐਲਾਨ ਕੀਤਾ ਹੈ। ਦਿੱਲੀ ਸਰਕਾਰ ਨੇ 17 ਸਤੰਬਰ ਤੋਂ 17 ਅਕਤੂਬਰ ਤੱਕ ਖ਼ੂਨਦਾਨ ਕੈਂਪ, ਸਿਹਤ ਕੈਂਪ, ਮਜ਼ਦੂਰ ਰਜਿਸਟ੍ਰੇਸ਼ਨ, ਸਫਾਈ ਅਤੇ ਰੁੱਖ ਲਗਾਉਣ ਵਰਗੇ ਪ੍ਰੋਗਰਾਮ ਉਲੀਕੇ ਹਨ। ਇਸ ਸਮੇਂ ਦੌਰਾਨ ਲੱਗਭੱਗ 13,820 ਕਰੋੜ ਦੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਜਾਂ ਨੀਂਹ ਪੱਥਰ ਵੀ ਰੱਖਿਆ ਜਾਵੇਗਾ।

ਮੋਦੀ ਦੇ ਜਨਤਕ ਜੀਵਨ ਦੇ ਸਾਲਾਂ ਨੂੰ ਸਰਕਾਰੀ ਪ੍ਰਚਾਰ ਮੁਹਿੰਮ ਨਾਲ ਜੋੜਨ ਦਾ ਇਹ ਪਹਿਲਾ ਮਾਮਲਾ ਨਹੀਂ। ਗੁਜਰਾਤ ਸਰਕਾਰ ਨੇ 2024 ਵਿੱਚ ਮੋਦੀ ਦੇ ਜਨਤਕ ਜੀਵਨ ਦੇ 23 ਸਾਲਾਂ ਨੂੰ ਮਨਾਉਣ ਦੀ ਮੁਹਿੰਮ ਤਹਿਤ ਪ੍ਰਿੰਟ, ਇਲੈਕਟ੍ਰਾਨਿਕ, ਡਿਜੀਟਲ ਅਤੇ ਸੋਸ਼ਲ ਮੀਡੀਆ 'ਤੇ ਇਸ਼ਤਿਹਾਰ ਦੇ ਕੇ 8.81 ਕਰੋੜ ਖਰਚ ਕੀਤੇ ਸਨ। ਹਰਿਆਣਾ ਦੇ ਰੋਹਤਕ ਵਿੱਚ ਸਰਕਾਰੀ ਪੀ ਜੀ ਆਈ ਐੱਮ ਐੱਸ ਪ੍ਰਧਾਨ ਮੰਤਰੀ ਦੇ ਜਨਮ ਦਿਨ 'ਤੇ ਲੱਗਭੱਗ 10,000 ਦੀਵੇ ਜਗਾਉਣ ਦੀ ਤਿਆਰੀ ਕਰ ਰਿਹਾ ਸੀ। ਸਰਕਾਰੀ ਸੰਸਥਾਵਾਂ ਅਤੇ ਸਰਕਾਰੀ ਕਰਮਚਾਰੀ ਵੀ ਪ੍ਰਧਾਨ ਮੰਤਰੀ ਦੇ ਜਨਮ ਦਿਨ ਨਾਲ ਸੰਬੰਧਤ ਸਮਾਗਮਾਂ ਵਿੱਚ ਹਿੱਸਾ ਲੈਂਦੇ ਦਿਖਾਈ ਦੇ ਰਹੇ ਹਨ।

ਆਰ ਜੇ ਡੀ ਨੇਤਾ ਤੇਜਸਵੀ ਯਾਦਵ ਦੇ ਇਸ ਦੋਸ਼ ਵਿੱਚ ਦਮ ਹੈ ਕਿ ਸਰਕਾਰ ਪ੍ਰਧਾਨ ਮੰਤਰੀ ਦੇ ਜਨਮ ਦਿਨ 'ਤੇ ਦੀਵੇ ਜਗਾਉਣ 'ਤੇ ਪੈਸੇ ਖਰਚ ਕਰ ਰਹੀ ਹੈ, ਪਰ ਬਿਹਾਰ ਦੇ 15 ਜ਼ਿਲ੍ਹਿਆਂ ਵਿੱਚ ਹੜ੍ਹਾਂ ਤੋਂ ਪ੍ਰਭਾਵਤ ਲੱਗਭੱਗ 50 ਲੱਖ ਲੋਕਾਂ ਲਈ ਪੈਸੇ ਨਹੀਂ ਹਨ।

ਸਰਕਾਰ ਅਤੇ ਭਾਜਪਾ ਇਨ੍ਹਾਂ ਸਮਾਗਮਾਂ ਨੂੰ ਪ੍ਰਧਾਨ ਮੰਤਰੀ ਦੇ ਨਿੱਜੀ ਜਨਮ ਦਿਨ ਦੀ ਬਜਾਏ 'ਸੇਵਾ' ਅਤੇ ਲੋਕ ਭਲਾਈ ਦੀ ਮੁਹਿੰਮ ਵਜੋਂ ਪੇਸ਼ ਕਰ ਰਹੇ ਹਨ। ਭਾਜਪਾ ਮੁਤਾਬਕ 'ਸੇਵਾ ਪਖਵਾੜਾ' ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਸ਼ੁਰੂ ਕੀਤਾ ਗਿਆ ਸੀ ਅਤੇ ਇਸ ਵਿੱਚ ਸਫਾਈ ਮੁਹਿੰਮਾਂ, ਸਿਹਤ ਅਤੇ ਭਲਾਈ ਯੋਜਨਾਵਾਂ ਅਤੇ ਜਨ ਸੰਪਰਕ ਪ੍ਰੋਗਰਾਮ ਸ਼ਾਮਲ ਹਨ। ਇਹ 2026 ਵਿੱਚ ਮੋਦੀ ਦੇ 25 ਸਾਲਾਂ ਦੇ ਜਨਤਕ ਜੀਵਨ ਨਾਲ ਵੀ ਜੁੜਿਆ ਹੋਇਆ ਹੈ। ਭਾਜਪਾ ਦੀ ਯੋਜਨਾ ਵਿੱਚ ਦੇਸ਼-ਭਰ ਵਿੱਚ ਸੇਵਾ ਗਤੀਵਿਧੀਆਂ, ਜਨ ਸੰਪਰਕ, ਦੀਵੇ ਜਗਾਉਣ, ਸੱਭਿਆਚਾਰਕ ਪ੍ਰੋਗਰਾਮ ਅਤੇ ਹੋਰ ਸਮਾਗਮ ਸ਼ਾਮਲ ਹਨ। ਸਰਕਾਰ ਦਾ ਪੱਖ ਹੈ ਕਿ ਜਨਮ ਦਿਨ ਸਿਰਫ ਇੱਕ ਨਿੱਜੀ ਜਸ਼ਨ ਨਹੀਂ, ਸਗੋਂ 'ਸੇਵਾ' ਨੂੰ ਸਮਰਪਤ ਮੁਹਿੰਮ ਦਾ ਮੌਕਾ ਹੈ। ਪਰ ਇੱਥੇ ਸਵਾਲ ਪੈਦਾ ਹੁੰਦਾ ਹੈ : ਪ੍ਰਧਾਨ ਮੰਤਰੀ ਦੇ ਜਨਮ ਦਿਨ 'ਤੇ ਇੱਕ ਸਰਕਾਰੀ ਸਮਾਗਮ ਕਿਵੇਂ ਆਯੋਜਿਤ ਕੀਤਾ ਜਾ ਸਕਦਾ ਹੈ ? ਪਹਿਲੇ ਪ੍ਰਧਾਨ ਮੰਤਰੀ ਨਹਿਰੂ ਤੋਂ ਲੈ ਕੇ ਲਾਲ ਬਹਾਦੁਰ ਸ਼ਾਸਤਰੀ, ਇੰਦਰਾ ਗਾਂਧੀ, ਰਾਜੀਵ ਗਾਂਧੀ ਅਤੇ ਡਾ. ਮਨਮੋਹਨ ਸਿੰਘ ਤੱਕ ਦੇ ਜਨਮ ਦਿਨ ਕਦੇ ਵੀ ਸਰਕਾਰੀ ਤੌਰ 'ਤੇ ਨਹੀਂ ਮਨਾਏ ਗਏ। ਮੋਦੀ ਪਹਿਲੇ ਪ੍ਰਧਾਨ ਮੰਤਰੀ ਹਨ, ਜਿਨ੍ਹਾ ਦਾ ਜਨਮ ਦਿਨ ਇਸ ਤਰੀਕੇ ਨਾਲ ਮਨਾਇਆ ਜਾ ਰਿਹਾ ਹੈ। ਭਾਜਪਾ ਸ਼ਾਸਤ ਰਾਜਾਂ ਜਿਵੇਂ ਕਿ ਦਿੱਲੀ, ਗੁਜਰਾਤ, ਹਰਿਆਣਾ, ਉਤਰਾਖੰਡ, ਯੂ ਪੀ, ਮੱਧ ਪ੍ਰਦੇਸ਼ ਅਤੇ ਮਹਾਰਾਸ਼ਟਰ ਵਿੱਚ ਮੁੱਖ ਮੰਤਰੀ ਜਨਤਕ ਤੌਰ 'ਤੇ ਅਜਿਹੇ ਪ੍ਰੋਗਰਾਮਾਂ ਦਾ ਰਾਸ਼ਟਰੀਕਰਨ ਕਰ ਰਹੇ ਹਨ। ਕਈ ਰਾਜਾਂ ਵਿੱਚ ਸਕੂਲ ਅਧਿਆਪਕਾਂ ਨੂੰ ਸਕੂਲੀ ਬੱਚਿਆਂ ਦੁਆਰਾ ਮੋਦੀ ਦੀ ਪ੍ਰਸੰਸਾ ਕਰਦੇ ਵੀਡੀਓ ਬਣਾਉਣ ਅਤੇ ਪੋਸਟ ਕਰਨ ਲਈ ਕਿਹਾ ਗਿਆ ਹੈ।

## ਪਾਠਕ-ਸੱਥ

### ਪੰਜਾਬ ਦੇ ਧਰਨੇ

ਪੰਜਾਬ ਵਿੱਚ ਵੱਖ-ਵੱਖ ਵਰਗਾਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਧਰਨੇ ਅਤੇ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਲੋਕਤੰਤਰ ਵਿੱਚ ਆਪਣੀ ਗੱਲ ਰੱਖਣਾ ਹਰ ਨਾਗਰਿਕ ਦਾ ਹੱਕ ਹੈ, ਪਰ ਸਰਕਾਰ ਦੀ ਜ਼ਿੰਮੇਵਾਰੀ ਵੀ ਬਣਦੀ ਹੈ ਕਿ ਉਹ ਪ੍ਰਦਰਸ਼ਨਕਾਰੀਆਂ ਦੀਆਂ ਜਾਇਜ਼ ਮੰਗਾਂ ਨੂੰ ਗੰਭੀਰਤਾ ਨਾਲ ਸੁਣੇ ਅਤੇ ਉਨ੍ਹਾਂ ਦੇ ਹੱਲ ਲਈ ਠੋਸ ਕਦਮ ਚੁੱਕੇ।ਧਰਨੇ ਸਿਰਫ਼ ਸੜਕਾਂ 'ਤੇ ਬੈਠਣ ਤੱਕ ਸੀਮਤ ਨਾ ਰਹਿਣ, ਸਗੋਂ ਸਰਕਾਰ ਅਤੇ ਲੋਕਾਂ ਵਿਚਕਾਰ ਗੱਲਬਾਤ ਦਾ ਰਸਤਾ ਖੋਲ੍ਹਣ । ਜੇਕਰ ਕਿਸੇ ਮੰਗ ਵਿੱਚ ਵਾਜਬ ਤੱਥ ਅਤੇ ਲੋਕ-ਹਿੱਤ ਜੁੜਿਆ ਹੈ ਤਾਂ ਉਸ 'ਤੇ ਸਮੇਂ ਸਿਰ ਫੈਸਲਾ ਹੋਣਾ ਚਾਹੀਦਾ ਹੈ। ਇਸ ਨਾਲ ਲੋਕਾਂ ਦਾ ਸਰਕਾਰ 'ਤੇ ਭਰੋਸਾ ਵੀ ਮਜ਼ਬੂਤ ਹੁੰਦਾ ਹੈ ਅਤੇ ਸੂਬੇ ਵਿੱਚ ਤਣਾਅ ਵੀ ਘਟਦਾ ਹੈ।ਸਰਕਾਰ ਲੋਕਾਂ ਦੀ ਆਵਾਜ਼ ਸੁਣੇ, ਪ੍ਰਦਰਸ਼ਨਕਾਰੀ ਵੀ ਸ਼ਾਂਤਮਈ ਢੰਗ ਨਾਲ ਆਪਣੀ ਗੱਲ ਰੱਖਣ, ਇਹੀ ਮਜ਼ਬੂਤ ਲੋਕਤੰਤਰ ਦੀ ਨਿਸ਼ਾਨੀ ਹੈ।

-ਮਨਪ੍ਰੀਤ ਕੌਰ (ਚੌਂਤਾ)

### ਏ ਆਈ ਫੋਟੋਆਂ ਤੇ ਨਿੱਜਤਾ

ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕਰਨ ਲਈ ਅੱਜਕੱਲ੍ਹ ਸੋਸ਼ਲ ਮੀਡੀਆ 'ਤੇ 1980 ਦਹਾਕੇ ਵਰਗੀਆਂ ਫੋਟੋਆਂ ਨੂੰ ਦਿਖਾਉਣ ਦਾ ਕਾਫੀ ਜ਼ਿਆਦਾ ਰੁਝਾਨ ਚੱਲ ਰਿਹਾ ਹੈ। ਤਸਵੀਰ ਨੇ ਸੋਸ਼ਲ ਮੀਡੀਆ 'ਤੇ ਚਰਚਾ ਹੋਰ ਤੇਜ਼ ਕਰ ਦਿੱਤੀ ਹੈ।ਤਕਰੀਬਨ ਹਰ ਬੰਦੇ ਨੇ ਆਪਣੀ ਫੋਟੋ 1980 ਦੇ ਦਹਾਕੇ ਮੁਤਾਬਕ ਸੋਸ਼ਲ ਮੀਡੀਆ (ਚਾਹੇ ਫੇਸਬੁਕ, ਟਵਿਟਰ , ਵਟਸਐਪ) ਥਾਂ 'ਤੇ ਸਾਂਝੀ ਕੀਤੀ ਹੈ। ਏ ਆਈ ਕੁਝ ਹੀ ਸੈਕਿੰਡ 'ਚ ਉਸ ਤਸਵੀਰ ਨੂੰ '80 ਦੇ ਦਹਾਕੇ ਦੇ ਹਾਵ-ਭਾਵ, ਕੱਪੜਿਆਂ, ਵਾਲਾਂ, ਸਟਾਈਲ 'ਚ ਬਦਲ ਕੇ ਸਾਹਮਣੇ ਰੱਖ ਦਿੰਦਾ ਹੈ । ਮਾਹਿਰਾਂ ਮੁਤਾਬਕ ਇਹ ਪੁਰਾਣੇ ਸੱਭਿਆਚਾਰ ਪ੍ਰਤੀ ਪਿਆਰ ਨੂੰ ਦਰਸਾਉਂਦਾ ਹੈ । ਲੋਕਾਂ 'ਚ ਆਪਣੀਆਂ ਫੋਟੋਆਂ ਉਸ ਦਹਾਕੇ ਮੁਤਾਬਿਕ ਵੇਖ ਕੇ ਚਾਅ ਜਿਹਾ ਹੈ । ਅਕਸਰ ਕਹਿੰਦੇ ਵੀ ਹਾਂ ਕਿ ਸਾਨੂੰ ਜ਼ਮਾਨੇ ਦੇ ਮੁਤਾਬਿਕ ਚੱਲਣਾ ਚਾਹੀਦਾ ।ਦੇਖੋ, ਅੱਜਕੱਲ੍ਹ ਏ ਆਈ ਦਾ ਜ਼ਮਾਨਾ ਹੈ ।ਆਪਣੇ ਮਨੋਰੰਜਨ ਲਈ ਆਪਣੇ ਆਪ ਨੂੰ ਪੁਰਾਣੇ ਸਮੇਂ ਦੇ ਮੁਤਾਬਕ ਦਿਖਣ ਲਈ ਕਿੰਨੀ ਜਲਦੀ ਆਪਣੀ ਨਿੱਜੀ ਜਾਣਕਾਰੀ ਸਾਂਝੀ ਕਰ ਦਿੰਦੇ ਹਾਂ। ਹਾਲਾਂਕਿ ਕਈ ਥਾਵਾਂ 'ਤੇ ਪੁਲਸ ਪ੍ਰਸ਼ਾਸਨ ਵੱਲੋਂ ਲੋਕਾਂ ਨੂੰ ਆਪਣੀ ਨਿੱਜੀ ਜਾਣਕਾਰੀ ਸਾਂਝੀ ਕਰਨ ਬਾਰੇ ਚੇਤਾਵਨੀ ਵੀ ਜਾਰੀ ਕੀਤੀ ਗਈ ਸੀ। ਭਾਵੇਂ '80 ਦੇ ਦਹਾਕਿਆਂ ਵਾਲੀ ਫੋਟੋ ਦੇਖ ਕੇ ਨੌਜਵਾਨ ਪੀੜ੍ਹੀ ਉਤਸ਼ਾਹ ਵਿੱਚ ਹੈ ।ਜਿਵੇਂ ਅਸੀਂ ਕੋਈ ਆਪਣੀ ਫੋਟੋ ਅਪਲੋਡ ਕਰਦੇ ਹਾਂ ਉਸ ਥਾਂ ਬਾਰੇ ਜਾਂ ਜਿਸ ਬੰਦੇ ਕੋਲ ਅਸੀਂ ਖੜ੍ਹੇ ਹਾਂ, ਜਾਂ ਜਿੱਥੇ ਅਸੀਂ ਜਾ ਰਹੇ ਹਾਂ ਉਹ ਸਾਰੀ ਜਾਣਕਾਰੀ ਜਨਤਕ ਹੋ ਜਾਂਦੀ ਹੈ ।

-ਸੰਜੀਵ ਸਿੰਘ ਸੈਣੀ, ਮੋਹਾਲੀ, 78889-66168

## ਰਾਜਨੀਤਕ ਦਲ, ਜਥੇਬੰਦਕ ਚੋਣਾਂ ਅਤੇ ਲੋਕਤੰਤਰ



ਆਤਮਾ ਸਿੰਘ ਪਮਾਰ

ਭਾਰਤ ਨੂੰ ਸੰਸਾਰ ਦੇ ਸਭ ਤੋਂ ਵੱਡੇ ਲੋਕਤੰਤਰ ਦੇਸ਼ ਹੋਣ ਦਾ ਮਾਣ ਹਾਸਲ ਹੈ । ਲੋਕਤੰਤਰੀ ਪ੍ਰਣਾਲੀ ਚ ਸਮਾਜਿਕ, ਆਰਥਿਕ, ਕਾਨੂੰਨੀ, ਧਾਰਮਿਕ, ਸੱਭਿਆਚਾਰਕ ਅਤੇ ਮਨੁੱਖੀ ਸਮਾਨਤਾ ਤੋਂ ਇਲਾਵਾ ਹੋਰ ਵੀ ਹਰ ਤਰ੍ਹਾਂ ਦੇ ਮੁੱਢਲੇ ਅਧਿਕਾਰਾਂ ਆਦਿ ਦੀ ਪੂਰਨ ਸੁਰੱਖਿਆ ਦੀ ਤਵੱਕੋ ਕੀਤੀ ਜਾਣੀ ਸੁਭਾਵਿਕ ਹੀ ਹੈ।ਇੱਕ ਸਮਾਂ ਸੀ, ਜਦੋਂ ਇੱਥੋਂ ਦੇ ਰਾਜਸੀ, ਸਮਾਜ ਸੇਵਕ ਅਤੇ ਹੋਰਨਾਂ ਸਮਾਜਿਕ ਅਤੇ ਧਾਰਮਿਕ ਸੰਗਠਨਾਂ ਦੇ ਆਗੂ ਸਾਹਿਬਾਨ ਆਪਣੀ ਨੈਤਿਕ ਜ਼ਿੰਮੇਵਾਰੀ ਸਮਝਦਿਆਂ ਮਜ਼ਲੂਮਾਂ 'ਤੇ ਹੁੰਦੇ ਧੱਕੇ-ਧੋੜਿਆਂ, ਅੱਤਿਆਚਾਰਾਂ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਬਿਨਾਂ ਕਿਸੇ ਭੇਦ-ਭਾਵ ਤੋਂ ਉਕਤ ਸਭ ਕਿਸਮ ਦੇ ਗੈਰ ਮਾਨਵੀ ਵਰਤਾਰਿਆਂ ਦਾ ਨਿਰਸਵਾਰਥ ਰਹਿੰਦਿਆਂ ਵਿਰੋਧ ਕਰਦੇ ਸਨ। ਅਜਿਹਾ ਕਰਦਿਆਂ ਕਈ ਵਾਰ ਉਨ੍ਹਾਂ ਨੂੰ ਨਿੱਜੀ ਘਾਟੇ, ਵਾਧਿਆਂ ਤੋਂ ਇਲਾਵਾ ਦੁਸ਼ਮਣੀਆਂ ਤੱਕ ਸਹੇੜਨ ਵਰਗੇ ਜੋਖ਼ਮ ਵੀ ਖਰੀਦਣੇ ਪੈ ਜਾਂਦੇ ਸਨ, ਪ੍ਰੰਤੂ ਉਹ ਆਪਣੇ ਅਕੀਦੇ ਜਾਂ ਨਿਸ਼ਾਨੇ ਤੋਂ ਜ਼ਰਾ ਜਿੰਨਾ ਵੀ ਇੱਧਰ-ਉੱਧਰ ਨਹੀਂ ਹੁੰਦੇ ਸਨ, ਕਿਉਂਕਿ ਉਹ ਲੋਕਤੰਤਰ ਦੀਆ ਕਾਨੂੰਨੀ,ਪਵਿੱਤਰ ਸਮਾਜਿਕ ਕਦਰਾਂ-ਕੀਮਤਾਂ ਤੋਂ ਇਲਾਵਾ ਇਖ਼ਲਾਕੀ ਪ੍ਰੰਪਰਾਵਾਂ ਨੂੰ ਵੀ ਧੁਰ ਅੰਦਰੋਂ ਪ੍ਰਣਾਏ ਹੁੰਦੇ ਸਨ । ਇਹਨਾਂ 'ਚੋਂ ਜ਼ਿਆਦਾਤਰ ਆਗੂ ਛਲ, ਕਪਟ, ਚੁਤਰਾਈ ਅਤੇ ਧੋਖਾਧੜੀ ਵਰਗੇ ਗੈਰ-ਇਖਲਾਕੀ ਵਰਤਾਰਿਆਂ ਤੋਂ ਲਗਭੱਗ ਅਭਿੱਜ ਹੀ ਹੁੰਦੇ ਸਨ।

ਹੱਥਲੇ ਲੇਖ ਦਾ ਮਕਸਦ ਅਜੋਕੇ ਦੌਰ ਦੇ ਤਕਰੀਬਨ ਸਾਰੇ ਹੀ ਰਾਜਨੀਤਕ ਦਲਾਂ ਦੀਆਂ ਨੀਤੀਆਂ, ਪ੍ਰੋਗਰਾਮਾਂ ਅਤੇ ਲੋਕਤੰਤਰ ਪ੍ਰਣਾਲੀ ਪ੍ਰਤੀ ਉਨ੍ਹਾਂ ਦੀ ਪ੍ਰਤੀਬੱਧਤਾ ਆਦਿ ਬਾਰੇ ਆਪਣੀ ਨਿਗੂਣੀ ਜਿਹੀ ਬੁੱਧੀ ਅਤੇ ਸਮਝ ਅਨੁਸਾਰ ਚਰਚਾ ਕਰਨਾ ਹੀ ਹੈ । ਇੱਥੇ ਇੱਕ ਗੱਲ ਪੂਰੀ ਤਰ੍ਹਾਂ ਸਾਫ਼ ਅਤੇ ਸਪੱਸ਼ਟ ਹੈ ਕਿ ਜਦੋਂ ਵੀ ਕੋਈ ਰਾਜਨੀਤਕ ਦਲ ਹੋਂਦ 'ਚ ਆਉਂਦਾ ਹੈ, ਭਾਵੇਂ ਉਹ ਖੇਤਰੀ ਜਾਂ ਫਿਰ ਕੌਮੀ ਪੱਧਰ ਦਾ ਵੀ ਕਿਉਂ ਨਾ ਹੋਵੇ, ਉਸ ਦਾ ਇੱਕ ਨੁਕਾਤੀ ਉਦੇਸ਼ ਜਿਵੇਂ-ਕਿਵੇਂ ਸੱਤਾ ਹਥਿਆਉਣਾ ਹੀ ਹੁੰਦਾ ਹੈ, ਜਿਸ ਦੀ ਪੂਰਤੀ ਲਈ ਮੁੱਢਲੇ ਤੌਰ 'ਤੇ ਉਹ ਆਪਣਾ ਪਾਰਟੀ ਦਾ ਪ੍ਰੋਗਰਾਮ ਅਤੇ ਨੀਤੀਆਂ ਤੋਂ ਇਲਾਵਾ ਜਨਤਕ ਭਲਾਈ ਦੇ ਕੀਤੇ ਜਾਣ ਵਾਲੇ ਕਾਰਜਾਂ ਨੂੰ ਆਪਣੇ ਢੰਗ-ਤਰੀਕਿਆਂ ਅਤੇ ਆਪਣੇ ਵਰਕਰਾਂ ਜ਼ਰੀਏ ਜਨਤਕ ਕਚਹਿਰੀ ਦੇ ਸਨਮੁੱਖ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡਦਾ । ਇਸ ਦੇ ਨਾਲ ਹੀ ਆਪਣੇ ਹਮਖਿਆਲੀਆਂ ਤੱਕ ਪਾਰਟੀ ਦੀ ਮੈਂਬਰਸ਼ਿਪ ਲਈ ਪਹੁੰਚ ਵੀ ਕਰਦਾ ਹੈ । ਪਿਛਲੇ ਸਮਿਆਂ ਦੌਰਾਨ ਇਹ ਵਰਤਾਰਾ ਤਕਰੀਬਨ ਸਾਰੇ ਹੀ ਰਾਜਨੀਤਕ ਦਲਾਂ ਵੱਲੋਂ ਅਮਲੀ ਰੂਪ 'ਚ ਬਾਦਸਤੂਰ ਲਾਗੂ ਕੀਤਾ ਵੀ ਜਾਂਦਾ ਰਿਹਾ ਹੈ। ਇਸ ਦੇ ਨਾਲ ਹੀ ਪਹਿਲੀ ਕਤਾਰ ਦੇ ਆਗੂ ਆਪਣੇ ਹੇਠਲੇ ਆਗੂਆਂ ਅਤੇ ਵਰਕਰਾਂ ਨੂੰ ਪਾਰਟੀ ਦੀਆਂ ਨੀਤੀਆਂ, ਪ੍ਰੋਗਰਾਮਾਂ ਤੋਂ ਇਲਾਵਾ ਲੋਕਾਂ 'ਚ ਵਿਚਰਨ ਦੇ ਗੁਰਾਂ ਦੀ ਸਿਖਲਾਈ ਦੇਣ ਲਈ ਕਈ-ਕਈ ਦਿਨ ਕੇਡਰ ਕੈਂਪ ਵੀ ਲਗਾਉਂਦੇ ਸਨ ।

ਪ੍ਰੰਤੂ ਬਹੁਤ ਹੀ ਅਫ਼ਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਪਿਛਲੇ ਕੁਝ ਸਮੇਂ ਤੋਂ ਰਾਜਨੀਤਕ ਖੇਤਰ 'ਚ ਇੱਕ ਵੱਡਾ ਨਿਘਾਰ ਆ ਚੁੱਕਾ ਹੈ। ਇੱਥੋਂ ਦੀਆਂ ਤਕਰੀਬਨ ਸਾਰੀਆਂ ਹੀ ਰਾਜਨੀਤਕ ਪਾਰਟੀਆਂ, ਸਟੇਜਾਂ, ਆਮ ਪ੍ਰੋਗਰਾਮਾਂ ਅਤੇ ਮੀਡੀਆ ਬਿਆਨਾਂ ਰਾਹੀਂ ਲੋਕਤੰਤਰ ਦੀ ਦੁਹਾਈ ਅਤੇ ਢੰਡੋਰਾ ਤਾਂ ਵੱਡੇ ਪੱਧਰ 'ਤੇ ਪਿੱਟਦੀਆਂ ਹਨ, ਪ੍ਰੰਤੂ ਇਨ੍ਹਾਂ 'ਚੋਂ ਜ਼ਿਆਦਾਤਰ ਰਾਜਨੀਤਕ ਦਲ ਲੋਕਤੰਤਰ ਦੀਆ ਪਵਿੱਤਰ ਰਹੁ-ਰੀਤਾਂ ਅਤੇ ਪ੍ਰੰਪਰਾਵਾਂ ਨੂੰ ਅਮਲੀ ਰੂਪ 'ਚ ਲਾਗੂ ਕਰਨ ਤੋਂ ਸਿਰਫ਼ ਆਨਾ-ਕਾਨੀ ਹੀ ਨਹੀਂ ਕਰਦੇ, ਸਗੋਂ ਸ਼ਰੇਆਮ ਅਣਗੌਲਿਆ ਕਰ ਰਹੇ ਹਨ । ਜੇਕਰ ਇਨ੍ਹਾਂ ਸਭਨਾਂ ਦੇ ਜਥੇਬੰਦਕ ਢਾਂਚੇ ਦੀ ਚੋਣ ਤੇ ਪੰਛੀ ਝਾਤ ਮਾਰ ਲਈ ਜਾਵੇ ਤਾਂ ਸਥਿਤੀ ਚਿੱਟੇ ਦਿਨ ਵਾਂਗ ਸਾਫ ਹੋ ਜਾਵੇਗੀ । ਜੇਕਰ ਇਨ੍ਹਾਂ ਨੂੰ ਲੋਕਤੰਤਰ ਪ੍ਰਣਾਲੀ ਦੀ ਜ਼ਰਾ ਮਾਸਾ ਵੀ ਕਦਰ, ਸਤਿਕਾਰ ਅਤੇ ਮੋਹ ਹੋਵੇ ਤਾਂ ਇਹ ਆਪਣੇ ਕੌਮੀ, ਸੂਬਾਈ, ਜ਼ਿਲ੍ਹਾ ਆਗੂਆਂ ਤੋਂ ਇਲਾਵਾ ਹੇਠਲੇ ਪੱਧਰ ਦੇ ਆਗੂਆਂ ਨੂੰ ਵੀ ਨਿਰਧਾਰਿਤ ਸਮੇਂ ਉਪਰੰਤ ਤਬਦੀਲ ਕਿਉਂ ਨਹੀਂ ਕਰਦੇ ? ਸਾਲਾਂਬੱਧੀ ਇੱਕੋ ਪ੍ਰਧਾਨ, ਸਕੱਤਰ ਜਾਂ ਦੂਸਰੇ ਆਗੂਆਂ ਦਾ ਅਹੁਦਿਆਂ 'ਤੇ ਬਣੇ ਰਹਿਣਾ ਕਿੱਥੋਂ ਦਾ ਲੋਕਤੰਤਰ ਹੈ ? ਹਰ ਪਾਰਟੀ 'ਚ ਨਿਰਧਾਰਿਤ ਸਮੇਂ ਉਪਰੰਤ ਬਕਾਇਦਾ ਰੂਪ 'ਚ ਚੋਣ ਹੋਣ ਦੀ ਬਜਾਏ ਹਾਈ ਕਮਾਂਡ ਵੱਲੋਂ ਉਪਰਲੇ ਪੱਧਰ 'ਤੇ ਆਪ ਹੀ ਨਿਯੁਕਤੀਆਂ ਕਰ ਦਿੱਤੀਆਂ ਜਾਂਦੀਆਂ ਹਨ । ਜ਼ਮੀਨੀ ਪੱਧਰ ਦੇ ਆਗੂਆਂ ਅਤੇ ਵਰਕਰਾਂ ਦੀ ਸਹਿਮਤੀ ਤੋਂ ਬਗ਼ੈਰ ਹੀ ਪੈਰਾਸ਼ੂਟ ਰਾਹੀ ਆਗੂਆਂ ਨੂੰ ਉਤਾਰ ਕੇ ਇੱਕ ਤਰ੍ਹਾਂ ਨਾਲ ਉਨ੍ਹਾਂ 'ਤੇ ਥੋਪ ਦਿੱਤਾ ਜਾਂਦਾ ਹੈ, ਜਿਸ ਕਾਰਨ ਦੂਸਰੀ ਕਤਾਰ ਦੇ ਆਗੂਆਂ ਅਤੇ ਕਾਡਰ ਦਾ ਨਿਰਾਸ਼ਤਾ ਦੇ ਆਲਮ 'ਚ ਚਲੇ ਜਾਣਾ ਕੋਈ ਗੈਰ-ਕੁਦਰਤੀ ਵਰਤਾਰਾ ਨਹੀਂ ਮੰਨਿਆ ਜਾ ਸਕਦਾ ।ਥੋਪੇ ਗਏ ਆਗੂ ਦੀ ਅਗਵਾਈ ਉਹ ਭਲੇ ਹੀ ਕਬੂਲਦੇ ਹੋਣ, ਪ੍ਰੰਤੂ ਅਜਿਹਾ ਧੁਰ ਅੰਦਰੋਂ ਅਤੇ ਮਾਨਸਿਕ ਤੌਰ 'ਤੇ ਵੀ ਹੁੰਦਾ ਹੋਵੇ, ਕਿਵੇਂ ਵੀ ਸੰਭਵ ਨਹੀਂ ।ਪਿਛਲੇ ਕੁਝ ਸਮੇਂ ਤੋਂ ਮਿਸ ਕਾਲ ਕਰਕੇ ਮੈਂਬਰਸ਼ਿਪ ਕਰਨ ਦੀ ਜੋ ਨਵੀਂ ਰੀਤ ਈਜਾਦ ਕੀਤੀ ਗਈ ਹੈ ਕੀ ਉਸ ਨੂੰ ਪਾਰਟੀ ਲਈ ਪ੍ਰਸੰਗਿਕ ਮੰਨਿਆ ਜਾ ਸਕਦਾ ਹੈ। ? ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਕੀ ਆਨ ਲਾਈਨ ਬਣੇ ਮੈਂਬਰ ਦੀ ਪ੍ਰਮਾਣਿਕਤਾ ਅਤੇ ਭਰੋਸੇਯੋਗਤਾ ਮੰਨਣ ਯੋਗ ਹੋ ਸਕਦੀ ਹੈ ? ਤਾਂ ਉੱਤਰ ਨਾਂਹ 'ਚ ਹੀ ਹੋਵੇਗਾ । ਇਹੀ ਕਾਰਨ ਹੈ ਕਿ ਹੇਠਲੇ ਪੱਧਰ ਦੇ ਆਗੂਆਂ ਅਤੇ ਮੈਂਬਰਾਂ ਦੀ ਵੱਡੀ ਗਿਣਤੀ ਭਾਵੇਂ ਉਹ ਕਿਸੇ ਵੀ ਦਲ ਨਾਲ ਸੰਬੰਧਤ ਹੋਣ, ਸਿਰਫ਼ ਨਾਅਰੇਬਾਜ਼ੀ ਅਤੇ ਇਕੱਠਾਂ ਦੀ ਗਿਣਤੀ ਵਧਾਉਣ ਤੱਕ ਹੀ ਸੀਮਤ ਹੋ ਕੇ ਰਹਿ ਗਈ ਹੈ। ਇਉਂ ਲੱਗਦਾ ਹੈ ਕਿ ਜਿਵੇਂ ਉਹ ਆਪਣੀ ਪਾਰਟੀ ਦੀ ਸਮਝ ਅਤੇ ਨੀਤੀਆਂ ਤੋਂ ਬਿਲਕੁਲ ਕੋਰੇ ਹੀ ਕੋਰੇ ਹੋਣ।

ਇਸ ਤੋਂ ਇਲਾਵਾ ਦੂਸਰੀਆਂ ਪਾਰਟੀਆਂ ਛੱਡ ਕੇ ਆਏ ਆਗੂਆਂ ਨੂੰ ਜਦੋਂ ਕਿਸੇ ਦੂਸਰੀ ਪਾਰਟੀ 'ਚ ਸ਼ਾਮਲ ਹੁੰਦਿਆਂ ਹੀ ਵੱਡੇ ਅਹੁਦਿਆਂ ਤੋਂ ਇਲਾਵਾ ਟਿਕਟਾਂ ਤੱਕ ਨਾਲ ਵੀ ਨਿਵਾਜ਼ ਦਿੱਤਾ ਜਾਂਦਾ ਹੈ ਤਾਂ, ਉਹ ਪਾਰਟੀ ਵਰਕਰ ਜਿਨ੍ਹਾਂ ਨੇ ਆਪਣੀ ਪਾਰਟੀ ਨੂੰ ਖ਼ੂਨ-ਪਸੀਨੇ ਨਾਲ ਸਿੰਜਿਆ ਹੁੰਦਾ ਹੈ ਤਾਂ ਉਨ੍ਹਾਂ ਦੀ ਮਾਨਸਿਕ ਦਿਸ਼ਾ ਅਤੇ ਦਸ਼ਾ ਨੂੰ ਸ਼ਬਦਾਂ 'ਚ ਬਿਆਨ ਕਰਨ ਸਮੇਂ ਕਈ ਵਾਰ ਇਉਂ ਲੱਗਦਾ ਹੈ, ਜਿਵੇਂ ਸ਼ਬਦ ਵੀ ਬੇਦਾਵਾ ਦੇ ਰਹੇ ਹੋਣ, ਪ੍ਰੰਤੂ ਹੈਰਾਨੀ ਅਤੇ ਅਫ਼ਸੋਸ ਵਾਲੀ ਗੱਲ ਹੈ ਕਿ ਅਜਿਹੀ ਸਥਿਤੀ ਚ ਵੀ ਵੱਡੇ ਆਗੂ ਮੰਚਾਂ ਤੋਂ ਲੋਕਤੰਤਰ ਦੀਆਂ ਡੀਂਗਾਂ ਮਾਰਨ ਸਮੇਂ ਨਾ ਤਾਂ ਕੋਈ ਨਮੋਸ਼ੀ ਅਤੇ ਨਾ ਹੀ ਨੈਤਿਕਤਾ ਦਾ ਖਿਆਲ ਰੱਖਣ ਦੀ ਕੋਈ ਜ਼ਰੂਰਤ ਸਮਝਦੇ ਹਨ। ਇਸ ਤੋਂ ਇਲਾਵਾ ਅਜਿਹੇ ਮੌਕੇ ਪੰਡਾਲ 'ਚੋਂ ਵੀ ਆਗੂਆਂ ਅਤੇ ਵਰਕਰਾਂ ਦੇ ਹਾਸਿਆਂ ਦਾ ਠਹਾਕਾ, ਤਾੜੀਆਂ ਦੀ ਗੂੰਜ ਅਤੇ ਪਹਿਰਾ ਦਿਆਂਗੇ ਠੋਕ ਕੇ, ਆਦਿ ਦੇ ਨਾਅਰਿਆਂ ਦੀਆਂ ਉੱਚੀਆਂ-ਉੱਚੀਆਂ ਆਵਾਜ਼ਾਂ ਦਾ ਆਉਣਾ ਵੀ ਸਮਝੋਂ ਬਾਹਰੀ ਗੱਲ ਹੈ ।

ਕੀ ਭਾਰਤੀ ਸੰਵਿਧਾਨ ਖਰੜਾ ਕਮੇਟੀ ਦੇ ਮਾਣਯੋਗ ਮੈਂਬਰਾਂ ਅਤੇ ਇਸ ਦੇ ਚੇਅਰਮੈਨ ਬਾਬਾ ਸਾਹਿਬ ਡਾ. ਅੰਬੇਡਕਰ ਨੇ ਅਜਿਹੀ ਲੋਕਤੰਤਰ ਪ੍ਰਣਾਲੀ ਦੀ ਹੀ ਕਲਪਨਾ ਕੀਤੀ ਸੀ ? ਕੀ ਅਜਿਹੇ ਵਰਤਾਰਿਆਂ ਨੂੰ ਦੇਖਦਿਆਂ ਉਹਨਾਂ ਸਭਨਾਂ ਦੀਆਂ ਰੂਹਾਂ ਜਿੱਥੇ ਕਿਤੇ ਵੀ ਹੋਣਗੀਆਂ, ਆਪਣੇ ਅਨੁਯਾਈਆਂ ਦੀਆਂ ਅਜਿਹੀਆਂ ਗਤੀਵਿਧੀਆਂ ਨੂੰ ਦੇਖਦਿਆਂ ਕੁਰਲਾਉਂਦੀਆਂ ਨਹੀਂ ਹੋਣਗੀਆਂ ? ਉਕਤ ਚਰਚਾ ਤੋਂ ਤਾਂ ਇਹੀ ਜਾਪਦਾ ਹੈ ਕਿ ਡੈਮੋਕਰੇਸੀ ਸਿਰਫ਼ ਦਿਖਾਵਾ ਮਾਤਰ ਹੋਣ ਤੋਂ ਬਿਨਾਂ ਕੁਝ ਵੀ ਨਹੀਂ। ਰਾਜਨੀਤੀ ਜੋ ਕਦੇ ਲੋਕਾਂ ਦੇ ਦੁੱਖਾਂ-ਦਰਦਾਂ, ਸਮਾਜਿਕ ਸਰੋਕਾਰਾਂ, ਆਰਥਿਕਤਾ ਨੂੰ ਹੁਲਾਰਾ ਦੇਣ ਅਤੇ ਜਨਤਕ ਹਿੱਤ ਦੀਆਂ ਨੀਤੀਆਂ, ਪ੍ਰੋਗਰਾਮਾਂ ਅਤੇ ਵਿਕਾਸ ਵਜੋਂ ਜਾਣੀ ਜਾਂਦੀ ਸੀ, ਜਾਪਦਾ ਹੈ ਅਜੋਕੇ ਦੌਰ 'ਚ ਇੱਕ ਪੇਸ਼ੇ ਦਾ ਰੂਪ ਧਾਰਨ ਕਰਦੀ ਜਾ ਰਹੀ ਹੈ। ਜਨਤਕ ਹਿੱਤਾਂ ਨੂੰ ਅਣਗੌਲਿਆਂ ਕਰਕੇ ਵੱਡੇ ਸੰਵਿਧਾਨਕ ਅਹੁਦਿਆਂ, ਪਰਿਵਾਰਵਾਦ ਅਤੇ ਨਿੱਜ ਤੱਕ ਹੀ ਸੀਮਤ ਹੋ ਕੇ ਰਹਿ ਗਈ ਹੈ। ਇਹ ਵੀ ਸੱਚ ਹੈ ਕਿ ਅੰਧੇਰੀ ਰਾਤ ਉਪਰੰਤ ਸੂਰਜ ਦੀ ਲਾਲੀ ਦਾ ਉਭਾਰ ਵੀ ਨਿਸਚਿਤ ਹੀ ਹੁੰਦਾ ਹੈ। ਉਮੀਦ ਅਤੇ ਯਤਨ ਮੰਜ਼ਲ ਪ੍ਰਾਪਤੀ ਲਈ ਹਮੇਸ਼ਾ ਉਤਸ਼ਾਹੀ ਊਰਜਾ ਦੇ ਸਰੋਤ ਬਣ ਕੇ ਪਾਂਧੀਆਂ ਨੂੰ ਅਗਾਂਹ ਤੋਰਨ ਲਈ ਰਾਹ-ਦਸੇਰਾ ਬਣਦੇ ਆਏ ਹਨ ਅਤੇ ਭਵਿੱਖ 'ਚ ਵੀ ਅਜਿਹਾ ਵਰਤਾਰਾ ਬਾਦਸਤੂਰ ਜਾਰੀ ਰਹੇਗਾ।

# ਸੰਪਰਕ : 89608-56200


## .ਗਦਰੀ ਬਾਬਾ ਹਰਨਾਮ ਸਿੰਘ ਟੁੰਡੀਲਾਟ

ਅਜੀਤ ਖੰਨਾ

ਦੇਸ਼ ਨੂੰ ਆਜ਼ਾਦ ਕਰਵਾਉਣ ਖ਼ਾਤਰ ਹਜ਼ਾਰਾਂ ਦੇਸ਼ ਵਾਸੀਆਂ ਨੇ ਕੁਰਬਾਨੀਆਂ ਦੇ ਕੇ ਅਜ਼ਾਦੀ ਦੀ ਭੋਇੰ ਨੂੰ ਸਿੰਝਿਆ ।ਅਜ਼ਾਦੀ ਦੀ ਲੜਾਈ 'ਚ 80 ਪ੍ਰਤੀਸ਼ਤ ਤੋਂ ਵੱਧ ਯੋਗਦਾਨ ਪੰਜਾਬੀਆਂ ਦਾ ਰਿਹਾ ਹੈ ।ਭਾਵੇਂ ਭਗਤ ਸਿੰਘ, ਰਾਜਗੁਰੂ, ਸੁਖਦੇਵ, ਊਧਮ ਸਿੰਘ, ਕਰਤਾਰ ਸਿੰਘ ਸਰਾਭਾ ਤੇ ਲਾਲਾ ਲਾਜਪਤ ਰਾਏ ਵਰਗੇ ਸ਼ਹੀਦਾਂ ਦੇ ਨਾਂਵਾਂ ਤੋਂ ਤਾਂ ਹਰ ਦੇਸ਼ ਵਾਸੀ ਚੰਗੀ ਤਰਾਂ ਵਾਕਫ਼ ਹੈ, ਪਰ ਹਰਨਾਮ ਸਿੰਘ ਟੁੰਡੀਲਾਟ ਵਰਗੇ ਗ਼ਦਰੀ ਯੋਧਿਆਂ ਵੱਲੋਂ ਦੇਸ਼ ਦੀ ਅਜ਼ਾਦੀ ਲਈ ਘਾਲੀ ਘਾਲਣਾ ਤੋਂ ਉਹ ਨਾਵਾਕਿਫ ਹਨ, ਜਿਨ੍ਹਾਂ ਨੇ ਦੇਸ਼ ਵਾਸੀਆਂ ਸਿਰੋਂ ਗੁਲਾਮੀ ਦੀਆਂ ਜ਼ੰਜੀਰਾਂ ਲਾਹੁਣ ਲਈ ਆਪਣੀ ਜ਼ਿੰਦਗੀ ਦੇ ਸੁਨਹਿਰੀ ਪਲ ਦੇਸ਼ ਦੇ ਲੇਖੇ ਲਾ ਦਿੱਤੇ ।

ਦੇਸ਼ ਭਗਤ ਗ਼ਦਰੀ ਹਰਨਾਮ ਸਿੰਘ ਟੁੰਡੀਲਾਟ ਦਾ ਜਨਮ 26 ਅਕਤੂਬਰ 1884 ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਕੋਟਲਾ ਨੌਧ ਸਿੰਘ ਵਿਖੇ ਹੋਇਆ ।ਪਿਤਾ ਗੁਰਦਿੱਤ ਸਿੰਘ ਖੇਤੀਬਾੜੀ ਦਾ ਧੰਦਾ ਕਰਦੇ ਸਨ। ਹਰਨਾਮ ਸਿੰਘ ਟੁੰਡੀਲਾਟ ਪੰਜਵੀਂ ਜਮਾਤ ਤੱਕ ਹੀ ਸਿੱਖਿਆ ਹਾਸਲ ਕਰ ਸਕੇ, ਜੋ ਉਹਨਾ ਪਿੰਡ ਦੇ ਧਰਮਸ਼ਾਲਾ ਸਕੂਲ ਤੋ ਹਾਸਲ ਕੀਤੀ।ਇਸ ਦੌਰਾਨ ਉਨ੍ਹਾਂ ਉਰਦੂ, ਫ਼ਾਰਸੀ ਤੇ ਗੁਰਮੁੱਖੀ 'ਚ ਮੁਹਾਰਤਾ ਹਾਸਲ ਕਰ ਲਈ।ਉਹ 28 ਨਵੰਬਰ ਸੰਨ 1902 'ਚ ਪਿਸ਼ਾਵਰ ਦੇ ਪਲਟੂਨ ਨੰਬਰ 25 ਵਿੱਚ ਇੱਕ ਫ਼ੌਜੀ ਵਜੋਂ ਭਰਤੀ ਹੋ ਗਏ, ਪਰ ਦੇਸ਼ ਭਗਤੀ ਦਾ ਜਜ਼ਬਾ ਹੋਣ ਕਰਕੇ ਕੁਝ ਵਰ੍ਹਿਆਂ ਮਗਰੋਂ ਉਨ੍ਹਾਂ ਫ਼ੌਜ ਦੀ ਨੌਕਰੀ ਛੱਡ ਦਿੱਤੀ ਅਤੇ 12 ਜੁਲਾਈ 1906 ਨੂੰ ਉਹ ਵੈਨਕੂਵਰ (ਕੈਨੇਡਾ) ਚਲੇ ਗਏ।ਉਸ ਪਿੱਛੋਂ 1909 'ਚ ਕੈਲੀਫੋਰਨੀਆ ਚਲੇ ਗਏ।ਜਿੱਥੇ ਉਹਨਾਂ ਓਰੇਗਨ ਰਾਜ ਦੇ ਪ੍ਰਸਿੱਧ ਸ਼ਹਿਰ ਪੋਰਟਲੈਂਡ ਕੋਲ ਬ੍ਰਦਲਵਿਲੇ ਦੀ ਇਕ ਲੱਕੜ ਮਿੱਲ 'ਚ ਕੰਮ ਕਰਨਾ ਸ਼ੁਰੂ ਕਰ ਦਿੱਤਾ ।ਜਿੱਥੇ ਭਾਰਤੀਆਂ ਨੂੰ ਗੁਲਾਮ ਸਮਝ ਕੇ ਬੜੀ ਨਫ਼ਰਤ ਕੀਤੀ ਜਾਂਦੀ ਸੀ।ਇਸ ਪਿੱਛੋਂ ਹਰਨਾਮ ਸਿੰਘ ਨੇ ਜੀ ਡੀ ਕੁਮਾਰ ਦੇ ਸੱਦੇ 'ਤੇ 1912 ਦੇ ਸ਼ੁਰੂ 'ਚ ਪੋਰਟਲੈਂਡ ਕ੍ਰਾਂਤੀਕਾਰੀਆਂ ਦੀ ਹੋਈ ਬੈਠਕ 'ਚ ਹਿੱਸਾ ਲਿਆ ਅਤੇ ਹਿੰਦੋਸਤਾਨੀ ਮਜ਼ਦੂਰਾਂ ਦਾ ਇਕ ਸੰਗਠਨ ਬਣਾਇਆ।ਇਸ ਦਾ ਨਾਂਅ 'ਹਿੰਦੀ ਐਸੋਸੀਏਸ਼ਨ ਆਫ ਦੀ ਪੈਸੇਫਿਕ ਕੋਸਟ' ਰੱਖਿਆ ।ਇਸ ਦੀ ਪਲੇਠੀ ਬੈਠਕ 31 ਮਾਰਚ 1913 ਨੂੰ ਬ੍ਰੈਡਲਵਿਲੇ 'ਚ ਹੋਈ, ਜਿਸ ਵਿਚ ਹਰਨਾਮ ਸਿੰਘ ਨੂੰ ਸਥਾਨਕ ਸ਼ਾਖਾ ਦਾ ਸਕੱਤਰ ਚੁਣਿਆ ਗਿਆ। ਇਸ ਮਗਰੋਂ 31 ਦਸੰਬਰ ਨੂੰ ਸੈਕਰਾਮੈਂਟ (ਅਮਰੀਕਾ) 'ਚ ਟੁੰਡੀਲਾਟ ਦੀ ਕੇਂਦਰੀ ਕਾਰਜਕਾਰਨੀ ਵਜੋਂ ਚੋਣ ਕੀਤੀ ਗਈ ।ਅਪ੍ਰੈਲ 1914 ਨੂੰ ਲਾਲਾ ਹਰਦਿਆਲ ਦੇ ਅਮਰੀਕਾ ਵਿੱਚੋਂ ਕੱਢੇ ਜਾਣ ਪਿੱਛੋਂ ਸਾਨ ਫਰਾਂਸਿਸਕੋ ਵਿਚ ਪਾਰਟੀ ਦੇ ਮੁੱਖ ਦਫਤਰ ਯੁਗਾਂਤਰ ਆਸ਼ਰਮ ਵਿਚ ਇਸ ਦੇ ਕੰਮ ਦੀ ਪੁਨਰ-ਵੰਡ ਕੀਤੀ ਗਈ ਤਾਂ ਗ਼ਦਰੀ ਹਰਨਾਮ ਸਿੰਘ ਟੁੰਡੀਲਾਟ ਨੂੰ 'ਗਦਰ' ਪਰਚੇ ਦਾ ਸੰਪਾਦਕ ਚੁਣਿਆ ਗਿਆ। ਜਦੋਂ 1914 ਵਿੱਚ ਇੰਗਲੈਂਡ ਪਹਿਲੇ ਵਿਸ਼ਵ ਯੁੱਧ ਸਮੇਂ ਜਰਮਨੀ ਨਾਲ ਯੁੱਧ ਵਿੱਚ ਉਲਝਿਆ ਹੋਇਆ ਸੀ ਤਾਂ ਮਾਸਟਰ ਊਧਮ ਸਿੰਘ ਕਸੇਲ ਨੇ ਗਦਰ ਪਾਰਟੀ ਦੇ ਕਾਰਕੁਨਾਂ ਨੂੰ ਫੌਜੀ ਸਿਖਲਾਈ ਦੇਣੀ ਸ਼ੁਰੂ ਕਰ ਦਿੱਤੀ ।

ਹੀਰਾ ਸਿੰਘ ਦਰਦ ਆਪਣੀ ਕਿਤਾਬ 'ਜੀਵਨ ਦੇਸ਼ ਭਗਤ ਬਾਬਾ ਹਰਨਾਮ ਸਿੰਘ ਟੁੰਡੀਲਾਟ 'ਚ ਲਿਖਦੇ ਹਨ ਕਿ 5 ਜੁਲਾਈ 1914 ਨੂੰ ਕਰਤਾਰ ਸਿੰਘ ਸਰਾਭਾ ਤੇ ਪ੍ਰਿਥਵੀ ਸਿੰਘ ਆਜ਼ਾਦ ਵੱਲੋਂ ਬੰਬ ਬਣਾਉਣ ਦੇ ਇਕ ਸਫਲ ਤਜਰਬੇ ਸਮੇਂ ਹਰਨਾਮ ਸਿੰਘ ਦਾ ਸੱਜਾ ਹੱਥ ਬਾਂਹ ਤੋਂ ਵੱਖ ਹੋ ਗਿਆ ।ਸਿੱਟੇ ਵਜੋਂ ਉਸ ਦੀ ਸੱਜੀ ਬਾਂਹ ਕੂਹਣੀ ਤੋਂ ਉਪਰੋਂ ਕੱਟਣੀ ਪਈ, ਜਿਸ ਪਿੱਛੋਂ ਸਾਥੀਆਂ ਨੇ ਹਰਨਾਮ ਸਿੰਘ ਦਾ ਨਾਂਅ ਟੁੰਡੀਲਾਟ ਰੱਖ ਦਿੱਤਾ ।ਸੰਨ 1914 ਜਿਹੜੇ ਗ਼ਦਰੀ ਆਗੂ ਐੱਸ ਐੱਸ ਕੋਰੀਆ ਜਹਾਜ਼ ਰਾਹੀਂ ਕਲਕੱਤੇ ਵੱਲੋਂ ਭਾਰਤ ਪਹੁੰਚੇ ਸਨ, ਉਨ੍ਹਾਂ ਨੂੰ ਬੰਦਰਗਾਹ 'ਤੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਮਿੰਟਗੁਮਰੀ ਤੇ ਮੁਲਤਾਨ ਦੀਆਂ ਕੇਂਦਰੀ ਜੇਲ੍ਹਾਂ ਵਿਚ ਕੈਦ ਕਰਨ ਦੇ ਹੁਕਮ ਦਿੱਤੇ ਗਏ। ਹਰਨਾਮ ਸਿੰਘ ਅਕਤੂਬਰ ਦੇ ਅੰਤ 'ਚ ਮਸ਼ੀਮਾ ਮਾਰੂ ਜਹਾਜ਼ ਰਾਹੀਂ ਕੋਲੰਬੋ ਤੇ 24 ਦਸੰਬਰ ਨੂੰ ਭਾਰਤ ਤੇ ਫਿਰ ਪੰਜਾਬ 'ਚ ਦਾਖਲ ਹੋਇਆ ।ਇੱਥੇ ਉਨ੍ਹਾਂ ਗਦਰ ਪਾਰਟੀ ਵੱਲੋਂ ਪਿਸ਼ਾਵਰ, ਰਾਵਲਪਿੰਡੀ ਅਤੇ ਨੌਸ਼ਹਿਰਾ ਛਾਉਣੀਆਂ ਵਿੱਚ ਫੌਜੀ ਸਿਪਾਹੀਆਂ ਦੇ ਦਸਤਿਆਂ



ਨਾਲ ਰਾਬਤਾ ਕਾਇਮ ਕੀਤਾ।ਗਦਰ ਅੰਦੋਲਨ ਨੂੰ ਅਸਫਲ ਕਰਨ ਲਈ ਅੰਗਰੇਜ਼ ਹਕੂਮਤ ਨੇ ਕਿਰਪਾਲ ਸਿੰਘ ਮਾਧੋਕੇ ਨਾਂਅ ਦੇ ਗਦਾਰ ਨੂੰ ਪਾਰਟੀ ਵਿੱਚ ਜਾਸੂਸ ਬਣਾ ਕੇ ਭੇਜ ਦਿੱਤਾ, ਜਿਸ ਨੇ ਗਦਰ ਪਾਰਟੀ ਦੀ ਸਾਰੀ ਜਾਣਕਾਰੀ ਪੁਲਸ ਅਫ਼ਸਰ ਲਿਆਕਤ ਖਾਂ ਨੂੰ ਦੇਣੀ ਸ਼ੁਰੂ ਕਰ ਦਿੱਤੀ, ਜਿਸ ਨਾਲ ਬਹੁਤ ਸਾਰੇ ਗ਼ਦਰੀ ਫੜੇ ਗਏ। ਹਰਨਾਮ ਸਿੰਘ ਟੁੰਡੀਲਾਟ,ਕਰਤਾਰ ਸਿੰਘ ਸਰਾਭਾ ਤੇ ਜਗਤ ਸਿੰਘ ਸੁਰਸਿੰਘ ਕੁਝ ਦਿਨਾਂ ਲਈ ਅਫ਼ਗਾਨਿਸਤਾਨ ਵੱਲ ਚਲੇ ਗਏ।

2 ਮਾਰਚ 1915 ਨੂੰ ਟੁੰਡੀਲਾਟ ਕਰਤਾਰ ਸਿੰਘ ਸਰਾਭਾ ਅਤੇ ਜਗਤ ਸਿੰਘ ਗ਼ਦਰ ਦੇ ਅਸਫਲ ਹੋਣ ਮਗਰੋਂ ਸ਼ਾਹਪੁਰ ਜ਼ਿਲ੍ਹੇ ਦੇ ਬਿਲਾਸਪੁਰ ਚੱਕ ਨੰਬਰ -5 ਦੇ ਇਕ ਫਾਰਮ 'ਤੇ ਇਕ ਫੌਜ਼ੀ ਪੈਨਸ਼ਨਰ ਰਜਿੰਦਰ ਸਿੰਘ ਕੋਲ ਠਹਿਰਨ ਲਈ ਆ ਪਹੁੰਚੇ। ਗ਼ਦਾਰ ਕਿਰਪਾਲ ਸਿੰਘ ਨੇ ਬੁੱਲ੍ਹੇਵਾਲ ਥਾਣੇ 'ਚ ਗਦਰੀਆਂ ਦੇ ਆਉਣ ਦੀ ਸੂਹ ਦੇ ਕੇ ਹਰਨਾਮ ਸਿੰਘ ਟੁੰਡੀਲਾਟ ਤੇ ਉਸ ਦੇ ਦੋ ਸਾਥੀਆਂ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ।ਹਰਨਾਮ ਸਿੰਘ ਉੱਤੇ ਲਾਹੌਰ ਸਾਜ਼ਿਸ਼ ਤਹਿਤ ਮੁਕੱਦਮਾ ਚਲਾਇਆ ਗਿਆ।ਡਿਫੈਂਸ ਐਡ ਇੰਡੀਆ ਐਕਟ 1914 ਤਹਿਤ ਵਿਸ਼ੇਸ਼ ਟ੍ਰਿਬਿਊਨਲ ਰਾਹੀਂ 26 ਅਪ੍ਰੈਲ 1915 ਨੂੰ ਕਰੀਬ 81 ਗਦਰੀਆਂ 'ਤੇ ਮੁਕੱਦਮਾ ਸ਼ੁਰੂ ਹੋਇਆ।ਹਰਨਾਮ ਸਿੰਘ ਟੁੰਡੀਲਾਟ ਸਣੇ 24 ਨੂੰ ਮੌਤ ਦੀ ਸਜ਼ਾ ਸੁਣਾਈ ਗਈ ।ਗਦਰੀਆਂ ਵੱਲੋਂ ਮੁਕੱਦਮੇ ਦੀ ਪੈਰਵੀ ਕਰ ਰਹੇ ਵਕੀਲ ਰਘੂਨਾਥ ਸਹਾਏ ਨੇ 24 ਗਦਰੀਆਂ ਨੂੰ ਫਾਂਸੀ ਦੀ ਸਜ਼ਾ ਦਾ ਮੁੱਦਾ ਵਾਇਸਰਾਏ ਕੌਂਸਲ ਕੋਲ ਉਠਾਇਆ ।ਕੌਂਸਲ ਦੇ ਮੈਂਡੇਟ ਸਰ ਅਲੀ ਇਮਾਮ ਦੇ ਕਾਨੂੰਨੀ ਪੈਂਤੜਿਆਂ ਦੀ ਨਜ਼ਰਸਾਨੀ ਤੋਂ ਬਾਅਦ ਭਾਰਤ ਦੇ ਵਾਇਸਰਾਏ ਚਾਰਲਸ ਹਾਰਡਿੰਗ ਨੇ ਆਪਣੇ ਤੌਰ 'ਤੇ ਇਨ੍ਹਾਂ ਵਿੱਚੋਂ 17 ਜਣਿਆ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ 'ਚ ਬਦਲ ਦਿੱਤਾ। ਜਿਨ੍ਹਾਂ ਚ ਹਰਨਾਮ ਸਿੰਘ ਟੁੰਡੀਲਾਟ ਵੀ ਸ਼ਾਮਲ ਸੀ।ਹਰਨਾਮ ਸਿੰਘ ਟੁੰਡੀਲਾਟ ਨੇ 6 ਵਰ੍ਹੇ ਅੰਡੇਮਾਨ ਦੀ ਜੇਲ੍ਹ 'ਚ ਗੁਜ਼ਾਰੇ ਅਤੇ ਬਾਕੀ ਦੇ 9 ਵਰ੍ਹੇ ਮਦਰਾਸ, ਪੁਣੇ, ਮੁੰਬਈ ਅਤੇ ਮਿੰਟਗੁਮਰੀ ਦੀਆਂ ਜੇਲ੍ਹਾਂ ਵਿੱਚ ਬਤੀਤ ਕੀਤੇ।ਸੰਨ 1930 ਵਿੱਚ ਜੇਲ੍ਹ ਤੋਂ ਰਿਹਾਅ ਹੁੰਦਿਆ ਹੀ ਗ਼ਦਰੀ ਹਰਨਾਮ ਸਿੰਘ ਟੁੰਡੀਲਾਟ ਕਿਰਤੀ ਕਿਸਾਨ ਪਾਰਟੀ ਅਤੇ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋ ਗਏ ਤੇ ਅਜ਼ਾਦੀ ਵਿਚ ਹਿੱਸਾ ਲੈਣੋਂ ਨਾ ਰੁਕੇ, ਜਿਸ ਲਈ ਆਪ ਨੂੰ ਮੁੜ ਕਈ ਵਾਰ ਜੇਲ੍ਹ ਜਾਣਾ ਪਿਆ। ਇਸ ਦੌਰਾਨ ਉਹ ਅੰਡੇਮਾਨ, ਮਦਰਾਸ, ਪੂਨਾ, ਮੁੰਬਈ ਤੇ ਮਿੰਟਗੁਮਰੀ ਆਦਿ ਜੇਲ੍ਹਾਂ 'ਚ ਰਹੇ ਤੇ ਸੰਨ 1945 ਨੂੰ ਜੇਲ੍ਹ ਤੋਂ ਬਾਹਰ ਆਏ ।

ਅੰਤ 15 ਅਗਸਤ 1947 ਨੂੰ ਆਪ ਦੀ ਘਾਲਣਾ ਸਿਰੇ ਚੜ੍ਹੀ ।ਅੰਗਰੇਜ਼ਾਂ ਨੇ ਭਾਰਤ ਨੂੰ ਛੱਡ ਦਿੱਤਾ ਤੇ ਦੇਸ਼ ਆਜ਼ਾਦ ਹੋ ਗਿਆ ।ਅਜਾਦੀ ਦੇ 15 ਸਾਲਾਂ ਪਿੱਛੋਂ 18 ਸਤੰਬਰ 1962 ਨੂੰ 78 ਵਰ੍ਹਿਆਂ ਦੀ ਉਮਰ ਭੋਗ ਕੇ ਭਾਰਤ ਦਾ ਇਹ ਮਹਾਨ ਅਜ਼ਾਦੀ ਘੁਲਾਟੀਆ ਸਾਥੋਂ ਸਦਾ ਲਈ ਰੁਖ਼ਸਤ ਹੋ ਗਿਆ ।

# ਸੰਪਰਕ : 76967-54669

## ਨੌਜਵਾਨ ਆਗੂ ਸ਼ਹੀਦ ਸੋਹਣ ਸਿੰਘ ਢੇਸੀ ਦੀ ਸ਼ਹਾਦਤ ਬਾਬਤ

ਪਿਰਥੀਪਾਲ ਸਿੰਘ ਮਾੜੀਮੇਘਾ

ਪੰਜਾਬ ਵਿੱਚ 1980-81 ਤੋਂ ਇੱਕ ਫਿਰਕੇ ਦਾ ਫਿਰਕੂ ਜ਼ਹਿਰ ਉਗਲਣਾ ਸ਼ੁਰੂ ਹੋ ਗਿਆ ਸੀ । ਫਿਰਕੂ ਦਹਿਸ਼ਤਗਰਦੀ ਦਾ ਇਹ ਵਰਤਾਰਾ ਲੱਗਭਗ ਇੱਕ ਦਹਾਕਾ ਚਲਦਾ ਰਿਹਾ । ਇਸ ਦਹਾਕੇ ਵਿੱਚ ਦਹਿਸ਼ਤਗਰਦਾਂ ਨੇ ਬੱਸਾਂ 'ਚੋਂ ਲਾਹ-ਲਾਹ ਕੇ ਹਿੰਦੂ ਕਮਿਊਨਿਟੀ ਦੇ ਲੋਕਾਂ ਦਾ ਕਤਲੇਆਮ ਕੀਤਾ । ਜਿਹੜਾ ਵੀ ਉਸ ਦਹਿਸ਼ਤਗਰਦੀ ਦੀ ਵਿਰੋਧਤਾ ਕਰਦਾ, ਭਾਵੇਂ ਉਹ ਸਿੱਖ ਜਾਂ ਹਿੰਦੂ ਹੋਵੇ, ਉਸ ਨੂੰ ਦਹਿਸ਼ਤਗਰਦ ਮਾਰ ਦਿੰਦੇ ਸਨ । ਇਸ ਫਿਰਕੂ ਦਹਿਸ਼ਤਗਰਦੀ ਦਾ ਸਭ ਤੋਂ ਵੱਧ ਵਿਰੋਧ ਕਰਨ ਵਾਲੇ ਕਮਿਊਨਿਸਟ ਸਨ ਅਤੇ ਦਹਿਸ਼ਤਗਰਦਾਂ ਨੇ ਸਭ ਤੋਂ ਵੱਧ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰਿਆ ਸੀ। ਇਸ ਦਹਿਸ਼ਤਗਰਦੀ ਦੀ ਗ੍ਰਿਫਤ ਵਿੱਚ ਜਨਵਾਦੀ ਨੌਜਵਾਨ ਸਭਾ ਦੇ ਪੰਜਾਬ ਦੇ ਸਕੱਤਰ ਕਾਮਰੇਡ ਸੋਹਣ ਸਿੰਘ ਢੇਸੀ ਵੀ ਆ ਗਏ ਤੇ ਸ਼ਹਾਦਤ ਦਾ ਜਾਮ ਪੀ ਗਏ।

ਖੱਬੇ ਪੱਖੀ ਨੌਜਵਾਨ ਲਹਿਰ ਜਨਵਾਦੀ ਨੌਜਵਾਨ ਸਭਾ ਦੇ ਸੂਬਾ ਸਕੱਤਰ ਕਾਮਰੇਡ ਸੋਹਣ ਸਿੰਘ ਢੇਸੀ ਦਾ ਜਨਮ 1-4-1955 ਨੂੰ ਪਿੰਡ ਢੇਸੀਆਂ ਕਾਹਨਾਂ ਵਿਖੇ ਜ਼ਿਲ੍ਹਾ ਜਲੰਧਰ ਵਿੱਚ ਹੋਇਆ । ਉਨ੍ਹਾ ਦਾ ਪ੍ਰਵਾਰ ਇੱਕ ਸਾਧਾਰਨ ਕਿਸਾਨ ਪ੍ਰਵਾਰ ਹੈ । ਉਨ੍ਹਾ ਨੇ ਐੱਮ ਏ ਤੱਕ ਦੀ ਵਿਦਿਆ ਰਾਮਗੜ੍ਹੀਆ ਕਾਲਜ ਫਗਵਾੜਾ ਤੋਂ ਪ੍ਰਾਪਤ ਕੀਤੀ। ਪੜ੍ਹਾਈ ਦੌਰਾਨ ਉਹ ਮਾਰਕਸਵਾਦੀ ਵਿਚਾਰਾਂ ਵੱਲ ਖਿੱਚੇ ਗਏ ਅਤੇ ਮਾਰਕਸਵਾਦੀ ਵਿਚਾਰਾਂ ਦੀ ਪ੍ਰਣਾਈ ਹੋਈ ਜਥੇਬੰਦੀ ਐੱਸ ਐੱਫ ਆਈ ਵਿੱਚ ਸ਼ਾਮਲ ਹੋ ਗਏ। ਰਾਮਗੜ੍ਹੀਆ ਕਾਲਜ ਦੇ ਵਿਦਿਆਰਥੀਆਂ ਨੇ ਉਨ੍ਹਾ ਨੂੰ ਵਿਦਿਆਰਥੀ ਯੂਨੀਅਨ ਦਾ ਪ੍ਰਧਾਨ ਚੁਣ ਲਿਆ । ਉਹ ਐੱਸ ਐੱਫ ਆਈ ਦੇ ਜ਼ਿਲ੍ਹੇ ਤੇ ਪੰਜਾਬ ਪੱਧਰ ਦੇ ਆਗੂ ਰਹੇ। ਖੇਡਾਂ ਦੇ ਸ਼ੌਕੀਨ ਸੋਹਣ ਸਿੰਘ ਢੇਸੀ ਇੱਕ ਉੱਚ ਪਾਏ ਦੇ ਵੇਟ ਲਿਫਟਰ ਵੀ ਸਨ।

ਢੇਸੀ ਨੇ ਕਾਲਜ ਦੀ ਪੜ੍ਹਾਈ ਹਾਲੇ ਐੱਮ ਏ ਤੱਕ ਹੀ ਲਈ ਸੀ ਕਿ ਸੀ ਪੀ ਆਈ ਐੱਮ ਦੀ ਆਗੂ ਟੀਮ ਨੇ ਉਸ 'ਤੇ ਜ਼ਿੰਮੇਵਾਰੀ ਨੌਜਵਾਨਾਂ ਦੀ ਜਥੇਬੰਦੀ ਜਨਵਾਦੀ ਨੌਜਵਾਨ ਸਭਾ ਨੂੰ ਜਥੇਬੰਦ ਕਰਨ ਦੀ ਪਾ ਦਿੱਤੀ। ਸੋਹਣ ਸਿੰਘ ਢੇਸੀ ਨੇ ਦਹਿਸ਼ਤਗਰਦੀ ਦੇ ਮਾਹੌਲ ਵਿੱਚ ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਭਾਈਚਾਰਕ ਸਾਂਝ ਕਾਇਮ ਰੱਖਣ ਲਈ ਜ਼ਿਲ੍ਹਿਆਂ ਦੇ ਬਹੁਤ ਸਾਰੇ ਪਿੰਡਾਂ ਵਿੱਚ ਮੀਟਿੰਗਾਂ ਕਰਕੇ ਜਨਵਾਦੀ ਨੌਜਵਾਨ ਸਭਾ ਦੇ ਯੂਨਿਟ ਕਾਇਮ ਕੀਤੇ । ਸੋਹਣ ਸਿੰਘ ਢੇਸੀ ਨੌਜਵਾਨ ਸਭਾ ਦੇ ਜ਼ਿਲ੍ਹੇ ਦੇ ਆਗੂ ਬਣ ਗਏ ।



ਲਿਖਤ ਤੋਂ ਪਤਾ ਲੱਗਾ ਹੈ ਕਿ ਸੋਹਣ ਸਿੰਘ ਢੇਸੀ ਵਿੱਚ ਜਥੇਬੰਦੀ ਉਸਾਰਨ ਦੀ ਬਹੁਤ ਮੁਹਾਰਤ ਸੀ । ਉਹ ਜਥੇਬੰਦਕ ਤੌਰ 'ਤੇ ਉੱਚ ਕੋਟੀ ਦੀ ਮੁਹਾਰਤ ਰੱਖਣ ਵਾਲੇ ਨੌਜਵਾਨ ਮਨੁੱਖ ਸਨ । ਉਹ ਮੀਟਿੰਗਾਂ ਵਿੱਚ ਹੀ ਨੌਜਵਾਨਾਂ ਦੀਆਂ ਅੱਖਾਂ ਤੇ ਚੇਹਰੇ ਤੋਂ ਪਹਿਚਾਣ ਜਾਂਦੇ ਸਨ ਕਿ ਇਹ ਨੌਜਵਾਨ ਜਥੇਬੰਦੀ ਵਿੱਚ ਕੰਮ ਕਰਨ ਦੇ ਯੋਗ ਹੈ।

ਜਦੋਂ ਸੋਹਣ ਸਿੰਘ ਢੇਸੀ ਨੇ ਜਵਾਨੀ ਦੀ ਦਹਿਲੀਜ਼ 'ਤੇ ਪੈਰ ਧਰਿਆ ਤੇ ਉਸ ਨੂੰ ਕੈਨੇਡਾ ਤੋਂ ਰਿਸ਼ਤਾ ਆਇਆ। ਰਿਸ਼ਤੇ ਵਾਲੇ ਜਲੰਧਰ ਜ਼ਿਲ੍ਹੇ ਵਿੱਚ ਕੁੱਕੜ ਪਿੰਡ ਦੇ ਵਸਨੀਕ ਸਨ। ਉਸ ਨੂੰ ਆਗੂਆਂ ਨੇ ਪੁੱਛਿਆ ਕਿ ਤੂੰ ਕੈਨੇਡਾ ਜਾਣਾ ਹੈ ਕਿ ਜਥੇਬੰਦੀ ਦਾ ਆਗੂ ਬਣਨਾ ਹੈ, ਉਸ ਨੇ ਜਥੇਬੰਦੀ ਦੇ ਆਗੂ ਬਣਨ ਨੂੰ ਪਹਿਲ ਦਿੱਤੀ।

ਸੋਹਣ ਸਿੰਘ ਢੇਸੀ ਦੀ ਸ਼ਹਾਦਤ ਤੋਂ ਪਹਿਲਾਂ ਇਨ੍ਹਾਂ ਸਤਰਾਂ ਦੇ ਲੇਖਕ ਦਾ ਸਰਬ ਭਾਰਤ ਨੌਜਵਾਨ ਸਭਾ, ਜਨਵਾਦੀ ਨੌਜਵਾਨ ਸਭਾ, ਐੱਸ ਐੱਫ ਆਈ ਅਤੇ ਏ ਆਈ ਐੱਸ ਐੱਸ ਐੱਫ ਦੇ ਸਾਂਝੇ ਪ੍ਰੋਗਰਾਮਾਂ ਵਿੱਚ ਢੇਸੀ ਨਾਲ ਮੇਲ ਹੋ ਚੁੱਕਾ ਸੀ, ਕਿਉਂਕਿ ਇਸ ਫਿਰਕੂ ਦੌਰ ਵਿੱਚ ਸਾਂਝੇ ਪ੍ਰੋਗਰਾਮ ਵੀ ਵਾਹਵਾ ਹੁੰਦੇ ਸਨ । ਲੇਖਕ ਨੂੰ ਸੋਹਣ ਸਿੰਘ ਢੇਸੀ ਦੀ ਲਿਆਕਤ ਤੇ ਇਨਕਲਾਬੀਪੁਣੇ ਦਾ ਵਧੇਰੇ ਪਤਾ ਉਦੋਂ ਲੱਗਾ, ਜਦੋਂ ਉਸ ਨਾਲ ਰੇਲ ਗੱਡੀ ਵਿੱਚ ਇਕੱਠਿਆਂ ਸਫਰ ਕਰਨ ਦਾ ਮੌਕਾ ਮਿਲਿਆ । ਨੌਜਵਾਨਾਂ, ਵਿਦਿਆਰਥੀਆਂ ਦੀ ਦਿੱਲੀ ਵਿਖੇ ਸਾਂਝੀ ਰੈਲੀ ਤੋਂ ਬਾਅਦ ਰੇਲ ਗੱਡੀ ਰਾਹੀਂ ਵਾਪਸ ਆ ਰਹੇ ਸਾਂ ਤੇ ਸੋਹਣ ਸਿੰਘ ਢੇਸੀ ਨੂੰ ਸੀਟ ਨਾ ਮਿਲਣ ਕਰਕੇ ਉਹ ਖਲੋਤੇ ਹੋਏ ਸਨ। ਲੇਖਕ ਸਿੰਗਲ ਸੀਟ 'ਤੇ ਬੈਠਾ ਹੋਇਆ ਸੀ। ਲੇਖਕ ਨੇ ਨੌਜਵਾਨ ਸਭਾ ਦੇ ਵੱਡੇ ਆਗੂ ਦਾ ਸਤਿਕਾਰ ਕਰਦਿਆਂ ਹੋਇਆਂ ਉਸ ਨੂੰ ਆਪਣੇ ਨਾਲ ਬਿਠਾ ਲਿਆ ਤੇ ਫਿਰ ਸਾਰੀ ਰਾਤ ਗੱਲਾਂਬਾਤਾਂ ਦਾ ਆਦਾਨ-ਪ੍ਰਦਾਨ ਹੁੰਦਾ ਰਿਹਾ ।

ਮੈਂ ਵੀ ਦਿੱਲੀ ਰੈਲੀ ਤੋਂ ਪਹਿਲਾਂ ਏ ਆਈ ਐੱਸ ਐੱਫ 'ਚੋਂ ਨੌਜਵਾਨ ਸਭਾ ਵਿੱਚ ਆ ਕੇ ਜ਼ਿਲੇ ਦਾ ਆਗੂ ਬਣ ਚੁੱਕਾ ਸੀ। ਮਾੜੀਮੇਘਾ ਨੂੰ ਸਰਬ ਭਾਰਤ ਨੌਜਵਾਨ ਸਭਾ ਜ਼ਿਲ੍ਹਾ ਅੰਮ੍ਰਿਤਸਰ-ਤਰਨ ਤਾਰਨ ਦੀ ਕਮਾਨ ਸੌਂਪਣ ਵਾਲੇ ਉੱਘੇ ਜਰਨਲਿਸਟ ਜਤਿੰਦਰ ਪੰਨੂ, ਕਾਮਰੇਡ ਹਰਭਜਨ ਸਿੰਘ ਤਰਨ ਤਾਰਨ ਤੇ ਸੁਖਚੈਨ ਸਿੰਘ ਝਬਾਲ ਸਨ ।

ਜਨਵਾਦੀ ਨੌਜਵਾਨ ਸਭਾ ਦੀ ਸੂਬਾਈ ਕਾਨਫਰੰਸ ਉਸ ਫਿਰਕੂ ਦੌਰ ਵਿੱਚ 1989 ਵਿੱਚ ਜਲੰਧਰ ਜ਼ਿਲ੍ਹੇ ਦੇ ਕਸਬੇ ਜੰਡਿਆਲਾ ਮੰਜਕੀ ਵਿਖੇ ਹੋਈ। ਇੱਕ ਰਿਪੋਰਟ ਅਨੁਸਾਰ ਕਾਨਫਰੰਸ ਦੇ ਪਹਿਲੇ ਦਿਨ 17 ਨਵੰਬਰ ਨੂੰ ਨੌਜਵਾਨਾਂ ਦੀ ਬੇਮਿਸਾਲ ਰੈਲੀ ਹੋਈ। ਇੰਜ ਮਹਿਸੂਸ ਹੁੰਦਾ ਸੀ ਕਿ ਜਿਸ ਤਰ੍ਹਾਂ ਨੌਜਵਾਨਾਂ ਦਾ ਹੜ੍ਹ ਆ ਗਿਆ ਹੋਵੇ। ਨੌਜਵਾਨਾਂ ਦੇ ਇਕੱਠ ਨੂੰ ਸੀ ਪੀ ਆਈ ਐੱਮ ਦੇ ਕੁੱਲ ਹਿੰਦ ਜਨਰਲ ਸਕੱਤਰ ਈ ਐੱਮ ਐੱਸ ਨੰਬੂਦਰੀਪਾਦ ਅਤੇ ਸੀ ਪੀ ਆਈ ਐੱਮ ਦੇ ਸੀਨੀਅਰ ਆਗੂ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨੇ ਸੰਬੋਧਨ ਕੀਤਾ।

ਕੁਦਰਤੀ ਹੀ ਨੌਜਵਾਨਾਂ ਦੀ ਉਸ ਰੈਲੀ ਵਿੱਚ ਉਸ ਫਿਰਕੂ ਦਹਿਸ਼ਤਗਰਦਾਂ ਬਾਬਤ ਗੱਲਬਾਤ ਹੋਣੀ ਹੀ ਸੀ, ਕਿਉਂਕਿ ਇਸ ਤੋਂ ਪਹਿਲਾਂ ਜਨਵਾਦੀ ਨੌਜਵਾਨ ਸਭਾ ਦਾ ਪੰਜਾਬ ਦਾ ਆਗੂ ਗੁਰਨਾਮ ਸਿੰਘ ਉਪਲ, ਕਾਮਰੇਡ ਅਰਜਨ ਸਿੰਘ ਮਸਤਾਨਾ, ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ, ਕਾਮਰੇਡ ਸਵਰਨ ਸਿੰਘ ਸੋਹਲ ਦਾ ਪਰਵਾਰ ਆਦਿ ਕਾਮਰੇਡ ਇਨਕਲਾਬੀ ਦਹਿਸ਼ਤਗਰਦਾਂ ਦਾ ਮੁਕਾਬਲਾ ਕਰਦੇ ਹੋਏ ਸ਼ਹੀਦੀਆਂ ਦਾ ਜਾਮ ਪੀ ਚੁੱਕੇ ਸਨ। ਕਾਮਰੇਡਾਂ ਦੀ ਦਹਿਸ਼ਤਗਰਦਾਂ ਨੂੰ ਵੰਗਾਰ ਸੀ ਕਿ ਭਾਵੇਂ ਅਸੀਂ ਵਿਚਾਰਧਾਰਕ ਲੜਾਈ ਲੜ ਰਹੇ ਹਾਂ, ਪਰ ਤੁਹਾਡੀ ਈਨ ਨਹੀਂ ਮੰਨਾਂਗੇ।

ਦਹਿਸ਼ਤਗਰਦ ਕਮਿਊਨਿਸਟ ਨੌਜਵਾਨਾਂ ਦਾ ਠਾਠਾਂ ਮਾਰਦਾ ਇਕੱਠ ਵੇਖ ਕੇ ਚਿੜ ਗਏ ਤੇ ਉਨ੍ਹਾਂ ਧਾਰ ਲਿਆ ਕਿ ਸੋਹਣ ਸਿੰਘ ਢੇਸੀ 'ਤੇ ਹਮਲਾ ਕੀਤਾ ਜਾਵੇ । ਕਾਨਫਰੰਸ ਦੀ ਸਮਾਪਤੀ 'ਤੇ ਸੋਹਣ ਸਿੰਘ ਢੇਸੀ ਕਿਸੇ ਘਰੇਲੂ ਕੰਮ ਕਰਕੇ ਆਪਣੇ ਪਿੰਡ ਢੇਸੀਆਂ ਕਾਹਨਾਂ ਨੂੰ ਚਲੇ ਗਿਆ। ਜਾਣਕਾਰੀ ਲਈ ਢੇਸੀਆਂ ਕਾਹਨਾਂ ਜੰਡਿਆਲਾ ਮੰਜਕੀ ਦੇ ਬਿਲਕੁਲ ਨਜ਼ਦੀਕ ਭਾਵ 3-4 ਕਿਲੋਮੀਟਰ ਦੀ ਦੂਰੀ 'ਤੇ ਹੈ । ਫਿਰਕੂ ਦਹਿਸ਼ਤਗਰਦ ਤਾਂ ਪਹਿਲਾਂ ਹੀ ਸੋਹਣ ਸਿੰਘ ਢੇਸੀ ਦੀ ਅੱਤਵਾਦ ਵਿਰੋਧੀ ਸਰਗਰਮੀ ਨੂੰ ਨੋਟ ਕਰ ਰਹੇ ਸਨ। ਜਦੋਂ ਉਹ ਅਗਲੇ ਦਿਨ ਘਰੋਂ 18 ਸਤੰਬਰ 1989 ਨੂੰ ਬਾਹਰ ਖੇਤਾਂ ਵਿੱਚ ਜੰਗਲ ਪਾਣੀ ਨੂੰ ਗਏ ਤਾਂ ਉਥੇ ਹੀ ਦਹਿਸ਼ਤਗਰਦਾਂ ਨੇ ਸੋਹਣ ਸਿੰਘ ਢੇਸੀ ਨੂੰ ਘੇਰ ਕੇ ਉਨ੍ਹਾ ਦਾ ਕਤਲ ਕਰ ਦਿੱਤਾ ਤੇ ਉਹ ਸ਼ਹਾਦਤ ਦਾ ਜਾਮ ਪੀ ਗਏ।

ਕਮਿਊਨਿਸਟਾਂ ਤੇ ਪਿੰਡ ਵਾਸੀਆਂ ਨੇ ਸ਼ਹੀਦ ਸੋਹਣ ਸਿੰਘ ਢੇਸੀ ਦੀ ਯਾਦ ਵਿੱਚ ਪਿੰਡ ਯਾਦਗਾਰ ਬਣਾਈ ਹੋਈ ਹੈ, ਜਿਸ ਦਾ ਉਦਘਾਟਨ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਜਿਊਤੀ ਬਾਸੂ ਨੇ ਕੀਤਾ ਸੀ। ਸੋਹਣ ਸਿੰਘ ਢੇਸੀ ਦੀ ਸ਼ਹਾਦਤ ਤੋਂ ਬਾਅਦ ਕਮਿਊਨਿਸਟਾਂ ਦਾ ਝੰਡਾ ਉਨ੍ਹਾਂ ਦੇ ਛੋਟੇ ਭਰਾ ਜਸਵਿੰਦਰ ਸਿੰਘ ਢੇਸੀ ਨੇ ਚੁੱਕ ਲਿਆ ਤੇ ਉਹ ਇਸ ਵੇਲੇ ਆਰ ਐੱਮ ਪੀ ਆਈ ਦਾ ਵਫਦਾਰ ਆਗੂ ਹਨ। ਆਰ ਐਮ ਪੀ ਆਈ ਕਾਮਰੇਡ ਸੋਹਣ ਸਿੰਘ ਢੇਸੀ ਦੀ ਯਾਦ ਵਿੱਚ ਹਰ ਸਾਲ 18 ਸਤੰਬਰ ਨੂੰ ਸਮਾਗਮ ਕਰਦੀ ਹੈ। ਇਸ ਵਾਰ ਵੀ ਕਰ ਰਹੀ ਹੈ।

ਅਸਲ ਵਿੱਚ ਸੋਹਣ ਸਿੰਘ ਢੇਸੀ ਵਰਗੇ ਨਾਮਵਰ ਕਮਿਊਨਿਸਟਾਂ ਦੀ ਕੁਰਬਾਨੀਆਂ ਦੀ ਬਦੌਲਤ ਫਿਰਕੂ ਦਹਿਸ਼ਤਗਰਦਾਂ ਦੇ ਸੁਪਨੇ ਚਕਨਾਚੂਰ ਹੋ ਗਏ ਅਤੇ ਪੰਜਾਬ ਵਿੱਚ ਸ਼ਾਂਤੀ ਪਰਤ ਆਈ ।

# ਸੰਪਰਕ : 98760-78731

# ਕਿਸਾਨਾਂ ਵੱਲੋਂ ਮੰਗਾਂ ਨੂੰ ਲੈ ਕੇ ਰੇਲਾਂ ਦਾ ਚੱਕਾ ਜਾਮ







**ਮੋਗਾ (ਇਕਬਾਲ ਸਿੰਘ ਖਹਿਰਾ)**

ਐੱਮ ਐੱਸ ਪੀ ਦੀ ਕਾਨੂੰਨੀ ਗਾਰੰਟੀ, ਕਰਜ਼ਾ ਮੁਆਫ਼ੀ ਤੇ ਪਰਾਲੀ ਮਾਮਲੇ ਰੱਦ ਕਰਨ ਸਮੇਤ ਲੰਬਿਤ ਮੰਗਾਂ ਨੂੰ ਲੈ ਕੇ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਵੱਲੋਂ ਪੰਜਾਬ ਵਿੱਚ ਪੰਜ ਥਾਵਾਂ 'ਤੇ ਅਣਮਿੱਥੇ ਸਮੇਂ ਲਈ ਰੇਲਵੇ ਟਰੈਕ ਜਾਮ ਕਰਕੇ ਅੰਦੋਲਨ ਸ਼ੁਰੂ ਕਰ ਦਿੱਤਾ ਗਿਆ ਹੈ।ਇਸੇ ਤਹਿਤ ਮੋਗਾ ਜ਼ਿਲ੍ਹੇ ਦੇ ਪਿੰਡ ਮਾਹੇਸ਼ਵਰੀ ਸੰਧੂਆ ਵਿਖੇ ਕਿਸਾਨਾਂ ਨੇ ਰੇਲਵੇ ਟਰੈਕ 'ਤੇ ਧਰਨਾ ਲਗਾ ਕੇ ਰੇਲ ਆਵਾਜਾਈ ਠੱਪ ਕੀਤੀ ਗਈ।ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਸੂਬਾ ਪ੍ਰਧਾਨ ਬਲਦੇਵ ਸਿੰਘ ਜੀਰਾ, ਭਾਰਤੀ ਕਿਸਾਨ ਯੂਨੀਅਨ ਬ੍ਰਹਮ ਕੇ ਜੋ ਸੂਬਾ ਪ੍ਰਧਾਨ ਬਲਵੰਤ ਸਿੰਘ ਬਰਹਮਕੇ, ਭਾਰਤੀ ਕਿਸਾਨ ਯੂਨੀਅਨ ਦੁਆਬਾ ਸੁਰਜੀਤ ਸਿੰਘ ਰੰਧਾਵਾ, ਭਾਰਤੀ ਕਿਸਾਨ ਯੂਨੀਅਨ ਪੰਜਾਬ ਸੂਬਾ ਪ੍ਰਧਾਨ ਮਨਜੀਤ ਸਿੰਘ, ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਜ਼ਿਲ੍ਹ ਜਗਮੋਹਨ ਸਿੰਘ ਕੰਗ, ਫਿਰੋਜ਼ਪੁਰ ਦੇ ਜ਼ਿਲ੍ਹਾ ਪ੍ਰਧਾਨ ਗੁਰਪ੍ਰੀਤ ਸਿੰਘ ਇਸ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵੱਖ-ਵੱਖ ਯੂਨੀਅਨ ਦੇ ਆਗੂ ਤੇ ਵਰਕਰ ਹਾਜ਼ਰ ਸਨ।

ਕਿਸਾਨਾਂ ਵੱਲੋਂ ਰੇਲਵੇ ਟਰੈਕ 'ਤੇ ਬੈਠ ਕੇ ਅਤੇ ਲੇਟ ਕੇ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ।ਸਥਿਤੀ ਨੂੰ ਦੇਖਦਿਆਂ ਮੌਕੇ 'ਤੇ ਭਾਰੀ ਪੁਲਿਸ ਬਲ ਤਾਇਨਾਤ ਕੀਤਾ ਗਿਆ ਹੈ। ਪ੍ਰਦਰਸ਼ਨ ਦੌਰਾਨ ਕਿਸਾਨ ਆਗੂਆਂ ਨੇ ਕਿਹਾ ਕਿ ਉਨ੍ਹਾਂ ਦੀਆਂ ਕਈ ਮੰਗਾਂ ਪਿਛਲੇ ਕਰੀਬ ਤਿੰਨ ਸਾਲਾਂ ਤੋਂ ਸਰਕਾਰ ਦੇ ਪੱਧਰ 'ਤੇ ਲੰਬਿਤ ਪਈਆਂ ਹਨ।ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਲੈ ਕੇ ਸਰਕਾਰ ਦੇ ਨੁਮਾਇੰਦਿਆਂ ਨਾਲ ਕਈ ਵਾਰ ਗੱਲਬਾਤ ਹੋਣ ਦੇ ਬਾਵਜੂਦ ਮੰਗਾਂ ਦਾ ਸਥਾਈ ਹੱਲ ਨਹੀਂ ਹੋ ਸਕਿਆ।ਕਿਸਾਨ ਆਗੂਆਂ ਨੇ ਦੋਸ਼ ਲਗਾਇਆ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕਈ ਵਾਰ ਕਿਸਾਨਾਂ ਨਾਲ ਮੀਟਿੰਗ ਲਈ ਸਮਾਂ ਅਤੇ ਸਥਾਨ ਨਿਰਧਾਰਤ ਕੀਤਾ ਗਿਆ, ਪਰ ਕਈ ਮੌਕਿਆਂ 'ਤੇ ਮੁੱਖ ਮੰਤਰੀ ਖੁਦ ਮੀਟਿੰਗ ਵਿੱਚ ਸ਼ਾਮਲ ਨਹੀਂ ਹੋਏ।ਕਿਸਾਨਾਂ ਨੇ ਦੱਸਿਆ ਕਿ ਆਪਣੀਆਂ ਮੰਗਾਂ ਨੂੰ ਲੈ ਕੇ ਉਨ੍ਹਾਂ ਵੱਲੋਂ ਸੂਬਾ ਸਰਕਾਰ ਦੇ ਕੈਬਨਿਟ ਮੰਤਰੀਆਂ ਦੇ ਘਰਾਂ ਦੇ ਬਾਹਰ ਵੀ ਪੰਜ ਦਿਨਾਂ ਤੱਕ ਧਰਨੇ ਲਗਾਏ ਗਏ ਸਨ। ਇਸ ਦੇ ਬਾਵਜੂਦ ਮੰਗਾਂ 'ਤੇ ਉਮੀਦ ਮੁਤਾਬਕ ਕਾਰਵਾਈ ਨਾ ਹੋਣ ਕਾਰਨ ਹੁਣ ਕਿਸਾਨਾਂ ਨੂੰ ਰੇਲਵੇ ਟਰੈਕ 'ਤੇ ਬੈਠ ਕੇ ਅੰਦੋਲਨ ਕਰਨ ਲਈ ਮਜਬੂਰ ਹੋਣਾ ਪਿਆ ਹੈ।ਪ੍ਰਦਰਸ਼ਨਕਾਰੀ ਕਿਸਾਨਾਂ ਨੇ ਸਾਰੀਆਂ ਫ਼ਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) ਦੀ ਕਾਨੂੰਨੀ ਗਾਰੰਟੀ, ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਅਤੇ ਪਰਾਲੀ ਸਾੜਨ ਦੇ ਦੋਸ਼ ਹੇਠ ਕਿਸਾਨਾਂ ਖ਼ਿਲਾਫ਼ ਦਰਜ ਮਾਮਲੇ ਰੱਦ ਕਰਨ ਦੀ ਮੰਗ ਕੀਤੀ।ਉਨ੍ਹਾਂ ਕਿਹਾ ਕਿ ਜਦੋਂ ਤੱਕ ਸਰਕਾਰ ਵੱਲੋਂ ਕਿਸਾਨਾਂ ਦੀਆਂ ਮੰਗਾਂ ਦਾ ਠੋਸ ਹੱਲ ਨਹੀਂ ਕੀਤਾ ਜਾਂਦਾ, ਉਦੋਂ ਤੱਕ ਉਨ੍ਹਾਂ ਦਾ ਅੰਦੋਲਨ ਜਾਰੀ ਰਹੇਗਾ।ਕਿਸਾਨ ਆਗੂਆਂ ਨੇ ਕਿਹਾ ਕਿ ਇਸ ਵਾਰ ਉਹ ਪੂਰੀ ਤਿਆਰੀ ਨਾਲ ਅੰਦੋਲਨ ਵਿੱਚ ਉਤਰੇ ਹਨ।ਉਨ੍ਹਾਂ ਸਰਕਾਰ ਨੂੰ ਕਿਸਾਨਾਂ ਦੀਆਂ ਮੰਗਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਗੱਲਬਾਤ ਰਾਹੀਂ ਹੱਲ ਕੱਢਣ ਦੀ ਅਪੀਲ ਕੀਤੀ। ਦੂਜੇ ਪਾਸੇ, ਰੇਲਵੇ ਟਰੈਕ ਜਾਮ ਹੋਣ ਕਾਰਨ ਪ੍ਰਸ਼ਾਸਨ ਅਤੇ ਪੁਲਿਸ ਵੱਲੋਂ ਸਥਿਤੀ 'ਤੇ ਲਗਾਤਾਰ ਨਜ਼ਰ ਰੱਖੀ ਜਾ ਰਹੀ ਹੈ ਤੇ ਕਾਨੂੰਨ-ਵਿਵਸਥਾ ਬਣਾਈ ਰੱਖਣ ਲਈ ਸੁਰੱਖਿਆ ਪ੍ਰਬੰਧ ਵਧਾਏ ਗਏ ਹਨ।

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਕਿਸਾਨ ਮਜ਼ਦੂਰ ਮੋਰਚੇ ਸੱਦੇ ਤਹਿਤ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਫਿਰੋਜ਼ਪੁਰ ਦੇ ਸੈਂਕੜੇ ਕਿਸਾਨਾਂ ਮਜ਼ਦੂਰਾਂ ਵੱਲੋਂ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਬਾਠ ਦੀ ਪ੍ਰਧਾਨਗੀ ਹੇਠ ਵਿਸ਼ਾਲ ਧਰਨਾ ਦਿੱਤਾ ਗਿਆ। ਇਸ ਮੌਕੇ ਰੇਲਵੇ ਟਰੈਕ ਧਰਨੇ ਨੂੰ ਸੰਬੋਧਨ ਕਰਦਿਆਂ ਸੁਖਵਿੰਦਰ ਸਿੰਘ ਸਭਰਾ, ਧਰਮ ਸਿੰਘ ਸਿੱਧੂ ਸਰਜੀਤ ਸਿੰਘ ਫੌਜੀ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਸਰਕਾਰ ਕੁੰਭਕਰਨੀ ਨੀਂਦ ਸੁੱਤੀ ਹੋਈ ਹੈ, ਇਸ ਤੋਂ ਪਹਿਲਾਂ ਕਿਸਾਨਾਂ ਮਜ਼ਦੂਰਾਂ ਵੱਲੋਂ 31 ਅਗਸਤ ਨੂੰ ਪੰਜਾਬ ਭਰ ਦੇ ਡੀ ਸੀ ਦਫਤਰਾਂ ਅੱਗੇ ਧਰਨੇ ਲਾ ਕੇ ਕਿਸਾਨਾਂ ਮਜ਼ਦੂਰਾਂ ਦੀਆਂ ਮੰਗਾਂ ਸਬੰਧੀ ਪੰਜਾਬ ਸਰਕਾਰ ਦੇ ਨਾਮ ਮੰਗ ਪੱਤਰ ਦੇ ਕੇ 14 ਸਤੰਬਰ ਤੋਂ ਪੰਜਾਬ ਦੇ ਮੰਤਰੀਆਂ ਦੇ ਘਰਾਂ ਅੱਗੇ ਸ਼ਾਂਤਮਈ ਧਰਨੇ ਦਿੱਤੇ ਜਾ ਰਹੇ ਸਨ ਤੇ ਆਪਣੀਆਂ ਮੰਗਾਂ ਨੂੰ ਮੰਗਵਾਉਣ ਲਈ ਸੰਘਰਸ਼ ਕਰ ਰਹੇ ਹਨ, ਪਰ ਭਗਵੰਤ ਮਾਨ ਸਰਕਾਰ ਦੇ ਕੰਨਾਂ ਉੱਤੇ ਕੋਈ ਵੀ ਜੂੰ ਨਹੀਂ ਸਰਕ ਰਹੀ ਤੇ ਕਿਸਾਨਾਂ ਮਜ਼ਦੂਰਾਂ ਦੀਆਂ ਮੰਗਾਂ ਨੂੰ ਅਣਗੌਲਿਆ ਕਰਕੇ ਕਾਰਪੋਰੇਟ ਪੱਖੀ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ ਹੈ। ਇਸ ਮੌਕੇ ਰਣਜੀਤ ਸਿੰਘ ਖੱਚਰ ਵਾਲਾ, ਨਰਿੰਦਰਪਾਲ ਸਿੰਘ ਜਤਾਲਾ, ਅਮਨਦੀਪ ਸਿੰਘ ਕੱਚਰਭੰਨ, ਗੁਰਮੇਲ ਸਿੰਘ ਫੱਤੇਵਾਲਾ, ਗੁਰਬਖਸ਼ ਸਿੰਘ ਪੰਜਗਰਾਈਂ, ਮੰਗਲ ਸਿੰਘ ਸਵਾਈਕੇ, ਕੇਵਲ ਸਿੰਘ ਵਾਹਕਾ, ਅਵਤਾਰ ਸਿੰਘ ਸਾਬੂਆਣਾ, ਅਵਤਾਰ ਸਿੰਘ ਬੱਗੇ ਵਾਲਾ, ਰਸ਼ਪਾਲ ਸਿੰਘ ਗੱਟਾ ਬਾਦਸ਼ਾਹ, ਸਾਹਿਬ ਸਿੰਘ ਦੀਨੇਕੇ, ਰਜਿੰਦਰ ਸਿੰਘ ਫੁਲਰਵਾਨ, ਕੁਲਦੀਪ ਸਿੰਘ ਮੱਤੜ, ਕੰਵਲਦੀਪ ਸਿੰਘ ਠੱਠਾ, ਗੁਰਮੀਤ ਸਿੰਘ ਚੱਬਾ, ਅਮਰਜੀਤ ਸਿੰਘ ਸੰਤੂ ਵਾਲਾ, ਸਾਹਿਬ ਸਿੰਘ ਤਲਵੰਡੀ, ਮੇਜਰ ਸਿੰਘ ਗਜਨੀ ਵਾਲਾ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

# ਐੱਸ ਸੀ/ਬੀ ਸੀ ਅਧਿਆਪਕ ਯੂਨੀਅਨ ਵੱਲੋਂ ਡਾਇਰੈਕਟਰ ਦੇ ਦਫ਼ਤਰ ਦਾ ਘਿਰਾਓ

**ਰੋਸ ਮਾਰਚ ਉਪਰੰਤ ਭਲਾਈ ਮੰਤਰੀ ਪੰਜਾਬ ਤੇ ਡਾਇਰੈਕਟਰ ਦੇ ਸਾੜੇ ਪੁਤਲੇ**



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਐੱਸਸੀ/ਬੀਸੀ ਅਧਿਆਪਕ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਕ੍ਰਿਸ਼ਨ ਸਿੰਘ ਦੁੱਗਾ ਦੀ ਅਗਵਾਈ 'ਚ ਅੱਜ ਦਫ਼ਤਰ ਡਾਇਰੈਕਟਰ ਸਮਾਜਿਕ ਨਿਆਂ ਅਧਿਕਾਰਤਾ ਤੇ ਘੱਟ ਗਿਣਤੀ ਵਿਭਾਗ ਅੱਗੇ ਕਈ ਘੰਟੇ ਰੋਸ ਪ੍ਰਦਰਸ਼ਨ ਕੀਤਾ ਗਿਆ। ਸਿੱਖਿਆ ਵਿਭਾਗ ਪੰਜਾਬ ਵੱਲੋਂ 1013 ਲੈਕਚਰਾਰ ਸਿੱਧੀ ਭਰਤੀ ਵਿਚ ਐੱਸਸੀ 25 ਪ੍ਰਤੀਸ਼ਤ ਤੇ ਬੀਸੀ 12 ਪ੍ਰਤੀਸ਼ਤ ਵਰਗ ਬਣਦਾ ਰਾਖਵਾਂ ਕੋਟਾ ਨਾ ਦੇਣ ਵਿਰੁੱਧ ਅਤੇ ਮੁਲਾਜ਼ਮਾਂ ਤੇ ਵਿਦਿਆਰਥੀਆਂ ਦੇ ਸੰਵਿਧਾਨਕ ਹੱਕਾਂ ਦੀ ਪੂਰਤੀ ਲਈ ਰੋਸ ਮੁਜ਼ਾਹਰੇ ਵਿੱਚ ਵੱਖ-ਵੱਖ ਵਿਦਿਆਰਥੀ ਤੇ ਸਮਾਜਿਕ ਸੰਗਠਨਾਂ ਦੇ ਆਗੂ ਅਤੇ ਵਰਕਰ ਵੀ ਸ਼ਾਮਲ ਹੋਏ। ਸੂਬਾ ਜਨਰਲ ਸਕੱਤਰ ਲਛਮਣ ਸਿੰਘ ਨਬੀਪੁਰ ਨੇ ਕਿਹਾ ਕਿ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਵੱਲੋਂ ਰਾਖਵਾਂਕਰਨ ਵਿਰੋਧੀ ਮਾਨਸਿਕਤਾ ਤਹਿਤ 1013 ਲੈਕਚਰਾਰ ਸਿੱਧੀ ਭਰਤੀ ਵਿਚ ਬਣਦਾ ਰਾਖਵਾਂ ਕੋਟਾ ਨਹੀਂ ਦਿੱਤਾ ਗਿਆ। ਇਸ ਮਸਲੇ ਦੇ ਸੁਖਾਵੇਂ ਹੱਲ ਲਈ ਸਟੇਟ ਕਮੇਟੀ ਵੱਲੋਂ ਪ੍ਰਿੰਸੀਪਲ ਸਕੱਤਰ ਭਲਾਈ ਵੀਕੇ ਮੀਨਾ ਤੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨਾਲ ਕਈ ਮੀਟਿੰਗਾਂ ਕੀਤੀਆਂ ਗਈਆਂ। ਇਨ੍ਹਾਂ ਮੀਟਿੰਗਾਂ ਵਿਚ ਆਗੂਆਂ ਵੱਲੋਂ ਤੱਥਾਂ ਸਹਿਤ ਸਿੱਧ ਕੀਤਾ ਅਤੇ ਸਬੂਤ ਦੇ ਕੇ ਪੱਖ ਰੱਖਿਆ ਕਿ ਵੱਖ-ਵੱਖ ਵਿਸ਼ਿਆਂ ਵਿੱਚ ਆਪਣੀ ਮੈਰਿਟ ਦੇ ਅਧਾਰ 'ਤੇ ਭਰਤੀ ਹੋਏ ਐੱਸਸੀ, ਬੀਸੀ ਉਮੀਦਵਾਰਾਂ ਨੂੰ ਹੀ ਰੋਸਟਰ ਨੁਕਤਿਆਂ 'ਤੇ ਲਗਾਇਆ ਗਿਆ ਹੈ, ਜੋ ਰਾਖਵਾਂਕਰਨ ਨੀਤੀ, ਆਰ ਕੇ ਸੱਭਰਵਾਲ ਕੇਸ, ਭਲਾਈ ਵਿਭਾਗ ਦੀਆਂ 10 ਜੁਲਾਈ 1995 ਦੀਆਂ ਹਦਾਇਤਾਂ ਦੀ ਸ਼ਰੇਆਮ ਉਲੰਘਣਾ ਹੈ, ਜਿਸ ਦੇ ਰੋਸ ਵਜੋਂ ਡਾਇਰੈਕਟਰ ਭਲਾਈ ਵਿਭਾਗ ਪੰਜਾਬ ਦੇ ਦਫ਼ਤਰ ਫੇਜ਼-1 ਮੋਹਾਲੀ ਦਾ ਘਿਰਾਓ ਕਰਕੇ ਭਲਾਈ ਮੰਤਰੀ ਡਾ. ਬਲਜੀਤ ਕੌਰ ਤੇ ਡਾਇਰੈਕਟਰ ਭਲਾਈ ਵਿਭਾਗ ਵਿੰਮੀ ਭੁੱਲਰ ਦੇ ਪੁਤਲੇ ਫੂਕ ਕੇ ਰੋਸ ਮੁਜ਼ਾਹਰਾ ਕੀਤਾ ਗਿਆ। ਆਗੂਆਂ ਨੇ ਮੰਗ ਕੀਤੀ ਕਿ 1013 ਲੈਕਚਰਾਰ ਭਰਤੀ ਵਿਚ ਬਣਦਾ ਰਾਖਵਾਂ ਕੋਟਾ ਦੇਣ ਬਾਰੇ ਤੁਰੰਤ ਸੋਧ ਪੱਤਰ ਜਾਰੀ ਕੀਤਾ ਜਾਵੇ ਤਾਂ ਜੋ ਐੱਸਸੀ, ਬੀਸੀ ਵਰਗ ਦੇ ਲੋਕਾਂ ਨੂੰ ਇਨਸਾਫ਼ ਮਿਲ ਸਕੇ। ਜਥੇਬੰਦੀ ਦੇ ਦਬਾਅ ਅੱਗੇ ਝੁਕਦਿਆਂ ਡਾਇਰੈਕਟਰ ਵਿੰਮੀ ਭੁੱਲਰ ਨੇ ਸੂਬਾ ਪ੍ਰਧਾਨ ਕ੍ਰਿਸ਼ਨ ਸਿੰਘ ਦੁੱਗਾ ਨੂੰ ਫੋਨ ਕਰਕੇ ਦੱਸਿਆ ਕਿ ਉਕਤ ਮਸਲੇ ਦੇ ਹੱਲ ਲਈ ਭਲਾਈ ਮੰਤਰੀ ਡਾ. ਬਲਜੀਤ ਕੌਰ ਵੱਲੋਂ 21 ਸਤੰਬਰ 2026 ਨੂੰ ਪੰਜਾਬ ਭਵਨ ਵਿਖੇ 11 ਵਜੇ ਮੀਟਿੰਗ ਦਾ ਸੱਦਾ ਦਿੱਤਾ ਗਿਆ ਹੈ। ਡਿਪਟੀ ਡਾਇਰੈਕਟਰ ਸੰਜੀਵ ਮੰਨਣ ਵੱਲੋਂ ਧਰਨੇ ਵਿੱਚ ਪਹੁੰਚ ਕੇ ਉਕਤ ਮੀਟਿੰਗ ਸਬੰਧੀ ਲਿਖਤੀ ਪੱਤਰ ਯੂਨੀਅਨ ਦੇ ਆਗੂਆਂ ਨੂੰ ਸੌਂਪਿਆ ਗਿਆ। ਰੋਸ ਧਰਨੇ ਨੂੰ ਸਾਬਕਾ ਸੂਬਾ ਪ੍ਰਧਾਨ ਬਲਜੀਤ ਸਿੰਘ ਸਲਾਣਾ ਨੇ ਅਬਾਦੀ ਅਨੁਸਾਰ ਰਾਖਵਾਂਕਰਨ 'ਤੇ ਜ਼ੋਰ ਦਿੱਤਾ। ਸੀਨੀਅਰ ਮੀਤ ਪ੍ਰਧਾਨ ਵੀਰ ਸਿੰਘ, ਵਿੱਤ ਸਕੱਤਰ ਗੁਰਪ੍ਰੀਤ ਸਿੰਘ ਗੁਰੂ ਤੇ ਬੇਅੰਤ ਸਿੰਘ ਭਾਂਬਰੀ ਨੇ ਸਰਕਾਰੀ ਅਦਾਰਿਆਂ ਦੇ ਨਿੱਜੀਕਰਨ 'ਤੇ ਰੋਕ ਦੀ ਮੰਗ ਕੀਤੀ।

ਰੋਸ ਧਰਨੇ ਨੂੰ ਚੀਫ ਆਰਗੇਨਾਈਜ਼ਰ ਪਰਮਿੰਦਰ ਗੁਰਦਾਸਪੁਰ, ਮੀਤ ਪ੍ਰਧਾਨ ਹਰਦੀਪ ਸਿੰਘ ਤੂਰ, ਹਰਪਾਲ ਸਿੰਘ ਤਰਨਤਾਰਨ, ਹਰਬੰਸ ਲਾਲ ਪਰਜੀਆਂ, ਸੁਨੀਲ ਕੁਮਾਰ, ਪ੍ਰੈੱਸ ਸਕੱਤਰ ਹਰਜਿੰਦਰ ਪੁਰਾਣੇਵਾਲਾ, ਦੇਸ ਰਾਜ ਜਲੰਧਰ, ਗੁਰਚਰਨ ਸਿੰਘ ਲੱਖੋਕੇ, ਭਾਰਤ ਪ੍ਰਤਾਪ ਫਿਰੋਜ਼ਪੁਰ, ਸੁਪਿੰਦਰ ਸਿੰਘ ਫਤਹਿਗੜ੍ਹ ਸਾਹਿਬ, ਕੁਲਵਿੰਦਰ ਬਿੱਟੂ, ਸੁਨੀਲ ਕੁਮਾਰ ਫਿਰੋਜ਼ਪੁਰ, ਗੁਰਟੇਕ ਫਰੀਦਕੋਟ ਦੇਸ ਰਾਜ ਜਲੰਧਰ, ਤਰਸੇਮ ਸਿੰਘ ਫਰੀਦਕੋਟ, ਬਲਬੀਰ ਸਿੰਘ ਤਰਨਤਾਰਨ, ਨਰਿੰਦਰਜੀਤ ਕਪੂਰਥਲਾ, ਹਰਨੇਕ ਕਪੂਰਥਲਾ, ਲੈਕ. ਗੁਰਮੀਤ ਸਿੰਘ, ਰਣਦੀਪ ਮਾਲੇਰਕੋਟਲਾ, ਗੁਰਜੰਟ ਭੁਰਥਲਾ, ਬਲਵਿੰਦਰ ਸਿੰਘ ਮੁਲਤਾਨੀ, ਜਗਤਾਰ ਜੱਗੀ, ਲਖਵਿੰਦਰ ਕਕਰਾਲਾ, ਗੁਰਪ੍ਰੀਤ ਸਿੰਘ, ਸੀਮਾ ਭਾਰਤੀ, ਪ੍ਰਿੰਸੀਪਲ ਜੋਗਿੰਦਰ ਸਿੰਘ ਬਲਮਗੜ੍ਹ ਹਾਜ਼ਰ ਸਨ।

## ਕਾਤਰਾਂ

### ਲੁਧਿਆਣਾ ਵਿਖੇ 2 ਰੋਜ਼ਾ ਕਿਸਾਨੀ ਮੇਲਾ ਅੱਜ ਤੋਂ

**ਲੁਧਿਆਣਾ (ਰਾਜ ਸਿੰਗਲਾ)**-ਉੱਤਰੀ ਭਾਰਤ ਦੀ ਸਭ ਤੋਂ ਵੱਡੀ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਵਿਖੇ ਦੋ ਰੋਜ਼ਾ ਕਿਸਾਨੀ ਮੇਲਾ ਅੱਜ 18 ਸਤੰਬਰ ਤੋਂ ਸ਼ੁਰੂ ਹੋ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸ੍ਰੀ ਰਿਸ਼ੀਪਾਲ ਸਿੰਘ ਨੇ ਦੱਸਿਆ ਕਿ ਇਸ ਮੇਲੇ ਦਾ ਉਦਘਾਟਨ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਤੇ ਖੇਤੀਬਾੜੀ ਮੰਤਰੀ ਸਰਦਾਰ ਗੁਰਮੀਤ ਸਿੰਘ ਖੁਡੀਆ ਵੱਲੋਂ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਮੇਲੇ ਵਿੱਚ ਦੇਸ਼ ਦੇ ਕੋਨੇ ਕੋਨੇ ਤੋਂ ਲੋਕ ਪਹੁੰਚਣਗੇ ਤੇ ਕਿਸਾਨਾਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਜਾਣਕਾਰੀਆਂ ਤੇ ਸਹੂਲਤਾਂ ਦੇਣ ਲਈ ਪ੍ਰਦਰਸ਼ਨੀਆਂ ਲਗਾਈਆਂ ਜਾਣਗੀਆਂ।

### ਮਰੀਜ਼ ਦੀ ਸੁਰੱਖਿਆ ਸਿਹਤ ਸੇਵਾ ਪ੍ਰਣਾਲੀ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ : ਡਾ. ਖਾਨ



**ਭਵਾਨੀਗੜ੍ਹ (ਰਾਜ ਖੁਰਮੀ)**-ਰਹਿਬਰ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ ਭਵਾਨੀਗੜ੍ਹ ਵਿਖੇ ਵਿਸ਼ਵ ਮਰੀਜ਼ ਸੁਰੱਖਿਆ ਦਿਵਸ ਮਨਾਇਆ ਗਿਆ।ਇਸ ਮੌਕੇ ਸੰਸਥਾ ਦੇ ਵਿਦਿਆਰਥੀਆਂ ਤੇ ਸਟਾਫ਼ ਨੂੰ ਮਰੀਜ਼ਾਂ ਦੀ ਸੁਰੱਖਿਆ, ਸੁਰੱਖਿਅਤ ਸਿਹਤ ਸੇਵਾਵਾਂ ਤੇ ਨਰਸਿੰਗ ਦੇ ਖੇਤਰ ਵਿੱਚ ਨਿਭਾਈ ਜਾਂਦੀ ਮਹੱਤਵਪੂਰਨ ਭੂਮਿਕਾ ਸਬੰਧੀ ਜਾਗਰੂਕ ਕੀਤਾ ਗਿਆ।ਇਸ ਮੌਕੇ ਸੰਸਥਾ ਦੇ ਚੇਅਰਮੈਨ ਡਾ. ਐੱਮ. ਐੱਸ. ਖਾਨ ਨੇ ਕਿਹਾ ਕਿ ਮਰੀਜ਼ ਦੀ ਸੁਰੱਖਿਆ ਸਿਹਤ ਸੇਵਾ ਪ੍ਰਣਾਲੀ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ।ਨਰਸਾਂ ਮਰੀਜ਼ਾਂ ਦੀ ਸਿੱਧੀ ਦੇਖਭਾਲ ਕਰਨ ਦੇ ਨਾਲ-ਨਾਲ ਦਵਾਈਆਂ ਦੀ ਸਹੀ ਵਰਤੋਂ, ਇਨਫੈਕਸ਼ਨ ਕੰਟਰੋਲ, ਮਰੀਜ਼ ਦੀ ਲਗਾਤਾਰ ਨਿਗਰਾਨੀ ਤੇ ਸੁਰੱਖਿਅਤ ਇਲਾਜ ਨੂੰ ਯਕੀਨੀ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ।ਉਨ੍ਹਾਂ ਕਿਹਾ ਕਿ ਨਰਸਿੰਗ ਵਿਦਿਆਰਥੀਆਂ ਤੇ ਸਟਾਫ਼ ਨੂੰ ਮਰੀਜ਼ ਦੀ ਸੁਰੱਖਿਆ, ਸਨਮਾਨ ਤੇ ਬਿਹਤਰ ਦੇਖਭਾਲ ਨੂੰ ਹਮੇਸ਼ਾ ਆਪਣੀ ਪਹਿਲੀ ਤਰਜੀਹ ਬਣਾਉਣਾ ਚਾਹੀਦਾ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਪੇਸ਼ੇਵਰ ਫਰਜ਼ ਇਮਾਨਦਾਰੀ, ਜ਼ਿੰਮੇਵਾਰੀ ਤੇ ਸੇਵਾ ਦੀ ਭਾਵਨਾ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ।

### ਲੜਾਈ-ਝਗੜੇ ਦੇ ਮਾਮਲੇ 'ਚ 15 ਖਿਲਾਫ਼ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜ਼ਮੀਨੀ ਵਿਵਾਦ ਨੂੰ ਲੈ ਕੇ ਪਿੰਡ ਨਰੈਣਾ ਵਿਖੇ ਹੋਏ ਕਥਿਤ ਲੜਾਈ ਝਗੜੇ ਦੇ ਮਾਮਲੇ ਵਿੱਚ ਬਡਾਲੀ ਆਲਾ ਸਿੰਘ ਪੁਲਸ ਵੱਲੋਂ 15 ਦੇ ਕਰੀਬ ਵਿਅਕਤੀਆਂ ਖ਼ਿਲਾਫ਼ ਮੁਕੱਦਮਾ ਦਰਜ ਕੀਤੇ ਜਾਣ ਦੀ ਸੂਚਨਾ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਜਸਵੀਰ ਸਿੰਘ ਵਾਸੀ ਪਿੰਡ ਨਰੈਣਾ ਨੇ ਦੋਸ਼ ਲਾਏ ਸਨ ਕਿ ਪ੍ਰੀਤ ਕਮਲ ਸਿੰਘ ਵਾਸੀ ਮੋਹਾਲੀ, ਸਿੰਮੀ ਵਾਸੀ ਪਿੰਡ ਤਸੌਲੀ (ਮੋਹਾਲੀ), ਬਬਲੂ ਵਾਸੀ ਪਿੰਡ ਪੱਤੋ ਤੇ 10/15 ਹੋਰ ਨਾਮਾਲੂਮ ਵਿਅਕਤੀਆਂ ਨੇ ਜ਼ਮੀਨੀ ਵਿਵਾਦ ਨੂੰ ਲੈ ਕੇ ਉਸ ਨਾਲ ਲੜਾਈ ਝਗੜਾ ਕੀਤਾ ਤੇ ਸੱਟਾਂ ਮਾਰੀਆਂ।ਸ਼ਿਕਾਇਤ ਕਰਤਾ ਦੇ ਬਿਆਨਾਂ 'ਤੇ ਪ੍ਰੀਤ ਕਮਲ ਸਿੰਘ, ਸਿੰਮੀ, ਬਬਲੂ ਤੇ 10/15 ਅਣਪਛਾਤੇ ਵਿਅਕਤੀਆਂ ਵਿਰੁੱਧ ਥਾਣਾ ਬਡਾਲੀ ਆਲਾ ਸਿੰਘ ਵਿਖੇ ਬੀ.ਐੱਨ.ਐੱਸ. ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰਕੇ ਸਬ-ਇੰਸਪੈਕਟਰ ਜਗਜੀਤ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

# ਆਸ਼ਾ ਵਰਕਰਾਂ ਦਾ ਸਰਕਾਰ ਖ਼ਿਲਾਫ਼ ਮੋਰਚਾ ਜਾਰੀ, ਭਲਕੇ ਵਿੱਤ ਮੰਤਰੀ ਦੀ ਕੋਠੀ ਦਾ ਘਿਰਾਓ



**ਭਵਾਨੀਗੜ੍ਹ (ਰਾਜ ਖੁਰਮੀ)**

ਆਸ਼ਾ ਵਰਕਰ ਤੇ ਫੈਸੀਲਿਟੇਟਰ ਯੂਨੀਅਨ ਪੰਜਾਬ ਵੱਲੋਂ ਆਪਣੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਦੀ ਪੂਰਤੀ ਲਈ ਸ਼ੁਰੂ ਕੀਤੇ ਸੰਘਰਸ਼ ਤਹਿਤ ਸੰਗਰੂਰ ਜ਼ਿਲ੍ਹੇ ਦੀਆਂ ਸਮੂਹ ਆਸ਼ਾ ਵਰਕਰਾਂ ਨੇ ਵੀ 8 ਸਤੰਬਰ ਤੋਂ 18 ਸਤੰਬਰ ਤੱਕ ਕੰਮ ਦਾ ਬਾਈਕਾਟ ਕਰਨ ਦਾ ਐਲਾਨ ਕੀਤਾ ਹੈ।ਸਰਕਾਰ ਵੱਲੋਂ ਮੰਗਾਂ ਸਬੰਧੀ ਕੋਈ ਠੋਸ ਕਾਰਵਾਈ ਨਾ ਕੀਤੇ ਜਾਣ ਕਾਰਨ ਵਰਕਰਾਂ ਵਿੱਚ ਰੋਸ ਲਗਾਤਾਰ ਵਧਦਾ ਜਾ ਰਿਹਾ ਹੈ।ਆਸ਼ਾ ਵਰਕਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੀ ਜ਼ਿਲ੍ਹਾ ਪ੍ਰਧਾਨ ਰਾਣੋ ਖੇੜੀ ਗਿੱਲਾਂ ਤੇ ਜਨਰਲ ਸਕੱਤਰ ਕਮਲਜੀਤ ਕੌਰ ਭੱਟੀਵਾਲ ਖੁਰਦ ਨੇ ਕਿਹਾ ਕਿ ਆਸ਼ਾ ਵਰਕਰਾਂ ਤੋਂ ਸਿਹਤ ਵਿਭਾਗ ਦੀਆਂ ਅਹਿਮ ਸੇਵਾਵਾਂ ਲਈਆਂ ਜਾ ਰਹੀਆਂ ਹਨ, ਪਰ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਲਗਾਤਾਰ ਅਣਗੌਲਿਆ ਕੀਤਾ ਜਾ ਰਿਹਾ ਹੈ।ਉਨ੍ਹਾਂ ਮੰਗ ਕੀਤੀ ਕਿ ਆਸ਼ਾ ਵਰਕਰਾਂ 'ਤੇ ਘੱਟੋ-ਘੱਟ ਉਜ਼ਰਤ ਕਾਨੂੰਨ ਲਾਗੂ ਕੀਤਾ ਜਾਵੇ, ਕੱਟੇ ਗਏ ਇਨਸੈਂਟਿਵ ਤੁਰੰਤ ਬਹਾਲ ਕੀਤੇ ਜਾਣ ਤੇ ਵਰਕਰਾਂ ਨੂੰ ਮੁਫ਼ਤ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ।ਆਗੂਆਂ ਨੇ ਕਿਹਾ ਕਿ ਸੇਵਾ ਮੁਕਤੀ ਸਮੇਂ ਆਸ਼ਾ ਵਰਕਰਾਂ ਨੂੰ 5 ਲੱਖ ਰੁਪਏ ਦੀ ਸੇਵਾ ਮੁਕਤੀ ਸਹਾਇਤਾ ਤੇ 5 ਹਜ਼ਾਰ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾਣੀ ਚਾਹੀਦੀ ਹੈ।ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਵੱਲੋਂ ਇਨ੍ਹਾਂ ਮੰਗਾਂ 'ਤੇ ਕਈ ਵਾਰ ਸਹਿਮਤੀ ਦੇਣ ਦੇ ਬਾਵਜੂਦ ਅਮਲੀ ਰੂਪ ਵਿੱਚ ਕੋਈ ਠੋਸ ਕਦਮ ਨਹੀਂ ਚੁੱਕਿਆ ਗਿਆ।ਯੂਨੀਅਨ ਆਗੂਆਂ ਨੇ ਕਿਹਾ ਕਿ 8 ਸਤੰਬਰ ਤੋਂ ਸੰਘਰਸ਼ ਚੱਲ ਰਿਹਾ ਹੈ ਤੇ 17 ਸਤੰਬਰ ਹੋਣ ਦੇ ਬਾਵਜੂਦ ਪੰਜਾਬ ਸਰਕਾਰ ਵੱਲੋਂ ਵਰਕਰਾਂ ਦੀ ਸਾਰ ਨਾ ਲੈਣਾ ਉਨ੍ਹਾਂ ਦੇ ਰੋਸ ਨੂੰ ਹੋਰ ਵਧਾ ਰਿਹਾ ਹੈ।ਉਨ੍ਹਾਂ ਐਲਾਨ ਕੀਤਾ ਕਿ ਜੇਕਰ ਸਰਕਾਰ ਨੇ ਮੰਗਾਂ ਪ੍ਰਤੀ ਗੰਭੀਰਤਾ ਨਾ ਦਿਖਾਈ ਤਾਂ 19 ਸਤੰਬਰ 2026 ਨੂੰ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਕੋਠੀ ਦਾ ਘਿਰਾਓ ਕੀਤਾ ਜਾਵੇਗਾ।

ਆਗੂਆਂ ਨੇ ਸਪੱਸ਼ਟ ਕੀਤਾ ਕਿ ਮੰਗਾਂ ਦੀ ਪੂਰਤੀ ਤੱਕ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਕਮਲਜੀਤ ਕੌਰ, ਹਰਪਾਲ ਕੌਰ, ਕਿਰਨਪਾਲ ਕੌਰ, ਕਿਰਨਾਂ ਰਾਣੀ, ਮਹਿਕ ਰਾਣੀ, ਸੰਦੀਪ ਕੌਰ, ਸੋਹਣਜੀਤ ਕੌਰ, ਆਸ਼ਾ ਰਾਣੀ, ਅਮਰਜੀਤ ਕੌਰ ਸਮੇਤ ਹੋਰ ਆਸ਼ਾ ਵਰਕਰ ਹਾਜ਼ਰ ਸਨ।

# ਮਨਰੇਗਾ ਕਾਨੂੰਨ ਬਹਾਲ ਨਾ ਕੀਤਾ ਤਾਂ ਮੋਦੀ ਸਰਕਾਰ ਦਾ ਬਿਸਤਰਾ ਗੋਲ ਕਰਾਂਗੇ : ਊਸ਼ਾ ਰਾਣੀ

**ਰਾਮ ਸਿੰਘ ਸੋਹੀਆਂ ਜ਼ਿਲ੍ਹਾ ਪ੍ਰਧਾਨ ਤੇ ਸਤਵੀਰ ਤੁੰਗਾਂ ਜ਼ਿਲ੍ਹਾ ਸਕੱਤਰ ਬਣੇ**



**ਸੰਗਰੂਰ (ਪ੍ਰਵੀਨ ਸਿੰਘ)**-ਮਨਰੇਗਾ ਮਜ਼ਦੂਰ ਯੂਨੀਅਨ ਸੀਟੂ ਵੱਲੋਂ ਸੰਗਰੂਰ ਵਿਖੇ ਜ਼ਿਲ੍ਹਾ ਪੱਧਰੀ ਕਨਵੈਨਸ਼ਨ ਜ਼ਿਲ੍ਹਾ ਪ੍ਰਧਾਨ ਕਾਮਰੇਡ ਰਾਮ ਸਿੰਘ ਸੋਹੀਆਂ ਦੀ ਪ੍ਰਧਾਨਗੀ ਹੇਠ ਕੀਤੀ ਗਈ।ਇਸ ਮੌਕੇ ਵੱਖ ਵੱਖ ਪਿੰਡਾਂ ਤੋਂ ਵੱਡੀ ਗਿਣਤੀ ਵਿੱਚ ਮਨਰੇਗਾ ਮਜ਼ਦੂਰਾਂ ਨੇ ਹਿੱਸਾ ਲਿਆ।ਇਸ ਮੌਕੇ ਸੀਟੂ ਦੇ ਕੌਮੀ ਸਕੱਤਰ ਊਸ਼ਾ ਰਾਣੀ ਵਿਸ਼ੇਸ਼ ਤੌਰ 'ਤੇ ਪਹੁੰਚੇ।ਮਨਰੇਗਾ ਮਜ਼ਦੂਰ ਯੂਨੀਅਨ ਸੀਟੂ ਪੰਜਾਬ ਦੇ ਪ੍ਰਧਾਨ ਸ਼ੇਰ ਸਿੰਘ ਫਰਵਾਹੀ ਤੇ ਸਕੱਤਰ ਅਮਰ ਨਾਥ ਕੂੰਮਕਲਾਂ ਨੇ ਕੇਂਦਰ ਵੱਲੋਂ ਮਨਰੇਗਾ ਨੂੰ ਖਤਮ ਕਰਕੇ ਬਣਾਈ ਗਈ ਨਵੀਂ ਸਕੀਮ ਵੀ ਬੀ ਗਰਾਮ ਜੀ ਨੂੰ ਤੁਰੰਤ ਬੰਦ ਕਰਕੇ ਮੁੜ ਮਨਰੇਗਾ ਬਹਾਲ ਕਰਨ ਦੀ ਮੰਗ ਕੀਤੀ।ਇਸ ਮੌਕੇ ਸੀਟੂ ਦੀ ਕੌਮੀ ਸਕੱਤਰ ਊਸ਼ਾ ਰਾਣੀ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਮਨਰੇਗਾ ਕਾਨੂੰਨ ਖਤਮ ਕਰਕੇ ਗਰੀਬ ਪਰਵਾਰਾਂ ਦੇ ਪੇਟ 'ਚ ਲੱਤ ਮਾਰੀ ਹੈ।ਉਨ੍ਹਾਂ ਕਿਹਾ ਕਿ ਕੇਂਦਰ ਨੇ ਜੋ ਵੀ ਬੀ ਗਰਾਮ ਜੀ ਸਕੀਮ ਲਿਆਂਦੀ ਹੈ, ਇਸ ਵਿੱਚ ਢੇਰ ਗਲਤੀਆਂ ਤੇ ਨੁਕਸ ਹਨ, ਸਭ ਤੋਂ ਵੱਡੀ ਦਿੱਕਤ ਮਨਰੇਗਾ ਮਜ਼ਦੂਰਾਂ ਨੂੰ ਕੰਮ ਪ੍ਰਾਪਤ ਕਰਨ ਵਿੱਚ ਆ ਰਹੀ ਹੈ।ਇਸ ਸਕੀਮ ਨਾਲ ਬਹੁਤ ਸਾਰੇ ਬਜ਼ੁਰਗਾਂ ਨੂੰ ਆਨਲਾਈਨ ਹਾਜ਼ਰੀਆਂ ਨਾ ਲੱਗਣ ਕਾਰਨ ਕੰਮ ਤੋਂ ਵਾਪਸ ਭੇਜ ਦਿੱਤਾ ਜਾਂਦਾ ਹੈ।ਉਨ੍ਹਾਂ ਕਿਹਾ ਕਿ ਸੀਟੂ ਮਜ਼ਦੂਰਾਂ ਨਾਲ ਇਸ ਤਰ੍ਹਾਂ ਦਾ ਧੱਕਾ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ।ਉਨ੍ਹਾਂ ਇਕੱਤਰ ਹੋਏ ਮਜ਼ਦੂਰਾਂ ਨੂੰ ਸੱਦਾ ਦਿੱਤਾ ਕਿ ਉਹ ਤਿਆਰ ਰਹਿਣ ਸੀਟੂ ਆਉਣ ਵਾਲੇ ਸਮੇਂ ਵਿੱਚ ਵੱਡੇ ਸੰਘਰਸ਼ ਵਿੱਢਣ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇ ਨਾਲ ਪੰਜਾਬ ਦੀ ਭਗਵੰਤ ਸਰਕਾਰ ਵੀ ਮਜ਼ਦੂਰ ਵਿਰੋਧੀ ਸਾਬਿਤ ਹੋਈ ਹੈ।ਉਨ੍ਹਾਂ ਕਿਹਾ ਕਿ ਜੇਕਰ ਕੇਂਦਰ ਸਰਕਾਰ ਨੇ ਮੁੜ ਮਨਰੇਗਾ ਕਾਨੂੰਨ ਨੂੰ ਬਹਾਲ ਨਾ ਕੀਤਾ ਤਾਂ ਸਰਕਾਰ ਦਾ ਹੀ ਬਿਸਤਰਾ ਗੋਲ ਕਰ ਦਿੱਤਾ ਜਾਵੇਗਾ।ਇਸ ਮੌਕੇ ਮਨਰੇਗਾ ਮਜ਼ਦੂਰ ਯੂਨੀਅਨ ਸੀਟੂ ਦੇ ਸੂਬਾ ਸਕੱਤਰ ਅਮਰ ਨਾਥ ਕੂੰਮਕਲਾਂ, ਆਂਗਣਵਾੜੀ ਦੇ ਸੂਬਾ ਸਕੱਤਰ ਸੁਭਾਸ਼ ਰਾਣੀ, ਮਿੱਡ ਡੇ ਮੀਲ ਯੂਨੀਅਨ ਦੇ ਸੂਬਾ ਸਕੱਤਰ ਜਸਮੇਲ ਕੌਰ ਬੀਰ ਕਲਾਂ, ਸੂਬਾ ਸਕੱਤਰ ਦੇਵ ਰਾਜ ਵਰਮਾ, ਮਨਰੇਗਾ ਦੇ ਮੀਤ ਪ੍ਰਧਾਨ ਹਰਦਮ ਸਿੰਘ ਗੁਰਦਿੱਤਪੁਰਾ, ਸੀਟੂ ਦੇ ਜ਼ਿਲ੍ਹਾ ਪ੍ਰਧਾਨ ਜੋਗਿੰਦਰ ਔਲਖ, ਭੱਠਾ ਵਰਕਰ ਯੂਨੀਅਨ ਦੇ ਮੱਖਣ ਜਖੇਪਲ, ਆਈ ਏ ਐੱਲ ਵੱਲੋਂ ਸੁਖਚੈਨ ਸਿੰਘ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।ਇਸ ਮੌਕੇ ਨਵੀਂ ਜ਼ਿਲ੍ਹਾ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਵਿੱਚ ਰਾਮ ਸੋਹੀਆਂ ਨੂੰ ਜ਼ਿਲ੍ਹਾ ਪ੍ਰਧਾਨ, ਸਤਵੀਰ ਤੁੰਗਾਂ ਜ਼ਿਲ੍ਹਾ ਸਕੱਤਰ, ਨਿਰਮਲ ਸਿੰਘ ਕੁੱਪਕਲਾਂ ਕੈਸ਼ੀਅਰ, ਕਰਮ ਸਿੰਘ ਉੱਪਲੀ ਮੀਤ ਪ੍ਰਧਾਨ, ਮਨਪ੍ਰੀਤ ਕੌਰ ਰਾਏ ਸਿੰਘ ਵਾਲਾ ਮੀਤ ਪ੍ਰਧਾਨ, ਸੰਦੀਪ ਕੌਰ ਸੋਹੀਆਂ ਤੇ ਰੋਹੀ ਧਾਂਦਰਾ ਜੁਆਇੰਟ ਸਕੱਤਰ, ਟਹਿਲ ਸਿੰਘ ਤੁੰਗਾਂ, ਬਲਜੀਤ ਕੌਰ, ਚੂਹੜ ਸਿੰਘ ਖੁਰਾਣਾ, ਦਰਸ਼ਨ ਸਿੰਘ ਖੁਰਾਣੀ, ਪਰਮਜੀਤ ਕੌਰ ਸੋਹੀਆਂ, ਹਰਦਿਆਲ ਤੁੰਗਾਂ, ਸੁਖਪਾਲ ਕੌਰ ਰਾਏ ਸਿੰਘ ਵਾਲਾ, ਗੁਲਜਾਰ ਸਿੰਘ ਉੱਪਲੀ ਨੂੰ ਜ਼ਿਲ੍ਹਾ ਵਰਕਿੰਗ ਕਮੇਟੀ ਮੈਂਬਰ ਲਿਆ ਗਿਆ।

## ਗੁਆਂਢੀਆਂ ਦੇ ਝਗੜੇ 'ਚ ਚੱਲੀ ਗੋਲੀ, ਨੌਜਵਾਨ ਦੀ ਮੌਤ



**ਧੂਰੀ (ਮਨੋਹਰ ਸੱਗੂ, ਮੋਹਿਤ ਗਰਗ)**-ਲੰਘੀ ਦੇਰ ਸ਼ਾਮ ਨੇੜਲੇ ਪਿੰਡ ਭਸੌੜ ਵਿਖੇ ਗੁਆਂਢੀਆ ਦੇ ਝਗੜੇ ਦੌਰਾਨ ਗੋਲੀ ਲੱਗਣ ਕਾਰਨ 26 ਸਾਲਾ ਨੌਜਵਾਨ ਨਵਕੀਰਤ ਸਿੰਘ ਦੀ ਮੌਤ ਹੋ ਗਈ।ਮ੍ਰਿਤਕ ਦੇ ਪਿਤਾ ਹਰਿੰਦਰ ਸਿੰਘ ਉਰਫ ਬਿੱਟੂ ਵਾਸੀ ਭਸੌੜ ਵੱਲੋਂ ਪੁਲਸ ਪਾਸ ਦਰਜ ਕਰਵਾਏ ਬਿਆਨ ਅਨੁਸਾਰ ਪਿੰਡ ਦੇ ਸਾਬਕਾ ਫੌਜੀ ਹਰਦੀਪ ਸਿੰਘ ਦਾ ਆਪਣੇ ਗੁਆਂਢੀ ਜਗਸੀਰ ਸਿੰਘ ਉਰਫ ਲਾਡੀ ਨਾਲ ਮਕਾਨ ਦੀ ਦੀਵਾਰ ਨੂੰ ਲੈ ਕੇ ਝਗੜਾ ਚੱਲਦਾ ਆ ਰਿਹਾ ਸੀ ਅਤੇ ਬੁੱਧਵਾਰ ਦੀ ਦੇਰ ਸ਼ਾਮ ਮੇਰੇ ਲੜਕੇ ਨਵਕੀਰਤ ਸਿੰਘ ਨੂੰ ਫੋਨ ਆਇਆ ਕਿ ਹਰਦੀਪ ਸਿੰਘ ਉਕਤ ਜਗਸੀਰ ਸਿੰਘ ਲਾਡੀ ਦੇ ਪਰਿਵਾਰਕ ਮੈਂਬਰਾਂ ਨਾਲ ਝਗੜਾ ਕਰ ਰਿਹਾ ਹੈ, ਜਿਸ ਕਾਰਨ ਮੇਰਾ ਬੇਟਾ ਆਪਣੇ ਸਾਥੀ ਨਾਲ ਝਗੜੇ ਵਾਲੀ ਥਾਂ 'ਤੇ ਗਿਆ ਅਤੇ ਹਰਦੀਪ ਸਿੰਘ ਫੌਜੀ ਨੇ ਮੇਰੇ ਪੁੱਤਰ ਨੂੰ ਜਗਸੀਰ ਸਿੰਘ ਲਾਡੀ ਦੀ ਮੱਦਦ ਕਰਨ ਦੀ ਗੱਲ ਆਖਦਿਆਂ ਆਪਣੀ 12 ਬੋਰ ਰਾਈਫਲ ਦਾ ਫਾਇਰ ਮੇਰੇ ਪੁੱਤਰ ਨਵਕੀਰਤ ਸਿੰਘ ਦੇ ਮਾਰਿਆ, ਜਿਸ ਨੂੰ ਗੰਭੀਰ ਹਾਲਤ 'ਚ ਸਥਾਨਕ ਸਿਵਲ ਹਸਪਤਾਲ ਵਿਖੇ ਲਿਆਂਦਾ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।ਸੰਪਰਕ ਕਰਨ 'ਤੇ ਥਾਣਾ ਸਦਰ ਧੂਰੀ ਦੇ ਮੁਖੀ ਇੰਸਪੈਕਟਰ ਕਰਨਬੀਰ ਸਿੰਘ ਸੰਧੂ ਨੇ ਮਾਮਲੇ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਪੁਲਸ ਨੇ ਮ੍ਰਿਤਕ ਦੇ ਪਿਤਾ ਹਰਿੰਦਰ ਸਿੰਘ ਉਰਫ ਬਿੱਟੂ ਦੇ ਬਿਆਨ ਦੇ ਅਧਾਰ 'ਤੇ ਸਾਬਕਾ ਫੌਜੀ ਹਰਦੀਪ ਸਿੰਘ ਖਿਲਾਫ਼ ਮੁਕੱਦਮਾ ਨੰਬਰ 285 ਜੇਰ ਧਾਰਾ 103 (1) ਬੀ.ਐੱਨ.ਐੱਸ. ਤੇ ਅਸਲਾ ਐਕਟ ਤਹਿਤ ਮੁੱਕਦਮਾ ਦਰਜ ਕਰ ਲਿਆ ਹੈ ਅਤੇ ਮੁਲਜ਼ਮ ਹਰਦੀਪ ਸਿੰਘ ਨੂੰ ਗ੍ਰਿਫਤਾਰ ਕਰਕੇ ਪੁੱਛਗਿਛ ਕੀਤੀ ਜਾ ਰਹੀ ਹੈ।

# 24 ਨੂੰ ਸਬ-ਤਹਿਸੀਲ ਦਾ ਘਿਰਾਓ ਕੀਤਾ ਜਾਵੇਗਾ : ਗੁਰਨਾਮ ਭੀਖੀ



**ਭੀਖੀ (ਗੁਰਿੰਦਰ ਸਿੰਘ ਔਲਖ)**-ਨਿਕਾਸੀ ਨਾਲੇ ਦੇ ਹੱਲ ਲਈ ਲੱਗੇ ਪੱਕੇ ਮੋਰਚੇ ਦੀ ਸੰਘਰਸ਼ ਕਮੇਟੀ ਤੇ ਬਲਾਕ ਭੀਖੀ ਦੀਆਂ ਕਿਸਾਨ ਜਥੇਬੰਦੀਆਂ ਦੀ ਮੀਟਿੰਗ ਹੋਈ, ਜਿਸ ਵਿੱਚ ਨਿਕਾਸੀ ਨਾਲੇ ਦੀ ਖੁਦਾਈ ਸਬੰਧੀ ਅਜੰਡਾ ਰੱਖਿਆ ਗਿਆ।ਇਸ ਮੌਕੇ ਪੰਜਾਬ ਕਿਸਾਨ ਯੂਨੀਅਨ ਦੇ ਆਗੂ ਕਾਮਰੇਡ ਗੁਰਨਾਮ ਭੀਖੀ ਤੇ ਹੋਰਨਾਂ ਨੇ ਕਿਹਾ ਕਿ ਨਿਕਾਸੀ ਨਾਲੇ ਦੇ ਹੱਲ ਲਈ ਪ੍ਰਸ਼ਾਸਨ ਦੀ ਪਹੁੰਚ ਲਿਪਾ ਪੋਚੀ ਵਾਲੀ ਹੈ।ਪ੍ਰਸ਼ਾਸਨ ਵੱਲੋਂ ਤੇ ਵਿਭਾਗ ਵੱਲੋਂ ਇਸ ਮਸਲੇ ਦੇ ਹੱਲ ਲਈ ਨਾ ਤਾਂ ਨਿਸ਼ਾਨਦੇਹੀ ਕੀਤੀ ਗਈ ਹੈ ਨਾ ਹੀ ਬਿਜਲੀ ਵਿਭਾਗ ਵੱਲੋਂ ਟਰਾਂਸਫਾਰਮ ਨੂੰ ਸ਼ਿਫਟ ਕੀਤਾ ਗਿਆ ਹੈ।ਡਰੇਨ ਵਿਭਾਗ ਵੀ ਕੋਈ ਕਾਰਵਾਈ ਨਹੀਂ ਕਰ ਰਿਹਾ ਤੇ ਨਾ ਹੀ ਇੰਡਸਟਰੀ ਦੇ ਮੇਨ ਰਸਤਿਆਂ ਦੀ ਕੋਈ ਜਾਣਕਾਰੀ ਦਿੱਤੀ ਗਈ ਹੈ।ਨਿਕਾਸੀ ਨਾਲੇ ਸਬੰਧੀ ਪ੍ਰਸ਼ਾਸਨ ਵੱਲੋਂ ਪ੍ਰਪੋਜਲ ਬਣਾਈ ਗਈ ਹੈ, ਪਰ ਅੱਜ ਤੱਕ ਉਹ ਕਿਸਾਨਾਂ ਨਾਲ ਉਸ ਦੀ ਕਾਪੀ ਸਾਂਝੀ ਨਹੀਂ ਕੀਤੀ ਗਈ।ਕਿਸਾਨਾਂ ਮੰਗ ਕੀਤੀ ਕਿ ਕਿਸਾਨਾਂ ਨੂੰ ਕੱਚਾ ਖਾਲਾ ਪੁੱਟ ਕੇ ਦਿੱਤਾ ਜਾਵੇ, ਜੇਕਰ ਪ੍ਰਸ਼ਾਸਨ ਅਜਿਹਾ ਨਹੀਂ ਕਰਦਾ ਤਾਂ 24 ਸਤੰਬਰ ਨੂੰ ਸਬ ਤਹਸੀਲ ਭੀਖੀ ਦਾ ਘੇਰਾਓ ਕੀਤਾ ਜਾਵੇਗਾ।ਇਸ ਮੌਕੇ ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਰੂਪ ਸਿੰਘ ਢਿੱਲੋਂ, ਬੀਕੇਯੂ ਸਿੱਧੂਪੁਰ ਦੇ ਆਗੂ ਗੁਰਚਰਨ ਸਿੰਘ ਭੀਖੀ, ਪੰਜਾਬ ਕਿਸਾਨ ਯੂਨੀਅਨ ਦੇ ਭੋਲਾ ਸਿੰਘ ਸਮਾਓਂ, ਸੁੱਖਾ ਪੰਡਤ, ਕਮੇਟੀ ਮੈਂਬਰ ਬਹਾਦਰ ਸਿੰਘ, ਕੁਲਵਿੰਦਰ ਸਿੰਘ, ਰਾਜ ਸਿੰਘ ਅਕਾਲੀ, ਭੀਮ ਸਿੰਘ ਤੇ ਬਾਰੂ ਸਿੰਘ ਹਾਜ਼ਰ ਸਨ।

# ਚੇਅਰਮੈਨ ਮੱਖਣ ਪੱਲਣ ਦੀ ਪ੍ਰਧਾਨਗੀ ਹੇਠ ਮੀਟਿੰਗ ਨੇ ਰੈਲੀ ਦਾ ਰੂਪ ਧਾਰਿਆ



**ਕੋਟਕਪੂਰਾ (ਰਛਪਾਲ ਭੁੱਲਰ)**-ਪਿਛਲੇ ਦਿਨੀਂ ਗੁਰਦੁਆਰਾ ਕਰਮਸਰ ਝੋਕ ਹਰੀਹਰ ਜ਼ਿਲ੍ਹਾ ਫ਼ਿਰੋਜ਼ਪੁਰ ਵਿਖੇ ਪੰਜਾਬ ਸੈਣ ਵੈੱਲਫੇਅਰ ਬੋਰਡ ਦੇ ਪ੍ਰਧਾਨ ਮੱਖਣ ਪੱਲਣ ਦੀ ਪ੍ਰਧਾਨਗੀ ਹੇਠ ਸੈਣ ਸਮਾਜ ਦੀਆਂ ਸਮੱਸਿਆਵਾਂ ਤੇ ਮੰਗਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।ਇਹ ਮੀਟਿੰਗ ਕਰਾਉਣ ਲਈ ਡਾ. ਪ੍ਰਗਟ ਸਿੰਘ ਪੰਜਾਬ ਪ੍ਰਧਾਨ, ਸਰਪੰਚ ਸਵਰਨ ਸਿੰਘ ਚੇਅਰਮੈਨ ਫ਼ਿਰੋਜ਼ਪੁਰ, ਨੀਲਾ ਸਿੰਘ ਤੇ ਹੋਰਨਾਂ ਵੱਲੋਂ ਅਣਥੱਕ ਮਿਹਨਤ ਕਰਕੇ ਪ੍ਰਬੰਧ ਕੀਤੇ ਗਏ।ਇਸ ਮੀਟਿੰਗ ਵਿੱਚ ਪਿਛਲੇ ਸਮੇਂ ਦੌਰਾਨ ਸੈਣ ਸਮਾਜ ਦੇ ਵਿਆਕਤੀਆਂ ਵਿੱਚੋਂ ਵੱਖ ਵੱਖ-ਵੱਖ ਜ਼ਿਲ੍ਹਿਆਂ ਲਈ ਸੈਣ ਬੋਰਡਾਂ ਦੇ ਚੁਣੇ ਗਏ ਜ਼ਿਲਾ ਚੇਅਰਮੈਨ ਤੇ ਮੀਤ ਚੇਅਰਮੈਨ ਸਾਹਿਬਾਨ ਤੋਂ ਭਾਰਤੀ ਕਿਸਾਨ ਸੈਣ ਵੈੱਲਫੇਅਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਬਲਾਕ ਪ੍ਰਧਾਨ ਤੇ ਹੋਰ ਅਹੁਦੇਦਾਰ ਹਾਜ਼ਰ ਹੋਏ। ਭਾਰਤੀ ਕਿਸਾਨ ਸੈਣ ਵੈੱਲਫੇਅਰ ਸਭਾ ਦੇ ਸੂਬਾ ਪ੍ਰਧਾਨ ਡਾ. ਪ੍ਰਗਟ ਸਿੰਘ ਧੀਰਾ ਪੱਤਰਾ ਵਿਸ਼ੇਸ਼ ਤੌਰ 'ਤੇ ਹਾਜ਼ਰ ਆਏ।ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਧੀਰਾਪੱਤਰਾ ਨੇ ਦੱਸਿਆ ਕਿ ਬੂਟਾ ਸਿੰਘ, ਨੀਲਾ ਸਿੰਘ, ਬਿੰਦਰ ਸਿੰਘ, ਪ੍ਰੀਤਮ ਸਿੰਘ ਭਾਣਾ ਤੇ ਹੋਰਨਾਂ ਵੱਲੋਂ ਪੰਜਾਬ ਦੀ ਸਭਾ ਨੂੰ ਖੜਾ ਕਰਨ ਲਈ ਬਹੁਤ ਉਪਰਾਲੇ ਕੀਤੇ ਗਏ ਤੇ ਸਭਾ ਦੇ ਸਾਰੇ ਕਾਰਕੁੰਨ ਦਿਨ-ਰਾਤ ਇੱਕ ਕਰਕੇ ਮਿਹਨਤ ਕੀਤੀ ਹੈ, ਜਿਸ ਕਾਰਨ ਸਾਡੇ ਪ੍ਰੀਵਾਰ ਵਿੱਚ ਵਾਧਾ ਹੋਇਆ ਹੈ 'ਤੇ ਹੋ ਰਿਹਾ ਹੈ।ਪੰਜਾਬ ਸਰਕਾਰ ਦਾ ਪਹਿਲੀ ਵਾਰ ਇਹ ਨਿਯੁਕਤੀਆਂ ਕਰਨ 'ਤੇ ਪੰਜਾਬ ਸਰਕਾਰ ਤੇ ਸ੍ਰ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਦਾ ਧੰਨਵਾਦ ਕੀਤਾ ਗਿਆ।ਵੱਖ ਵੱਖ-ਵੱਖ ਬੁਲਾਰਿਆਂ ਨੇ ਮੰਗ ਕੀਤੀ ਕਿ ਸਾਡੀ ਨਾਈ ਬਰਾਦਰੀ ਦੀ ਥਾਂ ਜਾਤੀ ਸਰਟੀਫਿਕੇਟ ਵਿੱਚ ਸੈਣ ਸਮਾਜ ਦਾ ਜ਼ਿਕਰ ਕੀਤਾ ਜਾਵੇ, ਵੱਖ-ਵੱਖ ਸੰਸਥਾਵਾਂ ਦੀਆਂ ਚੋਣਾਂ ਖਾਸ ਕਰਕੇ ਵਿਧਾਨ ਸਭਾ ਤੇ ਪਾਰਲੀਮੈਂਟ ਚੋਣਾਂ ਵਿੱਚ ਯੋਗ ਨੁਮਾਇੰਦਗੀ ਦਿੱਤੀ ਜਾਵੇ।ਵਰਨਣਯੋਗ ਹੈ ਮੀਟਿੰਗ ਹੌਲੀ ਹੌਲੀ ਰੈਲੀ ਦਾ ਰੂਪ ਧਾਰਨ ਕਰਦੀ ਗਈ।ਸ੍ਰੀ ਪੱਲਣ ਵੱਲੋਂ ਹਾਜ਼ਰ ਆਈ ਸੰਗਤ ਦਾ ਧੰਨਵਾਦ ਕਰਦਿਆਂ ਯਕੀਨ ਦਿਵਾਇਆ ਕਿ ਉਹ ਸਮਾਜ ਦੀਆਂ ਸਮੱਸਿਆਵਾਂ ਤੇ ਮੰਗਾਂ ਬਾਰੇ ਮੁੱਖ ਮੰਤਰੀ ਜੀ ਤੇ ਹੋਰ ਸਬੰਧਿਤ ਪਲੇਟਫ਼ਾਰਮ ਤੇ ਜ਼ੋਰਦਾਰ ਢੰਗ ਨਾਲ ਉਠਾਉਣਗੇ।ਇਸ ਮੌਕੇ ਗੁਰਮੁੱਖ ਸਿੰਘ, ਨਰਿੰਦਰ ਸਿੰਘ, ਬਖ਼ਸ਼ੀਸ਼ ਸਿੰਘ, ਹਰਪਾਲ ਸਿੰਘ, ਹਰਜਿੰਦਰ ਸਿੰਘ ਧਾਲੀਵਾਲ, ਸੁਖਦੇਵ ਸਿੰਘ ਲਾਡਾ, ਗੁਰਜੀਤ ਸਿੰਘ, ਮਨਦੀਪ ਸਿੰਘ ਮਿੱਟੂ ਗਿੱਲ, ਰਾਮ ਸਿੰਘ, ਮੇਜਰ ਸਿੰਘ, ਖੜਕ ਸਿੰਘ, ਜਲੰਧਰ ਸਿੰਘ, ਜਸਵਿੰਦਰ ਸਿੰਘ, ਪਵਨ ਕੁਮਾਰ, ਰਮਨ ਸੈਣ, ਤਰਸੇਮ ਸੈਣ, ਨਿਸ਼ਾਨ ਸਿੰਘ ਸਰਪੰਚ, ਕਿੱਕਰ ਸਿੰਘ, ਬਖ਼ਸ਼ੀਸ਼ ਸਿੰਘ, ਬਲਵਿੰਦਰ ਸਿੰਘ, ਸੁੱਖਾ ਸਿੰਘ, ਦਰਸ਼ਨ ਸਿੰਘ ਮੱਲਣ, ਰੂਪ ਸਿੰਘ, ਅਮਰੀਕ ਸਿੰਘ, ਗੁਰਚਰਨ ਸਿੰਘ, ਕਰਮਜੀਤ ਸਿੰਘ, ਨਛੱਤਰ ਸਿੰਘ, ਬਲਵਿੰਦਰ ਸਿੰਘ, ਬਲਦੇਵ ਸਿੰਘ, ਰਵੀ ਭੁੱਲਰ, ਸੰਤ ਬਾਬਾ ਕੇਵਲ ਦਾਸ, ਹਰਬੰਸ ਸਿੰਘ, ਬੂਟਾ ਸਿੰਘ, ਸੁਰਜੀਤ ਸਿੰਘ, ਹਰਨਰਾਇਣ ਸਿੰਘ, ਵਾਤਾਵਰਨ ਪ੍ਰੇਮੀ ਜਗਰਾਓਂ, ਜਸਵੀਰ ਸਿੰਘ, ਸ਼ਰਨਜੀਤ ਸਿੰਘ, ਖੁਸ਼ਪਾਲ ਸਿੰਘ, ਕੈਪਟਨ ਸੁਰਜੀਤ ਸਿੰਘ ਤਰਨਤਾਰਨ ਸਾਹਿਬ, ਗੁਰਦੇਵ ਸਿੰਘ ਪੱਟੀ, ਜਰਨੈਲ ਸਿੰਘ ਮੋਗਾ, ਅਮਰ ਸਿੰਘ ਧਰਮਕੋਟ, ਬਲਕਰਨ ਸਿੰਘ ਬਾਘਾ ਪੁਰਾਣਾ, ਅਵਤਾਰ ਸਿੰਘ ਨਿਹਾਲ ਸਿੰਘ ਵਾਲਾ, ਅਜੈ ਲੈਕੜਾ ਪਾਨੀਪਤ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਆਗੂ ਤੇ ਮੈਂਬਰ ਮੌਜੂਦ ਸਨ।

# 23 ਨੂੰ ਚੰਡੀਗੜ੍ਹ ਵਿਖੇ ਵਿਸ਼ਵ ਪੰਜਾਬੀ ਦਿਵਸ ਮਨਾਇਆ ਜਾਵੇਗਾ : ਰੁਪਿੰਦਰ ਕੌਰ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਮਾਂ-ਬੋਲੀ ਪੰਜਾਬੀ ਦੀ ਮਹੱਤਤਾ, ਮਾਣ ਤੇ ਵਿਸ਼ਵ ਪੱਧਰ 'ਤੇ ਇਸ ਦੀ ਪਹਿਚਾਣ ਨੂੰ ਹੋਰ ਮਜ਼ਬੂਤ ਕਰਨ ਦੇ ਉਦੇਸ਼ ਨਾਲ 23 ਸਤੰਬਰ ਨੂੰ ਵਿਸ਼ਵ ਪੰਜਾਬੀ ਦਿਵਸ ਵਜੋਂ ਮਨਾਇਆ ਜਾਂਦਾ ਹੈ।ਇਸ ਸਬੰਧੀ ਇੱਕ ਵਿਸ਼ੇਸ਼ ਇਤਿਹਾਸਕ ਸਮਾਰੋਹ 23 ਸਤੰਬਰ 2026 ਨੂੰ ਸ਼ਾਮ 3 ਵਜੇ ਪੰਜਾਬ ਕਲਾ ਪ੍ਰੀਸ਼ਦ ਚੰਡੀਗੜ੍ਹ ਵਿਖੇ ਕਰਵਾਇਆ ਜਾ ਰਿਹਾ ਹੈ।ਆਪਣਾ ਪੰਜਾਬ ਫਾਊਂਡੇਸ਼ਨ ਵੱਲੋਂ ਸਮੂਹ ਸਿੱਖਿਅਕ, ਸਾਹਿਤਕ ਤੇ ਸੱਭਿਆਚਾਰਕ ਸੰਸਥਾਵਾਂ ਦੇ ਸਹਿਯੋਗ ਨਾਲ ਵਿਸ਼ਵ ਪੰਜਾਬੀ ਦਿਵਸ ਮਨਾਉਣ ਦੀ ਇਸ ਮੁਹਿੰਮ ਨੂੰ ਅੱਗੇ ਵਧਾਇਆ ਜਾ ਰਿਹਾ ਹੈ।ਫਾਊਂਡੇਸ਼ਨ ਦੇ ਡਾਇਰੈਕਟਰ ਰੁਪਿੰਦਰ ਕੌਰ ਬਖਸ਼ੀ ਵਾਲਾ ਨੇ ਪੰਜਾਬੀ ਪ੍ਰੇਮੀਆਂ, ਸਿੱਖਿਅਕਾਂ, ਸਾਹਿਤਕਾਰਾਂ, ਕਲਾਕਾਰਾਂ, ਸਮਾਜਿਕ ਤੇ ਸੱਭਿਆਚਾਰਕ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਇਸ ਇਤਿਹਾਸਕ ਸਮਾਰੋਹ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ।ਆਪਣਾ ਪੰਜਾਬ ਫਾਊਂਡੇਸ਼ਨ ਦੇ ਡਾਇਰੈਕਟਰ ਮੈਡਮ ਰੁਪਿੰਦਰ ਕੌਰ ਬਖਸ਼ੀਵਾਲਾ ਨੇ ਕਿਹਾ ਕਿ ਪੰਜਾਬੀ ਸਿਰਫ਼ ਇੱਕ ਭਾਸ਼ਾ ਨਹੀਂ, ਸਗੋਂ ਪੰਜਾਬੀਆਂ ਦੀ ਪਹਿਚਾਣ, ਵਿਰਾਸਤ, ਸੱਭਿਆਚਾਰ ਤੇ ਸਾਂਝੀ ਚੇਤਨਾ ਦੀ ਆਵਾਜ਼ ਹੈ।ਸਦੀਆਂ ਤੋਂ ਪੰਜਾਬੀਆਂ ਦੀ ਸਾਹਿਤਕ ਤੇ ਸੱਭਿਆਚਾਰਕ ਬੋਲੀ ਰਹੀ ਪੰਜਾਬੀ ਨੂੰ ਵਿਸ਼ਵ ਪੱਧਰ 'ਤੇ ਸਮਰਪਤ ਇੱਕ ਵਿਸ਼ੇਸ਼ ਦਿਨ ਦੀ ਲੋੜ ਸੀ, ਤਾਂ ਜੋ ਦੁਨੀਆ ਭਰ ਵਿੱਚ ਵੱਸਦੇ ਪੰਜਾਬੀ ਆਪਣੀ ਮਾਂ-ਬੋਲੀ ਪ੍ਰਤੀ ਪਿਆਰ ਤੇ ਸਤਿਕਾਰ ਦਾ ਪ੍ਰਗਟਾਵਾ ਕਰ ਸਕਣ।ਡਾਇਰੈਕਟਰ ਰੁਪਿੰਦਰ ਕੌਰ ਬਖਸ਼ੀਵਾਲਾ ਨੇ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਆਪਣਾ ਪੰਜਾਬ ਫਾਊਂਡੇਸ਼ਨ ਵੱਲੋਂ ਡਾ. ਜਗਜੀਤ ਸਿੰਘ ਧੂਰੀ ਦੀ ਅਗਵਾਈ ਹੇਠ ਪੰਜਾਬੀ ਨੂੰ ਏ. ਆਈ. ਦਾ ਅਨਿੱਖੜਵਾਂ ਅੰਗ ਬਣਾਉਣ ਲਈ ਵੱਧ ਤੋਂ ਵੱਧ ਪੰਜਾਬੀ ਸਾਹਿਤ ਇੰਟਰਨੈੱਟ ਉੱਪਰ ਸਾਂਝਾ ਕੀਤਾ ਜਾਵੇਗਾ।ਰੁਪਿੰਦਰ ਕੌਰ ਬਖਸ਼ੀਵਾਲਾ ਨੇ ਦੱਸਿਆ ਕਿ ਇਸ ਇਤਿਹਾਸਕ ਸਮਾਰੋਹ ਵਿੱਚ ਹਿੱਸਾ ਲੈਣ ਲਈ ਰਜਿਸਟ੍ਰੇਸ਼ਨ ਕਰਵਾਉਣੀ ਹੋਵੇਗੀ।ਸਮਾਰੋਹ ਵਿੱਚ ਸ਼ਾਮਲ ਹੋਣ ਦੇ ਚਾਹਵਾਨ ਵਿਅਕਤੀ ਆਪਣਾ ਪੰਜਾਬ ਫਾਊਂਡੇਸ਼ਨ ਦੇ ਕਿਸੇ ਵੀ ਡਾਇਰੈਕਟਰ ਨਾਲ ਸੰਪਰਕ ਕਰਕੇ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ।ਉਨ੍ਹਾਂ ਪੰਜਾਬੀ ਪ੍ਰੇਮੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਇਤਿਹਾਸਕ ਸਮਾਰੋਹ ਵਿੱਚ ਪਹੁੰਚ ਕੇ ਵਿਸ਼ਵ ਪੰਜਾਬੀ ਦਿਵਸ ਨੂੰ ਯਾਦਗਾਰ ਬਣਾਉਣ ਤੇ ਮਾਂ-ਬੋਲੀ ਪੰਜਾਬੀ ਪ੍ਰਤੀ ਆਪਣਾ ਪਿਆਰ, ਸਤਿਕਾਰ ਤੇ ਵਚਨਬੱਧਤਾ ਪ੍ਰਗਟ ਕਰਨ।

# ਪੀ ਆਰ ਟੀ ਸੀ ਦੇ ਪੈਨਸ਼ਨਰਾਂ ਨੇ ਘੇਰਿਆ ਮੁੱਖ ਦਫਤਰ

**ਰਹਿੰਦੀ ਪੈਨਸ਼ਨ ਤੇ ਬਕਾਇਆਂ ਦੀ ਕੀਤੀ ਮੰਗ**



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੀ ਆਰ ਟੀ ਸੀ ਦੇ ਪੈਨਸ਼ਨਰਾਂ ਨੇ ਰਹਿੰਦੀ ਪੈਨਸ਼ਨ ਤੇ ਬਕਾਇਆਂ ਨੂੰ ਲੈ ਕੇ ਮਾਸਿਕ ਮੀਟਿੰਗ ਨੂੰ ਧਰਨੇ ਦੇ ਰੂਪ ਵਿੱਚ ਪੀ ਆਰ ਟੀ ਸੀ ਦੇ ਮੁੱਖ ਦਫਤਰ ਵਿਖੇ ਭਾਰੀ ਗਿਣਤੀ ਵਿੱਚ ਇਕੱਠੇ ਹੋ ਕੇ ਪੰਜਾਬ ਸਰਕਾਰ ਤੇ ਪੀ ਆਰ ਟੀ ਸੀ ਦੀ ਮੈਨੇਜਮੈਂਟ ਦਾ ਖੂਬ ਪਿੱਟ ਸਿਆਪਾ ਕੀਤਾ।ਪੀ ਆਰ ਟੀ ਸੀ ਪੈਨਸ਼ਨਰਜ਼ ਐਸੋਸੀਏਸ਼ਨ ਦੀ ਕੇਂਦਰੀ ਬਾਡੀ ਦੇ ਚੇਅਰਮੈਨ ਮੁਕੰਦ ਸਿੰਘ ਤੇ ਸੂਬਾ ਪ੍ਰਧਾਨ ਭਗਵੰਤ ਸਿੰਘ ਕੰਗਣਵਾਲ ਦੀ ਅਗਵਾਈ ਹੇਠ ਵੱਖ-ਵੱਖ ਡਿੱਪੂਆਂ ਤੋਂ ਭਾਰੀ ਗਿਣਤੀ ਵਿੱਚ ਪੈਨਸ਼ਨਰਾਂ ਨੇ ਸ਼ਮੂਲੀਅਤ ਕੀਤੀ।ਹਰ ਡਿੱਪੂ ਨਾਲ ਸਬੰਧਤ ਬੁਲਾਰੇ ਨੇ ਮੈਨੇਜਮੈਂਟ ਵੱਲੋਂ ਮਾਸਿਕ ਪੈਨਸ਼ਨ ਪੂਰੀ ਨਾ ਪਾ ਕੇ ਕੇਵਲ 33% ਪਾਉਣ ਦੀ ਮੈਨੇਜਮੈਂਟ ਦੀ ਨਿਖੇਧੀ ਕਰਦਿਆਂ ਰਹਿੰਦੀ ਪੈਨਸ਼ਨ ਤੁਰੰਤ ਦੇਣ, 2016 ਦੇ ਗਰੇਡਾਂ ਦੇ ਬਕਾਏ ਦੇਣ, ਡੇਢ ਸਾਲ ਤੋਂ ਲੰਬਤ ਮੈਡੀਕਲ ਬਿਲਾਂ ਦੀ ਅਦਾਇਗੀ ਕਰਨ ਤੇ ਨਵੇਂ ਰਿਟਾਇਰੀਆਂ ਦੇ ਬਕਾਏ ਦੇਣ ਦੀ ਮੰਗ ਕੀਤੀ।

ਸੂਬਾ ਪ੍ਰਧਾਨ ਭਗਵੰਤ ਸਿੰਘ ਕੰਗਣਵਾਲ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਸੀਂ ਜਦ ਵੀ ਮੈਨੇਜਮੈਂਟ ਕੋਲ ਗਏ ਸਾਨੂੰ ਇਹ ਹੀ ਭਰੋਸਾ ਦਿਵਾਇਆ ਗਿਆ ਕਿ ਇਸ ਪੈਨਸ਼ਨ ਦੇ ਨਾਲ ਤੁਹਾਡੇ ਗਰੇਡਾਂ ਦੀ ਕਿਸ਼ਤ ਜਰੂਰ ਲਗਾ ਦਿੱਤੀ ਜਾਵੇਗੀ।ਇਨ੍ਹਾਂ ਹੀ ਲਾਰਿਆਂ ਨਾਲ ਲਗ-ਭਗ ਡੇਢ ਸਾਲ ਲੰਘ ਗਿਆ, ਪ੍ਰੰਤੂ 2016 ਦੇ ਗਰੇਡਾਂ ਦੀ ਇੱਕ ਵੀ ਕਿਸ਼ਤ ਅਜੇ ਤੱਕ ਨਹੀਂ ਲਾਈ ਗਈ, ਜਦੋਂ ਕਿ ਪੰਜਾਬ ਸਰਕਾਰ ਦੇ ਬਾਕੀ ਅਦਾਰਿਆਂ ਵਿੱਚ ਲਗਾਤਾਰ ਦਿੱਤੀ ਜਾ ਰਹੀ ਹੈ।ਸਾਨੂੰ ਤਾਂ ਇਸ ਮਹੀਨੇ ਪੈਨਸ਼ਨ ਵੀ 33% ਹੀ ਮਿਲੀ ਹੈ। ਉਨ੍ਹਾਂ ਨੇ ਹਾਜ਼ਰੀਨ ਨੂੰ ਕਿਹਾ ਕਿ ਸਾਥੀਓ ਤਿੱਖੇ ਸੰਘਰਸ਼ ਲਈ ਤਿਆਰ ਰਹੋ।ਸਕੱਤਰ ਜਨਰਲ ਹਰੀ ਸਿੰਘ ਚਮਕ ਨੇ ਕਿਹਾ ਕਿ ਮੈਨੇਜਮੈਂਟ ਵੱਲੋਂ ਅਦਾਇਗੀਆਂ ਸਬੰਧੀ ਦਿੱਤੇ ਭਰੋਸੇ ਸਾਰੇ ਹਵਾ ਵਿੱਚ ਹੀ ਲਟਕ ਕੇ ਰਹਿ ਗਏ ਹਨ।ਪੀ ਆਰ ਟੀ ਸੀ ਦੇ ਲਗਭਗ 250 ਪੈਨਸ਼ਨਰਜ਼ ਮੀਆਂ ਬੀਵੀ ਦੋਵੇਂ ਰੱਬ ਨੂੰ ਪਿਆਰੇ ਹੋ ਚੁੱਕੇ ਹਨ, ਕੀ ਉਨ੍ਹਾਂ ਦੇ ਗਰੇਡਾਂ ਦੇ ਬਕਾਇਆਂ ਦੀ ਮੈਨੇਜਮੈਂਟ ਰੱਬ ਨੂੰ ਕੋਰੀਅਰ ਕਰੇਗੀ ? ਉਨ੍ਹਾਂ ਕਿਹਾ ਕੇ ਅੱਜ ਇਹ ਮੈਨੇਜਮੈਂਟ ਨੂੰ ਇਕ ਚਿਤਾਵਨੀ ਹੈ।ਅਗਰ ਹੁਣ ਵੀ ਮੈਨੇਜਮੈਂਟ ਨੇ ਸਾਡੀਆਂ ਅਦਾਇਗੀਆਂ ਨਾ ਕੀਤੀਆਂ ਤਾਂ ਛੇਤੀ ਹੀ ਸੰਘਰਸ਼ ਦਾ ਬਿਗਲ ਬਜਾਇਆ ਜਾਵੇਗਾ। ਚੇਅਰਮੈਨ ਮੁਕੰਦ ਸਿੰਘ ਨੇ ਆਪਣੇ ਧੰਨਵਾਦੀ ਭਾਸ਼ਣ ਵਿੱਚ ਮੈਨੇਜਮੈਂਟ ਦੀ ਲਾਰੇ ਲਾਊ ਨੀਤੀ ਦੀ ਨਿਖੇਧੀ ਕਰਦਿਆਂ ਕਿਹਾ ਕਿ ਅਗਰ ਮੈਨੇਜਮੈਂਟ ਨੇ ਸਾਡੀਆਂ ਮੰਗਾਂ ਦਾ ਤੁਰੰਤ ਨਿਪਟਾਰਾ ਨਾ ਕੀਤਾ ਤਾਂ ਸਾਨੂੰ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਕਰਨ ਲਈ ਮਜਬੂਰ ਹੋਣਾ ਪਵੇਗਾ, ਉਹ ਭਾਵੇਂ ਕਿਸੇ ਵੀ ਰੂਪ ਵਿੱਚ ਹੋਵੇ। ਇਸ ਲਈ ਮੈਨੇਜਮੈਂਟ ਖੁਦ ਜ਼ਿੰਮੇਵਾਰ ਹੋਵੇਗੀ।

ਉਪਰੋਕਤ ਤੋਂ ਇਲਾਵਾ ਇਸ ਮੀਟਿੰਗ ਨੂੰ ਸਰਵਸ੍ਰੀ ਬਚਿੱਤਰ ਸਿੰਘ ਵਾਈਸ ਚੇਅਰਮੈਨ, ਹਰਭਜਨ ਸਿੰਘ ਚੰਡੀਗੜ੍ਹ, ਜਲੌਰ ਸਿੰਘ ਫਰੀਦਕੋਟ, ਬਚਨ ਸਿੰਘ ਅਰੋੜਾ ਜਨਰਲ ਸਕੱਤਰ ਕੇਂਦਰੀ ਬਾਡੀ, ਗੁਰਮੀਤ ਸਿੰਘ ਕਪੂਰਥਲਾ, ਸੁਖਜੀਤ ਸਿੰਘ ਬਠਿੰਡਾ, ਹਾਕਮ ਸਿੰਘ ਬੁਢਲਾਡਾ, ਮਦਨ ਮੋਹਨ ਸ਼ਰਮਾ ਬਰਨਾਲਾ, ਜੋਗਿੰਦਰ ਸਿੰਘ ਪਟਿਆਲਾ, ਬਲਵੰਤ ਸਿੰਘ ਜੋਗਾ ਸੰਗਰੂਰ ਅਤੇ ਪ੍ਰੀਤਮ ਸਿੰਘ ਬਰਾੜ ਬਠਿੰਡਾ ਨੇ ਵੀ ਸੰਬੋਧਨ ਕੀਤਾ।ਸਟੇਜ ਦੀ ਜ਼ਿੰਮੇਵਾਰੀ ਬਚਨ ਸਿੰਘ ਅਰੋੜਾ ਨੇ ਬਾਖੂਬੀ ਨਿਭਾਈ।

# ਫਰਦ ਕੇਂਦਰ ਕੰਪਿਊਟਰ ਅਪ੍ਰੇਟਰ ਭਲਕੇ ਮੁੱਖ ਮੰਤਰੀ ਦੇ ਹਲਕੇ ਦੇਣਗੇ ਧਰਨਾ



**ਬੱਧਨੀ ਕਲਾਂ (ਲਵਲੀ ਕੁਮਾਰ)**-ਫਰਦ ਕੇਂਦਰ ਕੰਪਿਊਟਰ ਆਪ੍ਰੇਟਰ ਐਸੋਸੀਏਸ਼ਨ ਪੰਜਾਬ ਦੇ ਸੂਬਾ ਆਗੂ ਰਮਨਦੀਪ ਸਿੰਘ, ਜ਼ਿਲ੍ਹਾ ਪ੍ਰਧਾਨ ਕਰਮਜੀਤ ਸਿੰਘ, ਜ਼ਿਲ੍ਹਾ ਜਨਰਲ ਸਕੱਤਰ ਮੰਗਾ ਰਾਮ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਇਨਲਿਸਟਮੈਂਟ ਤੇ ਆਊਟਸੋਰਸ ਵਰਕਰਾਂ ਨੂੰ ਸਿੱਧਾ ਵਿਭਾਗ 'ਚ ਸ਼ਾਮਲ ਕਰਵਾਉਣ ਲਈ ਇਨਲਿਸਟਮੈਂਟ ਆਊਟਸੋਰਸ ਤਾਲਮੇਲ ਕਮੇਟੀ ਪੰਜਾਬ ਵੱਲੋ 'ਸਮੂਹ ਪੰਜਾਬ ਦੇ ਵੱਖ ਵੱਖ ਵਿਭਾਗਾਂ ਵਿੱਚ ਬਤੌਰ ਇਨਲਿਸਟਮੈਂਟ ਤੇ ਆਊਟਸੋਰਸ ਦੀਆਂ ਵੱਖ ਵੱਖ ਬਾਹਰ ਰਹਿੰਦੀਆਂ ਕੈਟਾਗਰੀਆਂ ਨੂੰ ਪੰਜਾਬ ਰਾਜ ਆਊਟਸੋਰਸ ਪਰਸੋਨਲ (ਕੰਟਰੈਕਟੂਅਲ ਇੰਗੇਜਮੈਂਟ ਵਿੱਚ ਤਬਦੀਲੀ) ਬਿੱਲ-2026 ਵਿੱਚ ਸ਼ਾਮਲ ਕਰਕੇ ਤੁਰੰਤ ਪ੍ਰਭਾਵ ਨਾਲ ਲਾਗੂ ਕਰਵਾਉਣ ਪੰਜਾਬ ਦੇ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਤਾਇਨਾਤ ਹਰ ਕੈਟਾਗਿਰੀ ਨਾਲ ਸਬੰਧਤ ਠੇਕਾ ਮੁਲਾਜ਼ਮਾਂ ਨੂੰ ਘੱਟੋ-ਘੱਟ ਉਜ਼ਰਤ ਦੇ ਕਾਨੂੰਨ 1948 ਵਿੱਚ 15ਵੀਂ ਲੇਬਰ ਕਾਨਫਰੰਸ, 1957 ਦੀਆਂ ਸਿਫਾਰਸ਼ਾਂ ਨੂੰ ਸ਼ਾਮਲ ਕਰਕੇ ਤਨਖਾਹ ਨਿਸ਼ਚਿਤ ਕਰਵਾਉਣ ਤੇ ਸਮੂਹ ਆਊਟਸੋਰਸ, ਇਨਲਿਸਟਮੈਂਟ, ਠੇਕੇਦਾਰਾਂ, ਕੰਪਨੀਆਂ, ਡੇਲੀਵੇਜ, ਦਿਹਾੜੀਦਾਰ ਠੇਕਾ ਮੁਲਾਜ਼ਮਾਂ ਲਈ ਪੈਨਸ਼ਨ ਤੇ ਗਰੈਚੁਟੀ ਦੇ ਲਾਭ ਦੀ ਅਦਾਇਗੀ ਕੀਤੀ ਜਾਵੇ।ਇਸ ਵਿਉਂਤਬੰਦੀ ਨੂੰ ਲਾਗੂ ਕਰਨ ਦੇ ਸਮੇਂ ਤੱਕ ਜਿਨ੍ਹਾਂ ਵਰਕਰਾਂ ਦਾ ਸੇਵਾ ਕਾਲ ਪੂਰਾ ਹੋਣਾ ਵਾਲਾ, ਉਸ ਵਰਕਰ ਨੂੰ ਰਿਟਾਇਰ ਹੋਣ 'ਤੇ 50 ਲੱਖ ਰੁਪਏ ਦੀ ਅਦਾਇਗੀ ਜਾਂ ਪਰਿਵਾਰ ਦੇ ਇੱਕ ਜੀ ਨੂੰ ਸਰਕਾਰੀ ਨੌਕਰੀ ਦਿਵਾਉਣ ਅਤੇ ਹਰ ਸ਼੍ਰੇਣੀ ਦੇ ਵਰਕਰਾਂ ਨੂੰ ਈ.ਪੀ.ਐੱਫ. ਤੇ ਈ.ਐੱਸ.ਆਈ. ਲਾਗੂ ਕੀਤਾ ਜਾਵੇ। ਸਮੂਹ ਵਰਕਰਾਂ 'ਤੇ 8.33% -20% ਬੋਨਸ ਵੀ ਲਾਗੂ ਕਰਵਾਉਣ ਤੇ ਸੇਵਾ ਸਮੇਂ ਦੌਰਾਨ ਹੋਣ ਵਾਲੇ ਹਾਦਸਿਆਂ 100% ਭਰਪਾਈ ਵਿਭਾਗ ਵੱਲੋਂ ਕਰਨ ਦੀ ਗਰੰਟੀ ਕੀਤੀ ਜਾਵੇ ਤੇ ਐਕਸਗ੍ਰੇਸ਼ੀਆ ਸਕੀਮ ਰਾਹੀਂ ਮੁਆਵਜ਼ਾ ਦਿਵਾਉਣ ਲਈ ਮੁੱਖ ਮੰਤਰੀ ਪੰਜਾਬ ਸਰਕਾਰ ਦੇ ਹਲਕੇ ਧੂਰੀ ਵਿਖੇ 19 ਸਤੰਬਰ ਨੂੰ ਸੂਬਾ ਪੱਧਰੀ ਰੋਸ ਧਰਨਾ ਦੇਣ ਉਪਰੰਤ ਰੋਸ ਪ੍ਰਦਰਸ਼ਨ ਕੀਤਾ ਜਾਣਾ ਹੈ, ਜਿਸ ਵਿੱਚ ਜ਼ਿਲ੍ਹਾ ਮਾਨਸਾ ਦੇ ਵਰਕਰ ਵੱਡੇ ਕਾਫਲੇ ਸਮੇਤ ਪਹੁੰਚਣਗੇ।

# ਨਾਨਕਸਰ ਠਾਠ 'ਚ ਸਾਲਾਨਾ ਸੰਤ ਸਮਾਗਮ ਕਰਵਾਇਆ

**ਦੇਹਧਾਰੀਆਂ ਦੇ ਪਿੱਛੇ ਨਾ ਲੱਗੋ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗੋ : ਬਾਬਾ ਘਾਲਾ ਸਿੰਘ**



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਨਾਨਕਸਰ ਸੰਪਰਦਾਇ ਦੇ ਬਾਨੀ ਮਹਾਨ ਤਿਆਗੀ ਤੇ ਤਪੱਸਵੀ ਬਾਬਾ ਨੰਦ ਸਿੰਘ ਜੀ ਤੇ ਬਾਬਾ ਈਸਰ ਸਿੰਘ ਕਲੇਰਾਂ ਵਾਲਿਆਂ ਦੇ ਆਗਮਨ ਦਿਵਸ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਤੇ ਪ੍ਰਕਾਸ਼ ਦਿਵਸ ਨੂੰ ਸਮਰਪਤ 61ਵਾਂ ਸਾਲਾਨਾ ਸੰਤ ਸਮਾਗਮ ਠਾਠ ਨਾਨਕਸਰ ਮਹਿਲ ਕਲਾਂ ਵਿਖੇ ਮੁੱਖ ਸੇਵਾਦਾਰ ਸੰਤ ਬਾਬਾ ਕੇਹਰ ਸਿੰਘ ਦੀ ਅਗਵਾਈ ਹੇਠ ਸ਼ਰਧਾ ਤੇ ਉਤਸ਼ਾਹ ਨਾਲ ਕਰਵਾਇਆ ਗਿਆ।ਸਮਾਗਮ ਦੌਰਾਨ ਪੰਜ ਸ੍ਰੀ ਸੰਪਟ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ।ਉਪਰੰਤ ਵੱਖ-ਵੱਖ ਰਾਗੀ ਜਥਿਆਂ ਤੇ ਕਥਾਵਾਚਕਾਂ ਵੱਲੋਂ ਗੁਰਬਾਣੀ ਕੀਰਤਨ ਤੇ ਕਥਾ ਰਾਹੀਂ ਸੰਗਤਾਂ ਨੂੰ ਗੁਰਮਤਿ ਨਾਲ ਜੁੜਨ ਤੇ ਗੁਰਸਿੱਖੀ ਜੀਵਨ ਅਪਣਾਉਣ ਲਈ ਪ੍ਰੇਰਿਤ ਕੀਤਾ ਗਿਆ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਸੰਤ ਬਾਬਾ ਘਾਲਾ ਸਿੰਘ ਨਾਨਕਸਰ ਕਲੇਰਾਂ ਨੇ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ ਤੇ ਪਰਵਾਰਾਂ ਸਮੇਤ ਅੰਮ੍ਰਿਤਪਾਨ ਕਰਨ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਬਾਬਾ ਨੰਦ ਸਿੰਘ ਜੀ ਤੇ ਬਾਬਾ ਈਸਰ ਸਿੰਘ ਕਲੇਰਾਂ ਵਾਲਿਆਂ ਨੇ ਆਪਣੇ ਸਮੇਂ ਦੌਰਾਨ ਲੱਖਾਂ ਪ੍ਰਾਣੀਆਂ ਨੂੰ ਅੰਮ੍ਰਿਤਪਾਨ ਕਰਵਾ ਕੇ ਗੁਰਸਿੱਖੀ ਨਾਲ ਜੋੜਨ ਲਈ ਵੱਡੀ ਸੇਵਾ ਨਿਭਾਈ। ਸੰਗਤਾਂ ਨੂੰ ਦੇਹਧਾਰੀ ਵਿਅਕਤੀਆਂ ਦੇ ਪਿੱਛੇ ਲੱਗਣ ਦੀ ਬਜਾਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਗੁਰੂ ਮੰਨ ਕੇ ਉਨ੍ਹਾਂ ਦੇ ਲੜ ਲੱਗਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਹਰ ਪਰਵਾਰ ਆਪਣੇ ਬੱਚਿਆਂ ਨੂੰ ਗੁਰੂ ਬਾਣੀ ਨਾਲ ਜੋੜੇ ਤੇ ਉਨ੍ਹਾਂ ਨੂੰ ਗੁਰਸਿੱਖੀ ਜੀਵਨ ਵੱਲ ਪ੍ਰੇਰਿਤ ਕਰੇ।ਉਨ੍ਹਾਂ ਪਰਵਾਰਾਂ ਨੂੰ ਬੱਚਿਆਂ ਨੂੰ ਗੁਰਬਾਣੀ ਪੜ੍ਹਾਉਣ ਤੇ ਅੰਮ੍ਰਿਤਧਾਰੀ ਬਣਾਉਣ ਲਈ ਉਤਸ਼ਾਹਤ ਕੀਤਾ।ਬਾਬਾ ਜੋਗਾ ਸਿੰਘ ਕਰਨਾਲ ਵਾਲਿਆਂ ਨੇ ਕਿਹਾ ਕਿ ਕਲੇਰਾਂ ਵਾਲੇ ਮਹਾਂਪੁਰਖਾਂ ਵੱਲੋਂ ਸਿੱਖੀ ਦੇ ਪ੍ਰਚਾਰ-ਪ੍ਰਸਾਰ ਤੇ ਸਮਾਜ ਸੇਵਾ ਦੇ ਖੇਤਰ ਵਿੱਚ ਨਿਭਾਈਆਂ ਅਣਥੱਕ ਸੇਵਾਵਾਂ ਨੂੰ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ।ਸਮਾਗਮ ਦੌਰਾਨ ਮੁੱਖ ਸੇਵਾਦਾਰ ਸੰਤ ਬਾਬਾ ਕੇਹਰ ਸਿੰਘ, ਮਹੰਤ ਗੁਰਪ੍ਰੀਤ ਸਿੰਘ ਤੇ ਬਾਬਾ ਗੁਰਦੀਪ ਸਿੰਘ ਦੀ ਅਗਵਾਈ ਹੇਠ ਪੁੱਜੇ ਸੰਤ ਮਹਾਂਪੁਰਖਾਂ ਤੇ ਵੱਖ-ਵੱਖ ਸ਼ਖ਼ਸੀਅਤਾਂ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ ਜਥੇਦਾਰ ਨਾਥ ਸਿੰਘ ਹਮੀਦੀ, ਗਰਮੇਲ ਸਿੰਘ ਮੌੜ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਬੀਬਾ ਕੁਲਦੀਪ ਕੌਰ, ਆੜ੍ਹਤੀ ਸਰਬਜੀਤ ਸਿੰਘ ਸਰਬੀ, ਬਾਬਾ ਬਲਦੇਵ ਸਿੰਘ ਲੁਧਿਆਣਾ, ਬਾਬਾ ਨਾਮਦੇਵ ਸਿੰਘ ਘੱਗਾ, ਬਾਬਾ ਬੱਗਾ ਸਿੰਘ ਨਾਨਕਸਰ ਵਿਰਕਾਂ, ਸੰਤ ਸੁਰਿੰਦਰ ਸਿੰਘ ਫਰੀਦ, ਭਾਈ ਗੇਜਾ ਸਿੰਘ, ਭਾਈ ਜਸਵਿੰਦਰ ਸਿੰਘ ਬਿੰਦੀ, ਬਾਬਾ ਸੁਖਵਿੰਦਰ ਸਿੰਘ ਕੱਟੂ, ਬਾਬਾ ਚੰਨਪਰੀਤ ਸਿੰਘ, ਬਾਬਾ ਤਰਲੋਕ ਸਿੰਘ, ਬਾਬਾ ਮੁਖਤਿਆਰ ਸਿੰਘ, ਸੰਤ ਹਾਕਮ ਸਿੰਘ ਗੰਡਾ ਸਿੰਘ ਵਾਲਾ, ਬਾਬਾ ਹਰਪਾਲ ਦਾਸ ਇਮਾਮਗੜ੍ਹ, ਬਾਬਾ ਚਮਕੌਰ ਸਿੰਘ ਲੋਹਗੜ੍ਹ, ਸੰਤ ਬਲਵਿੰਦਰ ਸਿੰਘ ਪੰਜਗਰਾਈਆਂ, ਸੰਤ ਸਤਵੀਰ ਸਿੰਘ ਗੁਰਦੁਆਰਾ ਸ਼ਹੀਦਾਂ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## ਪੀ ਜੀ ਆਈ ਨਿਰਦੇਸ਼ਕ ਨੇ ਇੰਜੀਨੀਅਰਜ਼ ਦਿਵਸ ਮੌਕੇ ਕੀਤਾ ਖੂਨ ਦਾਨ

**ਸਮਰਾਲਾ (ਸੁਰਜੀਤ ਸਿੰਘ)**-ਪੀਜੀਆਈ ਚੰਡੀਗੜ੍ਹ ਦੀ ਇੰਜੀਨੀਅਰਜ਼ ਐਸੋਸੀਏਸ਼ਨ ਵੱਲੋਂ ਇੰਜੀਨੀਅਰਜ਼ ਦਿਵਸ ਮੌਕੇ ਲਗਾਏ ਖੂਨਦਾਨ ਕੈਂਪ ਵਿੱਚ ਭਾਰਤ ਪ੍ਰਸਿੱਧ ਨਾਮੀ ਸਿਹਤ ਸੰਸਥਾ ਪੀਜੀਆਈ ਦੇ ਨਿਦੇਸ਼ਕ ਪ੍ਰੋ. ਵਿਵੇਕ ਲਾਲ ਨੇ ਇੱਕ ਮਿਸਾਲ ਕਾਇਮ ਕਰਦਿਆਂ ਖੁਦ ਵੀ ਖੂਨਦਾਨ ਕਰਕੇ ਹੋਰਨਾਂ ਨੂੰ ਪ੍ਰੇਰਨਾ ਦਾ ਸੰਦੇਸ਼ ਦਿੰਦਿਆਂ ਖੂਨ ਕੈਂਪ ਵਿਚ ਖੂਨ ਦਾਨ ਕੀਤਾ।ਇਸ ਤੋਂ ਪਹਿਲਾਂ ਪ੍ਰੋ. ਵਿਵੇਕ ਲਾਲ ਡਾਇਰੈਕਟਰ ਪੀਜੀਆਈਐਮਈਆਰ ਚੰਡੀਗੜ੍ਹ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਖੂਨਦਾਨ ਦਾ ਉਦਘਾਟਨ ਕੀਤਾ।ਉਨ੍ਹਾਂ ਇਸ ਨੇਕ ਕਾਰਜ ਲਈ ਪੀਜੀਆਈ ਇੰਜੀਨੀਅਰਜ਼ ਐਸੋਸੀਏਸ਼ਨ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਉਪਰਾਲੇ ਦੀ ਸ਼ਲਾਘਾ ਕੀਤੀ।ਇਸ ਮੌਕੇ ਸ੍ਰੀ ਪੰਕਜ ਰਾਏ ਡੀ.ਡੀ.ਏ., ਪ੍ਰੋ. ਅਸ਼ੋਕ ਕੁਮਾਰ ਮੈਡੀਕਲ ਸੁਪਰਡੈਂਟ, ਪ੍ਰੋ. (ਡਾ.) ਰਤੀ ਰਾਮ ਸ਼ਰਮਾ ਮੁਖੀ ਟਰਾਂਸਫਿਊਜ਼ਨ ਮੈਡੀਸਨ ਵਿਭਾਗ ਅਤੇ ਪ੍ਰੋ. ਸਮੀਰ ਅਗਰਵਾਲ ਪ੍ਰੋਫੈਸਰ ਇੰਚਾਰਜ ਇੰਜੀਨੀਅਰਿੰਗ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।ਕੈਂਪ ਦੌਰਾਨ ਲਗਭਗ 400 ਸਵੈ-ਇੱਛੁਕ ਖੂਨਦਾਨੀਆਂ ਨੇ ਖੂਨ ਦਾਨ ਕੀਤਾ, ਜਦਕਿ ਖੂਨ ਦਾਨ ਤੋਂ ਪਹਿਲਾਂ ਕੀਤੀ ਗਈ ਡਾਕਟਰੀ ਜਾਂਚ ਦੌਰਾਨ 70 ਸੰਭਾਵੀ ਖੂਨਦਾਨੀਆਂ ਨੂੰ ਖੂਨ ਦਾਨ ਲਈ ਅਯੋਗ ਪਾਇਆ ਗਿਆ।ਇੰਜੀ. ਤਰੁਣ ਪੰਜਵਾਲ, ਪ੍ਰਧਾਨ, ਪੀਜੀਆਈ ਇੰਜੀਨੀਅਰਜ਼ ਐਸੋਸੀਏਸ਼ਨ, ਚੰਡੀਗੜ੍ਹ ਨੇ ਪ੍ਰੋ. (ਡਾ.) ਵਿਵੇਕ ਲਾਲ ਸਮੇਤ ਸਾਰੇ ਪਤਵੰਤੇ ਮਹਿਮਾਨਾਂ ਦੇ ਡੈਲੀਗੇਟਾਂ ਦਾ ਕੈਂਪ ਵਿੱਚ ਆਪਣਾ ਕੀਮਤੀ ਸਮਾਂ ਕੱਢ ਕੇ ਪਹੁੰਚਣ ਲਈ ਤਹਿ ਦਿਲੋਂ ਧੰਨਵਾਦ ਕੀਤਾ।

# ਬਿਜਲੀ ਕੱਟਾਂ ਖਿਲਾਫ਼ ਐਕਸੀਅਨ ਦਫ਼ਤਰ ਵਿਖੇ ਰੋਸ ਧਰਨਾ



**ਜਗਰਾਉਂ (ਸੰਜੀਵ ਅਰੋੜਾ)**-ਜਗਰਾਉਂ ਹਲਕੇ ਵਿੱਚ ਬਿਜਲੀ ਦੇ ਲੰਬੇ ਕੱਟਾਂ ਤੇ ਅਣ-ਨਿਯਮਤ ਬਿਜਲੀ ਸਪਲਾਈ ਦੇ ਮੁੱਦੇ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਐਕਸੀਅਨ ਦਫ਼ਤਰ ਜਗਰਾਉਂ ਵਿਖੇ ਰੋਸ ਧਰਨਾ ਦਿੱਤਾ ਗਿਆ।

ਧਰਨੇ ਦੀ ਅਗਵਾਈ ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਦੇ ਮੈਂਬਰ ਤੇ ਹਲਕਾ ਇੰਚਾਰਜ ਐੱਸ. ਆਰ. ਕਲੇਰ ਸਾਬਕਾ ਵਿਧਾਇਕ ਨੇ ਕੀਤੀ। ਸਟੇਜ ਦੀ ਕਾਰਵਾਈ ਸਰਪੰਚ ਸ਼ਿਵਰਾਜ ਸਿੰਘ ਵੱਲੋਂ ਬਾਖ਼ੂਬੀ ਨਿਭਾਈ ਗਈ। ਇਸ ਮੌਕੇ ਐੱਸ. ਆਰ. ਕਲੇਰ ਨੇ ਕਿਹਾ ਕਿ ਜਗਰਾਉਂ ਹਲਕੇ ਵਿੱਚ ਲੰਬੇ ਸਮੇਂ ਤੋਂ ਲੱਗ ਰਹੇ ਬਿਜਲੀ ਦੇ ਕੱਟਾਂ ਕਾਰਨ ਆਮ ਲੋਕਾਂ, ਕਿਸਾਨਾਂ, ਦੁਕਾਨਦਾਰਾਂ ਤੇ ਵਪਾਰੀਆਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਬਿਜਲੀ ਵਰਗੀ ਬੁਨਿਆਦੀ ਸਹੂਲਤ ਦੀ ਨਿਰਵਿਘਨ ਸਪਲਾਈ ਯਕੀਨੀ ਬਣਾਉਣਾ ਸਰਕਾਰ ਦੀ ਜ਼ਿੰਮੇਵਾਰੀ ਹੈ ਤੇ ਲੋਕਾਂ ਨੂੰ ਇਸ ਸਮੱਸਿਆ ਤੋਂ ਤੁਰੰਤ ਰਾਹਤ ਮਿਲਣੀ ਚਾਹੀਦੀ ਹੈ। ਇਸ ਮੌਕੇ ਐੱਸ.ਜੀ.ਪੀ.ਸੀ. ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਬਿਜਲੀ ਦੀ ਮਾੜੀ ਸਪਲਾਈ ਕਾਰਨ ਪਿੰਡਾਂ ਦੇ ਲੋਕਾਂ ਨੂੰ ਖਾਸ ਤੌਰ 'ਤੇ ਪ੍ਰੇਸ਼ਾਨੀ ਝੱਲਣੀ ਪੈ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਬਿਜਲੀ ਦੇ ਲੰਬੇ ਕੱਟਾਂ ਨੂੰ ਤੁਰੰਤ ਬੰਦ ਕਰਕੇ ਲੋਕਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਦਿੱਤੀ ਜਾਵੇ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਚੰਦ ਸਿੰਘ ਡੱਲਾ ਨੇ ਕਿਹਾ ਕਿ ਬਿਜਲੀ ਦੇ ਲੰਬੇ ਕੱਟਾਂ ਨੇ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਪ੍ਰਭਾਵਿਤ ਕੀਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਦਾਅਵਿਆਂ ਦੀ ਬਜਾਏ ਜ਼ਮੀਨੀ ਪੱਧਰ 'ਤੇ ਬਿਜਲੀ ਸਪਲਾਈ ਦੀ ਸਥਿਤੀ ਸੁਧਾਰਨ ਵੱਲ ਤੁਰੰਤ ਧਿਆਨ ਦੇਣਾ ਚਾਹੀਦਾ ਹੈ। ਇਸ ਮੌਕੇ ਸਾਬਕਾ ਚੇਅਰਮੈਨ ਦੀਦਾਰ ਸਿੰਘ ਮਲਕ, ਪੰਚਾਇਤ ਯੂਨੀਅਨ ਦੇ ਸੂਬਾ ਪ੍ਰਧਾਨ ਅਵਤਾਰ ਸਿੰਘ ਬਿੱਲਾ ਤੇ ਅਮਰਜੀਤ ਸਿੰਘ ਰਸੂਲਪੁਰ ਪ੍ਰਧਾਨ ਨੇ ਸਾਂਝੇ ਤੌਰ 'ਤੇ ਕਿਹਾ ਕਿ ਬਿਜਲੀ ਦੇ ਲੰਬੇ ਕੱਟਾਂ ਕਾਰਨ ਲੋਕਾਂ ਵਿੱਚ ਰੋਸ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ, ਵਪਾਰੀਆਂ ਤੇ ਆਮ ਲੋਕਾਂ ਦੀਆਂ ਮੁਸ਼ਕਲਾਂ ਨੂੰ ਧਿਆਨ ਵਿੱਚ ਰੱਖਦਿਆਂ ਬਿਜਲੀ ਸਪਲਾਈ ਵਿੱਚ ਤੁਰੰਤ ਸੁਧਾਰ ਕੀਤਾ ਜਾਣਾ ਚਾਹੀਦਾ ਹੈ। ਧਰਨੇ ਦੌਰਾਨ ਅਕਾਲੀ ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਬਿਜਲੀ ਸਪਲਾਈ ਦੀ ਸਮੱਸਿਆ ਦਾ ਜਲਦ ਹੱਲ ਨਾ ਕੀਤਾ ਗਿਆ ਤਾਂ ਲੋਕਾਂ ਦੀਆਂ ਮੁਸ਼ਕਲਾਂ ਨੂੰ ਲੈ ਕੇ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।

## ਐਡਵੋਕੇਟ ਅਮਿਤ ਕੱਕੜ ਬਣੇ ਬਾਰ ਐਸੋਸੀਏਸ਼ਨ ਦੇ ਵਾਈਸ ਪ੍ਰਧਾਨ



**ਜਲਾਲਾਬਾਦ (ਬਲਵਿੰਦਰ ਸਿੰਘ)** ਬੀਤੇ ਦਿਨੀਂ ਬਾਰ ਐਸੋਸੀਏਸ਼ਨ ਜਲਾਲਾਬਾਦ ਦੀਆਂ ਚੋਣਾਂ ਹੋਈਆਂ।ਬਾਰ ਐਸੋਸੀਏਸ਼ਨ ਜਲਾਲਾਬਾਦ ਦੀਆਂ ਚੋਣਾਂ ਵਿੱਚ 284 ਵੋਟਰ ਸਨ, ਜਿਸ ਵਿੱਚ 275 ਵੋਟਰਾਂ ਨੇ ਆਪਣੀ ਵੋਟ ਪਾਈ।ਇਨ੍ਹਾਂ ਚੋਣਾਂ ਵਿੱਚ ਐਡਵੋਕੇਟ ਅਮਿਤ ਕੱਕੜ ਨੇ ਐਡਵੋਕੇਟ ਸੋਹਣ ਸਿੰਘ ਨੂੰ 33 ਵੋਟਾਂ ਨਾਲ ਹਰਾ ਕੇ ਵਾਈਸ ਪ੍ਰਧਾਨ ਦੀ ਚੋਣ ਵਿੱਚ ਜਿੱਤ ਪ੍ਰਾਪਤ ਕੀਤੀ।ਐਡਵੋਕੇਟ ਅਮਿਤ ਕੱਕੜ ਨੂੰ ਵਾਈਸ ਪ੍ਰਧਾਨ ਬਣਨ 'ਤੇ ਲਗਾਤਾਰ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਹੋਇਆ ਹੈ। ਵੋਟਰਾਂ, ਸਪੋਰਟ, ਸਮਾਜਿਕ ਜਥੇਬੰਦੀਆਂ ਤੇ ਸ਼ਹਿਰ ਵਾਸੀਆਂ ਵੱਲੋਂ ਉਨ੍ਹਾਂ ਨੂੰ ਫ਼ੋਨ ਰਾਹੀਂ ਤੇ ਮਿਲ ਕੇ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।ਪੱਤਰਕਾਰ ਸਾਥੀਆਂ ਨਾਲ ਗੱਲਬਾਤ ਕਰਦੇ ਐਡਵੋਕੇਟ ਅਮਿਤ ਕੱਕੜ ਨੇ ਆਪਣੇ ਸਮੂਹ ਵੋਟਰ, ਸਪੋਰਟਰ ਤੇ ਸਮੂਹ ਵਕੀਲ ਭਾਈਚਾਰਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਹਮੇਸ਼ਾ ਵਕੀਲ ਭਾਈਚਾਰੇ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜਨਗੇ।ਕਿਸੇ ਵੀ ਵਕੀਲ ਸਾਹਿਬ ਨੂੰ ਕੋਈ ਵੀ ਪ੍ਰੇਸ਼ਾਨੀ ਨਹੀਂ ਆਣ ਦਿੱਤੀ ਜਾਵੇਗੀ ਤੇ ਉਹ ਹਰ ਇੱਕ ਵਕੀਲ ਸਾਹਿਬ ਲਈ 24 ਘੰਟੇ ਹਾਜ਼ਰ ਰਹਿਣਗੇ।

# ਮੁਲਾਜ਼ਮਾਂ ਨੇ ਵਿੱਢੀ ਆਰ-ਪਾਰ ਦੀ ਲੜਾਈ

## ਸਾਂਝਾ ਫਰੰਟ ਵੱਲੋਂ ਜ਼ਿਲ੍ਹੇ ਦੇ ਤਿੰਨੇ ਵਿਧਾਇਕਾਂ ਦੀਆਂ ਰਿਹਾਇਸ਼ਾਂ ਦਾ ਘਿਰਾਉ 20 ਨੂੰ



**ਮਾਨਸਾ (ਆਤਮਾ ਸਿੰਘ ਪਮਾਰ)** ਸਥਾਨਕ ਪੈਨਸ਼ਨਰਜ਼ ਭਵਨ ਵਿਖੇ ਮੁਲਾਜ਼ਮ ਪੈਨਸ਼ਨਰਜ਼ ਸਾਂਝਾ ਫਰੰਟ ਤੇ ਸਾਂਝੀ ਤਾਲਮੇਲ ਕਮੇਟੀ ਦੀ ਇੱਕ ਅਹਿਮ ਮੀਟਿੰਗ ਪ੍ਰਤਾਪ ਸਿੰਘ ਖੁਡਾਲ ਪ੍ਰਧਾਨ ਪੀ ਐੱਸ ਐੱਮ ਐੱਸ ਯੂ ਤੇ ਸਿਕੰਦਰ ਸਿੰਘ ਘਰਾਂਗਣਾ ਪ੍ਰਧਾਨ ਪੈਨਸ਼ਨਰ ਐਸੋਸੀਏਸ਼ਨ ਮਾਨਸਾ ਦੀ ਪ੍ਰਧਾਨਗੀ ਹੇਠ ਹੋਈ, ਮੀਟਿੰਗ 'ਚ ਸਟੇਟ ਕਮੇਟੀ ਵੱਲੋਂ ਉਲੀਕੇ ਗਏ ਮਾਰਚਿੰਗ/ਸੰਘਰਸ਼ੀ ਪ੍ਰੋਗਰਾਮਾਂ ਸਬੰਧੀ ਗੰਭੀਰ ਵਿਚਾਰ-ਵਟਾਂਦਰਾ ਕੀਤਾ ਗਿਆ। ਸਰਕਾਰ ਦੀਆਂ ਮੁਲਾਜ਼ਮ, ਪੈਨਸ਼ਨਰਜ਼ ਤੇ ਲੋਕ ਵਿਰੋਧੀ ਨੀਤੀਆਂ ਅਤੇ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਲੈ ਕੇ ਮੁਲਾਜ਼ਮਾਂ ਤੇ ਪੈਨਸ਼ਨਰਾਂ 'ਚ ਭਾਰੀ ਰੋਸ ਤੇ ਰੋਹ ਦੇਖਣ ਨੂੰ ਮਿਲ ਰਿਹਾ ਹੈ।ਮੀਟਿੰਗ ਦੌਰਾਨ ਸਰਕਾਰ ਵੱਲੋਂ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਪ੍ਰਤੀ ਅਪਣਾਈ ਜਾ ਰਹੀ ਬੇਰੁਖ਼ੀ ਤੇ ਅੜੀਅਲ ਵਤੀਰੇ ਦੀ ਸਖ਼ਤ ਨਿਖੇਧੀ ਕੀਤੀ ਗਈ।ਇਸੇ ਦੌਰਾਨ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਸੂਬਾਈ ਲੀਡਰਸ਼ਿਪ ਦੇ ਸੱਦੇ 'ਤੇ ਆਉਂਦੀ 20 ਸਤੰਬਰ ਸਵੇਰੇ 9:00 ਵਜੇ ਤੋਂ ਮਾਨਸਾ ਜ਼ਿਲ੍ਹੇ ਦੇ ਤਿੰਨਾਂ ਵਿਧਾਇਕਾਂ ਦੀਆਂ ਰਿਹਾਇਸ਼ਾਂ ਦਾ ਘਿਰਾਓ ਕਰਕੇ ਰੋਸ ਧਰਨਾ ਵੀ ਦਿੱਤਾ ਜਾਵੇਗਾ।ਮੀਟਿੰਗ ਦੌਰਾਨ ਪ੍ਰਮੁੱਖ ਆਗੂਆਂ ਹਰਦੀਪ ਸਿੰਘ, ਆਤਮਾ ਸਿੰਘ ਪਮਾਰ, ਬਿੱਕਰ ਸਿੰਘ ਮਾਖਾ, ਨਵੀਨ ਬੋਹਾ, ਸੁਰਜੀਤ ਸਿੰਘ, ਕੁਲਦੀਪ ਸਿੰਘ ਅੱਕਾਂਵਾਲੀ, ਪ੍ਰਗਟ ਸਿੰਘ, ਰਘਬੀਰ ਸਿੰਘ, ਜੀਤ ਸਿੰਘ ਭੁੱਲਰ, ਸ਼ਿੰਦਰਪਾਲ ਸਿੰਘ, ਜੱਗਾ ਸਿੰਘ, ਗੁਰਦੇਵ ਸਿੰਘ ਘੁੰਮਣ, ਲਖਣ ਲਾਲ ਮੱਤ, ਜਗਦੇਵ ਸਿੰਘ ਘੁਰਕਣੀ ਤੋਂ ਇਲਾਵਾ ਬਿੱਕਰ ਸਿੰਘ ਮੰਘਾਣੀਆਂ ਨੇ ਵੀ ਵਿਚਾਰ ਸਾਂਝੇ ਕੀਤੇ।ਆਗੂਆਂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਜਲਦ ਹੀ ਮੰਗਾਂ ਦਾ ਕੋਈ ਸਾਰਥਕ ਹੱਲ ਨਾ ਕੱਢਿਆ ਤਾਂ ਇਹ ਆਰ-ਪਾਰ ਦੀ ਲੜਾਈ ਹੋਰ ਵੀ ਤਿੱਖੀ ਕੀਤੀ ਜਾਵੇਗੀ।ਉਨ੍ਹਾਂ ਜ਼ਿਲ੍ਹੇ ਦੇ ਸਮੂਹ ਮੁਲਾਜ਼ਮਾਂ ਤੇ ਭਰਾਤਰੀ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ 20 ਸਤੰਬਰ ਦੇ ਇਸ ਘਿਰਾਓ ਦੇ ਪ੍ਰੋਗਰਾਮ ਦੀ ਸਫਲਤਾ ਲਈ ਸਹਿਯੋਗ ਕਰਨ।

# ਕੇ ਵੀ ਕੇ ਰੌਣੀ ਵਿਖੇ ਲਗਾਇਆ ਮੇਲਾ ਕਿਸਾਨਾਂ ਲਈ ਬਣਿਆ ਖਿੱਚ ਦਾ ਕੇਂਦਰ




**ਪਟਿਆਲਾ (ਭੁਪਿੰਦਰ ਮੌਲਵੀਵਾਲਾ)**-ਪੀ ਏ ਯੂ ਵੱਲੋਂ ਕਰਵਾਏ ਜਾਦੇ ਕਿਸਾਨ ਮੇਲਿਆਂ ਦੀ ਲੜੀ ਤਹਿਤ ਕ੍ਰਿਸ਼ੀ ਵਿਗਿਆਨ ਕੇਂਦਰ ਰੌਣੀ (ਪਟਿਆਲਾ) ਵਿਚ ਕਿਸਾਨ ਮੇਲਾ ਲਗਾਇਆ ਗਿਆ। ਮੇਲੇ ਦੇ ਮੁੱਖ ਮਹਿਮਾਨ ਡਾ. ਦਵਿੰਦਰ ਸਿੰਘ ਚੀਮਾ, ਮੈਂਬਰ ਪ੍ਰਬੰਧਕੀ ਬੋਰਡ ਪੀ.ਏ.ਯੂ ਸਨ। ਮੇਲੇ ਦੀ ਪ੍ਰਧਾਨਗੀ ਪੀ.ਏ.ਯੂ ਦੇ ਨਿਰਦੇਸ਼ਕ ਖੋਜ ਡਾ. ਅਜਮੇਰ ਸਿੰਘ ਚੋਟ ਨੇ ਕੀਤੀ।ਇਸ ਤੋਂ ਇਲਾਵਾ ਨਿਰਦੇਸ਼ਕ ਪਸਾਰ ਸਿੱਖਿਆ, ਡਾ. ਮੱਖਣ ਸਿੰਘ ਭੁੱਲਰ, ਯੂਨੀਵਰਸਿਟੀ ਉੱਚ ਅਧਿਕਾਰੀ ਅਤੇ ਵੱਖ ਵੱਖ ਵਿਭਾਗਾਂ ਦੇ ਮੁਖੀ ਵੀ ਮੰਚ 'ਤੇ ਮੌਜੂਦ ਸਨ। ਮੁੱਖ ਮਹਿਮਾਨ ਡਾ. ਦਵਿੰਦਰ ਸਿੰਘ ਚੀਮਾ ਨੇ ਕਿਹਾ ਕਿ ਮੇਲੇ ਕਿਸਾਨਾਂ ਤੋਂ ਮਾਹਿਰਾਂ ਦੇ ਸਿੱਖਣ ਤੇ ਉਨ੍ਹਾ ਨੂੰ ਸਿਖਾਉਣ ਦਾ ਮੌਕਾ ਹਨ। ਉਨ੍ਹਾ ਕਿਹਾ ਕਿ ਇਨ੍ਹਾਂ ਮੇਲਿਆਂ ਦਾ ਉਦੇਸ਼ ਵਿਗਿਆਨਕ ਢੰਗ ਅਪਣਾਓ, ਖੇਤੀ ਆਮਦਨ ਵਧਾਓ ਰੱਖਿਆ ਗਿਆ ਹੈ। ਡਾ. ਚੀਮਾ ਨੇ ਕਿਸਾਨਾਂ ਨੂੰ ਵੱਧ ਮੁਨਾਫਾ ਪ੍ਰਾਪਤ ਕਰਨ ਲਈ ਫਸਲਾਂ ਦੀ ਪ੍ਰੋਸੈਸਿੰਗ ਦੇ ਨਾਲ ਨਾਲ ਖੁਦ ਮੰਡੀਕਰਨ ਕਰਨ ਦੀ ਵੀ ਅਪੀਲ ਕੀਤੀ। ਉਨ੍ਹਾਂ ਕਿਸਾਨਾਂ ਨੂੰ ਆਪਣੀ ਰਸੋਈ ਵਿਚ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਆਪਣੇ ਖੇਤ ਵਿਚ ਹੀ ਪੈਦਾ ਕਰਨ 'ਤੇ ਜ਼ੋਰ ਦਿੱਤਾ। ਡਾ. ਚੀਮਾ ਨੇ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਦੀ ਸਮੱਸਿਆ ਬਾਰੇ ਬੋਲਦਿਆਂ ਕਿਹਾ ਕਿ ਪਰਾਲੀ ਸਾੜਨ ਦਾ ਨੁਕਸਾਨ ਕਿਸਾਨ ਦਾ ਖੁਦ ਦਾ ਵਧੇਰੇ ਹੁੰਦਾ ਹੈ। ਪੀਏਯੂ ਦੇ ਨਿਰਦੇਸ਼ਕ ਖੋਜ ਡਾ. ਅਜਮੇਰ ਸਿੰਘ ਚੋਟ ਨੇ ਹਾੜ੍ਹੀ ਦੀਆਂ ਫਸਲਾਂ ਸਬੰਧੀ ਯੂਨੀਵਰਸਿਟੀ ਦੀਆਂ ਸਿਫਾਰਸ਼ਾਂ ਸਾਂਝੀਆਂ ਕੀਤੀਆਂ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਵੱਲੋਂ ਹੁਣ ਤੱਕ 994 ਕਿਸਮਾਂ ਤਿਆਰ ਕਰਕੇ ਕਾਸ਼ਤ ਲਈ ਸਿਫਾਰਸ਼ ਕੀਤੀਆਂ ਜਾ ਚੁੱਕੀਆਂ ਹਨ, ਜਿਨ੍ਹਾਂ ਵਿੱਚੋਂ 250 ਤੋਂ ਵਧੇਰੇ ਕਿਸਮਾਂ ਨੂੰ ਰਾਸ਼ਟਰੀ ਪੱਧਰ 'ਤੇ ਪ੍ਰਵਾਨਗੀ ਮਿਲੀ ਹੈ। ਉਨ੍ਹਾਂ ਨਵੀਆਂ ਸਿਫਾਰਸ਼ੀ ਕਿਸਮਾਂ, ਉਤਪਾਦਨ ਤਕਨੀਕਾਂ, ਪੌਦ ਸੁਰੱਖਿਆ ਉਪਾਆਂ ਅਤੇ ਹੋਰ ਖੇਤੀ ਸਿਫਾਰਸ਼ਾਂ ਬਾਰੇ ਵੀ ਜਾਣਕਾਰੀ ਦਿੱਤੀ। ਇਨ੍ਹਾਂ ਵਿੱਚ ਕਣਕ ਦੀਆਂ ਪੀ.ਬੀ ਡਬਲਯੂ 887 ਅਤੇ ਪੀ.ਬੀ.ਡਬਲਯੂ 927, ਮਸਰ ਦੀ ਐਲ ਐਲ 1613, ਸਰ੍ਹੋਂ ਦੀਆਂ ਪੰਜਾਬ ਰਾਇਆ ਕਨੋਲਾ-7 ਅਤੇ ਪੰਜਾਬ ਰਾਇਆ 813, ਹਾੜ ਬਰਸੀਮ ਦੀ ਬੀ.ਐੱਲ. 45, ਮਟਰ ਦੀ ਅਗੇਤਾ 8, ਆਲੂ, ਪਿਆਜ਼ ਅਤੇ ਲਸਣ ਦੀਆ ਨਵੀਆ ਕਿਸਮਾਂ, ਖਰਬੂਜ਼ੇ ਦੀ ਪੰਜਾਬ ਅੰਮ੍ਰਿਤ ਆਦਿ ਸ਼ਾਮਲ ਹਨ, ਬਾਰੇ ਜਾਣਕਾਰੀ ਦਿੱਤੀ।ਸਵਾਗਤੀ ਸ਼ਬਦ ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੱਖਣ ਸਿੰਘ ਭੁੱਲਰ ਨੇ ਆਖ। ਮੰਚ ਸੰਚਾਲਨ ਡਾ. ਤੇਜਿੰਦਰ ਸਿੰਘ ਰਿਆੜ ਨੇ ਕੀਤਾ।ਅੰਤ ਵਿੱਚ ਧੰਨਵਾਦ ਦੇ ਸ਼ਬਦ ਕ੍ਰਿਸ਼ੀ ਵਿਗਿਆਨ ਕੇਂਦਰ ਪਟਿਆਲਾ ਦੇ ਸਹਾਇਕ ਨਿਰਦੇਸ਼ਕ (ਸਿਖਲਾਈ) ਡਾ. ਹਰਦੀਪ ਸਿੰਘ ਸਭਿਖੀ ਨੇ ਕਹੇ।ਤਕਨੀਕੀ ਸੈਸ਼ਨ ਦਾ ਸੰਚਾਲਨ ਡਾ. ਗੁਰਉਪਦੇਸ਼ ਕੌਰ ਨੇ ਕੀਤਾ। ਮੇਲੇ ਦੌਰਾਨ ਖੇਤੀਬਾੜੀ ਅਤੇ ਖੇਤੀ ਸੰਬੰਧਤ ਖੇਤਰਾਂ ਵਿੱਚ ਸ਼ਾਨਦਾਰ ਯੋਗਦਾਨ ਦੇਣ ਵਾਲੇ ਕਈ ਅਗਾਂਹਵਧੂ ਕਿਸਾਨਾਂ ਨੂੰ ਸਨਮਾਨਤ ਕੀਤਾ ਗਿਆ ਜਿਨ੍ਹਾਂ ਵਿਚ ਨਾਭਾ ਤੇ ਕਮਲਜੀਤ ਸਿੰਘ ਨੂੰ ਮਧੂ ਮੱਖੀ ਪਾਲਣ ਲਈ, ਰਣਜੀਤਗੜ੍ਹ ਤੋਂ ਤਿੰਦਰ ਕੌਰ ਨੂੰ ਸਿਲਾਈ ਕਢਾਈ ਲਈ, ਡੰਡੋਆ ਤੋਂ ਲਖਵੀਰ ਕੌਰ ਨੂੰ ਖੁੰਬ ਉਤਪਾਦਨ ਅਤੇ ਜ਼ੀਰਕਪੁਰ ਤੋਂ ਗੁਰਮਿੰਦਰ ਕੌਰ ਨੂੰ ਬੇਕਰੀ ਲਈ ਕੀਤੇ ਕਾਰਜਾਂ ਲਈ ਸਨਮਾਨਤ ਕੀਤਾ ਗਿਆ।

# ਨਤੀਜੇ 'ਚ ਮਾਲਵਾ ਕਾਲਜ ਦਾ ਸ਼ਾਨਦਾਰ ਪ੍ਰਦਰਸ਼ਨ

## ਸਨੇਹਾ ਗਰਗ ਨੇ 91.80 ਫ਼ੀਸਦੀ ਅੰਕਾਂ ਨਾਲ ਸਬ-ਡਵੀਜ਼ਨ 'ਚੋਂ ਕੀਤਾ ਟਾਪ

**ਸਰਦੂਲਗੜ੍ਹ (ਅਵਤਾਰ ਜਟਾਣਾ)**-ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਲਾਨੇ ਗਏ ਬੀ.ਏ. ਛੇਵੇਂ ਸਮੈਸਟਰ (ਮਈ 2026) ਦੇ ਨਤੀਜਿਆਂ ਵਿੱਚ ਮਾਲਵਾ ਗਰੁੱਪ ਆਫ ਕਾਲਜਿਜ਼ ਸਰਦੂਲੇਵਾਲਾ ਦੀਆਂ ਵਿਦਿਆਰਥਣਾਂ ਨੇ ਸ਼ਾਨਦਾਰ ਕਾਰਗੁਜ਼ਾਰੀ ਦਾ ਪ੍ਰਦਰਸ਼ਨ ਕੀਤਾ ਹੈ।ਉੱਚ ਅੰਕਾਂ ਨਾਲ ਪ੍ਰਾਪਤ ਕੀਤੀਆਂ ਪੁਜ਼ੀਸ਼ਨਾਂ ਨੇ ਸੰਸਥਾ ਦੀ ਅਕਾਦਮਿਕ ਉਪਲਬਧੀ ਵਿੱਚ ਇੱਕ ਹੋਰ ਮਹੱਤਵਪੂਰਨ ਅਧਿਆਇ ਜੋੜ ਦਿੱਤਾ ਹੈ।ਨਤੀਜਿਆਂ ਵਿੱਚ ਸਨੇਹਾ ਗਰਗ ਪੁੱਤਰੀ ਸੁਭਾਸ਼ ਗਰਗ ਨੇ 459 ਅੰਕ (91.80 ਫ਼ੀਸਦੀ) ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ।ਇਸ ਦੇ ਨਾਲ ਹੀ ਉਸ ਨੇ ਸਬ-ਡਵੀਜ਼ਨ ਸਰਦੂਲਗੜ੍ਹ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਮਾਲਵਾ ਕਾਲਜ ਦਾ ਮਾਣ ਵਧਾਇਆ।ਸਨੇਹਾ ਗਰਗ ਦੀ ਇਹ ਉਪਲਬਧੀ ਉਸ ਦੀ ਨਿਰੰਤਰ ਮਿਹਨਤ ਤੇ ਅਕਾਦਮਿਕ ਉੱਤਮਤਾ ਦਾ ਪ੍ਰਮਾਣ ਹੈ।ਕਾਲਜ ਦੇ ਨਤੀਜੇ ਵਿੱਚ ਦਿਲਪ੍ਰੀਤ ਕੌਰ ਪੁੱਤਰੀ ਸਰਵਿੰਦਰ ਸਿੰਘ ਨੇ 439 ਅੰਕ (87.80 ਫ਼ੀਸਦੀ) ਹਾਸਲ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ।ਇਸੇ ਤਰ੍ਹਾਂ ਰਮਨਦੀਪ ਕੌਰ ਪੁੱਤਰੀ ਕੁਲਦੀਪ ਸਿੰਘ ਨੇ 434 ਅੰਕ (86.80 ਫ਼ੀਸਦੀ) ਲੈ ਕੇ ਤੀਜਾ ਸਥਾਨ ਹਾਸਲ ਕੀਤਾ।ਵਿਦਿਆਰਥਣਾਂ ਦੀ ਇਸ ਉਪਲਬਧੀ 'ਤੇ ਕਾਲਜ ਪ੍ਰਬੰਧਨ ਵੱਲੋਂ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ।ਸੰਸਥਾ ਦੇ ਚੇਅਰਮੈਨ ਜਤਿੰਦਰ ਸਿੰਘ ਸੋਢੀ ਨੇ ਸਫ਼ਲ ਵਿਦਿਆਰਥਣਾਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕ ਵਰਗ ਨੂੰ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਮਾਲਵਾ ਗਰੁੱਪ ਆਫ ਕਾਲਜਿਜ਼ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਦੇਣ ਦੇ ਨਾਲ-ਨਾਲ ਉਨ੍ਹਾਂ ਦੀ ਪ੍ਰਤਿਭਾ ਨੂੰ ਨਿਖਾਰਨ ਤੇ ਭਵਿੱਖ ਦੀਆਂ ਚੁਣੌਤੀਆਂ ਲਈ ਤਿਆਰ ਕਰਨ ਲਈ ਵਚਨਬੱਧ ਹੈ।ਮੈਨੇਜਿੰਗ ਡਾਇਰੈਕਟਰ ਰਾਜ ਸੋਢੀ ਨੇ ਕਿਹਾ ਕਿ ਕਿਸੇ ਵੀ ਸਿੱਖਿਆ ਸੰਸਥਾ ਦੀ ਅਸਲ ਸਫ਼ਲਤਾ ਉਸ ਦੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਵਿੱਚ ਨਜ਼ਰ ਆਉਂਦੀ ਹੈ।ਉਨ੍ਹਾਂ ਸਫ਼ਲ ਵਿਦਿਆਰਥਣਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸੰਸਥਾ ਵੱਲੋਂ ਅਕਾਦਮਿਕ ਸਿੱਖਿਆ ਦੇ ਨਾਲ ਵਿਦਿਆਰਥੀਆਂ ਦੇ ਆਤਮ-ਵਿਸ਼ਵਾਸ, ਨੈਤਿਕ ਕਦਰਾਂ-ਕੀਮਤਾਂ ਤੇ ਸਰਵਪੱਖੀ ਵਿਕਾਸ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਇਸ ਮੌਕੇ ਕਾਲਜ ਸਟਾਫ ਵੱਲੋਂ ਵੀ ਸਫ਼ਲ ਵਿਦਿਆਰਥਣਾਂ ਦੀ ਹੌਸਲਾ-ਅਫ਼ਜ਼ਾਈ ਕੀਤੀ ਗਈ। ਅਸਿਸਟੈਂਟ ਪ੍ਰੋਫੈਸਰ ਬਲਜੀਤ ਪਾਲ ਸਿੰਘ, ਅਰਵਿੰਦਰ ਸਿੰਗਲਾ, ਗੁਰਦੀਪ ਸਿੰਘ, ਜਸਪਾਲ ਕੌਰ, ਰਕਸ਼ਾ ਰਾਣੀ, ਸਿੰਬਲਪਾਲ, ਰੇਖਾ ਰਾਣੀ, ਸ਼ਵਿਤੀ ਬਾਂਸਲ, ਹਰਪ੍ਰੀਤ ਕੌਰ ਤੇ ਆਸ਼ੂ ਸਿੰਗਲਾ ਸਮੇਤ ਸਮੂਹ ਸਟਾਫ ਨੇ ਵਿਦਿਆਰਥਣਾਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

---

ਰਜਿਸਟਰੀ ਨੰ. ਡੀ.ਐਲ.-33004/99 REGD. No. D. L.-33004/99

# ਭਾਰਤ ਦਾ ਰਾਜਪੱਤਰ
# The Gazette of India

ਸੀ.ਜੀ.-ਡੀ.ਐਲ.-ਅ.-07092026-276040
CG-DL-E-07092026-276040
ਅਸਾਧਾਰਨ
EXTRAORDINARY
ਭਾਗ II-ਸੈਕਸ਼ਨ 3-ਉਪ-ਸੈਕਸ਼ਨ (ii)
PART II-Section 3-Sub-section (ii)
ਪ੍ਰਾਧਿਕਾਰ ਤੋਂ ਪ੍ਰਕਾਸ਼ਿਤ
PUBLISHED BY AUTHORITY

ਨੰ. 4705] ਨਵੀਂ ਦਿੱਲੀ, ਵੀਰਵਾਰ, ਸਤੰਬਰ 3, 2026/ਭਾਦਰ 12, 1948
No. 4705] NEW DELHI, THURSDAY, SEPTEMBER 3, 2026/BHADRA 12, 1948

ਰੇਲ ਮੰਤਰਾਲਾ
[(ਉਤਰ ਰੇਲਵੇ (ਉਸਾਰੀ ਸੰਗਠਨ)]
ਅਧਿਸੂਚਨਾ
ਨਵੀਂ ਦਿੱਲੀ, 3 ਸਤੰਬਰ, 2026

**ਕਾ.ਆ. 4893 (ਅ).**-ਰੇਲਵੇ ਅਧਿਨਿਯਮ-1989 (2008 ਵਿਚ ਸੰਸ਼ੋਧਿਤ) ਦੀ ਧਾਰਾ 2 ਦੇ ਉਪਖੰਡ (7-ਏ) ਦੁਆਰਾ ਪ੍ਰਦਤ ਸ਼ਕਤੀਆਂ ਦਾ ਪ੍ਰਯੋਗ ਕਰਦੇ ਹੋਏ, ਕੇਂਦਰੀ ਸਰਕਾਰ ਇਸ ਦੁਆਰਾ ਸਰਕਾਰੀ ਰਾਜਪੱਤਰ ਵਿਚ ਅਧਿਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ ਪ੍ਰਭਾਵੀ ਹੇਠਾਂ ਤਾਲਿਕਾ ਦੇ ਕਾਲਮ (2) ਵਿਚ ਵਰਣਿਤ ਅਧਿਕਾਰੀ ਨੂੰ ਪ੍ਰਾਧਿਕ੍ਰਤ ਕਰਦੀ ਹੈ ਕਿ ਇਹ ਤਾਲਿਕਾ ਦੇ ਕਾਲਮ (5) ਵਿਚ ਵਰਣਿਤ ਰੇਲਵੇ ਪ੍ਰੋਜੈਕਟਾਂ ਦੇ ਕੰਮ ਨਿਪਟਾਰੇ, ਅਨੁਪਾਲਨ, ਪ੍ਰਬੰਧਨ ਅਤੇ ਪਰਿਚਾਲਨ ਲਈ ਕਾਲਮ (3) ਵਿਚ ਵਰਣਿਤ ਜਨਪਤ ਅਤੇ ਕਾਲਮ (4) ਵਿਚ ਵਰਣਿਤ ਰਾਜ ਵਿਚ ''ਸਮਰਥ ਪ੍ਰਾਧਿਕਾਰੀ' ਦੇ ਰੂਪ ਵਿਚ ਕੰਮ ਨਿਸ਼ਪਾਦਿਤ ਕਰਨ।

ਤਾਲਿਕਾ

| ਲੜੀਵਾਰ | ਸਮਰਥ ਪ੍ਰਾਧਿਕਾਰੀ | ਜਨਪਦ | ਰਾਜ | ਰੇਲਵੇ ਪਰਿਯੋਜਨਾ ਦਾ ਨਾਮ |
|---|---|---|---|---|
| 1 | 2 | 3 | 4 | 5 |
| 1 | ਸਹਾਇਕ ਕਮਿਸ਼ਨਰ ਰਾਜਸਵ, ਕਠੂਆ | ਕਠੂਆ | ਜੰਮੂ ਅਤੇ ਕਸ਼ਮੀਰ | ਉਤਰ ਰੇਲਵੇ ਦੇ ਫਿਰੋਜਪੁਰ ਮੰਡਲ ਅਤੇ ਜੰਮੂ ਮੰਡਲ ਵਿਚ ਜਾਲੰਧਰ ਕੈਂਟ-ਜੰਮੂ ਤਵੀ ਦੇ ਵਿਚਕਾਰ 210.750 ਕਿ.ਮੀ. ਲੰਬੀ ਤੀਜੀ ਰੇਲਵੇ ਲਾਈਨ ਦੀ ਉਸਾਰੀ ਪੰਜਾਬ ਰਾਜ ਦੇ ਜਾਲੰਧਰ ਹੁਸ਼ਿਆਰਪੁਰ, ਅਤੇ ਪਠਾਨਕੋਟ ਜਿਲਿਆਂ, ਜੰਮੂ-ਕਸ਼ਮੀਰ ਰਾਜ ਦੇ ਕਠੂਆ, ਸਾਂਬਾ ਅਤੇ ਜੰਮੂ ਜਿਲਿਆਂ ਅਤੇ ਹਿਮਾਚਲ ਪ੍ਰਦੇਸ਼ ਰਾਜ ਦੇ ਕਾਂਗੜਾ ਜਿਲੇ ਵਿਚ ਜਮੀਨ ਅਧਿਗ੍ਰਹਿਨ ਲਈ। |
| 2 | ਸਹਾਇਕ ਕਮਿਸ਼ਨਰ ਰਾਜਸਵ, ਸਾਂਬਾ | ਸਾਂਬਾ | | |
| 3 | ਸਹਾਇਕ ਕਮਿਸ਼ਨਰ ਰਾਜਸਵ, ਜੰਮੂ | ਜੰਮੂ | | |

**ਕਾ.ਆ. 4894 (ਅ).**-ਰੇਲਵੇ ਅਧਿਨਿਯਮ-1989 (2008 ਵਿਚ ਸੰਸ਼ੋਧਿਤ) ਦੀ ਧਾਰਾ 20-ਐਫ ਦੇ ਉਪਖੰਡ (6) ਦੁਆਰਾ ਪ੍ਰਦਤ ਸ਼ਕਤੀਆਂ ਦਾ ਪ੍ਰਯੋਗ ਕਰਦੇ ਹੋਏ, ਕੇਂਦਰੀ ਸਰਕਾਰ ਇਸ ਦੁਆਰਾ ਸਰਕਾਰੀ ਰਾਜਪੱਤਰ ਵਿਚ ਅਧਿਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ ਪ੍ਰਭਾਵੀ ਹੇਠਾਂ ਤਾਲਿਕਾ ਦੇ ਕਾਲਮ (2) ਵਿਚ ਵਰਣਿਤ ਅਧਿਕਾਰੀ ਨੂੰ ਪ੍ਰਾਧਿਕ੍ਰਤ ਕਰਦੀ ਹੈ ਕਿ ਇਹ ਤਾਲਿਕਾ ਦੇ ਕਾਲਮ (5) ਵਿਚ ਵਰਣਿਤ ਰੇਲਵੇ ਪ੍ਰੋਜੈਕਟਾਂ ਦੇ ਕੰਮ ਨਿਪਟਾਰੇ, ਅਨੁਪਾਲਨ, ਪ੍ਰਬੰਧਨ ਅਤੇ ਪਰਿਚਾਲਨ ਲਈ ਕਾਲਮ (3) ਵਿਚ ਵਰਣਿਤ ਜਨਪਤ ਅਤੇ ਕਾਲਮ (4) ਵਿਚ ਵਰਣਿਤ ਰਾਜ ਵਿਚ ''ਸਮਰਥ ਪ੍ਰਾਧਿਕਾਰੀ' ਦੇ ਰੂਪ ਵਿਚ ਕੰਮ ਨਿਸ਼ਪਾਦਿਤ ਕਰਨ।

ਤਾਲਿਕਾ

| ਲੜੀਵਾਰ | ਆਬ੍ਰੀਟ੍ਰੇਟਰ | ਜਨਪਦ | ਰਾਜ | ਰੇਲਵੇ ਪਰਿਯੋਜਨਾ ਦਾ ਨਾਮ |
|---|---|---|---|---|
| 1 | 2 | 3 | 4 | 5 |
| 1 | ਕਮਿਸ਼ਨਰ ਕਠੂਆ | ਕਠੂਆ | ਜੰਮੂ ਅਤੇ ਕਸ਼ਮੀਰ | ਉਤਰ ਰੇਲਵੇ ਦੇ ਫਿਰੋਜਪੁਰ ਮੰਡਲ ਅਤੇ ਜੰਮੂ ਮੰਡਲ ਵਿਚ ਜਾਲੰਧਰ ਕੈਂਟ-ਜੰਮੂ ਤਵੀ ਦੇ ਵਿਚਕਾਰ 210.750 ਕਿ.ਮੀ. ਲੰਬੀ ਤੀਜੀ ਰੇਲਵੇ ਲਾਈਨ ਦੀ ਉਸਾਰੀ ਪੰਜਾਬ ਰਾਜ ਦੇ ਜਾਲੰਧਰ ਹੁਸ਼ਿਆਰਪੁਰ, ਅਤੇ ਪਠਾਨਕੋਟ ਜਿਲਿਆਂ, ਜੰਮੂ-ਕਸ਼ਮੀਰ ਰਾਜ ਦੇ ਕਠੂਆ, ਸਾਂਬਾ ਅਤੇ ਜੰਮੂ ਜਿਲਿਆਂ ਅਤੇ ਹਿਮਾਚਲ ਪ੍ਰਦੇਸ਼ ਰਾਜ ਦੇ ਕਾਂਗੜਾ ਜਿਲੇ ਵਿਚ ਜਮੀਨ ਅਧਿਗ੍ਰਹਿਨ ਲਈ। |
| 2 | ਕਮਿਸ਼ਨਰ ਸਾਂਬਾ | ਸਾਂਬਾ | | |
| 3 | ਕਮਿਸ਼ਨਰ ਜੰਮੂ | | | |

[ ਫਾ.ਨੰ.190-W/Land/JUC/3rd Line JUC-JAT]
3227/2026 ਸ਼ੈਲੇਸ਼ ਕੁਮਾਰ ਮਿਸ਼ਰਾ, ਮੁੱਖ ਪ੍ਰਸ਼ਾਸਨਿਕ ਅਧਿਕਾਰੀ/ਉਸਾਰੀ

---

ਰਜਿਸਟਰੀ ਨੰ. ਡੀ.ਐਲ.-33004/99 REGD.NO. D.L.-33004/99

# ਭਾਰਤ ਦਾ ਰਾਜਪੱਤਰ
# The Gazette of India

ਸੀ.ਜੀ.-ਡੀ.ਐਲ.-ਅ.- 07092026-276037
CG-DL-E-07092026-276037
ਅਸਾਧਾਰਨ
EXTRAORDINARY
ਭਾਗ II-ਸੈਕਸ਼ਨ 3-ਉਪ-ਸੈਕਸ਼ਨ (ii)
PART II-Section 3-Sub-section (ii)
ਪ੍ਰਾਧਿਕਾਰ ਤੋਂ ਪ੍ਰਕਾਸ਼ਿਤ
PUBLISHED BY AUTHORITY

ਨੰ.4703] ਨਵੀਂ ਦਿੱਲੀ, ਵੀਰਵਾਰ, ਸਤੰਬਰ 3, 2026/ਭਾਦਰ 12, 1948 12, 1948
No. 4703] NEW DELHI, THURSDAY, SEPTEMBER 3, 2026/BHADRA 12, 1948

ਰੇਲ ਮੰਤਰਾਲਾ
[(ਉਤਰ ਰੇਲਵੇ (ਉਸਾਰੀ ਸੰਗਠਨ)]
ਅਧਿਸੂਚਨਾ
ਨਵੀਂ ਦਿੱਲੀ, 3 ਸਤੰਬਰ, 2026

**ਕਾ.ਆ. 4890 (ਅ).**-ਰੇਲਵੇ ਅਧਿਨਿਯਮ-1989 (2008 ਵਿਚ ਸੰਸ਼ੋਧਿਤ) ਦੀ ਧਾਰਾ 2 ਦੇ ਉਪਖੰਡ (7-ਏ) ਦੁਆਰਾ ਪ੍ਰਦਤ ਸ਼ਕਤੀਆਂ ਦਾ ਪ੍ਰਯੋਗ ਕਰਦੇ ਹੋਏ, ਕੇਂਦਰੀ ਸਰਕਾਰ ਇਸ ਦੁਆਰਾ ਸਰਕਾਰੀ ਰਾਜਪੱਤਰ ਵਿਚ ਅਧਿਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ ਪ੍ਰਭਾਵੀ ਹੇਠਾਂ ਤਾਲਿਕਾ ਦੇ ਕਾਲਮ (2) ਵਿਚ ਵਰਣਿਤ ਅਧਿਕਾਰੀ ਨੂੰ ਪ੍ਰਾਧਿਕ੍ਰਤ ਕਰਦੀ ਹੈ ਕਿ ਇਹ ਤਾਲਿਕਾ ਦੇ ਕਾਲਮ (5) ਵਿਚ ਵਰਣਿਤ ਰੇਲਵੇ ਪ੍ਰੋਜੈਕਟਾਂ ਦੇ ਕੰਮ ਨਿਪਟਾਰੇ, ਅਨੁਪਾਲਨ, ਪ੍ਰਬੰਧਨ ਅਤੇ ਪਰਿਚਾਲਨ ਲਈ ਕਾਲਮ (3) ਵਿਚ ਵਰਣਿਤ ਜਨਪਤ ਅਤੇ ਕਾਲਮ (4) ਵਿਚ ਵਰਣਿਤ ਰਾਜ ਵਿਚ ''ਸਮਰਥ ਪ੍ਰਾਧਿਕਾਰੀ' ਦੇ ਰੂਪ ਵਿਚ ਕੰਮ ਨਿਸ਼ਪਾਦਿਤ ਕਰਨ।

ਤਾਲਿਕਾ

| ਲੜੀਵਾਰ | ਸਮਰਥ ਪ੍ਰਾਧਿਕਾਰੀ | ਜਨਪਦ | ਰਾਜ | ਰੇਲਵੇ ਪਰਿਯੋਜਨਾ ਦਾ ਨਾਮ |
|---|---|---|---|---|
| 1 | 2 | 3 | 4 | 5 |
| 1 | ਉਪ ਮੰਡਲ ਮਜਿਸਟ੍ਰੇਟ, ਗੁਰਦਾਸਪੁਰ | ਗੁਰਦਾਸਪੁਰ | ਪੰਜਾਬ | ''ਉਤਰ ਰੇਲਵੇ ਦੇ ਫਿਰੋਜਪੁਰ ਮੰਡਲ ਵਿਚ ਕਾਦਿਯਾਂ ਤੋਂ ਬਿਆਸ ਤਕ ਨਵੀਂ (ਵੱਡੀ ਲਾਈਨ) ਰੇਲਵੇ ਲਾਈਨ (39.68 ਕਿ.ਮੀ.) ਦਾ ਨਿਰਮਾਣ'' ਪੰਜਾਬ ਰਾਜ ਦੇ ਗੁਰਦਾਸਪੁਰ ਅਤੇ ਅੰਮ੍ਰਿਤਸਰ ਜਿਲਿਆਂ ਵਿਚ ਜਮੀਨ ਅਧਿਗ੍ਰਹਨ ਲਈ। |
| 2 | ਉਪ ਮੰਡਲ ਮਜਿਸਟ੍ਰੇਟ, ਬਟਾਲਾ | | | |
| 3 | ਉਪ ਮੰਡਲ ਮਜਿਸਟ੍ਰੇਟ, ਬਾਬਾ ਬਕਾਲਾ | ਅੰਮ੍ਰਿਤਸਰ | | |

[ ਫਾ.ਨੰ. 190-W/Land/JUC/QDN-BEAS]
ਸ਼ੈਲੇਸ਼ ਕੁਮਾਰ ਮਿਸ਼ਰਾ, ਮੁੱਖ ਪ੍ਰਸ਼ਾਸਨਿਕ ਅਧਿਕਾਰੀ/ਉਸਾਰੀ

ਅਧਿਸੂਚਨਾ
ਨਵੀਂ ਦਿੱਲੀ, 3 ਸਤੰਬਰ, 2026

**ਕਾ.ਆ. 4891 (ਅ).**-ਰੇਲਵੇ ਅਧਿਨਿਯਮ-1989 (2008 ਵਿਚ ਸੰਸ਼ੋਧਿਤ) ਦੀ ਧਾਰਾ 20-ਐਫ ਦੇ ਉਪਖੰਡ (6) ਦੁਆਰਾ ਪ੍ਰਦਤ ਸ਼ਕਤੀਆਂ ਦਾ ਪ੍ਰਯੋਗ ਕਰਦੇ ਹੋਏ, ਕੇਂਦਰੀ ਸਰਕਾਰ ਇਸ ਦੁਆਰਾ ਸਰਕਾਰੀ ਰਾਜਪੱਤਰ ਵਿਚ ਅਧਿਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ ਪ੍ਰਭਾਵੀ ਹੇਠਾਂ ਤਾਲਿਕਾ ਦੇ ਕਾਲਮ (2) ਵਿਚ ਵਰਣਿਤ ਅਧਿਕਾਰੀ ਨੂੰ ਪ੍ਰਾਧਿਕ੍ਰਤ ਕਰਦੀ ਹੈ ਕਿ ਇਹ ਤਾਲਿਕਾ ਦੇ ਕਾਲਮ (5) ਵਿਚ ਵਰਣਿਤ ਰੇਲਵੇ ਪ੍ਰੋਜੈਕਟਾਂ ਦੇ ਕੰਮ ਨਿਪਟਾਰੇ, ਅਨੁਪਾਲਨ, ਪ੍ਰਬੰਧਨ ਅਤੇ ਪਰਿਚਾਲਨ ਲਈ ਕਾਲਮ (3) ਵਿਚ ਵਰਣਿਤ ਜਨਪਤ ਅਤੇ ਕਾਲਮ (4) ਵਿਚ ਵਰਣਿਤ ਰਾਜ ਵਿਚ ''ਆਬ੍ਰੀਟ੍ਰੇਟਰ' ਦੇ ਰੂਪ ਵਿਚ ਕੰਮ ਨਿਸ਼ਪਾਦਿਤ ਕਰਨ।

| ਲੜੀਵਾਰ | ਆਰਬੀਟ੍ਰੇਟਰ | ਜਨਪਦ | ਰਾਜ | ਰੇਲਵੇ ਪਰਿਯੋਜਨਾ ਦਾ ਨਾਮ |
|---|---|---|---|---|
| 1 | 2 | 3 | 4 | 5 |
| 1 | ਕਮਿਸ਼ਨਰ, ਗੁਰਦਾਸਪੁਰ | ਗੁਰਦਾਸਪੁਰ | ਪੰਜਾਬ | ''ਉਤਰ ਰੇਲਵੇ ਦੇ ਫਿਰੋਜਪੁਰ ਮੰਡਲ ਵਿਚ ਕਾਦਿਯਾਂ ਤੋਂ ਬਿਆਸ ਤਕ ਨਵੀਂ (ਵੱਡੀ ਲਾਈਨ) ਰੇਲਵੇ ਲਾਈਨ (39.68 ਕਿ.ਮੀ.) ਦਾ ਨਿਰਮਾਣ'' ਪੰਜਾਬ ਰਾਜ ਦੇ ਗੁਰਦਾਸਪੁਰ ਅਤੇ ਅੰਮ੍ਰਿਤਸਰ ਜਿਲਿਆਂ ਵਿਚ ਜਮੀਨ ਅਧਿਗ੍ਰਹਨ ਲਈ। |
| 2 | ਕਮਿਸ਼ਨਰ, ਅੰਮ੍ਰਿਤਸਰ | ਅੰਮ੍ਰਿਤਸਰ | | |

[ ਫਾ.ਨੰ. 190-W/Land/JUC/QDN-BEAS]
3228/2026 ਸ਼ੈਲੇਸ਼ ਕੁਮਾਰ ਮਿਸ਼ਰਾ, ਮੁੱਖ ਪ੍ਰਸ਼ਾਸਨਿਕ ਅਧਿਕਾਰੀ/ਉਸਾਰੀ

---

AXIS BANK LTD. ਰਿਟੇਲ ਐੱਸਟ ਸੈਂਟਰ : ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ: 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001

ਕਾਰਪੋਰੇਟ ਦਫਤਰ : ''ਐਕਸਿਸ ਹਾਊਸ'' ਸੀ-2, ਵਾਡੀਆ ਇੰਟਰਨੈਸ਼ਨਲ ਸੈਂਟਰ, ਪਾਂਡੂਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025, ਰਜਿਸਟਰਡ ਦਫਤਰ : ''ਤ੍ਰਿਸ਼ੂਲ'' ਤੀਸਰੀ ਮੰਜ਼ਲ ਸਾਹਮਣੇ ਸਮਰਥੇਸ਼ਵਰ ਮੰਦਰ ਲਾਅ ਗਾਰਡਨ, ਐਲਿਸਬਰਿਜ, ਅਹਿਮਦਾਬਾਦ-380006

**ਅਚੱਲ ਜਾਇਦਾਦ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ**

ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਐੱਸਟਸ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ

ਆਮ ਜਨਤਾ ਅਤੇ ਖਾਸ ਕਰ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜਡ ਹੈ, ਜਿਸ ਦਾ ਭੌਤਿਕ ਕਬਜ਼ਾ ਐਕਸਿਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਸਕਿਉਰਡ ਕ੍ਰੈਡਿਟਰ ਵੱਲੋਂ ਪ੍ਰਾਪਤ ਕਰ ਲਿਆ ਗਿਆ ਹੈ, ਦੀ ਵਿਕਰੀ 1) ਲੱਖਾ ਸਿੰਘ ਪੁੱਤਰ ਜੋਗਿੰਦਰ ਸਿੰਘ 2) ਸ੍ਰੀ ਸਿਕੰਦਰ ਸਿੰਘ ਪੁੱਤਰ ਸ੍ਰੀ ਲੱਖਾ ਸਿੰਘ ਤੋਂ ਸਕਿਉਰਡ ਕ੍ਰੈਡਿਟਰ ਦੀ 14 ਫਰਵਰੀ, 2025 ਨੂੰ ਬਕਾਇਆ ਰਕਮ ਰੁਪਏ 24,70,087 (ਚੌਵੀ ਲੱਖ ਸੱਤਰ ਹਜ਼ਾਰ ਸਤਾਸੀ ਰੁਪਏ ਕੇਵਲ) ਸਮੇਤ ਅਸਲ ਬਕਾਇਆ ਰਕਮ ਦੀ ਮਿਤੀ ਤੱਕ ਹੋਰ ਵਿਆਜ ਅਤੇ ਅਣਲਾਗੂ ਯੋਗ ਵਿਆਜ ਦੀ ਵਸੂਲੀ ਲਈ ''ਜਿਵੇਂ ਹੈ ਜਿੱਥੇ ਹੈ'', ''ਜਿਵੇਂ ਹੈ ਜੋ ਹੈ'' ਅਤੇ ''ਉੱਥੇ ਜੋ ਵੀ ਹੈ'' ਦੇ ਅਧਾਰ 'ਤੇ 5 ਅਕਤੂਬਰ, 2026 ਨੂੰ ਕੀਤੀ ਜਾਵੇਗੀ। ਜ਼ਰੂਰੀ ਵੇਰਵਿਆਂ ਲਈ ਕਿਰਪਾ ਕਰਕੇ ਨਿਲਾਮੀ ਸਾਰਣੀ ਦਾ ਹਵਾਲਾ ਲਿਆ ਜਾਵੇ।

| | |
|---|---|
| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 23,23, 484/- (ਤੇਈ ਲੱਖ ਤੇਈ ਹਜ਼ਾਰ ਚਾਰ ਸੌ ਚੌਰਾਸੀ ਰੁਪਏ ਕੇਵਲ) |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁਪਏ 2,32, 348/- (ਦੋ ਲੱਖ ਬੱਤੀ ਹਜ਼ਾਰ ਤਿੰਨ ਸੌ ਅਠਤਾਲੀ ਰੁਪਏ ਕੇਵਲ) ਡੀ ਡੀ/ਪੀ ਓ ਰਾਹੀਂ 'ਐਕਸਿਸ ਬੈਂਕ ਲਿਮਟਿਡ' ਦੇ ਪੱਖ 'ਚ |
| ਬੋਲੀ ਵਾਧਾ ਰਕਮ | 10,000/- (ਦਸ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | ਐਕਸਿਸ ਬੈਂਕ ਲਿਮਟਿਡ, ਰਿਟੇਲ ਐੱਸਟ ਸੈਂਟਰ ਦੂਜੀ ਅਤੇ ਤੀਜੀ ਮੰਜ਼ਲ ਜਾਇਦਾਦ ਨੰ. 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001 ਵਿਖੇ 3 ਅਕਤੂਬਰ, 2026 ਨੂੰ ਸ਼ਾਮ 5.00 ਵਜੇ ਤੱਕ। |
| ਜਨਤਕ ਈ-ਨਿਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://bidDeal.in 'ਤੇ 5 ਅਕਤੂਬਰ, 2026 ਨੂੰ ਸਵੇਰੇ 11.00 ਵਜੇ ਅਤੇ ਦੁਪਹਿਰ 12.00 ਵਜੇ ਦਰਮਿਆਨ, ਹਰੇਕ 5 ਮਿੰਟਾਂ ਦੇ ਅਸੀਮਤ ਵਾਧਿਆਂ ਨਾਲ। ਈ-ਨਿਲਾਮੀ ਬੋਲੀ ਫਾਰਮ, ਘੋਸ਼ਣਾ ਆਦਿ ਰੱਖਦੇ ਈ-ਨਿਲਾਮੀ ਟੈਂਡਰ ਦਸਤਾਵੇਜ਼ ਉਪਰੋਕਤ ਦਰਸਾਏ ਸਰਵਿਸ ਪ੍ਰੋਵਾਈਡਰ ਦੀ ਵੈੱਬਸਾਈਟ 'ਤੇ ਉਪਲੱਬਧ ਹਨ। |

ਸਾਰਣੀ-ਜਾਇਦਾਦ ਦਾ ਵੇਰਵਾ: ਰਿਹਾਇਸ਼ੀ ਜਾਇਦਾਦ ਮਕਾਨ ਜੋ ਕਿ ਪਲਾਟ ਪ੍ਰਾਈਵੇਟ ਨੰ: 12 'ਤੇ ਬਣਿਆ ਨਾਲ ਸੰਬੰਧਤ ਸਭ ਕੁਝ ਰਕਬਾ 81 ਵਰਗ ਗਜ਼, ਖਸਰਾ ਨੰ: 11//14/2, 11//25, 11//16, 11/26, 29//2/3, 11//23/1, 11//14/1, 11//15 ਮਿਨ, ਖੱਤਾ ਖਤੌਨੀ ਨੰ: 113/218 ਤੋਂ 220/1, 752/1078, ਜਮ੍ਹਾਂਬੰਦੀ ਸਾਲ 2018-2019, ਪਿੰਡ ਕਾਲਾ ਘਨੂੰਪੁਰ ਵਿਖੇ ਸਥਿਤ, ਸਬ-ਅਰਬਨ ਨਵੀਂ ਅਬਾਦੀ ਘਨੂੰਪੁਰ (ਸੰਨੀ ਇਨਕਲੇਵ), ਤਹਿਸੀਲ ਅੰਮ੍ਰਿਤਸਰ-2, ਜ਼ਿਲ੍ਹਾ ਅੰਮ੍ਰਿਤਸਰ, ਸ੍ਰੀ ਲੱਖਾ ਸਿੰਘ ਪੁੱਤਰ ਜੋਗਿੰਦਰ ਸਿੰਘ ਦੇ ਨਾਂਅ ਰਜਿਸਟਰਡ ਬੈਨਾਮਾ ਦਸਤਾਵੇਜ਼ ਨੰ: 2022-23/93/1/6690 ਮਿਤੀ 28 ਅਕਤੂਬਰ, 2022 ਅਨੁਸਾਰ। ਹੱਦਾ: (ਬੈਨਾਮੇ ਅਨੁਸਾਰ) ਪੂਰਬ: ਹੋਰ ਮਾਲਕ, ਪੱਛਮ: ਗਲੀ 24' ਚੌੜੀ, ਉੱਤਰ: ਪਲਾਟ ਨੰ: 12-ਏ, ਦੱਖਣ: ਪਲਾਟ ਨੰ: 11

ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕ੍ਰਿਪਾ ਕਰਕੇ ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ https://www.axisbank.com/auction-retail ਦਾ ਹਵਾਲਾ ਲਿਆ ਜਾਵੇ। ਨਿਲਾਮੀ ਬੈਂਕ ਦੇ ਅਧਿਕਾਰਤ ਸਰਵਿਸ ਪ੍ਰੋਵਾਈਡਰ ਵੈਲਯੂ ਟਰੱਸਟ ਕੈਪੀਟਲ ਸਰਵਿਸਿਜ਼ ਸਹਿਯੋਗੀ ਬੈਂਕ ਅਤੇ ਇਸ ਦੇ ਬੋਲੀਕਾਰ ਰਾਹੀਂ ਆਨਲਾਈਨ ਨਿਲਾਮੀ ਪ੍ਰਕਿਰਿਆ ਰਾਹੀਂ ਕੀਤੀ ਜਾਵੇਗੀ। ਹੋਰ ਸਹਾਇਤਾ ਲਈ ਚਾਹਵਾਨ ਬੋਲੀਕਾਰ ਸ੍ਰੀ ਸੁਮਿਤ ਕੁਮਾਰ (ਮੋਬਾਇਲ ਨੰ. 9876988348) ਬੈਂਕ ਦੇ ਵਿਕਰੀ ਮੈਨੇਜਰ ਨਾਲ ਦਫਤਰੀ ਸਮੇਂ ਸਵੇਰੇ 10.00 ਵਜੇ ਤੋਂ ਸ਼ਾਮ ਦੇ 5.00 ਵਜੇ ਤੱਕ ਸੰਪਰਕ ਕਰ ਸਕਦੇ ਹਨ। ਇਸ ਨੋਟਿਸ ਨੂੰ ਕਰਜ਼ਦਾਰਾਂ ਲਈ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲ, 2002 ਦੇ ਰੂਲ 8 (6) ਤਹਿਤ 15 ਦਿਨਾਂ ਦਾ ਨੋਟਿਸ ਮੰਨਿਆ ਜਾਵੇ।

ਮਿਤੀ : 18 ਸਤੰਬਰ, 2026, ਸਥਾਨ : ਅੰਮ੍ਰਿਤਸਰ ਸਹੀ/- (ਅਧਿਕਾਰਤ ਅਫਸਰ), ਐਕਸਿਸ ਬੈਂਕ ਲਿਮਟਿਡ

---

AXIS BANK LTD. ਰਿਟੇਲ ਐੱਸਟ ਸੈਂਟਰ : ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ: 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001

ਕਾਰਪੋਰੇਟ ਦਫਤਰ : ''ਐਕਸਿਸ ਹਾਊਸ'' ਸੀ-2, ਵਾਡੀਆ ਇੰਟਰਨੈਸ਼ਨਲ ਸੈਂਟਰ, ਪਾਂਡੂਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025, ਰਜਿਸਟਰਡ ਦਫਤਰ : ''ਤ੍ਰਿਸ਼ੂਲ'' ਤੀਸਰੀ ਮੰਜ਼ਲ ਸਾਹਮਣੇ ਸਮਰਥੇਸ਼ਵਰ ਮੰਦਰ ਲਾਅ ਗਾਰਡਨ, ਐਲਿਸਬਰਿਜ, ਅਹਿਮਦਾਬਾਦ-380006

**ਅਚੱਲ ਜਾਇਦਾਦ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ**

ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਐੱਸਟਸ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ

ਆਮ ਜਨਤਾ ਅਤੇ ਖਾਸ ਕਰ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜਡ ਹੈ, ਜਿਸ ਦਾ ਭੌਤਿਕ ਕਬਜ਼ਾ ਐਕਸਿਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਸਕਿਉਰਡ ਕ੍ਰੈਡਿਟਰ ਵੱਲੋਂ ਪ੍ਰਾਪਤ ਕਰ ਲਿਆ ਗਿਆ ਹੈ, ਦੀ ਵਿਕਰੀ 1) ਮੈਸ. ਵਿਜੇ ਕੇ. ਜੈਰਥ ਰਾਹੀਂ ਇਸ ਦੇ ਇਕਮਾਤਰ ਮਾਲਕ ਸ੍ਰੀਮਤੀ ਰਾਧਾ ਰਾਣੀ ਪਤਨੀ ਸਵ: ਸ੍ਰੀ ਵਿਜੇ ਕੇ. ਜੈਰਥ 2) ਸ੍ਰੀਮਤੀ ਰਾਧਾ ਰਾਣੀ ਪਤਨੀ ਸਵ: ਸ੍ਰੀ ਵਿਜੇ ਕੇ. ਜੈਰਥ, 3) ਸ੍ਰੀ ਵਰਿੰਦਰ ਜੈਰਥ ਪੁੱਤਰ ਸਵ: ਸ੍ਰੀ ਵਿਜੇ ਕੇ. ਜੈਰਥ 4) ਸ੍ਰੀ ਨਰਿੰਦਰ ਜੈਰਥ ਪੁੱਤਰ ਸਵ: ਸ੍ਰੀ ਵਿਜੇ ਕੇ. ਜੈਰਥ 5) ਸ੍ਰੀ ਰਾਜਿੰਦਰ ਜੈਰਥ ਪੁੱਤਰ ਸਵ: ਸ੍ਰੀ ਵਿਜੇ ਕੇ. ਜੈਰਥ ਸਕਿਉਰਡ ਕ੍ਰੈਡਿਟਰ ਦੀ 12 ਫਰਵਰੀ, 20 ਨੂੰ ਬਕਾਇਆ ਰਕਮ ਰੁਪਏ 5,22, 24,776/- (ਪੰਜ ਕਰੋੜ ਬਾਈ ਲੱਖ ਚੌਵੀ ਹਜ਼ਾਰ ਸੱਤ ਸੌ ਛਿਹੱਤਰ ਰੁਪਏ ਕੇਵਲ) ਸਮੇਤ ਭਵਿੱਖੀ ਵਿਆਜ ਅਤੇ ਲਾਗਤਾਂ ਦੀ ਵਸੂਲੀ ਲਈ ''ਜਿਵੇਂ ਹੈ ਜਿੱਥੇ ਹੈ'', ''ਜਿਵੇਂ ਹੈ ਜੋ ਹੈ'' ਅਤੇ ''ਉੱਥੇ ਜੋ ਵੀ ਹੈ'' ਦੇ ਅਧਾਰ 'ਤੇ 5 ਅਕਤੂਬਰ, 2026 ਨੂੰ ਕੀਤੀ ਜਾਵੇਗੀ। ਜ਼ਰੂਰੀ ਵੇਰਵਿਆਂ ਲਈ ਕਿਰਪਾ ਕਰਕੇ ਨਿਲਾਮੀ ਸਾਰਣੀ ਦਾ ਹਵਾਲਾ ਲਿਆ ਜਾਵੇ।

| ਪਹਿਲੀ ਜਾਇਦਾਦ (ਸਾਰਣੀ 'ਚ ਦਰਸਾਈ ਜਾਇਦਾਦ ਨੰ: 1 ਦਾ ਵੇਰਵਾ) | |
|---|---|
| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 90,00,000/- (ਨੱਬੇ ਲੱਖ ਰੁਪਏ ਕੇਵਲ) |
| ਰਕਮ ਬਿਆਨਾ ਜਮ੍ਹਾਂ ਰੁਪਏ 'ਚ | ਰੁਪਏ 9,00,000/- (ਨੌਂ ਲੱਖ ਰੁਪਏ ਕੇਵਲ) ਡੀ ਡੀ/ਪੀ ਓ ਰਾਹੀਂ 'ਐਕਸਿਸ ਬੈਂਕ ਲਿਮਟਿਡ' ਦੇ ਪੱਖ 'ਚ |
| ਬੋਲੀ ਵਾਧਾ ਰਕਮ | ਰੁਪਏ 50,000 (ਰੁਪਏ ਪੰਜਾਹ ਹਜ਼ਾਰ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | ਐਕਸਿਸ ਬੈਂਕ ਲਿਮਟਿਡ, ਰਿਟੇਲ ਐੱਸਟ ਸੈਂਟਰ ਦੂਜੀ ਅਤੇ ਤੀਜੀ ਮੰਜ਼ਲ ਜਾਇਦਾਦ ਨੰ. 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001 ਵਿਖੇ 3 ਅਕਤੂਬਰ, 2026 ਨੂੰ ਸ਼ਾਮ 5.00 ਵਜੇ ਤੱਕ। |
| ਜਨਤਕ ਈ-ਨਿਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 05 ਅਕਤੂਬਰ, 2026 ਨੂੰ ਸਵੇਰੇ 11.00 ਵਜੇ ਅਤੇ ਦੁਪਹਿਰ 1.00 ਵਜੇ ਦਰਮਿਆਨ, ਹਰੇਕ 5 ਮਿੰਟਾਂ ਦੇ ਅਸੀਮਤ ਵਾਧਿਆਂ ਨਾਲ। ਈ-ਨਿਲਾਮੀ ਬੋਲੀ ਫਾਰਮ, ਘੋਸ਼ਣਾ ਆਦਿ ਰੱਖਦੇ ਈ-ਨਿਲਾਮੀ ਟੈਂਡਰ ਦਸਤਾਵੇਜ਼ ਉਪਰੋਕਤ ਦਰਸਾਏ ਸਰਵਿਸ ਪ੍ਰੋਵਾਈਡਰ ਦੀ ਵੈੱਬਸਾਈਟ 'ਤੇ ਉਪਲਬਧ ਹਨ। |
| **ਦੂਜੀ ਜਾਇਦਾਦ (ਸਾਰਣੀ 'ਚ ਦਰਸਾਈ ਜਾਇਦਾਦ ਨੰ: 2 ਦਾ ਵੇਰਵਾ)** | |
| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 2,85,50,000/- (2 ਕਰੋੜ ਪਚਾਸੀ ਲੱਖ ਪੰਜਾਹ ਹਜ਼ਾਰ ਰੁਪਏ ਕੇਵਲ) |
| ਰਕਮ ਬਿਆਨਾ ਜਮ੍ਹਾਂ ਰੁਪਏ 'ਚ | ਰੁਪਏ 28,55,000/- (ਅਠਾਈ ਲੱਖ ਪਚਵੰਜਾ ਹਜ਼ਾਰ ਰੁਪਏ ਕੇਵਲ) ਡੀ ਡੀ/ਪੀ ਓ ਰਾਹੀਂ 'ਐਕਸਿਸ ਬੈਂਕ ਲਿਮਟਿਡ' ਦੇ ਪੱਖ 'ਚ |
| ਬੋਲੀ ਵਾਧਾ ਰਕਮ | ਰੁਪਏ 50,000 (ਰੁਪਏ ਪੰਜਾਹ ਹਜ਼ਾਰ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | ਐਕਸਿਸ ਬੈਂਕ ਲਿਮਟਿਡ, ਰਿਟੇਲ ਐੱਸਟ ਸੈਂਟਰ ਦੂਜੀ ਅਤੇ ਤੀਜੀ ਮੰਜ਼ਲ ਜਾਇਦਾਦ ਨੰ. 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001 ਵਿਖੇ 3 ਅਕਤੂਬਰ, 2026 ਨੂੰ ਸ਼ਾਮ 5.00 ਵਜੇ ਤੱਕ। |
| ਜਨਤਕ ਈ-ਨਿਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 05 ਅਕਤੂਬਰ, 2026 ਨੂੰ ਸਵੇਰੇ 11.00 ਵਜੇ ਅਤੇ ਦੁਪਹਿਰ 1.00 ਵਜੇ ਦਰਮਿਆਨ, ਹਰੇਕ 5 ਮਿੰਟਾਂ ਦੇ ਅਸੀਮਤ ਵਾਧਿਆਂ ਨਾਲ। ਈ-ਨਿਲਾਮੀ ਬੋਲੀ ਫਾਰਮ, ਘੋਸ਼ਣਾ ਆਦਿ ਰੱਖਦੇ ਈ-ਨਿਲਾਮੀ ਟੈਂਡਰ ਦਸਤਾਵੇਜ਼ ਉਪਰੋਕਤ ਦਰਸਾਏ ਸਰਵਿਸ ਪ੍ਰੋਵਾਈਡਰ ਦੀ ਵੈੱਬਸਾਈਟ 'ਤੇ ਉਪਲਬਧ ਹਨ। |

ਸਾਰਣੀ-ਜਾਇਦਾਦ ਦਾ ਵੇਰਵਾ: ਜਾਇਦਾਦਾ ਨੰ: 1 ਅਚੱਲ ਜਾਇਦਾਦ ਨਾਲ ਸੰਬੰਧਤ ਸਭ ਕੁਝ ਜੋ ਕਿ ਰਕਬਾ 4 ਕਨਾਲ 10 ਮਰਲਾ, ਖੱਤਾ ਨੰ: 57/57, 58/58, 148/149, 278/282 ਵਿਖੇ ਸਥਿਤ ਖਸਰਾ ਨੰ: 28//3/2, 28//4/1, 27//5/3, 28//1, 28//2/2, 28//3/1, 28//4//2, 28//5/1, ਜਮ੍ਹਾਂਬੰਦੀ ਸਾਲ 2007-2008, ਪਿੰਡ ਟਿੱਬਾ ਵਿਖੇ ਸਥਿਤ, ਹੱਦਬਸਤ ਨੰ: 249, ਸਬ-ਤਹਿਸੀਲ ਸਾਹਨੇਵਾਲ, ਤਹਿ. ਤੇ ਜ਼ਿਲ੍ਹਾ ਲੁਧਿਆਣਾ। ਉਕਤ ਜਾਇਦਾਦ ਮੌਜੂਦਾ ਸਮੇਂ ਸ੍ਰੀ ਰਾਜਿੰਦਰ ਜੈਰਥ ਦੀ ਮਾਲਕੀ ਹੇਠ ਹੈ, ਜਿਸ ਦਾ ਤਬਾਦਲਾ ਬੈਨਾਮਾ ਨੰ: 844 ਮਿਤੀ 22 ਮਈ, 2012 ਅਨੁਸਾਰ ਹੈ। ਜਾਇਦਾਦ ਦੀਆਂ ਹੱਦਾਂ ਪੂਰਬ: ਬੈਨਾਮੇ ਅਨੁਸਾਰ, ਉੱਤਰ: ਬੈਨਾਮੇ ਅਨੁਸਾਰ, ਪੱਛਮ, ਬੈਨਾਮੇ ਅਨੁਸਾਰ, ਦੱਖਣ: ਬੈਨਾਮੇ ਅਨੁਸਾਰ। ਜਾਇਦਾਦ ਨੰ: 2: ਇੰਡਸਟ੍ਰੀਅਲ ਜਾਇਦਾਦ ਨਾਲ ਸੰਬੰਧਤ ਸਭ ਕੁਝ, ਜੋ ਕਿ ਫੈਕਟਰੀ ਜ਼ਮੀਨ ਅਤੇ ਇਮਾਰਤ ਰਕਬਾ 610.50 ਵਰਗ ਗਜ਼, ਪਲਾਟ ਨੰ: 4 'ਚ ਸਥਿਤ, ਐਮ ਸੀ ਨੰ: ਬੀ-XXX-2643/1 , ਬਾਬਾ ਗੱਜਾ ਜੈਨ ਕਲੋਨੀ ਨੇੜੇ ਸੇਠੀ ਸਵੀਟ ਸ਼ਾਪ, ਮੋਤੀ ਨਗਰ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਮੈਸ. ਵਿਜੇ ਕੇ. ਜੈਰਥ ਐਂਡ ਕੰਪਨੀ ਦੇ ਨਾਂਅ। ਉਕਤ ਜਾਇਦਾਦ ਦੀਆਂ ਹੱਦਾਂ ਹਨ: ਉੱਤਰ: ਪਲਾਟ ਨੰ: 22/14/1, ਦੱਖਣ: ਪਲਾਟ ਨੰ: 22/14/4, ਪੂਰਬ: ਸੜਕ 20 ਫੁੱਟ, ਪੱਛਮ: ਰੌਸ਼ਨ ਲਾਲ।

ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕ੍ਰਿਪਾ ਕਰਕੇ ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ https://www.axisbank.com/auction-retail ਅਤੇ ਬੈਂਕ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਦਾ ਹਵਾਲਾ ਲਿਆ ਜਾਵੇ। ਨਿਲਾਮੀ ਬੈਂਕ ਦੇ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਰਾਹੀਂ ਆਨਲਾਈਨ ਕੀਤੀ ਜਾਵੇਗੀ। ਹੋਰ ਸਹਾਇਤਾ ਲਈ ਚਾਹਵਾਨ ਬੋਲੀਕਾਰ ਸ੍ਰੀ ਸੁਮਿਤ ਕੁਮਾਰ (ਮੋਬਾਇਲ ਨੰ. 9646223355) ਅਤੇ ਵਿਪਨ ਸ਼ਰਮਾ (ਮੋਬਾਇਲ ਨੰ. 9837010050) ਬੈਂਕ ਦੇ ਸੰਬੰਧਤ ਅਫਸਰਾਂ ਨਾਲ ਦਫਤਰੀ ਸਮੇਂ ਸਵੇਰੇ 9.30 ਵਜੇ ਤੋਂ ਸ਼ਾਮ ਦੇ 5.30 ਵਜੇ ਤੱਕ ਸੰਪਰਕ ਕਰ ਸਕਦੇ ਹਨ। ਇਸ ਨੋਟਿਸ ਨੂੰ ਕਰਜ਼ਦਾਰਾਂ ਲਈ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲ, 2002 ਦੇ ਰੂਲ 8 (6) ਤਹਿਤ 15 ਦਿਨਾਂ ਦਾ ਨੋਟਿਸ ਮੰਨਿਆ ਜਾਵੇ।

ਮਿਤੀ : 18 ਸਤੰਬਰ, 2026, ਸਥਾਨ : ਲੁਧਿਆਣਾ ਸਹੀ/- (ਅਧਿਕਾਰਤ ਅਫਸਰ), ਐਕਸਿਸ ਬੈਂਕ ਲਿਮਟਿਡ

---

# LSC SECURITIES LIMITED

CIN: U67120PB2000PLC054428
Regd. Off: First Floor, LSE Building, Feroze Gandhi Market, Ludhiana-141001.
Ph.: 0161-5021018, E-mail: cs@lsesl.com, website: www.lse.co.in

## NOTICE

Notice is hereby given that pursuant to the provisions of Section 152(6) and other applicable provisions, if any, of the Companies Act, 2013 (the "Act") read with the relevant rules framed thereunder and read with Article 78 of the Articles of Association of the Company, Mr. Aman Kumar Garg (DIN: 10283661), Director and Mr. Mohit Gupta (DIN: 11546593), Casual Vacancy Director, are liable to retire by rotation at Annual General Meeting ("AGM") of LSC Securities Limited (the "Company") to be held on Saturday, 26th September, 2026 at 10:00 A.M. at Registered Office of the Company at First Floor, LSE Building, Feroze Gandhi Market, Ludhiana (Pb.)-141001.

**1.** Mr. Aman Kumar Garg (DIN: 10283661), vide his notice dated 14.08.2026, has offered himself for re-appointment as a Director of the Company.

**2.** Mr. Mohit Gupta (DIN: 11546593), vide his notice dated 18.08.2026 has conveyed his unwillingness to seek re-appointment as a Director of the Company.

Further, pursuant to provisions of Section 160 of the Companies Act, 2013 ("the Act") and other applicable provisions, if any, read with Rule 13 of the Companies (Appointment and Qualification of Directors) Rules, 2014, the Company received notices/nominations from the following Members of the Company proposing their individual candidature as Directors of the Company along with the requisite security deposits:

| Sr. No. | Name of Candidate | Director Identification Number (DIN) |
|---|---|---|
| 1. | Mr. Rakesh Kumar Verma | 00386528 |
| 2. | Mr. Ravinder Kumar Bansal | 00627729 |
| 3. | Mr. Tribhawan Singh Thapar | 00494576 |
| 4. | Mr. Hari Krishan Punni | 01478782 |

Mr. Hari Krishan Punni (01478782) has withdrawn his nomination on 16.09.2026.

After taking into consideration the nominations received and the withdrawal thereof, the final list of candidates proposed for appointment/ reappointment / election to the office of two (2) Directors of the Company is as follows:

| Sr. No. | Name of Candidate | Director Identification Number (DIN) |
|---|---|---|
| 1. | Mr. Aman Kumar Garg | 10283661 |
| 2. | Mr. Rakesh Kumar Verma | 00386528 |
| 3. | Mr. Ravinder Kumar Bansal | 00627729 |
| 4. | Mr. Tribhawan Singh Thapar | 00494576 |

The Notice is also available at the website of the Company at www.lse.co.in for intimation of Members.

By Order of the Board
For LSC SECURITIES LIMITED
Sd/-
SUMIT MALHOTRA
COMPANY SECRETARY
ACS-54874

Place : Ludhiana
Date : 17-09-2026

---

# ਉੱਤਰ ਰੇਲਵੇ

## ਈ-ਟੈਂਡਰ ਸੂਚਨਾ

ਸੀਨੀਅਰ ਮੰਡਲ ਇੰਜੀਨੀਅਰ - ਤੀਸਰੀ/ਫ਼ਿਰੋਜ਼ਪੁਰ, ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੀ ਸ਼ੀਰਸ਼ਕ ਵਾਲੀ ਖੁਲੀ ਈ-ਟੈਂਡਰਾ ਮੰਗ ਕਰਦੇ ਹਨ, ਜੋ **www.ireps.gov.in** ਉਤੇ ਉਪਲਬਧ ਹੈ ਅਤੇਜਿਨ੍ਹਾਂ ਦੀ ਟੈਂਡਰ ਬੰਦ ਹੋਣ ਦੀ ਮਿਤੀ 09.10.2026 ਦੁਪਿਹਰ 15.00 ਵਜੇ ਤਕ ਹੈ । ਟੈਂਡਰਕਰਤਾ ਕੇਵਲ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਹੀ ਅਪਣੀ ਮੂਲ ਜਾਂ ਸੰਸ਼ੋਧਿਤ ਟੈਂਡਰਾ ਪੇਸ਼ ਕਰ ਸਕਣਗੇ । ਇਸ ਟੈਂਡਰ ਦੇ ਵਿਰੁਧ ਮੈਨੂੰਅਲ ਪ੍ਰਸਤਾਵ ਸਵੀਕਾਰ ਨਹੀਂ ਕੀਤੇ ਜਾਣਗੇ ਅਤੇ ਪ੍ਰਾਪਤ ਹੋਣ ਵਾਲੇ ਕਿਸੀ ਵੀ ਮੈਨੂੰਅਲ ਪ੍ਰਸਤਾਵ ਉਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ । ਠੇਕੇਦਾਰ ਇਸ ਟੈਂਡਰ ਦੇ ਲਈ ਟੈਂਡਰ ਪ੍ਰਪੱਤਰ ਸ਼ੁਲਕ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ **www.ireps.gov.in** ਪੋਰਟਲ ਉਤੇ ਉਪਲਬਧ ਭੁਗਤਾਨ ਦੁਆਰਾ ਜਿਸਤਰ੍ਹਾਂ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਕਾਰਡ ਆਦਿ ਦੇ ਦੁਆਰਾ ਹੀ ਕਰ ਸਕਣਗੇ । ਡਿਮਾਂਡ ਡਰਾਫਟ, ਚੈਕਰਸ ਚੈਕ, ਜਮਾਂ ਰਸੀਦ, ਐਫ.ਡੀ.ਆਰ. ਆਦਿ ਦੇ ਦੁਆਰਾ ਤੋਂ ਮੈਨੂੰਅਲ ਭੁਗਤਾਨ ਸਵੀਕਾਰ ਕੀਤਾ ਜਾਵੇਗਾ । ਜ਼ਿਆਦਾ ਜਾਣਕਾਰੀ ਦੇ ਲਈ **www.ireps.gov.in** ਉਤੇ ਲਾਗ ਇਨ ਕਰੋਂ ।

| ਟੈਂਡਰ ਪ੍ਰਕਾਰ | ਟੈਂਡਰ ਅਨੁਭਾਗ | ਬੋਲੀ ਪ੍ਰਣਾਲੀ | ਟੈਂਡਰ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਪੂਰੀ ਕਰਨ ਦੀ ਮਿਤੀ ਅਤੇ ਸਮਾਂ |
|---|---|---|---|---|---|
| ਖੁਲੀ | ਕੰਮ | ਇਕ ਬੋਲੀ ਪ੍ਰਣਾਲੀ | 17.09.2026 | 25.09.2026 | 09.10.2026/15:00 ਵਜੇ |

| ਲ.ਨੰ: | ਟੈਂਡਰ ਨੰ: | ਟੈਂਡਰ ਦਾ ਵੇਰਵਾ | | | |
|---|---|---|---|---|---|
| 1 | 148-2026-27-ADEN-I-ASR | ਸੀਨੀਅਰ ਮੰਡਲ ਇੰਜੀਨੀਅਰ-ਪਹਿਲੀ/ਅੰਮ੍ਰਿਤਸਰ ਦੇ ਤਹਿਤ ਅੰਮ੍ਰਿਤਸਰ ਵਿਚ 60 ਬਿਸਤਰਿਆਂ ਵਾਲੇ ਪੁਰਸ਼ ਬੈਰਕ ਕੰਪਲੈਕਸ ਦੀ ਵਿਵਸਥਾ । | | | |
| | | ਵਿਗਿਆਪਨ ਮੂਲ (ਰੁ:) | ਬਿਆਨਾ ਰਾਸ਼ੀ | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| | | 33516328.56 | 670300.00 | 60 ਦਿਨ | 12 ਮਹੀਨੇ |
| | | ਸਮਾਨ ਪ੍ਰਕ੍ਰਿਤੀ ਦਾ ਕੰਮ :- 'ਇਮਾਰਤ/ਆਵਾਸ ਦਾ ਨਿਰਮਾਣ'' । | | | |
| 2 | 149-2026-27-ADEN-I-ASR | ਸੀਨੀਅਰ ਮੰਡਲ ਇੰਜੀਨੀਅਰ-ਪਹਿਲੀ/ਅੰਮ੍ਰਿਤਸਰ ਦੇ ਅੰਤਰਗਤ ਸੀਨੀਅਰ ਅਨੁਭਾਗੀਯ ਇੰਜੀਨੀਅਰ/ਕੰਮ/ML /ਅੰਮ੍ਰਿਤਸਰ ਸੈਕਸ਼ਨ ਵਿਚ ਅੰਮ੍ਰਿਤਸਰ ਸੈਕਸ਼ਨ ਵਿਚ ਅੰਮ੍ਰਿਤਸਰ ਸਟੇਸ਼ਨ ਉਤੇ ਯਾਰਡ ਲਾਈਨਾਂ ਦੇ ਵਿਚ ਪ੍ਰੀਕਾਸਟ ਸੈਂਟਰਲ ਡ੍ਰੇਨ ਦਾ ਨਿਰਮਾਣ । | | | |
| | | ਵਿਗਿਆਪਨ ਮੂਲ (ਰੁ:) | ਬਿਆਨਾ ਰਾਸ਼ੀ | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| | | 49492068.95 | 989900.00 | 60 ਦਿਨ | 09 ਮਹੀਨੇ |
| | | ਸਮਾਨ ਪ੍ਰਕ੍ਰਿਤੀ ਦਾ ਕੰਮ :- ''ਟ੍ਰੈਕ ਦੇ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ'' । | | | |

ਨੋਟ:- 1. ਟੈਂਡਰ ਪਾਉਣ ਤੋਂ ਪਹਿਲਾ, ਟੈਂਡਰਕਰਤਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੀ ਵੀ ਸ਼ੁੱਧੀਪੱਤਰ ਦੀ ਜਾਂਚ ਕਰਨਗੇ ।
2. ਹਿੰਦੀ ਵਿਚ ਕਿਸੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ ।

ਟੈਂਡਰ ਸੂਚਨਾ ਪੱਤਰ ਨੰ: 148 & 149-2026-27-ADEN-I-ASR Date: 17.09.2026 3229/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

---

# LUDHIANA STOCK AND CAPITAL LIMITED

CIN:- U67120PB1981PLC004696
Regd. Office: Feroze Gandhi Market, Ludhiana
Ph: 0161-2405756, 4662014,4663014
E-mail ID: lse_cs@rediffmail.com, website:- www.lse.co.in

## NOTICE

Notice is hereby given that pursuant to the provisions of Section 152(6) and other applicable provisions, if any, of the Companies Act, 2013 (the "Act") read with the relevant rules framed thereunder and read with Article 73 of the Articles of Association of the Company, Mr. Tribhawan Singh Thapar (DIN: 00494576) and Mr. Rakesh Gupta (DIN: 00458677) Directors, are liable to retire by rotation at Annual General Meeting ("AGM") of Ludhiana Stock and Capital Limited (the "Company") to be held on Monday, 28th September, 2026 at 03:00 P.M. at Registered Office of the Company at First Floor, LSE Building, Feroze Gandhi Market, Ludhiana (Pb.)-141001.

**1.** Mr. Tribhawan Singh Thapar (DIN: 00494576), vide his notice dated 27.08.2026, has conveyed his unwillingness to seek re-appointment as a Director of the Company.

**2.** Mr. Rakesh Gupta (DIN: 00458677), vide his notice dated 27.08.2026, has offered himself for re-appointment as a Director of the Company.

Further, pursuant to provisions of Section 160 of the Companies Act, 2013 ("the Act") and other applicable provisions, if any, read with Rule 13 of the Companies (Appointment and Qualification of Directors) Rules, 2014, the Company received notices/nominations from the following Members of the Company proposing their individual candidature as Directors of the Company along with the requisite security deposits:

| Sr. No. | Name of Candidate | Director Identification Number (DIN) |
|---|---|---|
| 1. | Mr. Rajesh Kumar Sharma | 02830766 |
| 2. | Mr. Aakash Bansal | 06767671 |
| 3. | Mr. Manoj Kumar | 10481810 |
| 4. | Mr. Pankaj Kumar | 01014201 |
| 5. | Mr. Tribhawan Singh Thapar | 00494576 |
| 6. | Mr. Anurag Kumar Arora | 00850559 |

The following candidates have withdrawn their respective nominations on 16.09.2026:

| Sr. No. | Name of Candidate | Director Identification Number (DIN) |
|---|---|---|
| 1. | Mr. Anurag Kumar Arora | 00850559 |
| 2. | Mr. Tribhawan Singh Thapar | 00494576 |
| 3. | Mr. Pankaj Kumar | 01014201 |

After taking into consideration the nominations received and the withdrawals thereof, the final list of candidates proposed for appointment/reappointment/election to the office of two (2) Directors of the Company is as follows:

| Sr. No. | Name of Candidate | Director Identification Number (DIN) |
|---|---|---|
| 1. | Mr. Rakesh Gupta | 00458677 |
| 2. | Mr. Rajesh Kumar Sharma | 02830766 |
| 3. | Mr. Aakash Bansal | 06767671 |
| 4. | Mr. Manoj Kumar | 10481810 |

The Notice is also available at the website of the Company at www.lse.co.in for intimation of Members.

By Order of the Board
For LUDHIANA STOCK AND CAPITAL LIMITED
Sd/-
SANJEEV GUPTA
VICE CHAIRPERSON
(DIN: 00412914)

Place : Ludhiana
Date : 17-09-2026

## ਰੁੱਖ ਸਾਡੇ ਜੀਵਨ ਦਾ ਅਹਿਮ ਹਿੱਸਾ ਹਨ : ਅਮਨ ਟੱਕਰ



ਕੋਟ ਈਸੇ ਖਾਂ (ਅਰੋੜਾ)-ਵਾਤਾਵਰਨ ਨੂੰ ਹਰਿਆ-ਭਰਿਆ ਬਣਾਉਣ ਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਾਫ਼-ਸੁਥਰਾ ਵਾਤਾਵਰਨ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਮੋਹਤਬਰ ਵਿਅਕਤੀਆਂ ਵੱਲੋਂ ਸਾਂਝੀਆਂ ਥਾਵਾਂ 'ਤੇ ਬੂਟੇ ਲਗਾਏ ਗਏ।ਇਸ ਮੌਕੇ ਵਾਰਡ ਨੰ.87 ਤੋਂ ਕੌਂਸਲਰ ਸੁਖਜੀਤ ਕੌਰ ਟੱਕਰ ਦੇ ਪਤੀ ਅਮਨ ਟੱਕਰ ਤੇ ਹੋਰਨਾਂ ਨੇ ਕਿਹਾ ਕਿ ਰੁੱਖ ਸਾਡੇ ਜੀਵਨ ਦਾ ਅਹਿਮ ਹਿੱਸਾ ਹਨ ਅਤੇ ਵਾਤਾਵਰਨ ਨੂੰ ਸੰਤੁਲਿਤ ਰੱਖਣ ਲਈ ਵੱਧ ਤੋਂ ਵੱਧ ਬੂਟੇ ਲਗਾਉਣਾ ਸਮੇਂ ਦੀ ਮੁੱਖ ਲੋੜ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਸਿਰਫ਼ ਬੂਟੇ ਲਗਾਉਣ ਤੱਕ ਹੀ ਸੀਮਤ ਨਾ ਰਹਿਣ, ਸਗੋਂ ਇਨ੍ਹਾਂ ਦੀ ਸੰਭਾਲ ਤੇ ਪਾਲਣਾ ਵੀ ਯਕੀਨੀ ਬਣਾਉਣ।ਇਸ ਮੌਕੇ ਰਮਨ, ਬੂਟਾ ਰਾਮ, ਮੋਨੂੰ ਸੱਗੂ, ਜਸਵਿੰਦਰ ਸਿੰਘ, ਰਾਹੁਲ ਗੱਖੜ, ਸੇਵਕ, ਲਾਡੀ, ਸੁਖਵੰਤ ਸਿੰਘ, ਗੋਰਾ ਅਸ਼ਟਾਮ ਵਾਲਾ, ਬੱਬੂ, ਰਵੀ, ਰੋਹਿਤ ਖੁਰਮੀ, ਜਗਵਿੰਦਰ ਸਿੰਘ ਆਦਿ ਹਾਜ਼ਰ ਸਨ।


## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਸੀਨੀਅਰ ਮੰਡਲ ਇੰਜੀਨੀਅਰ-ਤੀਜਾ/ ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਟਾਈਟਲ ਵਾਲੀ ਖੁਲ੍ਹੀ ਈ-ਟੈਂਡਰਾਂ ਦੀ ਮੰਗ ਕਰਦੇ ਹਨ ਜੋ www.ireps.gov.in 'ਤੇ ਉਪਲਬਧ ਹਨ ਅਤੇ ਜਿਨ੍ਹਾਂ ਦੇ ਬੰਦ ਹੋਣ ਦੀ ਮਿਤੀ 08.10.2026 ਦੁਪਹਿਰ15:00 ਵਜੇ ਤਕ ਹੈ।ਨਿਵਿਦਾਕਰਤਾ ਕੇਵਲ ਨਿਵਿਦਾ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਹੀ ਆਪਣੇ ਮੂਲ/ਸੰਸ਼ੋਧਿਤ ਨਿਵਿਦਾਵਾਂ ਪੇਸ਼ ਕਰ ਸਕਦੇ ਹਨ।। ਇਸ ਨਿਵਿਦਾ ਦੇ ਵਿਰੁਧ ਮੈਨੂੰਅਲ ਪ੍ਰਸਤਾਵ ਦੀ ਇਜਾਜਤ ਨਹੀਂ ਹੈ ਅਤੇ ਪ੍ਰਾਪਤ ਹੋਣ ਵਾਲੇ ਐਸੇ ਕਿਸੇ ਵੀ ਮੈਨੂੰਅਲ ਪ੍ਰਸਤਾਵ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰਾਂ ਇਸ ਨਿਵਿਦਾ ਦੇ ਲਈ ਨਿਵਿਦਾ ਫਾਰਮ ਫੀਸ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਭੁਗਤਾਨ ਮੋਡ ਦੇ ਮਾਧਿਅਮ ਨਾਲ ਕਰਨ ਦੀ ਇਜਾਜਤ ਹੈ। ਨੈਟ ਬੈਕਿੰਗ, ਡੇਬਿਟ ਕਾਰਡ ਤੇ ਕਰੈਡਿਟ ਕਾਰਡ ਆਦਿ ਜਿਵੇਂ ਪੋਰਟਲ, ਡਿਮਾਂਡ ਡ੍ਰਾਫਟ ਬੈਂਕਰ ਚੈਕ, ਜਮ੍ਹਾ ਰਸੀਦਾਂ, ਐਫਡੀਆਰ ਆਦਿ ਦੇ ਮਾਧਿਅਮ ਨਾਲ ਮੈਨੂੰਅਲ ਭੁਗਤਾਨ ਦੀ ਇਜਾਜਤ ਨਹੀਂ ਹੈ। ਵਧੇਰੇ ਜਾਣਕਾਰੀ ਦੇ ਲਈ www.ireps.gov.in. ਲਾਗ ਇਨ ਕਰੋ

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 16.09.2026 | 24.09.2026 | 08.10.2026 15:00 ਵਜੇ |

| ਲ. ਨੰ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ |
|---|---|---|
| 1. | 147-2026-27-ADEN-II-ASR | ਸੀਨੀਅਰ ਮੰਡਲ ਇੰਜੀਨੀਅਰ-ਤੀਜਾ/ਫਿਰੋਜ਼ਪੁਰ ਦੇ ਤਹਿਤ ਜੰਡਿਆਲਾ ਯਾਰਡ ਵਿਚ ਗੁਡਸ ਲਾਈਨ ਦੇ ਵਿਸਤਾਰ ਦੇ ਨਾਲ-ਨਾਲ ਪੁਲ ਨੰਬਰ 107 ਦਾ ਵਿਸਤਾਰ। |

| ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
|---|---|---|---|
| 4912335.96 | 98300.00 | 60 ਦਿਨ | 06 ਮਹੀਨੇ |

ਸਮਾਨ ਨੇਚਰ ਦਾ ਕੰਮ: "ਕਿਸੀ ਵੀ ਪੁਲ ਦਾ ਉਸਾਰੀ ਕੰਮ"

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ। ਨਿ. ਨੰਬਰ:147-2026-27-ADEN-II-ASR ਤਾਰੀਕ : 16.09.2026 3217/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


## ਪਬਲਿਕ ਨੋਟਿਸ

ਜਨਰਲ ਬੂਥ-210 ਮੰਡੀ ਮਲੋਟ ਦਾ ਪਲਾਟ ਸ੍ਰੀ ਸਤੀਸ਼ ਕੁਮਾਰ ਪੁੱਤਰ ਸ੍ਰੀ ਦੀਵਾਨ ਚੰਦ ਦੇ ਨਾਂਅ 'ਤੇ ਹੈ। ਇਸ ਦਫਤਰ ਵਿੱਚ ਸ੍ਰੀ ਗੌਰਵ ਕੁਮਾਰ ਪੁੱਤਰ ਸ੍ਰੀ ਸਤੀਸ਼ ਕੁਮਾਰ, ਵਾਸੀ- ਵਾਰਡ ਨੰ -07, ਗਲੀ ਨੰ. -05, ਮਹਾਂਵੀਰ ਨਗਰੀ, ਮਲੋਟ, ਤਹਿਸੀਲ - ਮਲੋਟ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵੱਲੋਂ ਇਸ ਪਲਾਟ ਦੀ ਮਲਕੀਅਤ ਸ੍ਰੀ ਸਤੀਸ਼ ਕੁਮਾਰ ਪੁੱਤਰ ਸ੍ਰੀ ਦੀਵਾਨ ਚੰਦ ਦੀ ਮੌਤ ਮਿਤੀ 10-08-2022 ਨੂੰ ਹੋਣ ਉਪਰੰਤ, ਤਹਿਸੀਲਦਾਰ ਮਾਲ ਮਲੋਟ ਵੱਲੋਂ ਕੀਤੀ ਗਈ ਤਸਦੀਕ ਵਾਰਸਾਂ ਦੀ ਰਿਪੋਰਟ ਮਿਤੀ 28-07-2026 ਅਤੇ ਖਾਨਗੀ ਵਸੀਅਤ ਮਿਤੀ 18-06-2022 ਦੇ ਅਧਾਰ ਉਤੇ ਮਲਕੀਅਤ ਉਨ੍ਹਾਂ ਦੇ ਨਾਂਅ 'ਤੇ ਤਬਦੀਲ ਕਰਨ ਸੰਬੰਧੀ ਦਰਖਾਸਤ ਪ੍ਰਾਪਤ ਹੋਈ ਹੈ।

ਉਪਰੋਕਤ ਦਸਤਾਵੇਜ਼ਾਂ ਦੇ ਆਧਾਰ 'ਤੇ ਜਨਰਲ ਬੂਥ-210 ਮੰਡੀ ਮਲੋਟ ਦੀ ਮਲਕੀਅਤ ਤਬਦੀਲ ਕੀਤੀ ਜਾਣੀ ਹੈ। ਜੇਕਰ ਕਿਸੇ ਵਿਅਕਤੀ ਨੂੰ ਇਸ ਪਲਾਟ ਦੀ ਮਲਕੀਅਤ ਤਬਦੀਲ ਕਰਨ ਸੰਬੰਧੀ ਕਿਸੇ ਕਿਸਮ ਦਾ ਕੋਈ ਵੀ ਇਤਰਾਜ਼ ਹੈ ਤਾਂ ਇਸ ਨੋਟਿਸ ਦੇ ਛਪਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਨਿਮਨ ਹਸਤਾਖਰ ਨੂੰ ਹੇਠ ਲਿਖੇ ਐਡਰੈੱਸ 'ਤੇ ਜਾਂ ਈਮੇਲ dir.colon@Punjab.gov.in 'ਤੇ ਭੇਜ ਸਕਦਾ ਹੈ।ਮਿੱਥੇ ਸਮੇਂ ਤੋਂ ਬਾਅਦ ਕਿਸੇ ਵਿਅਕਤੀ ਦੇ ਕਿਸੇ ਕਿਸਮ ਦੇ ਇਤਰਾਜ਼ 'ਤੇ ਕੋਈ ਸੁਣਵਾਈ ਨਹੀਂ ਕੀਤੀ ਜਾਵੇਗੀ।

ਸਹੀ/- ਐਡਮਨਿਸਟਰੇਟਰ, ਨਿਊ ਮੰਡੀ ਟਾਊਨਸ਼ਿਪਸ, ਪੰਜਾਬ, ਮੰਡੀ ਭਵਨ ਸੈਕਟਰ 65 ਏ, ਮੋਹਾਲੀ, ਪੰਜਾਬ

## ਨਿਲਾਮੀ ਨੋਟਿਸ

ਦੀ ਤੋਗੇਵਾਲ ਬਹੁਮੰਤਵੀ ਸਹਿਕਾਰੀ ਸਭਾ ਲਿਮਟਿਡ, ਤੋਗੇਵਾਲ ਖੇਤੀਬਾੜੀ ਸੰਦਾਂ ਦੀ ਨਿਲਾਮੀ ਖੁੱਲ੍ਹੀ ਬੋਲੀ ਰਾਹੀਂ ਸਭਾ ਦੇ ਦਫ਼ਤਰ ਵਿਚ ਹੋਵੇਗੀ। ਜਿਸ ਵਿਚ ਰੋਟਾਵੇਟਰ-1, ਹਲ਼-1, ਜ਼ੀਰੋ ਟਿਲ ਡਰਿੱਲ-5, ਲੇਜਰ ਲੈਂਡ ਲੈਵਲਰ -1, ਪਠਲਰ-1, ਸਪਰੇਅ ਪੰਪ-1, ਰਿਜਰਗ-1, ਕਜਚੇ ਕੱਟ ਰੀਪਰ-1, ਮਲਟੀ ਕਰੋਪ-1 ਦੀ ਨਿਲਾਮੀ 21.09.2026 ਦਿਨ ਸੋਮਵਾਰ ਨੂੰ ਸਵੇਰੇ 10 ਵਜੇ ਕੀਤੀ ਜਾਵੇਗੀ। ਸ਼ਰਤਾਂ ਮੌਕੇ 'ਤੇ ਬਣਾਈ ਸਬ-ਕਮੇਟੀ ਵੱਲੋਂ ਦੱਸੀਆਂ ਜਾਣਕਾਰੀਆਂ। ਬੋਲੀ ਦੇਣ ਸਮੇਂ ਸਕਿਉਰਿਟੀ 2000/- ਰੁਪਏ ਹੋਵੇਗੀ।

ਪ੍ਰਧਾਨ ਰਜਿੰਦਰ ਸਿੰਘ, 98760-22130

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸ੍ਰੀ ਰਾਜ ਪ੍ਰਿਤਪਾਲ ਸਿੰਘ (ਝਾਵਰ) ਨਾਇਬ ਤਹਿਸੀਲਦਾਰ, ਰਾਜਾਸਾਂਸੀ, ਤਹਿਸੀਲ ਰਾਜਾਸਾਂਸੀ, ਜ਼ਿਲ੍ਹਾ ਅੰਮ੍ਰਿਤਸਰ

ਕੇਸ ਨੰਬਰ/ਅਦਰ ਕੇਸ 76/2026

ਕਿਸਮ ਕੇਸ: ਦਰੁਸਤੀ ਗਿਰਦਾਵਰੀ ਵਾਕਿਆ ਰਕਬਾ- ਓਠੀਆਂ

ਦਾਇਰ ਮਿਤੀ 3-6-2026 ਤਾਰੀਖ ਪੇਸ਼ੀ : 18.09.2026

1) ਸਾਹਿਲ ਕਪੂਰ ਪੁੱਤਰ ਰਵਿੰਦਰ ਕਪੂਰ ਵਾਸੀ ਓਠੀਆਂ, ਸਬ ਤਹਿਸੀਲ ਰਾਜਾਸਾਂਸੀ, ਤਹਿਸੀਲ ਲੋਪੋਕੇ, ਜ਼ਿਲ੍ਹਾ ਅੰਮ੍ਰਿਤਸਰ। .........ਦਾਹਵਾ ਕਰਤਾ ਧਿਰ

ਬਨਾਮ

ਲੱਖਾ ਸਿੰਘ ਪੁੱਤਰ ਦਲੀਪ ਸਿੰਘ ਆਦਿ। .....ਉੱਤਰਵਾਦੀ ਧਿਰਾਂ

ਦਰਖਾਸਤ ਦਰੁਸਤੀ ਗਿਰਦਾਵਰੀ ਜ਼ੇਰ ਧਾਰਾ 111 ਮਾਲ ਗੁਜ਼ਾਰੀ ਐਕਟ (ਪੰਜਾਬ ਲੈਂਡ ਰੈਵੀਨਿਊ, ਐਕਟ 1887) ਬਾਬਤ ਕੁੱਲ ਰਕਬਾ 49 ਕਨਾਲ 17 ਮਰਲੇ ਖਸਰਾ ਨੰਬਰ ਦਰਖਾਸਤ ਜ਼ੇਰ ਧਾਰਾ 111 ਐਕਟ ਮਾਲ ਗੁਜ਼ਾਰੀ (ਪੰਜਾਬ ਲੈਂਡ ਰੈਵੀਨਿਊ ਐਕਟ) ਬਰਾਏ ਕਰਵਾਉਣੇ ਤਕਸੀਮ ਬਾਬਤ ਭੂਮੀ 49 ਕਨਾਲ 17 ਮਰਲੇ ਖਸਰਾ ਨੰਬਰਾਨ 45//12/2 (4-8), 44//15 (8-0), 45//1/2 (1-17), 11/1 (7-12), 20/1 (3-11), 20/2 (3-7), 20/3 (1-2), 11/2 (0-8), 12/1 (3-12), 9 (8-0), 10 (8-0) ਖਾਤਾ ਖਤੌਨੀ ਨੰਬਰ 357/521,532,369/572 ਤੋਂ 582, 393/670 ਤੋਂ 681, 457/847, 474/914 ਮੁਤਾਬਕ ਜਮ੍ਹਾਂਬੰਦੀ ਸਾਲ 2020-21 ...

## COURT NOTICE

(U/o 5 Rule 20 CPC)
In the Court of
Ms. Manni Arora
Civil Judge (Senior Division),
Barnala
CNR No. PBBR02-000268-2026
Next Date:- 07-11-2026
Karamjeet Kaur
Vs. General Public
Publication Issued To:
General Public
: Barnala

In above titled case, the defendant(s)/respondent(s) could not be served. It is ordered that ldefendant(s)/ respondent(s) should appear in person or through counsel on 07-11-2026 at 10:00 a.m.

For details logon to https://highcourtchd.gov.in/?mod=district_notice&district=Barnala

Civil Judge (Senior Division), Barnala
Dated this day of 15-09-2026

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸ੍ਰੀ ਰਾਜਪ੍ਰਿਤਪਾਲ ਸਿੰਘ (ਝਾਵਰ) ਨਾਇਬ ਤਹਿਸੀਲਦਾਰ ਰਾਜਾਸਾਂਸੀ, ਤਹਿਸੀਲ ਰਾਜਾਸਾਂਸੀ, ਜ਼ਿਲ੍ਹਾ ਅੰਮ੍ਰਿਤਸਰ

ਕੇਸ ਨੰਬਰ : ਅਦਰ ਕੇਸ/ 31/2026 ਕਿਸਮ ਕੇਸ: ਤਕਸੀਮ

ਵਾਕਿਆ ਰਕਬਾ- ਛੀਨਾ ਕਰਮ ਸਿੰਘ

ਦਾਇਰ ਮਿਤੀ : 25-3-2026 ਤਾਰੀਖ ਪੇਸ਼ੀ 18-9-2026

ਮੁਖਵਿੰਦਰ ਸਿੰਘ ਪੁੱਤਰ ਬਲਬੀਰ ਸਿੰਘ ਪੁੱਤਰ ਲਾਭ ਸਿੰਘ ਵਾਸੀ ...

## PUBLIC NOTICE

Paramjit Singh S/o Gurdev Singh, R/o # Near Punjab Motor Agency, Patti Sadhu Ki, Chohla Sahib, Tarn-Taran, Punjab, 143408 want to avail a LAP Loan from Hinduja Housing Finance Ltd, having its branch at SCO No. 28, 4th Floor, Ranjit Avenue, B-Block Amritsar. The owner of the property below is Paramjit Singh S/o Gurdev Singh, vide transfer deed dated 17-01-2025, doc no.2024-25/174/1/448. Legal Opinion for one Property measuring 10 Marlas i.e 5/24 share out of 2k-8m, having Khasra no 552(2-8), situated at Chola Sahib(b), Tehsil Chola Sahib & Distt Tarn Taran, which is bounded as under: East-Jarnail singh s/o Inderpal Singh, West-Manjinder Singh s/o Dasanda singh, North-Gali, South-Buta Singh s/o Kunan Singh.

That Original sale deed dated 09.05.1991 doc no 571, executed by Gurmukh Singh in favour of Gurdev Singh, Lakhmir Singh sons of Inder Singh, is lost/missing. If any person/Entity/DSA/Financial Institution/ Bank/Govt. The department may have obtained or have issued any loan/Stay Order/Court Case against the said Sale deed or have any objection of any kind with regard to said Sale deed. He/she can file an objection regarding the use of above said documents as well as property within 10 days from the date of the present Publication to below mentioned person on the address or contact numbers given and after 10 days no claim shall be admitted and it would be assumed that the property is free from encumbrances/ Litigation as far as the above documents are concerned.

*Truly Yours*
M.R. ASSOCIATES (Advocates)
M. : 8054660650

## COURT NOTICE

(U/o 5 Rule 20 CPC)
In the Court of Ms. Manni Arora
Civil Judge (Senior Division),
Barnala
CNR No. PBBR02-001400-2025
Next Date:- 16-10-2026
State Bank of India
Vs.
Jarnail Kaur
Publication Issued To:
3. Charanjeet Kaur
Father : Bachhitar Singh
R/o Ward No. 11 Mana Patti Dhanaula Distt. Barnala
4. Babaljeet Kaur
Father : Bachittar Singh
R/o Ward No. 11 Mana Patti Dhanaula Distt. Barnala

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 16-10-2026 at 10:00 a.m.

For details logon to https://highcourtchd.gov.in/?mod=district_notice&district=Barnala

Civil Judge (Senior Division), Barnala
Dated this day of 09-09-2026

## COURT NOTICE

(U/o 5 Rule 20 CPC)
In the Court of
Ms. Amita Singh
Additional Principal Judge
Family Court, Nakodar
Gw/29/2026
CNR No. PBJLF2-000330-2026
Next Date:- 16-11-2026
Kulwinder Singh
Vs.
General Public
Publication Issued To:
General Public
:- General Public

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 16-11-2026 at 10:00 a.m.

For details logon to https://highcourtchd.gov.in/?mod=district_notice&district=Jalandhar

Additional Principal Judge
Family Court Nakodar
Dated this day of 14-09-2026

## COURT NOTICE

(U/o 5 Rule 20 CPC)
In The Court of Ms. Mandeep Kaur
Civil Judge (Junior Division),
Dasuya
CNR No. PBHOA0-000846-2024
Next Date:- 19-10-2026
State Bank of India its Branch at Tanda Urmur through Deepinder Kaur its Branch Manager and Principal Officer
Vs.
Sonam Sharma
Publication Issued To:
Sonam Sharma S/o Naresh Kumar, R/o Village Latholi P.O Narangpur Tehsil Mukerian Distt. Hoshiarpur.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 19-10-2026 at 10:00 a.m.

For details logon to https://highcourtchd.gov.in/?mod=district_notice&district=Hoshiarpur

Civil Judge (Junior Division)
Dasuya
Dated, this day of 03-09-2026

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸ੍ਰੀ ਰਾਜਪ੍ਰਿਤਪਾਲ ਸਿੰਘ (ਝਾਵਰ) ਨਾਇਬ ਤਹਿਸੀਲਦਾਰ ਰਾਜਾਸਾਂਸੀ, ਤਹਿਸੀਲ ਰਾਜਾਸਾਂਸੀ, ਜ਼ਿਲ੍ਹਾ ਅੰਮ੍ਰਿਤਸਰ

ਕੇਸ ਨੰਬਰ : ਅਦਰ ਕੇਸ/ 44/2025 ਕਿਸਮ ਕੇਸ: ਤਕਸੀਮ ਵਾਕਿਆ ਰਕਬਾ- ਛੀਨਾ ਕਰਮ ਸਿੰਘ

ਦਾਇਰ ਮਿਤੀ : 27-8-2025 ਤਾਰੀਖ ਪੇਸ਼ੀ 18-9-2026

ਮੁਖਵਿੰਦਰ ਸਿੰਘ ਪੁੱਤਰ ਬਲਬੀਰ ਸਿੰਘ ਪੁੱਤਰ ਲਾਭ ਸਿੰਘ ਵਾਸੀ ਪਿੰਡ ਛੀਨਾ ਕਰਮ ਸਿੰਘ, ਸਬ ਤਹਿਸੀਲ ਰਾਜਾਸਾਂਸੀ, ਤਹਿਸੀਲ ਲੋਪੋਕੇ, ਜ਼ਿਲ੍ਹਾ ਅੰਮ੍ਰਿਤਸਰ। ......ਦਾਹਵਾ ਕਰਤਾ ਧਿਰ

ਬਨਾਮ

ਤੇਜਵਿੰਦਰ ਸਿੰਘ ਪੁੱਤਰ ਬਲਬੀਰ ਸਿੰਘ ਆਦਿ। ......ਉੱਤਰਵਾਦੀ ਧਿਰਾਂ

...

## ਅਦਾਲਤੀ ਇਸ਼ਤਿਹਾਰ

...

## ਅਦਾਲਤੀ ਇਸ਼ਤਿਹਾਰ

...

## ਅਦਾਲਤੀ ਇਸ਼ਤਿਹਾਰ

...

# ਕਲਾਸੀਫਾਈਡ ਇਸ਼ਤਿਹਾਰ

## Change of Name

I, Joga Singh S/o Mohinder Singh R/o VPO Tuto Mazara, Tehsil Garhshankar, Distt. Hoshiarpur Punjab declare that my name is Joga Singh. My surname is Singh and my given name is Joga. Concerned note.

I Preeti Sharma W/O Hira Lal R/O Mohalla Nawan Katra Kalanaur (143512) Distt Gurdaspur Punjab Have Changed My Name From Preeti Kalia To Preeti Sharma All Concerned Please Note.

I, Lakhwinder Singh Gill S/o Mela Singh R/o F G C Road, Baba Deep Singh Colony Nangli Bhtha, Amritsar Have changed my name from Lakhwinder Singh Gill to Lakhwinder Singh. Please all concerned note.

I, Dharminder Singh Kohli S/o Jasbir Singh Kohli Resident of 51 Bhai Bano Ji Nagar, Jalandhar want to change my name Dharminder Singh Kohli to Dharminder Singh.

I, Krishan Lal S/o Hans Raj R/o Patti Paddi Darwaja, VPO Bara Pind, Phillaur, District Jalandhar, Punjab have changed my name from Krishan Lal Sharma to Krishan Lal. Please note.

I, Sunita Rani, D/o Som Nath, R/o House No. 5141, D9/167, Gali No. 5, New Mohni Park, Opp. Khalsa College, Amritsar – 143001, being the legal guardian of my daughter, hereby declare that her name has been changed from "Akshun" to "Aradhya.", All Concerned plz note.

I, Kamal Brar S/o Ram Lal R/o H No 4, Azad Nagar, Po Model Town Distt Jalandhar Punjab 144003. I have changed my name from Kamal to Kamal Brar and declare that Kamal is my given name and Brar is my Surname.

I, Harpreet Singh S/o Avtar Singh R/o Hno. B-4/257, Ward No. 5, Simble Mahalla, Maseet Wali Gali, Batala, Distt. Gurdaspur - 143505, Punjab have changed my name from Harpreet Singh to Harpreet as given name and surname as Singh. All concerned please note.

I, Makhan Lal S/o Parkash Ram R/o Balalon, Po. Pandori, Teh. Phagwara, Distt - Kapurthala, Punjab have Changed My Name From Makhan Lal to Lal Makhan.(Lal as my Surname). All concerned please note.

I, Hans Raj S/o Makhan Lal R/o Vill-Balalon, Po. Pandori, Teh. Phagwara, Distt - Kapurthala, Punjab Have Changed My Name From Hans Raj to Raj Hans. (Raj as My Surname). All concerned please note.

I, Kuldeep Kumar S/o Gurbachana Ram R/o VPO Dhak Pandori, Teh. Phagwara, Distt. Kapurthala, Punjab have changed my name from Kuldeep Kumar to Kumar Kuldeep. (Kumar as my surname). All concerned please note.

I, Gurdeep Kaur W/o Kuldeep Kumar R/o VPO Dhak Pandori, Teh. Phagwara, Distt. Kapurthala, Punjab have changed my name from Gurdeep Kaur to Kaur Gurdeep. (Kaur as my surname). All concerned please note.

I, Faryad Mohammad S/o Bashir Mohammad R/o V.P.O. Nangal Majha, Tehsil Phagwara, Distt. Kapurthala, 144403, Punjab, India, have Changed my Name from Faryad Mohammad to Fariad Mohammad. All Concerned Please Note.

I Sukhbaj Singh S/O Balwinder Singh R/O Vpo Babowal Tehsil Majitha Distt.Amritsar Have Changed My Name From Sukhbaj Singh To Given Name Sukhbaj Surname Singh

I, Ashwani Mahajan S/o Banarsi Dass R/o 82-A, White Avenue, Amritsar have changed my name from Ashwani Kumar Mahajan to Ashwani Mahajan.

I, Gurwinder Singh S/o Milkha Singh R/o Village Sandpura Tehsil Patti District Tarn Taran have declare that Gurwinder is my Given name and Singh is my Surname.

I, Sunidhi Kalia W/o Akshay Joshi R/o 42 B Rani ka bagh, Amritsar have changed my name from Sunidhi Kalia to Sunidhi joshi.

I, Harpreet Singh S/o Sukhdev Singh R/o Village Malakpur, PO Thoba Tehsil Ajnala District Amritsar have declare that Harpreet is my given name and Singh is my Surname.

I, Sonia Chohan D/o Manjinder Singh W/o Jagpreet Singh R/o 150, Ajit Nagar, Amritsar have changed my name from Sonia Chohan to Sonia.

I, Varinder Singh S/o Ranjit Singh R/o VPO Timmowal, Distt Amritsar, Punjab - 143149 have declared that Singh is my surname and Varinder is my given name. Concerned Note.

I, Om Parkash Mahajan S/o Babu Ram R/o H.No.L-1/635, Akali Colony, Sultanwind Road, Main Bazar, Gurnam Nagar, Amritsar-1, PO Amritsar GPO District Amritsar Punjab-143001 have changed my name from Om Parkash Mahajan to Om Parkash Gupta.

I, Daljinder Singh, son of Hardip Singh, resident of Village Udesian, PO Adampur, District Jalandhar, Punjab, India and presently resident of 120 Mcqueen crescent, Prince George, BC Canada do hereby change my name from Daljinder Singh to Daljinder Singh Kooner with immediate effect.

## Change of Name

I Deepak S/o om Parkash,R/o H. No. EA 20, Qazi Mohalla, Jalandhar have changed my name from Deepak to Deepak Gohri

I Rajwant W/o Charanjit Singh,R/o VPO Bundala, Amritsar have Changed my name from Rajwant Kaur to Rajwant is my given name and Kaur is my surname.

I Charanjit Singh S/o Jetha Singh R/o V.P.o. Bundala, Amritsar have changed my name from Charanjit Singh to Charanjit is my given name and singh is my surname.

I, hitherto known as VICTER SINGH S/o GURMEJ SINGH residing at Village Pati Kotha Talwandi Bharath, PO. Aliwal, Tehsil Batala, District Gurdaspur, Punjab-143507 have changed my name and shall hereafter be known as VIKRAM SINGH.

I, Davinder S/o Harjinder Singh R/o Village Jaffal Jhinger, PO: Kishanpur, District Jalandhar, Punjab have changed my name from Davinder to Davinder Harjinder Singh. All concerned please note.

I, Roji W/O Anil Kumar, R/o H.N-243, Vpo-Poonian, Punian, Jalandhar, Punjab- 144702. have changed my name and shall hereafter be Known as Roji Mehta.

I, Dial Singh S/O Sawan Singh, R/o Gaggar Bhana, Gaggar Bhana, Amritsar, Punjab- 143205, have changed my name and shall hereafter be Known as Hardial Singh Vinnig.

I Harnoor D/O Prabhjot Singh Thiara R/O H.No -5 Guru Ram Dass Colony, Mithapur Road Jalandhar, Punjab Have Changed my Name From Harnoor To Harnoor Thiara. All concerned please note.

I, Krishma W/o Inderjit Kumar R/o VPO. Nussi, Tehsil and Distt. Jalandhar, Punjab-144004 have changed my name from Krishma to Krishma Bhatoya. Krishma as Given Name and Bhatoya as Surname. All concerned please note.

I Sourav S/O Surinder Pal R/O Vpo.khurla Kingra Jalandhar Pin.144003.i Have Changed My Name From Sourav To Sourav Banga.sourav As Given Name And Banga As Surname. All Concerned Please Note.

I Sanjot Singh S/O Harjit Singh R/O Village Mugal Chak Po Dhilwan District Kapurthala Declare That I Have Changed My Name From Sanjot Singh To Singh Sanjot. Please Note.

I, Kulbir s/o Mangal r/o Vill. Mandiala, Po. Sohal Jagir, Distt. Jalandhar, Punjab have changed my name from Kulbir to Kulbir Singh. All Please Note.

I, Niharika c/o Gobind Dass r/o VPO. Gakhal, Distt. Jalandhar, Punjab have changed my name from Niharika to Niharika Kaur. All Please Note.

I, Gurpreet Singh s/o Jagtar Singh r/o Village Dalla Bhallowal, Po.Bhallowal, Distt. Jalandhar, Punjab have changed the name of my wife from Jaspreet Kaur to Jaspreet Kaur Chandi. All Please Note.

I, Satwinder Singh s/o Swarn Singh r/o Vill.Kot Karar Khan, Po. Patter Kalan, Distt. Kapurthala have changed my Given name as Satwinder & Surname as Singh. All Please Note.

I, Kanvir Kaur D/o Sh. Davinder Singh R/o H.No. E-1/C, Punjab Avenue, Subhana, Jalandhar-144022, Punjab, India have changed my name from Kanvir Kaur to Kennie Kaur. All Please Note. (R)

I, Avtar Singh S/o Balbir Singh R/o H.No. 134, Village Dhina, Distt. Jalandhar. I declare that Avtar as my given name and Singh as my surname. All Please Note.

I, Priyanka W/o Rahul Heer R/o Village Khojkipur, Po. Salala, Distt. Jalandhar have changed my name from Priyanka to Priyanka Heer, After marriage. All Please Note.

I, Manmeet Singh S/o Palwinder Singh R/o Dhogri Road, VPO. Dhogri, Distt. Jalandhar. I declare that Manmeet as my given name and Singh as my surname. All Please Note.

I, Parvinder Singh Bansal S/o Malkit Singh R/o Village Chohka, PO. Gardiwala, Teh. Dasuya (Hoshiarpur) I have changed my name from Parvinder Singh Bansal to parvinder Singh. All concerned please note.

I, Babita D/o Kishori Lal W/o Rajinder Kumar R/o 388, Paras Estate, P.O. Basti Bawa Khel, Jalandhar, Punjab-144021 changed my name to Babita Rani.

## PUBLIC NOTICE

I Yog Raj S/o Kundal Lal R/o H. No. 151, Street No.4, Vijay Nagar Batala Road Amritsar have changed my name from Yog Raj to Yog Raj Kakkar and also In my old Passport my D.O.B is Written as 08/08/1964 but my Aadhar Card and all documents my D.O.B is written as 27/06/1968. my Correct D.O.B is 08/08/1964. All concerned please note.

We, Diyal Singh S/o Late Mohan Singh and Kuldeep Kaur W/o Dyal Singh R/o 51, Khurla Kingra, Jalandhar - 144001, Punjab declare that our son Baljit Singh is out of our control. So we disown him from our all moveable and immovable properties. Anybody deal with him at their own risk and responsibility. All concerned may note.

## ਬੇਦਖਲੀ ਨੋਟਿਸ

ਮੈਂ ਬਲਵਿੰਦਰ ਕੌਰ ਪਤਨੀ ਬਖਸ਼ੀਸ਼ ਸਿੰਘ ਪਿੰਡ ਮਾੜੇ ਕਲਾਂ ਤਹਿਸੀਲ ਗੁਰੂਹਰਸਹਾਏ ਜਿਲਾ ਫਿਰੋਜਪੁਰ ਦੀ ਰਹਿਣ ਵਾਲੀ ਹਾਂ । ਮੇਰਾ ਲੜਕਾ ਬਖਸ਼ੀਸ਼ ਸਿੰਘ ਜੋ ਬਾਲਗ ਹੈ ਅਤੇ ਮਾੜੀ ਸੰਗਤ ਦਾ ਸ਼ਿਕਾਰ ਹੋ ਗਿਆ ਹੈ ਤੇ ਮੇਰੇ ਕਹਿਣੇ ਤੋਂ ਬਾਹਰ ਹੈ । ਮੈਂ ਉਸਨੂੰ ਆਪਣੀ ਚਲ ਅਚਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ । ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ । ਸਬੰਧਤ ਨੋਟ ਕਰਨ ।

ਮੈਂ ਸੁਖਦੇਵ ਸਿੰਘ ਪੁੱਤਰ ਰਤਨ ਸਿੰਘ ਵਾਸੀ 60, ਬਾਬਾ ਦੀਪ ਸਿੰਘ ਕਾਲੋਨੀ, ਨਿਊ ਹਮੀਦਪੁਰਾ, ਛੇਹਰਟਾ ਅੰਮ੍ਰਿਤਸਰ ਆਪਣੇ ਲੜਕੇ ਹਰਪਾਲ ਸਿੰਘ ਜੋ ਮੇਰੇ ਕਹਿਣੇ ਵਿੱਚ ਨਹੀ ਹੈ, ਮੇਰੀ ਕੋਈ ਗੱਲ ਨਹੀਂ ਮੰਨਦਾ , ਆਪਣੀ ਮਰਜੀ ਕਰਦਾ ਹੈ ਨੂੰ ਆਪਣੀ ਚੱਲ ਅਚੱਲ, ਝੁੱਕਵੀ ਅਣਝੁਕਵੀ ਜਾਇਦਾਦ ਤੋ ਬੇਦਖਲ ਕਰਦਾ ਹਾਂ। ਉਸਦੇ ਦੇ ਕਿਸੇ ਵੀ ਮਾੜੇ ਚੰਗੇ ਕੰਮ ਨਫ਼ੇ ਨੁਕਸਾਨ, ਲੈਣ ਦੇਣ, ਲੜਾਈ ਝਗੜੇ ਦੇ ਲਈ ਮੈਂ ਅਤੇ ਮੇਰਾ ਪਰਿਵਾਰ ਜਿੰਮੇਵਾਰ ਨਹੀ ਹੋਵੇਗਾ। ਮੇਰਾ ਹਰਪਾਲ ਸਿੰਘ ਨਾਲ ਕੋਈ ਸਬੰਧ ਨਹੀ ਹੈ।

ਮੈਂ ਰਾਮ ਪਿਆਰੀ ਪਤਨੀ ਸਵਰਗੀ ਰਾਜਕੁਮਾਰ ਵਾਸੀ ਪਿੰਡ ਲੱਲੀਆਂ ਖੁਰਦ ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਬੇਟਾ ਹਰੀਸ਼ ਚੰਦਰ ਹੈ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ । ਜਿਸ ਕਾਰਨ ਮੈਂ ਇਸ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ । ਜੋ ਕੋਈ ਵੀ ਇਸ ਦੇ ਨਾਲ ਕਿਸੇ ਤਰ੍ਹਾਂ ਦਾ ਲੈਣ ਦੇਣ ਕਰਦਾ ਹੈ ਉਹ ਇਸ ਦਾ ਖੁਦ ਜਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ ।

ਮੈਂ ਨਿਸ਼ਾਨ ਸਿੰਘ ਪੁੱਤਰ ਜੇਠੂ ਰਾਮ ਵਾਸੀ ਮੰਡਵੀ ਤਹਿਸੀਲ ਮੂਨਕ ਜਿਲ੍ਹਾ ਸੰਗਰੂਰ ਬਿਆਨ ਕਰਦਾ ਹਾਂ ਕਿ ਅਮਨਪ੍ਰੀਤ ਕੌਰ ਮੇਰੀ ਹਕੀਕੀ ਲੜਕੀ ਹੈ ਜੋ ਕਿ ਬੁਰੀ ਸੰਗਤ ਵਿੱਚ ਪੈ ਚੁੱਕੀ ਹੈ ਅਤੇ ਸਾਡੇ ਪਰਿਵਾਰ ਦੇ ਕਹਿਣੇ ਤੋਂ ਬਿਲਕੁਲ ਬਾਹਰ ਹੈ ਸਾਡੀ ਕੋਈ ਗੱਲ ਨਹੀਂ ਹੈ ਇਸ ਮੈ ਇਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਅੱਜ ਤੋਂ ਬਾਅਦ ਜੋ ਵੀ ਮੇਰੀ ਲੜਕੀ ਨਾਲ ਕੋਈ ਲੈਣ ਦੇਣ ਕਰੇਗਾ ਉਹ ਖੁਦ ਜਿੰਮੇਵਾਰ ਹੋਵੇਗਾ ਸਾਡੇ ਪਰਿਵਾਰ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ । ਸੰਬੰਧਿਤ ਨੋਟ ਕਰਨ।

ਮੈਂ, ਅਸ਼ੋਕ ਮਸੀਹ ਪੁੱਤਰ ਸ੍ਰੀ ਬਾਗ ਮਸੀਹ ਵਾਸੀ ਵਾਰਡ ਨੰ: 01, ਮਿਸ਼ਨ ਕੰਪਾਊਂਡ, ਫਿਰੋਜ਼ਪੁਰ ਰੋਡ, ਮੋਗਾ, ਤਹਿਸੀਲ ਤੇ ਜ਼ਿਲ੍ਹਾ ਮੋਗਾ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਡੇਵਿਡ ਮਸੀਹ, ਜੋ ਮੇਰੇ ਕਹਿਣੇ ਤੋਂ ਬਾਹਰ ਹੈ, ਮੈਨੂੰ ਅਤੇ ਮੇਰੇ ਪਰਵਾਰ ਨੂੰ ਤੰਗ-ਪ੍ਰੇਸ਼ਾਨ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ।

ਮੈਂ, ਲਖਵੀਰ ਕੌਰ ਪਤਨੀ ਪਰਮਜੀਤ ਸਿੰਘ ਵਾਸੀ ਗੁਰਨੇ ਕਲਾਂ, ਤਹਿਸੀਲ ਬੁਢਲਾਡਾ, ਜ਼ਿਲ੍ਹਾ ਮਾਨਸਾ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਅਵਿਨਾਸ਼ ਰੂਬਲ, ਜੋ ਮੇਰੇ ਕਹਿਣੇ ਤੋਂ ਬਾਹਰ ਹੈ, ਮੈਨੂੰ ਤੰਗ-ਪ੍ਰੇਸ਼ਾਨ ਅਤੇ ਆਪਣੀ ਮਨਮਰਜ਼ੀ ਕਰਦੀ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ।

ਅਸੀਂ, ਵਿਜੇ ਕੁਮਾਰ ਪੁੱਤਰ ਸ੍ਰੀ ਕੁੰਦਨ ਲਾਲ ਅਤੇ ਨੀਲਮ ਰਾਣੀ ਪਤਨੀ ਵਿਜੇ ਕੁਮਾਰ ਵਾਸੀ 132- ਸ਼ਿਵ ਨਗਰ, ਸੋਢਲ ਰੋਡ, ਜਲੰਧਰ (ਪੰਜਾਬ) ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਕਮਲਜੀਤ ਅਤੇ ਇਸ ਦੀ ਪਤਨੀ ਰਜਨੀ ਬਾਲਾ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਸਾਡੀ ਕੋਈ ਗੱਲ ਨਹੀਂ ਮੰਨਦੇ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਅਤੇ ਸਾਡੇ ਪਰਵਾਰ ਦੇ ਬਾਕੀ ਮੈਂਬਰਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ ਕਰਮਜੀਤ ਸਿੰਘ ਪੁੱਤਰ ਮੇਵਾ ਸਿੰਘ, ਵਾਸੀ ਮਹਿਤਾ ਚੌਂਕ, ਤਹਿਸੀਲ ਬਾਬਾ ਬਕਾਲਾ (ਅੰਮ੍ਰਿਤਸਰ) ਆਪਣੇ ਲੜਕੇ ਦਲਜੀਤ ਸਿੰਘ, ਨੂੰਹ ਸਿਮਰਨਜੀਤ ਕੌਰ ਨੂੰ ਕਹਿਣੇ ਤੋਂ ਬਾਹਰੀ ਹੋਣ ਕਾਰਣ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ।

ਮੈਂ, ਕਰਨੈਲ ਸਿੰਘ ਪੁੱਤਰ ਈਸ਼ਰ ਸਿੰਘ ਵਾਸੀ ਪਿੰਡ ਜੱਬੋ ਸੁਧਾਰ, ਤਹਿ. ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਦਾ ਰਹਿਣ ਵਾਲਾ ਹਾਂ। ਇਹ ਹੈ ਕਿ ਮੈਂ ਕਮਲਜੀਤ ਸਿੰਘ ਨੂੰ ਗੋਦਨਾਮੇ ਰਾਹੀਂ ਲਿਆ ਸੀ। ਮੇਰਾ ਲੜਕਾ ਕਮਲਜੀਤ ਸਿੰਘ ਮੇਰੇ ਕਹਿਣੇਕਾਰ ਤੋਂ ਬਾਹਰ ਹੈ। ਮੈਂ ਹਲਫੀਆ ਬਿਆਨ ਕਰਦਾ ਹਾਂ ਕਿ ਇਸ ਨੂੰ ਮੈਂ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ।

ਮੈਂ, ਬਲਦੇਵ ਸਿੰਘ ਪੁੱਤਰ ਨਿਰਮਲ ਸਿੰਘ ਵਾਸੀ ਪੱਤੀ ਲਹਿੰਦੀ, ਪਿੰਡ ਚੱਬਾ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਨਿਸ਼ਾਨ ਸਿੰਘ ਅਤੇ ਇਸ ਦੀ ਪਤਨੀ ਖੁਸ਼ੀ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਮੈਂ ਇਨ੍ਹਾਂ ਤੋਂ ਤੰਗ-ਪ੍ਰੇਸ਼ਾਨ ਹਾਂ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਰਿਸ਼ਤਾ ਨਹੀਂ ਹੈ।

ਮੈਂ, ਕਮਲਜੀਤ ਕੌਰ ਪਤਨੀ ਸੁਰਜੀਤ ਸਿੰਘ ਵਾਸੀ ਪਿੰਡ ਜਨੇਰ, ਤਹਿ. ਧਰਮਕੋਟ, ਜ਼ਿਲ੍ਹਾ ਮੋਗਾ ਬਿਆਨ ਕਰਦੀ ਹਾਂ ਕਿ ਮੇਰਾ ਲੜਕੀ ਸੁਮਨਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਗੁਰਮੀਤ ਕੌਰ ਪਤਨੀ ਕਰਮ ਸਿੰਘ ਵਾਸੀ ਪਿੰਡ ਚੀਮਾ, ਤਹਿਸੀਲ ਧਰਮਕੋਟ, ਜ਼ਿਲ੍ਹਾ ਮੋਗਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਰੇਸ਼ਮ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਹਰਬੰਸ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਪਿੰਡ ਲੌਂਗੀਵਿੰਡ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਹਰਜਿੰਦਰ ਕੌਰ, ਜੋ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦੀ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ ਸਰਦਾਰੀ ਲਾਲ ਪੁੱਤਰ ਸ੍ਰੀ ਬਿਸ਼ਨ ਦਾਸ ਵਾਸੀ ਪਿੰਡ ਕੋਠੇ ਮਾਈ ਉਮਰੀ ਦੇ (ਪਨਿਆੜ) ਤਹਿਸੀਲ ਦੀਨਾਨਗਰ ਜਿਲਾ ਗੁਰਦਾਸਪੁਰ, ਆਪਣੀ ਲੜਕੀ ਪਾਯਲ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ,ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਮੀਨ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।ਸੰਬੰਧਿਤ ਨੋਟ ਕਰਨ।

ਮੈਂ ਰਾਮ ਪਿਆਰੀ ਪਤਨੀ ਸਵਰਗੀ ਰਾਜਕੁਮਾਰ ਵਾਸੀ ਪਿੰਡ ਲੱਲੀਆਂ ਖੁਰਦ ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਬੇਟਾ ਹਰੀਸ਼ ਚੰਦਰ ਹੈ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ । ਜਿਸ ਕਾਰਨ ਮੈਂ ਇਸ ਨੂੰ ਆਪਣੀ ਚੱਲ ਤੇ ਅਚੱਲ ...

## ਬੇਦਖਲੀ ਨੋਟਿਸ

ਮੈਂ, ਸੁਦੇਸ਼ ਕੁਮਾਰੀ ਪਤਨੀ ਭਰਤ ਸਿੰਘ ਰਾਣਾ ਵਾਸੀ ਮਕਾਨ ਨੰ: ਐਲ-125, ਉਪਕਾਰ ਨਗਰ, ਚੁਗਿੱਟੀ, ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਇਸ਼ੀ ਰਾਣਾ ਅਤੇ ਉਸਦੀ ਪਤਨੀ ਅਲਕਾ ਰਾਣਾ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਕੈਲਾਸ਼ ਨਾਥ ਗੁਪਤਾ ਪੁੱਤਰ ਪਰਿਆਗ ਗੁਪਤਾ ਵਾਸੀ ਮਕਾਨ ਨੰ ਬੀ/27, ਆਨੰਦ ਨਗਰ, ਨੇੜੇ ਰੇਲਵੇ ਲਾਇਨ, ਮਕਸੂਦਾਂ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਸ਼ੰਮੀ ਤੇ ਉਸਦੀ ਪਤਨੀ ਸ਼ਵੇਤਾ ਮਹਿਰਾ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਸੁਖਦੇਵ ਸਿੰਘ ਪੁੱਤਰ ਹਰਭਜਨ ਸਿੰਘ ਵਾਸੀ ਪਿੰਡ ਕੰਦੋਵਾਲੀ, ਡਾਕ. ਚੇਤਨਪੁਰਾ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਜੋਤਪ੍ਰੀਤ ਸਿੰਘ, ਜੋ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਬਲਬੀਰ ਕੌਰ ਪਤਨੀ ਲੇਟ ਸ੍ਰੀ ਬਖਸ਼ੀਸ਼ ਸਿੰਘ ਵਾਸੀ ਮਕਾਨ ਨੰ: 48-49 ਪੈਰਿਸ ਐਵੇਨਿਊ, ਛੇਹਰਟਾ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰੀ ਨੂੰਹ ਬਲਜੀਤ ਕੌਰ ਪਤਨੀ ਲੇਟ ਸ੍ਰੀ ਜਸਪਾਲ ਸਿੰਘ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦੀ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਰਾਜ ਕੁਮਾਰ ਪੁੱਤਰ ਲਾਲ ਚੰਦ ਵਾਸੀ ਮਕਾਨ ਨੰ: ਐੱਨ. ਏ. 246, ਬਾਲਮੀਕੀ ਮੁਹੱਲਾ, ਕਿਸ਼ਨਪੁਰਾ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਰਾਹੁਲ ਅਤੇ ਉਸ ਦੀ ਪਤਨੀ ਸੋਨੀਆ, ਜੋ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੇਰੀ ਕੋਈ ਸੇਵਾ-ਸੰਭਾਲ ਨਹੀਂ ਕਰਦੇ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

## ਆਮ ਸੂਚਨਾ

ਤਸਦੀਕ ਕੀਤਾ ਜਾਂਦਾ ਹੈ ਕਿ ਉਪ ਮੰਡਲ ਦਫ਼ਤਰ ਅਜਨਾਲਾ ਵਿਚ ਚੱਲਦੇ ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ 3003374900, ਜੋ ਕਿ ਸ੍ਰੀ ਦਲੀਪ ਸਿੰਘ ਪੁੱਤਰ ਲਾਭ ਸਿੰਘ ਪਿੰਡ ਸਾਦੋਗਾਜੀ ਦੇ ਨਾਂਅ 'ਤੇ ਚਲਦਾ ਹੈ, ਨੂੰ ਸ੍ਰੀ ਪਰਤਾਪ ਸਿੰਘ ਪੁੱਤਰ ਦਲੀਪ ਸਿੰਘ ਪਿੰਡ ਸੈਦੋਗਾਜੀ ਦੇ ਨਾਂਅ 'ਤੇ ਬਦਲੀ ਕਰਾਉਣ ਲਈ ਬੇਨਤੀ ਪੱਤਰ ਦਿੱਤਾ ਹੈ। ਜਿਸ ਕਿਸੇ ਨੂੰ ਇਸ ਸੰਬੰਧੀ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦਫ਼ਤਰ ਅਜਨਾਲਾ ਵਿਖੇ ਉਪ ਮੰਡਲ ਅਫਸਰ ਨੂੰ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ।

ਤਸਦੀਕ ਕੀਤਾ ਜਾਂਦਾ ਹੈ ਕਿ ਉਪ ਮੰਡਲ ਦਫ਼ਤਰ ਅਜਨਾਲਾ ਵਿਚ ਚੱਲਦੇ ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ 3008135072, ਜੋ ਕਿ ਸ੍ਰੀ ਬਲਕਾਰ ਸਿੰਘ ਪੁੱਤਰ ਦਿਆਲ ਸਿੰਘ ਪਿੰਡ ਬੋਹਲੀਆਂ ਦੇ ਨਾਂਅ 'ਤੇ ਚੱਲਦਾ ਹੈ, ਨੂੰ ਸ੍ਰੀ ਰਣਜੀਤ ਸਿੰਘ ਪੁੱਤਰ ਮਹਿੰਦਰ ਸਿੰਘ ਪਿੰਡ ਬੋਹਲੀਆਂ ਦੇ ਨਾਂਅ 'ਤੇ ਬਦਲੀ ਕਰਾਉਣ ਲਈ ਬੇਨਤੀ ਪੱਤਰ ਦਿੱਤਾ ਹੈ। ਜਿਸ ਕਿਸੇ ਨੂੰ ਇਸ ਸੰਬੰਧੀ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦਫ਼ਤਰ ਅਜਨਾਲਾ ਵਿਖੇ ਉਪ ਮੰਡਲ ਅਫਸਰ ਨੂੰ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ।

ਮੈਂ, ਯੋਗੇਸ਼ ਭਾਟੀਆ ਪੁੱਤਰ ਲੇਟ ਸ਼ਾਮ ਸੁੰਦਰ ਭਾਟੀਆ ਵਾਸੀ 68, ਕਾਂਗੜਾ ਕਾਲੋਨੀ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੇ ਘਰ ਦੀ ਪੁਰਾਣੀ ਰਜਿਸਟਰੀ, ਜੋ ਮੇਰੇ ਪਿਤਾ ਸ਼ਾਮ ਸੁੰਦਰ ਭਾਟੀਆ ਪੁੱਤਰ ਬੋਧ ਰਾਜ ਭਾਟੀਆ ਵਾਸੀ 68, ਕਾਂਗੜਾ ਕਾਲੋਨੀ ਦੇ ਨਾਂਅ ਹੈ। ਕੁਲ ਰਕਬਾ 150 ਵਰਗ ਗਜ਼, ਖਸਰਾ ਨੰ: 2144, 2147, ਜਮ੍ਹਾਂਬੰਦੀ ਮੁਤਾਬਕ 3205/594-594/ 601-606/17/1 ਮਿੰਨ, ਦਸਤਾਵੇਜ਼ ਨੰ: 4437, ਬਹੀ ਨੰ:1, ਜਿਲਦ ਨੰ: 817, ਸਫਾ ਨੰ: 180 ਤਸਦੀਕ ਮਿਤੀ 09.04.1981, ਜੋ 15.09.26 ਨੂੰ ਗੁੰਮ ਹੋ ਗਈ ਹੈ। ਇਸ ਦੀ ਐੱਫ ਆਈ ਆਰ 17.09.26 ਨੂੰ ਥਾਣਾ ਸਿਵਲ ਲਾਈਨ, ਅੰਮ੍ਰਿਤਸਰ ਵਿਖੇ ਦਰਜ ਕਰਵਾ ਦਿੱਤੀ ਹੈ, ਜਿਸ ਦਾ ਜੀ. ਡੀ. ਨੰ: 013 ਹੈ।

ਮੈ ਰਾਮ ਪਾਲ ਪੁੱਤਰ ਸ਼ਿਵ ਰਾਮ ਪਿੰਡ ਸੁੱਖੇ ਮਾਜਰਾ ਡਾਕਘਰ ਨੂਰਪੁਰਬੇਦੀ ਜਿਲ੍ਹਾ ਰੂਪਨਗਰ ਨੇ ਬੇਦਖਲ ਕੀਤੇ ਆਪਣੇ ਲੜਕੇ ਦੇਸ ਰਾਜ ਅਤੇ ਉਸਦੀ ਪਤਨੀ ਹਰਜਿੰਦਰ ਕੌਰ ਉਰਫ ਹਰਪ੍ਰੀਤ ਹੁਣ ਮੇਰੇ ਕਹਿਣੇ 'ਚ ਹੋਣ ਕਰਕੇ ਉਨ੍ਹਾਂ ਦੀ ਬੇਦਖਲੀ ਵਾਪਿਸ ਲੈਂਦਾ ਹਾਂ। ਹੁਣ ਮੈਂ ਉਨ੍ਹਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ 'ਚ ਦਾਖਲਾ ਦਿੰਦਾ ਹਾਂ।

## ਨਾਂਅ ਦੀ ਬਦਲੀ

ਮੈਂ, ਰਜੰਤੀ ਦੇਵੀ, ਪਤਨੀ ਕਮਲੇਸ਼ ਯਾਦਵ, ਵਾਸੀ ਮਕਾਨ ਨੰ. 17, ਗਲੀ ਨੰ. 3, ਕਾਲੀਆ ਫਾਰਮ, ਜਲੰਧਰ, ਇਹ ਘੋਸ਼ਣਾ ਕਰਦੀ ਹਾਂ ਕਿ ਮੈਂ ਆਪਣੀ ਨਾਬਾਲਗ ਧੀ ਦਾ ਨਾਮ 'ਸੁਨੈਨਾ' ਤੋਂ ਬਦਲ ਕੇ 'ਸੁਨੈਨਾ ਕੁਮਾਰੀ' ਕਰ ਦਿੱਤਾ ਹੈ।

ਮੈਂ, ਪਵਨ ਕੋਹਲੀ ਪੁੱਤਰ ਕੁਲਦੀਪ ਰਾਜ ਕੋਹਲੀ ਵਾਸੀ ਮਕਾਨ ਨੰ: 43, ਸਹਿਜ ਇਨਕਲੇਵ, ਅੰਮ੍ਰਿਤਸਰ, ਪੰਜਾਬ ਬਿਆਨ ਕਰਦਾ ਹਾਂ ਕਿ ਪਵਨ ਕੁਮਾਰ ਅਤੇ ਪਵਨ ਕੋਹਲੀ ਦੋਵੇਂ ਇਕੋ ਹੀ ਵਿਅਕਤੀ ਦੇ ਨਾਂਅ ਹਨ ਅਤੇ ਬਰਾਬਰ ਮਹੱਤਤਾ ਰੱਖਦੇ ਹਨ।

ਮੈਂ, ਦੀਪਕ ਪੁੱਤਰ ਸ੍ਰੀ ਗੁਰਦੇਵ ਸਿੰਘ ਵਾਸੀ ਪਿੰਡ ਰਾਮਟਟਵਾਲੀ, ਡਾਕ. ਢੋਲਵਾਹਾ, ਤਹਿ. ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਨੇ ਆਪਣਾ ਨਾਂਅ ਦੀਪਕ ਤੋਂ ਦੀਪਕ ਸਿੰਘ ਰੱਖ ਲਿਆ ਹੈ।

ਮੈਂ ਕੋਮਲ ਮਾਰਫਤ ਮਨਮੋਹਨ ਕੁਮਾਰ , ਨਰੋਤਮ ਵਿਹਾਰ, ਕਪੂਰਥਲਾ ਨੇ ਆਪਣਾ ਨਾਮ ਬਦਲ ਕੇ ਕੋਮਲ ਤੋ ਰਿੱਕੀ ਸ਼ਰਮਾ ਰੱਖ ਲਿਆ ਹੈ ਤੇ ਰਿੱਕੀ ਸ਼ਰਮਾ ਤੇ ਕੋਮਲ ਇੱਕ ਹੀ ਔਰਤ ਦੇ ਦੋ ਨਾਮ ਹਨ। ਅੱਜ ਤੋ ਬਾਦ ਮੇਨੂੰ ਰਿੱਕੀ ਸ਼ਰਮਾ ਦੇ ਨਾਮ ਨਾਲ ਜਾਨਿਆ ਤੇ ਬੁਲਾਇਆ ਜਾਵੇ। ਸਾਰੇ ਸਬੰਧਤ ਨੋਟ ਕਰਨ।

ਮੈਂ, ਸੁਨੀਤਾ ਪਤਨੀ ਰਾਮ, ਵਾਸੀ ਪਿੰਡ ਤੇ ਡਾਕ. ਬੈਂਚ ...

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ / ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ... ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## AXIS BANK LTD.

## ਅੰਤਿਕਾ IV [(ਦਵਾਲਾ ਰੂਲ-8(1)] ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿਮਟਿਡ ਰਿਟੇਲ ਐਸੇਟ ਸੈਂਟਰ, ਦੂਜੀ ਮੰਜ਼ਲ, ਜਾਇਦਾਦ # 7-ਈ, ਮਿਊਂਸਪਲ 3903/1142/16, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001 ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟੀਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 (2002 ਦਾ 54) ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ (1) ਸ੍ਰੀ ਰਾਕੇਸ਼ ਕੁਮਾਰ ਪੁੱਤਰ ਰਾਮ ਸ਼ਾਹ (ਕਰਜ਼ਦਾਰ) (2) ਸ੍ਰੀ ਵਿਕਾਸ ਪੁੱਤਰ ਰਾਮ ਸ਼ਾਹ (ਸਹਿ-ਕਰਜ਼ਦਾਰ) ਅਤੇ (3) ਸ੍ਰੀਮਤੀ ਊਸ਼ਾ ਰਾਣੀ ਪਤਨੀ ਰਾਮ ਸ਼ਾਹ (ਸਹਿ-ਕਰਜ਼ਦਾਰ/ਰਹਿਣਕਾਰ) ਨੂੰ ਨੋਟਿਸ 'ਚ ਦਰਸਾਏ ਅਨੁਸਾਰ ਰਕਮ ਰੁਪਏ 18,91,340/- (ਅਠਾਰਾਂ ਲੱਖ ਇਕਾਨਵੇਂ ਹਜ਼ਾਰ ਤਿੰਨ ਸੌ ਚਾਲੀ ਰੁਪਏ ਕੇਵਲ) ਸਮੇਤ ਇਸ 'ਤੇ 17-03-2023 ਤੋਂ ਅਦਾਇਗੀ ਦੀ ਮਿਤੀ ਤੱਕ ਇਕਰਾਰਨਾਮੇ ਦੀ ਦਰ 'ਤੇ ਵਿਆਜ, ਅਗਲਾ ਅਣਲਾਗੂਯੋਗ ਵਿਆਜ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਰਕਮ ਦੀ ਅਦਾਇਗੀ ਲਈ 16 ਮਾਰਚ 2023 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ/ਸਹਿ-ਕਰਜ਼ਦਾਰ/ਰਹਿਣਕਾਰ/ਗਰੰਟਰ ਉਕਤ ਦਰਸਾਈ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ। ਉਕਤ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਰਹਿਣਕਾਰਾਂ/ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਉਕਤ ਦਰਸਾਈ ਜਾਇਦਾਦ ਦਾ 15 ਸਤੰਬਰ 2026 ਨੂੰ ਕਬਜ਼ਾ ਪ੍ਰਾਪਤ ਕਰ ਲਿਆ ਹੈ ।

ਉਕਤ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਰਹਿਣਕਾਰਾਂ/ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਉਕਤ ਦਰਸਾਈਆਂ ਜਾਇਦਾਦਾਂ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਲਈ ਕਿਹਾ ਜਾਂਦਾ ਹੈ ਅਤੇ ਜਾਇਦਾਦਾਂ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ ਕਰਨ 'ਤੇ ਐਕਸਿਸ ਬੈਂਕ ਲਿਮਟਿਡ ਦੀ ਰਕਮ ਰੁਪਏ 18,91,340 (ਅਠਾਰਾਂ ਲੱਖ ਇਕਾਨਵੇਂ ਹਜ਼ਾਰ ਤਿੰਨ ਸੌ ਚਾਲੀ ਰੁਪਏ ਕੇਵਲ) ਸਮੇਤ ਇਸ 'ਤੇ ਅਗਲਾ ਵਿਆਜ ਵਸੂਲੀ ਹੇਠ ਹੋਵੇਗੀ।

ਕਰਜ਼ਦਾਰ ਦਾ ਧਿਆਨ ਉਪਲੱਬਧ ਸਮੇਂ ਦੇ ਸੰਬੰਧ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਪ੍ਰਤੀ ਦਿਵਾਇਆ ਜਾਂਦਾ ਹੈ।

### ਅਚੱਲ ਜਾਇਦਾਦ ਦਾ ਵੇਰਵਾ

ਰਿਹਾਇਸ਼ੀ ਜਾਇਦਾਦ/ਪਲਾਟ ਪ੍ਰਾਈਵੇਟ ਨੰ. 102 'ਤੇ ਬਣਿਆ ਮਕਾਨ ਰਕਬਾ 60 ਵਰਗ ਗਜ਼, ਖਸਰਾ ਨੰ. 655, 656 ਮਿੰਨ, ਖੇਵਟ ਨੰ. 989, 990, 991, 992, ਖਤੌਨੀ ਨੰ. 1346, 1347, ਜਮ੍ਹਾਂਬੰਦੀ ਸਾਲ 2015-2016, ਰਕਬਾ ਸੁਲਤਾਨਵਿੰਡ ਸਬ-ਅਰਬਨ ਤਰਫ ਬਹਿਣੀਵਾਲ ਵਿਖੇ ਸਥਿਤ, ਅਬਾਦੀ ਰਜਿੰਦਰ ਨਗਰ, ਤਹਿਸੀਲ ਅੰਮ੍ਰਿਤਸਰ-1, ਜ਼ਿਲ੍ਹਾ ਅੰਮ੍ਰਿਤਸਰ, ਸ੍ਰੀਮਤੀ ਊਸ਼ਾ ਰਾਣੀ ਪਤਨੀ ਰਾਮ ਸ਼ਾਹ ਦੇ ਨਾਂਅ ਰਜਿਸਟਰਡ ਦਸਤਾਵੇਜ਼ ਨੰ. 2019-20/89/1/5214 ਮਿਤੀ 16-09-2019 ਅਨੁਸਾਰ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਪਲਾਟ ਨੰ. 102-ਏ ਦਾ ਬਾਕੀ ਹਿੱਸਾ, ਪੱਛਮ : ਗਲੀ 15' ਚੌੜੀ, ਉੱਤਰ : ਗਲੀ 16 ਫੁੱਟ, ਦੱਖਣ : ਹੋਰਨਾਂ ਦੀ ਮਾਲਕੀ।

ਮਿਤੀ : 15-09-2026, ਸਥਾਨ : ਅੰਮ੍ਰਿਤਸਰ (ਅਧਿਕਾਰਤ ਅਫਸਰ) ਐਕਸਿਸ ਬੈਂਕ ਲਿਮਟਿਡ

# ਐੱਸ ਸੀ/ਬੀ ਸੀ ਅਧਿਆਪਕ ਯੂਨੀਅਨ ਵੱਲੋਂ ਰੋਸ ਮਾਰਚ

**ਅਲਾਵਲਪੁਰ (ਮਦਨ ਬੰਗੜ)**-ਐੱਸ.ਸੀ./ਬੀ.ਸੀ.ਅਧਿਆਪਕ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਕਰਿਸ਼ਨ ਸਿੰਘ ਦੁੱਗਾਂ ਦੀ ਅਗਵਾਈ 'ਚ ਦਫ਼ਤਰ ਡਾਇਰੈਕਟਰ ਸਮਾਜਿਕ ਨਿਆਂ ਅਧਿਕਾਰਤਾ ਤੇ ਘੱਟ ਗਿਣਤੀ ਵਿਭਾਗ ਅੱਗੇ ਕਈ ਘੰਟੇ ਰੋਸ ਪ੍ਰਦਰਸ਼ਨ ਕੀਤਾ ਗਿਆ।ਸਿੱਖਿਆ ਵਿਭਾਗ ਪੰਜਾਬ ਵੱਲੋਂ 1013 ਲੈਕਚਰਾਰ ਸਿੱਧੀ ਭਰਤੀ ਵਿੱਚ ਐੱਸ ਸੀ (25%)ਅਤੇ ਬੀ.ਸੀ. (12%) ਵਰਗ ਬਣਦਾ ਰਾਖਵਾਂ ਕੋਟਾ ਨਾ ਦੇਣ ਵਿਰੁੱਧ ਅਤੇ ਮੁਲਾਜ਼ਮਾਂ ਤੇ ਵਿਦਿਆਰਥੀਆਂ ਦੇ ਸੰਵਿਧਾਨਿਕ ਹੱਕਾਂ ਦੀ ਪੂਰਤੀ ਲਈ ਰੋਸ ਮੁਜ਼ਾਹਰ ਵਿਚ ਵੱਖ-ਵੱਖ ਵਿਦਿਆਰਥੀ ਅਤੇ ਸਮਾਜਿਕ ਸੰਗਠਨਾਂ ਦੇ ਆਗੂ ਅਤੇ ਵਰਕਰ ਵੀ ਸ਼ਾਮਿਲ ਹੋਏ। ਸੂਬਾ ਜਨਰਲ ਸਕੱਤਰ ਲਛਮਣ ਸਿੰਘ ਨਬੀਪੁਰ ਨੇ ਆਪਣੇ ਭਾਸ਼ਨ 'ਚ ਕਿਹਾ ਕਿ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਵੱਲੋਂ ਰਾਖਵਾਂਕਰਨ ਵਿਰੋਧੀ ਮਾਨਸਿਕਤਾ ਤਹਿਤ 1013 ਲੈਕਚਰਾਰ ਸਿੱਧੀ ਭਰਤੀ ਵਿੱਚ ਬਣਦਾ ਰਾਖਵਾਂ ਕੋਟਾ ਨਹੀਂ ਦਿੱਤਾ ਗਿਆ।ਇਸ ਮਸਲੇ ਦੇ ਸਬੂਤਾਂ ਦੇ ਹੱਲ ਲਈ ਸਟੇਟ ਕਮੇਟੀ ਵੱਲੋਂ ਪ੍ਰਿੰਸੀਪਲ ਸਕੱਤਰ ਭਲਾਈ ਵੀ ਕੇ ਮੀਣਾ ਅਤੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨਾਲ ਕਈ ਮੀਟਿੰਗਾਂ ਕੀਤੀਆਂ ਗਈਆਂ। ਇਨਾਂ ਮੀਟਿੰਗਾਂ ਵਿੱਚ ਆਗੂਆਂ ਵੱਲੋਂ ਤੱਥਾਂ ਸਹਿਤ ਸਿੱਧ ਕੀਤਾ ਅਤੇ ਸਬੂਤ ਦੇ ਕੇ ਪੱਖ ਰੱਖਿਆ ਕਿ ਵੱਖ-ਵੱਖ ਵਿਸ਼ਿਆਂ ਵਿੱਚ ਆਪਣੀ ਮੈਰਿਟ ਦੇ ਅਧਾਰ ਤੇ ਭਰਤੀ ਹੋਏ ਐੱਸ ਸੀ, ਬੀ ਸੀ ਉਮੀਦਵਾਰਾਂ ਨੂੰ ਹੀ ਰੋਸਟਰ ਨੁਕਤਿਆਂ ਤੇ ਲਗਾਇਆ ਗਿਆ ਹੈ ਜੋ ਰਾਖਵਾਂਕਰਨ ਨੀਤੀ,ਆਰ.ਕੇ ਸੱਭਰਵਾਲ ਕੇਸ,ਭਲਾਈ ਵਿਭਾਗ ਦੀਆਂ 10/7/1995 ਦੀਆਂ ਹਦਾਇਤਾਂ ਦੀ ਸ਼ਰੇਆਮ ਉਲੰਘਣਾ ਹੈ ਜਿਸ ਦੇ ਰੋਸ ਵਜੋਂ ਡਾਇਰੈਕਟਰ ਭਲਾਈ ਵਿਭਾਗ ਪੰਜਾਬ ਦੇ ਦਫ਼ਤਰ ਫੇਜ਼-1 ਮੋਹਾਲੀ ਦਾ ਘਿਰਾਓ ਕਰਕੇ ਭਲਾਈ ਮੰਤਰੀ ਡਾ. ਬਲਜੀਤ ਕੌਰ ਅਤੇ ਡਾਇਰੈਕਟਰ ਭਲਾਈ ਵਿਭਾਗ ਵਿਮੀ ਭੁੱਲਰ ਦੇ ਪੁਤਲੇ ਫੂਕ ਕੇ ਰੋਸ ਮੁਜ਼ਾਹਰਾ ਕੀਤਾ ਗਿਆ।ਆਗੂਆਂ ਨੇ ਮੰਗ ਕੀਤੀ ਕਿ 1013 ਲੈਕਚਰਾਰ ਭਰਤੀ ਵਿੱਚ ਬਣਦਾ ਰਾਖਵਾਂ ਕੋਟਾ ਦੇਣ ਬਾਰੇ ਤੁਰੰਤ ਸੋਧ ਪੱਤਰ ਜਾਰੀ ਕੀਤਾ ਜਾਵੇ ਤਾਂ ਜੋ ਐੱਸ.ਸੀ., ਬੀ.ਸੀ. ਵਰਗ ਦੇ ਲੋਕਾਂ ਨੂੰ ਇਨਸਾਫ਼ ਮਿਲ ਸਕੇ। ਜਥੇਬੰਦੀ ਦੇ ਦਬਾਅ ਅੱਗੇ ਝੁਕਦਿਆਂ ਡਾਇਰੈਕਟਰ ਵਿਮੀ ਭੁੱਲਰ ਨੇ ਸੂਬਾ ਪ੍ਰਧਾਨ ਕ੍ਰਿਸ਼ਨ ਸਿੰਘ ਦੁੱਗਾਂ ਨੂੰ ਫੋਨ ਕਰਕੇ ਦੱਸਿਆ ਕਿ ਉਕਤ ਮਸਲੇ ਦੇ ਹੱਲ ਲਈ ਮਾਣਯੋਗ ਭਲਾਈ ਮੰਤਰੀ ਡਾ.ਬਲਜੀਤ ਕੌਰ ਵੱਲੋਂ 21 ਸਤੰਬਰ ਨੂੰ ਪੰਜਾਬ ਭਵਨ ਵਿਖੇ 11:00 ਵਜੇ ਮੀਟਿੰਗ ਦਾ ਸੱਦਾ ਦਿੱਤਾ ਗਿਆ ਹੈ।ਡਿਪਟੀ ਡਾਇਰੈਕਟਰ ਸੰਜੀਵ ਮੰਨਣ ਵੱਲੋਂ ਧਰਨੇ ਵਿੱਚ ਪਹੁੰਚ ਕੇ ਉੱਕਤ ਮੀਟਿੰਗ ਸਬੰਧੀ ਲਿਖਤੀ ਪੱਤਰ ਯੂਨੀਅਨ ਦੇ ਆਗੂਆਂ ਨੂੰ ਸੌਂਪਿਆ ਗਿਆ।ਰੋਸ ਧਰਨੇ ਨੂੰ ਸਾਬਕਾ ਸੂਬਾ ਪ੍ਰਧਾਨ ਬਲਜੀਤ ਸਿੰਘ ਸਲਾਣਾ ਨੇ ਮਬਾਦੀ ਅਨੁਸਾਰ ਰਾਖਵਾਂਕਰਨ ਤੇ ਜ਼ੋਰ ਦਿੱਤਾ। ਰੋਸ ਧਰਨੇ ਨੂੰ ਚੀਫ ਆਰਗੇਨਾਈਜ਼ਰ ਪਰਮਿੰਦਰ ਗੁਰਦਾਸਪੁਰ, ਮੀਤ ਪ੍ਰਧਾਨ ਹਰਦੀਪ ਸਿੰਘ ਤੂਰ, ਹਰਪਾਲ ਸਿੰਘ ਤਰਨਤਾਰਨ, ਹਰਬੰਸ ਲਾਲ ਪਰਜੀਆਂ, ਸੁਨੀਲ ਕੁਮਾਰ, ਪ੍ਰੈੱਸ ਸਕੱਤਰ ਹਰਜਿੰਦਰ ਪੁਰਾਣੇਵਾਲਾ, ਦੇਸ ਰਾਜ ਜਲੰਧਰ, ਸੁਖਪਾਲ ਬਕਰਾਹਾ, ਨਰਿੰਦਰਜੀਤ ਸਿੰਘ, ਸੁਪਿੰਦਰ ਸਿੰਘ ਫਤਹਿਗੜ੍ਹ ਸਾਹਿਬ, ਕੁਲਵਿੰਦਰ ਬਿੱਟੂ, ਕੰਵਲਜੀਤ ਸਿੰਘ ਭਵਾਨੀਗੜ੍ਹ, ਤਰਸੇਮ ਸਿੰਘ ਫਰੀਦਕੋਟ, ਬਲਬੀਰ ਸਿੰਘ ਤਰਨਤਾਰਨ, ਨਰਿੰਦਰਜੀਤ ਕਪੂਰਥਲਾ, ਹਰਨੇਕ ਕਪੂਰਥਲਾ, ਗੁਰਜੰਟ ਭੁਰਥਲਾ, ਬਲਵਿੰਦਰ ਸਿੰਘ ਮੁਲਤਾਨੀ,ਜਗਤਾਰ ਜੱਗੀ, ਲਖਵਿੰਦਰ ਕਕਰਾਲਾ, ਗੁਰਪ੍ਰੀਤ ਸਿੰਘ, ਸੀਮਾ ਭਾਰਤੀ,ਪ੍ਰਿੰਸੀਪਲ ਜੋਗਿੰਦਰ ਸਿੰਘ ਬਲਮਗੜ੍ਹ, ਡਾ.ਜਤਿੰਦਰ ਹੰਸ,ਬਲਵਿੰਦਰ ਸਿੰਘ ਕੁੰਬੜਾ, ਅਜੈਬ ਬੈਠੋਈ, ਲਖਵੀਰ ਬੌਬੀ ਆਦਿ ਹਾਜ਼ਰ ਸਨ।



# ਡਾ. ਅੰਬੇਡਕਰ ਦਾ ਬੁੱਤ ਤੋੜਨ ਨਾਲ ਸੰਵਿਧਾਨ ਨਹੀਂ ਬਦਲੇਗਾ

## ਬਾਬਾ ਸਾਹਿਬ ਦੀ ਵਿਚਾਰਧਾਰਾ ਹਮੇਸ਼ਾ ਕਾਇਮ ਰਹੇਗੀ : ਬੇਗਮਪੁਰਾ ਟਾਈਗਰ ਫੋਰਸ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਅਜੇ ਲੁਧਿਆਣਾ ਵਿਖੇ ਭਾਰਤੀ ਸੰਵਿਧਾਨ ਦੇ ਰਚੇਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਸਟੈਚੂ ਨਾਲ ਹੋਈ ਛੇੜਛਾੜ ਦਾ ਮਾਮਲਾ ਠੰਢਾ ਨਹੀਂ ਹੋਇਆ ਸੀ ਕਿ ਕੁਝ ਦਿਨਾਂ ਬਾਅਦ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਬਾੜੀਆਂ ਕਲਾਂ ਵਿਖੇ ਵੀ ਬਾਬਾ ਸਾਹਿਬ ਦੇ ਸਟੈਚੂ ਨਾਲ ਮਾੜੀ ਨੀਅਤ ਨਾਲ ਤੋੜ-ਭੰਨ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇਸ ਘਟਨਾ ਦੀ ਬੇਗਮਪੁਰਾ ਟਾਈਗਰ ਫੋਰਸ ਦੇ ਪੰਜਾਬ ਪ੍ਰਧਾਨ ਬੀਰਪਾਲ ਠਰੋਲੀ ਅਤੇ ਜ਼ਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਨੇ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ। ਬੀਰਪਾਲ ਠਰੋਲੀ ਅਤੇ ਹੈਪੀ ਫਤਿਹਗੜ੍ਹ ਨੇ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਸਟੈਚੂ ਨੂੰ ਨੁਕਸਾਨ ਪਹੁੰਚਾਉਣ ਨਾਲ ਭਾਰਤ ਦਾ ਸੰਵਿਧਾਨ ਨਹੀਂ ਬਦਲ ਸਕਦਾ। ਬਾਬਾ ਸਾਹਿਬ ਵੱਲੋਂ ਰਚਿਆ ਗਿਆ ਸੰਵਿਧਾਨ ਅੱਜ ਵੀ ਦੇਸ਼ ਦੀ ਲੋਕਤੰਤਰਿਕ ਵਿਵਸਥਾ ਦਾ ਆਧਾਰ ਹੈ ਅਤੇ ਇਸ ਵਿੱਚ ਹਰ ਵਰਗ ਨੂੰ ਬਰਾਬਰੀ, ਸਮਾਜਿਕ ਨਿਆਂ ਅਤੇ ਸਮਾਨ ਅਧਿਕਾਰਾਂ ਦੀ ਗੱਲ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦੇ ਸਟੈਚੂਆਂ ਨਾਲ ਛੇੜਛਾੜ ਕਰਕੇ ਬਾਬਾ ਸਾਹਿਬ ਦੀ ਵਿਚਾਰਧਾਰਾ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ। ਬੇਗਮਪੁਰਾ ਟਾਈਗਰ ਫੋਰਸ ਦੇ ਆਗੂਆਂ ਨੇ ਕਿਹਾ ਕਿ ਜੇਕਰ ਇਸ ਘਟਨਾ ਪਿੱਛੇ ਕਿਸੇ ਵਿਅਕਤੀ ਜਾਂ ਜਥੇਬੰਦੀ ਦੀ ਭੂਮਿਕਾ ਸਾਹਮਣੇ ਆਉਂਦੀ ਹੈ ਤਾਂ ਪੁਲਸ ਵੱਲੋਂ ਮਾਮਲੇ ਦੀ ਨਿਰਪੱਖ ਜਾਂਚ ਕਰਕੇ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬੇਗਮਪੁਰਾ ਟਾਈਗਰ ਫੋਰਸ ਦੇ ਅਹੁਦੇਦਾਰ ਅਤੇ ਮੈਂਬਰ ਵੀ ਹਾਜ਼ਰ ਸਨ।



# ਵਿਧਾਇਕ ਦੇ ਘਰ ਦਾ ਘਿਰਾਓ ਭਲਕੇ



**ਬੰਗਾ (ਅਵਤਾਰ ਕਲੇਰ)**-ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਅਤੇ ਸਾਂਝਾ ਮੁਲਾਜ਼ਮ ਮੰਚ ਪੰਜਾਬ ਦੀ ਸੂਬਾ ਸਾਂਝੀ ਤਾਲਮੇਲ ਕਮੇਟੀ ਵੱਲੋਂ ਮੰਤਰੀਆਂ ਅਤੇ ਵਿਧਾਇਕਾਂ ਦੇ ਦਫਤਰਾਂ/ਘਰਾਂ ਦੇ ਘਿਰਾਓ ਦੇ ਦਿੱਤੇ ਸੱਦੇ ਨੂੰ ਲਾਗੂ ਕਰਨ ਲਈ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਤਹਿਸੀਲ ਬੰਗਾ ਦੀ ਤਾਲਮੇਲ ਕਮੇਟੀ ਦੀ ਮੀਟਿੰਗ ਸੀਨੀਅਰ ਆਗੂ ਅਜੀਤ ਰਾਮ ਦੀ ਪ੍ਰਧਾਨਗੀ ਹੇਠ ਸਥਾਨਕ ਬਾਬਾ ਬਾਲਕ ਨਾਥ ਮੰਦਰ ਵਿਖੇ ਹੋਈ। ਮੀਟਿੰਗ ਦੀ ਕਾਰਵਾਈ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਤਾਲਮੇਲ ਕਮੇਟੀ ਦੇ ਮੈਂਬਰ ਜਸਵਿੰਦਰ ਔਜਲਾ, ਰਾਮ ਕਿਸ਼ਨ ਪੱਲੀ ਝਿੱਕੀ, ਸੁਦੇਸ਼ ਕੁਮਾਰ ਦੀਵਾਨ, ਮਲਕੀਤ ਮੰਢਾਲੀ ਨੇ ਦੱਸਿਆ ਕਿ ਬੰਗਾ ਦੇ ਵਿਧਾਇਕ ਸੁਖਵਿੰਦਰ ਕੁਮਾਰ ਸੁੱਖੀ ਦੇ ਘਰ ਦਾ ਘਿਰਾਓ 19 ਸਤੰਬਰ ਦਿਨ ਸ਼ਨੀਵਾਰ ਨੂੰ 2 ਵਜੇ ਤੋਂ ਲੈ ਕੇ ਸਾਢੇ ਚਾਰ ਵਜੇ ਤੱਕ ਕੀਤਾ ਜਾਵੇਗਾ। ਇਸ ਐਕਸ਼ਨ ਦੇ ਪ੍ਰਬੰਧਾਂ ਲਈ ਤਹਿਸੀਲ ਦੀ ਤਾਲਮੇਲ ਕਮੇਟੀ ਵੱਲੋਂ ਡਿਊਟੀਆਂ ਦੀ ਵੰਡ ਕੀਤੀ ਗਈ। ਕਮੇਟੀ ਵੱਲੋਂ ਤਹਿਸੀਲ ਦੇ ਸਮੂਹ ਵਿਭਾਗਾਂ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਵਿਧਾਇਕ ਦੇ ਘਰ ਦੇ ਘਿਰਾਓ ਵਿੱਚ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ। ਜ਼ਿਲ੍ਹੇ ਦੀ ਤਾਲਮੇਲ ਕਮੇਟੀ ਦੇ ਕੋਆਰਡੀਨੇਟਰ ਕੁਲਦੀਪ ਸਿੰਘ ਦੌੜਕਾ ਨੇ ਦੱਸਿਆ ਕਿ ਜੇਕਰ ਸਰਕਾਰ ਨੇ ਮੁਲਾਜ਼ਮਾਂ ਦੀਆਂ ਮੰਗਾਂ ਦਾ ਹੱਲ ਨਾ ਕੀਤਾ ਤਾਂ ਇਸ ਤੋਂ ਬਾਅਦ 10 ਅਕਤੂਬਰ ਨੂੰ ਸੰਗਰੂਰ ਵਿਖੇ ਮਹਾਂ ਰੈਲੀ ਕੀਤੀ ਜਾਵੇਗੀ ਜਿਸ ਲਈ ਹੁਣ ਤੋਂ ਤਿਆਰੀਆਂ ਆਰੰਭ ਕਰ ਦਿੱਤੀਆਂ ਗਈਆਂ ਹਨ। ਇਸ ਮੀਟਿੰਗ ਵਿੱਚ ਜਸਬੀਰ ਸਿੰਘ, ਕੁੰਦਨ ਲਾਲ, ਹਰੀਬਿਲਾਸ, ਸ਼ੰਕਰ ਦਾਸ, ਰਮੇਸ਼ ਲਾਲ, ਸੋਹਣ ਲਾਲ, ਕ੍ਰਿਸ਼ਨ ਸਿੰਘ, ਮਦਨ ਲਾਲ, ਜਗਦੀਪ ਸੈਂਪਲੇ, ਗੁਰਪ੍ਰੀਤ ਕੰਬੋਜ, ਸੁਰਿੰਦਰ ਸਿੰਘ ਖਾਲਸਾ, ਹਰਜੋਗ ਸਿੰਘ ਆਦਿ ਮੁਲਾਜ਼ਮ,ਪੈਂਸ਼ਨਰਜ਼ ਹਾਜ਼ਰ ਸਨ।

# ਅਣਐਲਾਨੇ ਬਿਜਲੀ ਕੱਟਾਂ ਵਿਰੁੱਧ ਸ਼੍ਰੋਮਣੀ ਅਕਾਲੀ ਦਲ ਵੱਲੋਂ ਧਰਨਾ

**ਹੁਸ਼ਿਆਰਪੁਰ/ਮੇਹਟੀਆਣਾ (ਬਲਵੀਰ ਸਿੰਘ ਸੈਣੀ, ਜਗਤਾਰ ਸਿੰਘ ਭੁੰਗਰਨੀ)**-ਪੰਜਾਬ ਵਿੱਚ ਅਣਐਲਾਨੇ ਅਤੇ ਲੰਬੇ ਬਿਜਲੀ ਕੱਟਾਂ ਦੇ ਮੁੱਦੇ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਹੁਸ਼ਿਆਰਪੁਰ ਵਿੱਚ ਵਿਸ਼ਾਲ ਧਰਨਾ ਦਿੱਤਾ ਗਿਆ। ਸਰਕਲ ਦਫ਼ਤਰ, ਪੰਜਾਬ ਰਾਜ ਬਿਜਲੀ ਬੋਰਡ, ਟਾਂਡਾ ਰੋਡ ਵਿਖੇ ਦਿੱਤੇ ਗਏ ਧਰਨੇ ਵਿੱਚ ਅਕਾਲੀ ਵਰਕਰਾਂ ਅਤੇ ਆਗੂਆਂ ਤੋਂ ਇਲਾਵਾ ਕਿਸਾਨਾਂ, ਵਪਾਰੀਆਂ, ਉਦਯੋਗਪਤੀਆਂ, ਆਮ ਖਪਤਕਾਰਾਂ ਅਤੇ ਮਹਿਲਾਵਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਬਿਜਲੀ ਕੱਟਾਂ ਖ਼ਿਲਾਫ਼ ਆਪਣਾ ਰੋਸ ਪ੍ਰਗਟ ਕੀਤਾ। ਧਰਨੇ ਦੀ ਅਗਵਾਈ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਹਲਕਾ ਹੁਸ਼ਿਆਰਪੁਰ ਦੇ ਇੰਚਾਰਜ ਅਤੇ ਜ਼ਿਲ੍ਹਾ ਪ੍ਰਧਾਨ ਸੰਜੀਵ ਤਲਵਾੜ ਨੇ ਕਿਹਾ ਕਿ ਲੋਕਾਂ ਨੂੰ ਲੰਬੇ ਅਣਐਲਾਨੇ ਕੱਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਨਾਲ ਘਰਾਂ ਦੇ ਨਾਲ-ਨਾਲ ਦੁਕਾਨਾਂ, ਕਾਰੋਬਾਰ, ਉਦਯੋਗ ਅਤੇ ਖੇਤੀਬਾੜੀ ਵੀ ਪ੍ਰਭਾਵਿਤ ਹੋ ਰਹੀ ਹੈ।ਧਰਨੇ ਨੂੰ ਸੰਬੋਧਿਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਉਪ ਪ੍ਰਧਾਨ ਜਤਿੰਦਰ ਸਿੰਘ ਲਾਲੀ ਬਾਜਵਾ ਨੇ ਕਿਹਾ ਬਿਜਲੀ ਸਿਰਫ਼ ਇੱਕ ਸਹੂਲਤ ਨਹੀਂ, ਸਗੋਂ ਅੱਜ ਦੇ ਸਮੇਂ ਵਿੱਚ ਲੋਕਾਂ ਦੀ ਬੁਨਿਆਦੀ ਜ਼ਰੂਰਤ ਹੈ। ਘੰਟਿਆਂਬੱਧੀ ਬਿਜਲੀ ਬੰਦ ਰਹਿਣ ਨਾਲ ਘਰੇਲੂ ਮਹਿਲਾਵਾਂ ਤੋਂ ਲੈ ਕੇ ਵਿਦਿਆਰਥੀਆਂ ਤੱਕ ਹਰ ਕੋਈ ਪ੍ਰਭਾਵਿਤ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਬਿਜਲੀ ਕੱਟਾਂ ਕਾਰਨ ਕਾਰੋਬਾਰੀ ਵਰਗ ਨੂੰ ਮਸ਼ੀਨਰੀ ਅਤੇ ਉਤਪਾਦਨ ਦੇ ਨੁਕਸਾਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਦ ਕਿ ਕਿਸਾਨਾਂ ਨੂੰ ਸਿੰਚਾਈ ਸਬੰਧੀ ਮੁਸ਼ਕਲਾਂ ਆ ਰਹੀਆਂ ਹਨ।ਆਪਣੇ ਸੰਬੋਧਨ ਵਿੱਚ ਐਸੀ ਸੈਲ ਦੇ ਜ਼ਿਲ੍ਹਾ ਪ੍ਰਧਾਨ ਪ੍ਰੇਮ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਦਿਸ਼ਾ-ਨਿਰਦੇਸ਼ਾਂ ਹੇਠ ਪੰਜਾਬ ਭਰ ਵਿੱਚ ਬਿਜਲੀ ਦੇ ਅਣਐਲਾਨੇ ਕੱਟਾਂ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਲੈ ਕੇ ਧਰਨੇ ਦਿੱਤੇ ਜਾ ਰਹੇ ਹਨ। ਧਰਨੇ ਵਿੱਚ ਮਹਿਲਾਵਾਂ ਦੀ ਵੱਡੀ ਸ਼ਮੂਲੀਅਤ ਖਾਸ ਤੌਰ 'ਤੇ ਦੇਖਣ ਨੂੰ ਮਿਲੀ। ਇਸ ਮੌਕੇ ਮਹਿਲਾ ਨੇਤਰੀ ਨੀਤੀ ਤਲਵਾੜ ਨੇ ਕਿਹਾ ਕਿ ਲੰਬੇ ਬਿਜਲੀ ਕੱਟਾਂ ਕਾਰਨ ਘਰੇਲੂ ਕੰਮਕਾਜ, ਬੱਚਿਆਂ ਦੀ ਪੜ੍ਹਾਈ ਅਤੇ ਰੋਜ਼ਾਨਾ ਜੀਵਨ ਪ੍ਰਭਾਵਿਤ ਹੋ ਰਿਹਾ ਹੈ।ਧਰਨੇ ਨੂੰ ਰਾਣਾ ਰਣਵੀਰ ਸਿੰਘ, ਜਸਵਿੰਦਰ ਸਿੰਘ, ਜਗਤਾਰ ਸਿੰਘ, ਐਡਵੋਕੇਟ ਸੁਖਬੀਰ ਸਿੰਘ, ਦਵਿੰਦਰ ਭਾਰਜ, ਇੰਦਰਜੀਤ ਕੰਗ, ਗੁਰਿੰਦਰ ਸਿੰਘ ਗੋਲਡੀ, ਮੱਖਣ ਸਿੰਘ ਨੇ ਵੀ ਸੰਬੋਧਿਤ ਕੀਤਾ।ਇਸ ਮੌਕੇ ਇਕਬਾਲ ਸਿੰਘ ਗੋਪੀ, ਗੁਰਬਖਸ਼ ਸਿੰਘ ਗੀਹਲ, ਜਗਤਾਰ ਸਿੰਘ, ਰਵਿੰਦਰ ਸਿੰਘ, ਸੰਜੀਵ ਥਾਪਰ, ਧਰਮਿੰਦਰ ਪਾਲ, ਮੀਨਾ ਕੁਮਾਰੀ, ਵੇਦ ਆਦੀਆ, ਮਨਪ੍ਰੀਤ ਸੰਧੂ, ਅਨੂਪ ਭਾਰਦਵਾਜ, ਸੰਜਨਾ ਸਮੇਤ ਵੱਡੀ ਗਿਣਤੀ ਵਿੱਚ ਪਾਰਟੀ ਆਗੂ, ਅਹੁਦੇਦਾਰ, ਵਰਕਰ ਅਤੇ ਵੱਖ-ਵੱਖ ਵਰਗਾਂ ਦੇ ਲੋਕ ਹਾਜ਼ਰ ਸਨ।



# 'ਯਾਤਰੀ ਸੇਵਾ ਮੁਹਿੰਮ-2026' ਤੇ 'ਸਵੱਛਤਾ ਹੀ ਸੇਵਾ ਹੈ' ਮੁਹਿੰਮ ਦੀ ਸ਼ੁਰੂਆਤ

**ਆਦਮਪੁਰ (ਪਰਮਜੀਤ ਸਿੰਘ)**-ਯਾਤਰੀਆਂ ਨੂੰ ਬਿਹਤਰ, ਸੁਚਾਰੂ, ਸੁਰੱਖਿਅਤ ਅਤੇ ਸੁਹਾਵਣਾ ਹਵਾਈ ਯਾਤਰਾ ਅਨੁਭਵ ਪ੍ਰਦਾਨ ਕਰਨ ਦੇ ਉਦੇਸ਼ ਨਾਲ, ਏਅਰਪੋਰਟ ਅਥਾਰਟੀ ਆਫ਼ ਇੰਡੀਆ 17 ਸਤੰਬਰ ਤੋਂ 10 ਅਕਤੂਬਰ, 2026 ਤੱਕ 'ਯਾਤਰੀ ਸੇਵਾ ਮੁਹਿੰਮ-2026' ਅਤੇ 17 ਸਤੰਬਰ ਤੋਂ 2 ਅਕਤੂਬਰ, 2026 ਤੱਕ 'ਸਵੱਛਤਾ ਹੀ ਸੇਵਾ ਹੈ' ਮੁਹਿੰਮ ਦਾ ਆਯੋਜਨ ਕਰ ਰਹੀ ਹੈ।'ਯਾਤਰੀ ਸੇਵਾ ਮੁਹਿੰਮ-2026' ਦੇ ਤਹਿਤ 'ਸੇਵਾ, ਸਤਿਕਾਰ ਅਤੇ ਸਹੂਲਤ' ਦੀ ਭਾਵਨਾ ਨਾਲ ਵੱਖ-ਵੱਖ ਯਾਤਰੀ-ਕੇਂਦ੍ਰਿਤ ਗਤੀਵਿਧੀਆਂ ਅਤੇ ਸੇਵਾ ਸੁਧਾਰ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ। ਮੁਹਿੰਮ ਦੌਰਾਨ, ਯਾਤਰੀਆਂ ਦੀ ਸਹੂਲਤ, ਸਫਾਈ, ਸੁਰੱਖਿਆ, ਆਰਾਮਦਾਇਕ ਬੈਠਣ, ਪਾਰਕਿੰਗ ਅਤੇ ਆਵਾਜਾਈ, ਅਪਾਹਜ ਅਤੇ ਸੀਨੀਅਰ ਨਾਗਰਿਕ ਸਹੂਲਤਾਂ, ਯਾਤਰੀ ਜਾਣਕਾਰੀ, ਪੀਣ ਵਾਲਾ ਪਾਣੀ, ਡਿਜੀਟਲ ਸੇਵਾਵਾਂ, ਵਾਈ-ਫਾਈ ਅਤੇ ਚਾਰਜਿੰਗ ਸਹੂਲਤਾਂ, ਅਤੇ 'ਮੇ ਆਈ ਹੈਲਪ ਯੂ' ਸੇਵਾ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ।ਯਾਤਰੀਆਂ ਦੀਆਂ ਆਵਾਜ਼ਾਂ ਨੂੰ ਸੇਵਾ ਸੁਧਾਰਾਂ ਨਾਲ ਜੋੜਨ ਲਈ, ਫੀਡਬੈਕ ਅਤੇ ਸ਼ਿਕਾਇਤ ਨਿਵਾਰਣ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾਵੇਗਾ। ਯਾਤਰੀਆਂ ਨੂੰ ਫੀਡਬੈਕ ਕਿਊ ਆਰ ਅਤੇ ਹੋਰ ਮਾਧਿਅਮਾਂ ਰਾਹੀਂ ਆਪਣੇ ਸੁਝਾਅ ਅਤੇ ਅਨੁਭਵ ਸਾਂਝੇ ਕਰਨ ਲਈ ਉਤਸ਼ਾਹਿਤ ਕੀਤਾ ਜਾਵੇਗਾ। ਵਿਸ਼ਵ ਸੈਰ-ਸਪਾਟਾ ਦਿਵਸ ਦੇ ਮੌਕੇ 'ਤੇ 'ਅਤਿਥੀ ਦੇਵੋ ਭਵ' ਦੀ ਭਾਵਨਾ ਨੂੰ ਧਿਆਨ ਵਿੱਚ ਰੱਖਦੇ ਹੋਏ, ਯਾਤਰੀਆਂ ਅਤੇ ਸੈਲਾਨੀਆਂ ਦਾ ਸਵਾਗਤ ਕਰਨ ਲਈ ਸਥਾਨਕ ਕਲਾ, ਸੱਭਿਆਚਾਰ, ਦਸਤਕਾਰੀ ਅਤੇ ਸੈਰ-ਸਪਾਟਾ ਨਾਲ ਸਬੰਧਤ ਜਾਣਕਾਰੀ ਪ੍ਰਦਰਸ਼ਿਤ ਕੀਤੀ ਜਾਵੇਗੀ।'ਸਫਾਈ ਸੇਵਾ ਹੈ' ਮੁਹਿੰਮ ਦੇ ਤਹਿਤ, ਹਵਾਈ ਅੱਡੇ 'ਤੇ ਸਫਾਈ, ਸ਼੍ਰਮਦਾਨ, ਕੂੜੇ ਨੂੰ ਵੱਖ ਕਰਨਾ, ਸਿੰਗਲ-ਯੂਜ਼ ਪਲਾਸਟਿਕ ਘਟਾਉਣਾ, ਊਰਜਾ ਸੰਭਾਲ ਅਤੇ ਵਾਤਾਵਰਣ ਅਨੁਕੂਲ ਗਤੀਵਿਧੀਆਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ। 2 ਅਕਤੂਬਰ, ਗਾਂਧੀ ਜਯੰਤੀ 'ਤੇ ਵਿਸ਼ੇਸ਼ ਸਫਾਈ ਅਤੇ ਸ਼ਿਕਾਇਤ ਨਿਵਾਰਣ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ। ਸ਼੍ਰਮਦਾਨ ਗਤੀਵਿਧੀਆਂ ਦਾ ਆਯੋਜਨ ਕੀਤਾ ਜਾਵੇਗਾ।

# ਪਵਿੱਤਰ ਸਿੰਘ ਪ੍ਰੀਤ ਢਾਡੀ ਸਭਾ ਦੇ ਪ੍ਰਧਾਨ ਨਿਯੁਕਤ



**ਅੱਡਾ ਸਰਾਂ (ਜਸਵੀਰ ਕਾਜਲ)**-ਸ੍ਰੀ ਗੁਰੂ ਹਰਗੋਬਿੰਦ ਢਾਡੀ ਸਭਾ ਪੰਜਾਬ ਦੀ ਮੀਟਿੰਗ ਪਿੰਡ ਕੰਧਾਲਾ ਜੱਟਾਂ ਵਿਖੇ ਸਭਾ ਦੇ ਪ੍ਰਧਾਨ ਢਾਡੀ ਕਸ਼ਮੀਰ ਸਿੰਘ ਕਾਦਰ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿਚ ਢਾਡੀ ਸਿੰਘਾਂ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਵਿਚਾਰਾਂ ਕੀਤੀਆਂ ਗਈਆਂ। ਇਸ ਮੌਕੇ ਉਨ੍ਹਾਂ ਮਲਾਲ ਜਤਾਇਆ ਕਿ ਢਾਡੀਆਂ ਨੂੰ ਪੰਥ ਦੀ ਰੀੜ ਦੀ ਹੱਡੀ ਕਹਿਣ ਵਾਲੇ ਅੱਜ ਢਾਡੀ ਸਿੰਘਾਂ ਦੀ ਬਾਂਹ ਨੀ ਫੜ ਸਕੇ। ਉਨ੍ਹਾਂ ਆਖਿਆ ਕਿ ਪੰਥਕ ਅਕਾਲੀ ਸਟੇਜਾਂ ਉੱਤੇ ਅੱਜ ਢਾਡੀ ਨਜ਼ਰ ਨਹੀਂ ਆਉਂਦੇ। ਉਨ੍ਹਾਂ ਦੱਸਿਆ ਕਿ ਸਾਰੀ ਜ਼ਿੰਦਗੀ ਪੰਥ ਦੀ ਚੜਦੀਕਲਾ ਦੀ ਗੱਲ ਕਰਨ ਵਾਲੇ ਬਜ਼ੁਰਗ ਢਾਡੀਆਂ ਦੀ ਕਿਸੇ ਵੀ ਪੰਥਕ ਧਿਰ ਨੇ ਸਾਰ ਨਹੀਂ ਲਈ। ਇਸ ਮੌਕੇ ਸੁਖਵੀਰ ਸਿੰਘ ਚੌਹਾਨ ਬੁੱਢੀ ਪਿੰਡ, ਬੀਬੀ ਸੰਦੀਪ ਕੌਰ ਖਾਲਸਾ, ਢਾਡੀ ਅਵਤਾਰ ਸਿੰਘ ਬਾਸੀ, ਢਾਡੀ ਪਵਿੱਤਰ ਸਿੰਘ ਪ੍ਰੀਤ,ਢਾਡੀ ਹਰਪਾਲ ਸਿੰਘ ਭੁੱਲਰਾਈ, ਢਾਡੀ ਬਚਿੱਤਰ ਸਿੰਘ ਕੰਗਰੋੜ, ਢਾਡੀ ਸੁਖਵਿੰਦਰ ਸਿੰਘ ਮੰਢਾਲੀ, ਇੰਦਰਪ੍ਰੀਤ ਸਿੰਘ ਭੁੱਲਾਰਾਈ, ਸਿਮਰਜੀਤ ਸਿੰਘ ਉਨਾਹਟ ਰਾਜ਼ਰ ਸਨ।

# ਪਟਵਾਰੀਆਂ ਨੇ ਆਪਣੀਆਂ ਮੰਗਾਂ ਸੰਬੰਧੀ ਕੀਤੀ ਹੜਤਾਲ

**ਦਸੂਹਾ (ਕਰਨੈਲ ਮਾਂਗਟ)**-ਤਹਿਸੀਲ ਕੰਪਲੈਕਸ ਦਸੂਹਾ ਵਿਖੇ ਦੀ ਰੈਵੀਨਿਊ ਪਟਵਾਰ ਯੂਨੀਅਨ ਪੰਜਾਬ ਦੇ ਸੱਦੇ ਤੇ ਆਪਣੀਆਂ ਲੰਬੇ ਸਮੇਂ ਤੋਂ ਲਟਕਦੀਆ ਹੱਕੀ ਮੰਗਾਂ ਸਬੰਧੀ ਯੂਨੀਅਨ ਦੇ ਤਹਿਸੀਲ ਪ੍ਰਧਾਨ ਅਮਰਜੀਤ ਸਿੰਘ ਦੀ ਅਗਵਾਈ ਹੇਠ ਸਮੂਹ ਪਟਵਾਰੀਆਂ ਵੱਲੋਂ ਤਹਿਸੀਲ ਪੱਧਰ ਤੇ 11 ਤੋਂ 3 ਵਜੇ ਤੱਕ ਹੜਤਾਲ ਤੇ ਰੋਸ ਪ੍ਰਦਰਸ਼ਨ ਕੀਤਾ ਗਿਆ ਜਿਸ ਵਿੱਚ ਤਹਿਸੀਲ ਪੱਧਰ ਤੇ ਵੱਖ ਵੱਖ ਪਟਵਾਰੀ ਹੜਤਾਲ ਤੇ ਰੋਸ ਧਰਨਾ ਪ੍ਰਦਰਸ਼ਨ ਵਿੱਚ ਸ਼ਾਮਿਲ ਹੋਏ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਤਹਿਸੀਲ ਪ੍ਰਧਾਨ ਅਮਰਜੀਤ ਸਿੰਘ ਨੇ ਦੱਸਿਆ ਕਿ ਦੀ ਰੈਵੀਨਿਊ ਪਟਵਾਰ ਯੂਨੀਅਨ ਪੰਜਾਬ ਦੀ ਸੂਬਾ ਪੱਧਰੀ ਮੀਟਿੰਗ ਗੁਰੂ ਨਾਨਕ ਦੇਵ ਭਵਨ ਲੁਧਿਆਣਾ ਵਿਖੇ 9 ਸਤੰਬਰ ਨੂੰ ਸੂਬਾ ਪ੍ਰਧਾਨ ਬਲਰਾਜ ਸਿੰਘ ਔਜਲਾ ਦੀ ਯੋਗ ਹੇਠ ਹੋਈ ਸੀ, ਜਿਸ ਵਿੱਚ ਵੱਖ-ਵੱਖ ਜ਼ਿਲਿਆਂ ਤੋਂ ਕਰੀਬ 250 ਪਟਵਾਰੀ ਸ਼ਾਮਿਲ ਹੋਏ ਸਨ ਜਿਸ ਵਿੱਚ ਪਾਸ ਹੋਇਆ ਕਿ ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਲੰਬੇ ਸਮੇਂ ਤੋਂ ਪਟਵਾਰੀਆਂ ਦੀਆਂ ਹੱਕਾਂ ਅਤੇ ਜਾਇਜ਼ ਤਿੰਨ ਅਹਿਮ ਮੰਗਾਂ 17 ਜੁਲਾਈ 2020 ਤੋਂ ਬਾਅਦ ਭਰਤੀ ਹੋਏ ਪਟਵਾਰੀ ਸਾਥੀਆਂ ਦੀ ਤਨਖਾਹ ਵਿੱਚ ਵਾਧਾ ਕਰਨਾ, ਸਟੇਟ ਕੇਡਰ ਨੂੰ ਰੱਦ ਕਰਨਾ ਅਤੇ ਪਟਵਾਰੀਆਂ ਦੀਆਂ 4716 ਪੋਸਟਾਂ ਦੀ ਮੁੜ ਬਹਾਲੀ ਕਰਕੇ ਪੋਸਟਾਂ ਵਿੱਚ ਵਾਧਾ ਕਰਨਾ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ ਜਿਸ ਦਾ ਹੁਣ ਤੱਕ ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਕੋਈ ਹੱਲ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਜਦੋਂ ਤੱਕ ਹੱਕੀ ਜਾਇਜ਼ ਮੰਗਾਂ ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਨਹੀਂ ਮੰਨੀਆਂ ਜਾਂਦੀਆਂ, ਉਸ ਸਮੇਂ ਤੱਕ ਲਾਲ ਲਕੀਰ ਅਤੇ ਐਗਰੀਸਟੈਕ ਫਾਰਮਰ ਆਈ ਡੀ ਵੈਰੀਫਿਕੇਸ਼ਨ ਦਾ ਕੰਮ ਅਣਮਿੱਥੇ ਸਮੇਂ ਲਈ ਬੰਦ ਕੀਤਾ ਜਾਵੇਗਾ ਅਤੇ ਨਾਲ ਹੀ ਰਾਸ਼ਨ ਕਾਰਡ ਵੈਰੀਫਿਕੇਸ਼ਨ ਸੰਬੰਧੀ ਪਟਵਾਰੀਆਂ ਵੱਲੋਂ ਸਿਰਫ ਜਮੀਨ ਦੀ ਰਿਪੋਰਟ ਹੀ ਕੀਤੀ ਜਾਵੇਗੀ। ਇਸ ਮੌਕੇ ਤੇ ਅਮਰਜੀਤ ਸਿੰਘ ਤਹਿਸੀਲ ਪ੍ਰਧਾਨ, ਅਰਵਿੰਦਰ ਸਿੰਘ, ਸਤਿਗੁਰ ਸਿੰਘ, ਗਣੇਸ਼ ਕੁਮਾਰ ਸੇਵਾ ਮੁਕਤ ਕਾਨੂੰਗੋ, ਮਨਦੀਪ ਸਿੰਘ, ਮੁਲਖਰਾਜ, ਰਣਯੋਧ ਸਿੰਘ, ਲਖਵੀਰ ਸਿੰਘ, ਸੁਖਵਿੰਦਰ ਸਿੰਘ ਗੜ੍ਹਦੀਵਾਲਾ, ਦੀਪਕ ਵੋਹਰਾ ਜਰਨਲ ਸਕੱਤਰ ਦਸੂਹਾ, ਨਵਜੋਤ ਕੌਰ, ਸੌਰਵ ਬਾਹਰੀ, ਬਲਵੀਰ ਸਿੰਘ ਗੜ੍ਹਦੀਵਾਲਾ, ਮਨਪ੍ਰੀਤ ਕੁਮਾਰੀ, ਸੋਹਣ ਸਿੰਘ ਸੇਵਾ ਮੁਕਤ, ਨਾਮਿੰਦਰ ਸਿੰਘ ਸੇਵਾ ਮੁਕਤ, ਸਤਵਿੰਦਰ ਸਿੰਘ ਸੇਵਾ ਮੁਕਤ, ਰਜਿੰਦਰ ਕੁਮਾਰ, ਅਮਨਪ੍ਰੀਤ ਸਿੰਘ ਗੜ੍ਹਦੀਵਾਲਾ, ਭਾਰਤ ਭੂਸ਼ਣ ਗੜ੍ਹਦੀਵਾਲਾ, ਜਸਬੀਰ ਸਿੰਘ ਸੇਵਾ ਮੁਕਤ, ਗੁਰਮੀਤ ਸਿੰਘ ਸੇਵਾ ਮੁਕਤ, ਗੁਰਪ੍ਰੀਤ ਸਿੰਘ ਗੜ੍ਹਦੀਵਾਲਾ ਆਦਿ ਹਾਜ਼ਰ ਸਨ।





# ਕਿਰਤੀ ਲੋਕਾਂ ਨੇ ਕੱਢੀ ਜਾਗੋ, 26 ਨੂੰ ਮੋਗਾ ਰੈਲੀ 'ਚ ਸ਼ਾਮਲ ਹੋਣ ਦਾ ਦਿੱਤਾ ਸੱਦਾ

**ਜਲੰਧਰ (ਗਿਆਨ ਸੈਦਪੁਰੀ)**-ਭਾਰਤੀ ਕਮਿਊਨਿਸਟ ਪਾਰਟੀ ਮਾਰਕਸਵਾਦੀ-ਲੈਨਿਨਵਾਦੀ ਨਿਊ ਡੈਮੋਕਰੇਸੀ ਵਲੋਂ ਆਰ ਐੱਸ ਐੱਸ ਭਾਜਪਾ ਹਕੂਮਤ ਦੇ ਫਾਸ਼ੀ ਹਮਲਿਆਂ ਖਿਲਾਫ਼ 26 ਸਤੰਬਰ ਨੂੰ ਮੋਗਾ ਵਿਖੇ ਕੀਤੀ ਜਾ ਰਹੀ ਵਿਸ਼ਾਲ ਰੈਲੀ ਲਈ ਕਿਰਤੀ ਕਿਸਾਨਾਂ, ਪੇਂਡੂ ਮਜ਼ਦੂਰਾਂ ਅਤੇ ਹੋਰ ਮਿਹਨਤੀ ਲੋਕਾਂ ਨੂੰ ਲਾਮਬੰਦ ਕਰਨ ਮੰਗਲਵਾਰ ਨੂੰ ਪਿੰਡ ਮੁਰੀਦਪੁਰ ਅਤੇ ਬੂਲਾ ਵਿਖੇ ਜਾਗੋ ਕੱਢੀ ਗਈ। ਕਿਰਤੀ ਲੋਕਾਂ ਜਾਗੋ ਕੱਢ ਕੇ ਕਿਹਾ 'ਰਾਜ ਭਾਗ ਦਾ ਊਤਿਆ ਆਵਾ, ਸਮਝ ਸਾਨੂੰ ਹੁਣ ਆਈ, ਸ਼ਾਵਾ ਸਮਝ ਸਾਨੂੰ ਹੁਣ ਆਈ, ਬੱਲੇ ਸਮਝ ਸਾਨੂੰ ਹੁਣ ਆਈ, ਫਾਸ਼ੀ ਹਮਲੇ ਰੋਕਣ ਦੀ ਹੁਣ ਅਸੀਂ ਵੀ ਯੁਕਤ ਬਣਾਈ, ਸ਼ਾਵਾ ਅਸੀਂ ਵੀ ਯੁਕਤ ਬਣਾਈ, ਬੱਲੇ ਅਸੀਂ ਵੀ ਯੁਕਤ ਬਣਾਈ, ਇਕੱਠੇ ਹੋ ਜਾਉ ਕਿਰਤੀ ਕਾਮੇਂ ਫਾਸ਼ੀਵਾਦ ਭਜਾਈ ਆ, ਬਈ ਹੁਣ ਜਾਗੋ ਆਈ ਆ, ਬੱਲੇ ਬਈ ਹੁਣ ਜਾਗੋ ਆ, ਸ਼ਾਵਾ ਬਈ ਹੁਣ ਜਾਗੋ ਆਈ ਆ।'

ਇਸ ਮੌਕੇ ਕਾਮਰੇਡ ਕਸ਼ਮੀਰ ਸਿੰਘ ਘੁੱਗਸ਼ੋਰ ਨੇ ਕਿਹਾ ਕਿ ਮੌਜੂਦਾ ਦੌਰ ਵਿੱਚ ਹਕੂਮਤਾਂ ਵਲੋਂ ਲਾਗੂ ਕੀਤੀਆਂ ਜਾ ਰਹੀਆਂ ਨੀਤੀਆਂ ਨੇ ਮਜ਼ਦੂਰਾਂ, ਕਿਸਾਨਾਂ ਅਤੇ ਹੋਰ ਮਿਹਨਤੀ ਲੋਕਾਂ ਨੂੰ ਕੱਖੋਂ ਹੌਲੇ ਕਰਕੇ ਰੱਖ ਦਿੱਤਾ ਹੈ, ਆਮ ਲੋਕਾਂ ਦਾ ਜਿਊਣਾ ਪੂਰੀ ਤਰ੍ਹਾਂ ਦੁੱਭਰ ਹੋਇਆ ਪਿਆ ਹੈ। ਹਕੂਮਤ ਕੁੱਟ ਵੀ ਰਹੀ ਹੈ, ਰੋਣ ਵੀ ਨਹੀਂ ਦਿੰਦੀ ਅਤੇ ਵਿਰੋਧ ਪ੍ਰਗਟ ਕਰਨ ਤੋਂ ਵੀ ਲਾਠੀ ਗੋਲੀ ਦੇ ਜ਼ੋਰ ਰੋਕਿਆ ਜਾ ਰਿਹਾ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਜੱਦੀ ਜ਼ਿਲ੍ਹੇ ਸੰਗਰੂਰ ਵਿਖੇ ਮੋਹਨਜੀਤ ਅਤੇ ਤੂਰਵੰਜਾਰਾਂ ਦੇ ਗੁਲਜ਼ਾਰ ਖੁਦਕਸ਼ੀ ਮਾਮਲੇ ਤੋਂ ਪ੍ਰਤੱਖ ਦੇਖਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਲੋਕ ਮਨਾਂ 'ਚ ਦਹਿਸ਼ਤ ਪਾਉਣ ਅਤੇ ਹਿੰਦੂ ਰਾਸ਼ਟਰ ਬਣਾਉਣ ਦੇ ਆਪਣੇ ਦੇ ਲੁਕਵੇਂ ਏਜੰਡੇ ਤਹਿਤ ਲਈ ਕੇਂਦਰ ਦੀ ਆਰ ਐੱਸ ਐੱਸ ਭਾਜਪਾ ਹਕੂਮਤ ਵਲੋਂ ਮੌਜੂਦਾ ਸੰਵਿਧਾਨ ਨੂੰ ਖ਼ਤਮ ਕਰਕੇ ਮਨੂੰਵਾਦ ਲਾਗੂ ਕਰਨ ਲਈ ਫਾਸ਼ੀ ਹਮਲੇ ਵਿੱਢੇ ਜਾ ਰਹੇ ਹਨ।ਉਨ੍ਹਾਂ ਲੋਕ ਵਿਰੋਧੀ ਨੀਤੀਆਂ ਅਤੇ ਫਾਸ਼ੀਵਾਦ ਨੂੰ ਹਰਾਉਣ, ਖ਼ਤਮ ਕਰਨ ਦਾ ਪ੍ਰਣ ਕਰਨ ਲਈ 26 ਸਤੰਬਰ ਨੂੰ ਦਾਣਾ ਮੰਡੀ ਮੋਗਾ ਵਿਖੇ ਕੀਤੀ ਜਾ ਰਹੀ ਵਿਸ਼ਾਲ ਰੈਲੀ 'ਚ ਪਰਵਾਰਾਂ ਸਮੇਤ ਸ਼ਾਮਲ ਹੋਣ ਦਾ ਸੱਦਾ ਦਿੱਤਾ।ਇਸ ਮੌਕੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਤਹਿਸੀਲ ਆਗੂ ਕੇ ਐੱਸ ਅਟਵਾਲ, ਗੋਬਿੰਦਾ, ਲਵਪ੍ਰੀਤ, ਸੁਰਜੀਤ ਭੁੱਲਰ ਅਤੇ ਗੁਰਦੇਵ ਸਿੰਘ ਆਦਿ ਨੇ ਵੀ ਸੰਬੋਧਨ ਕੀਤਾ।



# ਵਿਸ਼ਵ ਓਜ਼ੋਨ ਪਰਤ ਸੁਰੱਖਿਆ ਦਿਵਸ ਮਨਾਇਆ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**-ਇਨਵਾਇਰਨਮੈਂਟ ਐਸੋਸੀਏਸ਼ਨ ਫਗਵਾੜਾ ਦੇ ਪ੍ਰਧਾਨ ਕੇ ਕੇ ਸਰਦਾਨਾ ਦੀ ਰਹਿਨੁਮਾਈ ਹੇਠ ਵਿਸ਼ਵ ਓਜ਼ੋਨ ਪਰਤ ਦਿਵਸ ਐਸੋਸੀਏਸ਼ਨ ਦੇ ਸਕੱਤਰ ਮਲਕੀਅਤ ਸਿੰਘ ਰਘਬੋਤਰਾ ਦੇ ਯਤਨਾਂ ਸਦਕਾ ਸਥਾਨਕ ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਮਨਾਇਆ ਗਿਆ ਜਿਸ ਦੀ ਪ੍ਰਧਾਨਗੀ ਨੈਸ਼ਨਲ ਐਵਾਰਡੀ ਸਾਇੰਸ ਮਾਸਟਰ ਗੁਰਮੀਤ ਸਿੰਘ ਨੇ ਕੀਤੀ। ਮਲਕੀਅਤ ਸਿੰਘ ਰਗਬੋਤਰਾ ਨੇ ਹਾਜਰੀ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਓਜ਼ੋਨ ਪਰਤ ਕੀ ਹੈ ਅਤੇ ਇਸ ਵਿੱਚ ਛੇਕ ਸਾਡੇ ਵਾਤਾਵਰਣ ਉੱਤੇ ਕਿਵੇਂ ਮਾੜਾ ਪ੍ਰਭਾਵ ਪਾ ਰਹੇ ਹਨ। ਉਨ੍ਹਾਂ ਕਿਹਾ ਕਿ ਸਾਨੂੰ ਉਨ੍ਹਾਂ ਗੈਸਾਂ ਦੇ ਉਤਪਾਦਨ ਨੂੰ ਰੋਕਣਾ ਹੋਵੇਗਾ ਜੋ ਓਜ਼ੋਨ ਪਰਤ ਨੂੰ ਨੁਕਸਾਨ ਪਹੁੰਚਾ ਰਹੀਆਂ ਹਨ। ਨੈਸ਼ਨਲ ਅਵਾਰਡੀ ਮਾਸਟਰ ਗੁਰਮੀਤ ਸਿੰਘ ਨੇ ਦੱਸਿਆ ਕਿ ਵਾਯੂਮੰਡਲ ਵਿੱਚ 16 ਕਿਲੋਮੀਟਰ ਤੋਂ ਲੈ ਕੇ 40 ਕਿਲੋਮੀਟਰ ਤੱਕ ਦੀ ਉਚਾਈ 'ਤੇ ਓਜ਼ੋਨ ਪਰਤ ਹੈ। ਇਹ ਆਕਸੀਜਨ ਦੇ ਤਿੰਨ ਪ੍ਰਮਾਣੂ ਦੇ ਨਾਲ ਇਸ ਦੀ ਇਕ ਅਣੂ ਬਣਦੀ ਹੈ। ਇਹ ਧਰਤੀ ਨੂੰ ਛੱਤਰੀ ਵਾਂਗ ਸੁਰੱਖਿਆ ਪ੍ਰਦਾਨ ਕਰਦੀ ਹੈ। ਕਿਉਂਕਿ ਸੂਰਜ ਤੋਂ ਨਿਕਲਣ ਵਾਲੀਆਂ ਅਲਟਰਾਵਾਇਲਟ ਕਿਰਨਾਂ ਜੇਕਰ ਸਿੱਧੀਆਂ ਧਰਤੀ ਤੇ ਪੈ ਜਾਣ ਤਾਂ ਧਰਤੀ ਦੀ ਉਪਜਾਊ ਸ਼ਕਤੀ ਨੂੰ ਤਬਾਹ ਕਰ ਸਕਦੀਆਂ ਹਨ, ਮਨੁੱਖੀ ਸ਼ਰੀਰ ਚਮੜੀ ਰੋਗ, ਅੰਨ੍ਹਪਣ ਅਤੇ ਕੈਂਸਰ ਵਰਗੀਆਂ ਬਿਮਾਰੀਆਂ ਨਾਲ ਗ੍ਰਸਤ ਹੋ ਸਕਦਾ ਹੈ। ਸਮਾਗਮ ਦੌਰਾਨ ਸਕੂਲ ਆਫ ਐਮੀਨੈਂਸ ਦੇ ਵਿਦਿਆਰਥੀਆਂ ਨੇ ਮਾਸਟਰ ਰਜਿੰਦਰ ਸਿੰਘ ਦੀ ਅਗਵਾਈ ਹੇਠ ਹਿੱਸਾ ਲਿਆ। ਵਿਦਿਆਰਥੀਆਂ ਦੇ ਸੁਆਲਾਂ ਦੇ ਤਸੱਲੀਬਖਸ਼ ਜਵਾਬ ਵੀ ਦਿੱਤੇ ਗਏ। ਅਖੀਰ ਵਿੱਚ ਸਮਾਜ ਸੇਵਿਕਾ ਸਾਊਦੀ ਸਿੰਘ ਨੇ ਸਮੂਹ ਪਤਵੰਤਿਆਂ ਦਾ ਪਹੁੰਚਣ ਲਈ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਮੋਹਨ ਲਾਲ ਤਨੇਜਾ, ਕ੍ਰਿਸ਼ਨ ਕੁਮਾਰ, ਸੁਧਾ ਬੇਦੀ ਆਦਿ ਵੀ ਹਾਜ਼ਰ ਸਨ।

# ਕਿਸਾਨ-ਮਜ਼ਦੂਰ ਏਕਤਾ ਰੈਲੀ 20 ਨੂੰ

**ਜਲੰਧਰ (ਰਾਜੇਸ਼ ਥਾਪਾ)**-'ਜਮਹੂਰੀ ਕਿਸਾਨ ਸਭਾ ਪੰਜਾਬ ਅਤੇ ਪੰਜਾਬ ਕਿਸਾਨ ਯੂਨੀਅਨ ਦੇ ਸੱਦੇ ਤਹਿਤ ਦੇਸ਼ ਭਗਤ ਯਾਦਗਾਰ ਜਲੰਧਰ ਦੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਆਡੀਟੋਰੀਅਮ ਵਿਖੇ ਆਉਣ ਵਾਲੀ 20 ਸਤੰਬਰ ਨੂੰ ਹੋਣ ਜਾ ਰਹੀ ਸੂਬਾ ਪੱਧਰੀ ਕਿਸਾਨ-ਮਜ਼ਦੂਰ ਏਕਤਾ ਰੈਲੀ ਵਿੱਚ ਪ੍ਰਾਂਤ ਦੇ ਹਜ਼ਾਰਾਂ ਮਿਹਨਤਕਸ਼ ਲੋਕ ਵਹੀਰਾਂ ਘੱਤ ਕੇ ਸ਼ਾਮਲ ਹੋਣਗੇ।' ਇਹ ਜਾਣਕਾਰੀ ਇਥੋਂ ਜਾਰੀ ਇਕ ਸਾਂਝੇ ਬਿਆਨ ਰਾਹੀਂ ਦੋਹਾਂ ਕਿਸਾਨ ਸੰਗਠਨਾਂ ਦੇ ਪ੍ਰਧਾਨ ਤੇ ਸਕੱਤਰ ਡਾਕਟਰ ਸਤਨਾਮ ਸਿੰਘ ਅਜਨਾਲਾ, ਕੁਲਵੰਤ ਸਿੰਘ ਸੰਧੂ, ਗੁਰਜੰਟ ਸਿੰਘ ਮਾਨਸਾ ਤੇ ਗੁਰਨਾਮ ਸਿੰਘ ਭੀਖੀ ਨੇ ਦਿੱਤੀ ਹੈ।ਅਜਨਾਲਾ, ਸੰਧੂ, ਮਾਨਸਾ ਤੇ ਭੀਖੀ ਨੇ ਦੱਸਿਆ ਹੈ ਕਿ ਉਕਤ ਰੈਲੀ ਦੀ ਸਮਾਪਤੀ ਤੋਂ ਪਿਛੋਂ ਇੱਥੋਂ ਦੇ 'ਬਾਬਾ ਜਵਾਲਾ ਸਿੰਘ ਠੱਠੀਆਂ ਆਡੀਟੋਰੀਅਮ' ਵਿਖੇ 'ਕੁਲ ਹਿੰਦ ਕਿਸਾਨ ਮਹਾਸਭਾ' ਦਾ 5ਵਾਂ ਕੌਮੀ ਪ੍ਰਤੀਨਿਧ ਸੰਮੇਲਨ ਆਰੰਭ ਹੋਵੇਗਾ ਜੋ 21 ਸਤੰਬਰ ਤੱਕ ਜਾਰੀ ਰਹੇਗਾ।ਕਿਸਾਨ ਆਗੂਆਂ ਨੇ ਅੱਗੇ ਦੱਸਿਆ ਹੈ ਕਿ ਰੈਲੀ ਦੇ ਮੁੱਖ ਬੁਲਾਰੇ ਰੂਲਦੂ ਸਿੰਘ ਮਾਨਸਾ ਤੇ ਰਾਜਾ ਰਾਮ ਸਿੰਘ ਮੈਂਬਰ ਪਾਰਲੀਮੈਂਟ ਹੋਣਗੇ। ਇਨ੍ਹਾਂ ਤੋਂ ਇਲਾਵਾ ਸਾਥੀ ਦੀਪਾਂਕਰ ਭੱਟਾਚਾਰੀਆ ਅਤੇ ਮੰਗਤ ਰਾਮ ਪਾਸਲਾ ਵੀ ਵਿਚਾਰ ਰੱਖਣਗੇ। ਇਸ ਮੌਕੇ ਨਵੀਂ ਦਿੱਲੀ ਦੇ ਜੰਤਰ-ਮੰਤਰ ਵਿਖੇ ਪੇਪਰ ਲੀਕ ਘਪਲੇ ਖਿਲਾਫ ਚੱਲੇ ਦੇਸ਼ ਵਿਆਪੀ ਜ਼ੈਨ ਜੀ ਅੰਦੋਲਨ ਦੌਰਾਨ ਨਿਰੰਤਰ 23 ਦਿਨ ਭੁੱਖ ਹੜਤਾਲ ਕਰਨ ਵਾਲੀ ਆਈਸਾ ਦੀ ਕੌਮੀ ਪ੍ਰਧਾਨ ਸਾਥੀ ਨੇਹਾ ਬੋਰਾ ਅਤੇ ਉਨ੍ਹਾਂ ਦੇ ਸਹਿਯੋਗੀ ਸਾਥੀ ਆਮੀਨ ਨੂੰ ਸਨਮਾਨਤ ਵੀ ਕੀਤਾ ਜਾਵੇਗਾ।ਰੈਲੀ ਦੌਰਾਨ 'ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ' ਕਵੀਸ਼ਰੀ ਦਾ ਰੰਗ ਬੰਨ੍ਹੇਗਾ। 'ਲੋਕ ਸੰਗੀਤ ਮੰਡਲੀ ਭਦੌੜ' ਵੱਲੋਂ ਤਿਆਰ ਕੀਤੀ ਖ਼ੂਬਸੂਰਤ ਸੰਗੀਤਕ ਵੀਡੀਓ ਵੀ ਜਾਰੀ ਕੀਤੀ ਜਾਵੇਗੀ।

# ਪਿਤਾ ਦੀ ਯਾਦ 'ਚ ਪਵਨ ਬੱਸੀ ਨੇ ਸਵਰਗ ਧਾਮ ਦਸੂਹਾ ਨੂੰ ਦਿੱਤਾ 15 ਹਜ਼ਾਰ ਦਾ ਯੋਗਦਾਨ

**ਦਸੂਹਾ (ਕਰਨੈਲ ਮਾਂਗਟ)**-ਸਵਰਗਧਾਮ ਦਸੂਹਾ ਦੇ ਚੱਲ ਰਹੇ ਵਿਕਾਸ, ਸੁੰਦਰੀਕਰਨ ਅਤੇ ਸੁਧਾਰ ਕਾਰਜਾਂ ਵਿੱਚ ਸਮਾਜ ਦੇ ਲੋਕਾਂ ਵੱਲੋਂ ਲਗਾਤਾਰ ਸਹਿਯੋਗ ਦਿੱਤਾ ਜਾ ਰਿਹਾ ਹੈ। ਇਸੇ ਲੜੀ ਤਹਿਤ ਇੱਟਾਂ ਦੇ ਭੱਠੇ ਦੇ ਮਾਲਕ ਪਵਨ ਬੱਸੀ ਵੱਲੋਂ ਆਪਣੇ ਸਤਿਕਾਰਯੋਗ ਪਿਤਾ ਲਾਲਾ ਓਮ ਪ੍ਰਕਾਸ਼ ਬੱਸੀ ਦੀ ਯਾਦ ਵਿੱਚ 15,000 ਰੁਪਏ ਦਾ ਯੋਗਦਾਨ ਸਵਰਗਧਾਮ ਦਸੂਹਾ ਦੇ ਵਿਕਾਸ ਕਾਰਜਾਂ ਲਈ ਦਿੱਤਾ ਗਿਆ। ਇਹ ਰਕਮ ਐਡਵੋਕੇਟ ਪੁਨੀਤ ਬੱਸੀ, ਮੈਨੇਜਰ ਸਵਰਗਧਾਮ ਦਸੂਹਾ, ਅਤੇ ਪ੍ਰਧਾਨ ਓਮਕਾਰ ਨਾਥ ਰਲਹਨ ਵੱਲੋਂ ਪ੍ਰਾਪਤ ਕੀਤੀ ਗਈ। ਸਵਰਗਧਾਮ ਦੇ ਵਿਕਾਸ ਕਾਰਜਾਂ ਨੂੰ ਸੁਚੱਜੇ ਢੰਗ ਨਾਲ ਅੱਗੇ ਵਧਾਉਣ ਲਈ ਐਡਵੋਕੇਟ ਪੁਨੀਤ ਬੱਸੀ ਵੱਲੋਂ ਪ੍ਰਬੰਧਕੀ ਪੱਧਰ 'ਤੇ ਲਗਾਤਾਰ ਸਰਗਰਮ ਭੂਮਿਕਾ ਨਿਭਾਈ ਜਾ ਰਹੀ ਹੈ। ਇਸ ਮੌਕੇ ਐਡਵੋਕੇਟ ਵਿਜੇ ਬੱਸੀ, ਪ੍ਰਧਾਨ ਆਰਿਆ ਸਮਾਜ ਐਜੂਕੇਸ਼ਨਲ ਐਂਡ ਵੈਲਫੇਅਰ ਸੋਸਾਇਟੀ, ਜੋ ਕਿ ਸਵ. ਲਾਲਾ ਓਮ ਪ੍ਰਕਾਸ਼ ਬੱਸੀ ਦੇ ਪੁੱਤਰ ਵੀ ਹਨ, ਨੇ ਪਵਨ ਬੱਸੀ ਵੱਲੋਂ ਆਪਣੇ ਪਿਤਾ ਦੀ ਯਾਦ ਵਿੱਚ ਕੀਤੇ ਇਸ ਸਹਿਯੋਗ ਲਈ ਵਿਸ਼ੇਸ਼ ਧੰਨਵਾਦ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਸਮਾਜ ਦੇ ਲੋਕਾਂ ਵੱਲੋਂ ਮਿਲ ਰਿਹਾ ਸਹਿਯੋਗ ਸਵਰਗਧਾਮ ਦੇ ਵਿਕਾਸ ਕਾਰਜਾਂ ਨੂੰ ਹੋਰ ਗਤੀ ਦੇਣ ਵਿੱਚ ਸਹਾਇਕ ਬਣ ਰਿਹਾ ਹੈ। ਸਰਕਾਰੀ ਠੇਕੇਦਾਰ ਅਮਿਤ ਕੁਮਾਰ ਬੱਸੀ ਵੱਲੋਂ ਵੀ ਸਵਰਗਧਾਮ ਦਸੂਹਾ ਦੀ ਪ੍ਰਬੰਧਕੀ ਟੀਮ ਨੂੰ ਵਿਕਾਸ ਕਾਰਜਾਂ ਵਿੱਚ ਸਹਿਯੋਗ ਦਿੱਤਾ ਜਾ ਰਿਹਾ ਹੈ। ਇਸ ਮੌਕੇ ਮਨੋਜ ਬੱਸੀ, ਇੱਟਾਂ ਦੇ ਭੱਠੇ ਦੇ ਮਾਲਕ, ਰਾਘਵ ਬੱਸੀ, ਸੀਨੀਅਰ ਐਡਵੋਕੇਟ ਤਜਿੰਦਰਪਾਲ ਸਿੰਘ ਚੀਮਾ ਅਤੇ ਆਚਾਰਿਆ ਸੰਜੇ ਵੀ ਮੌਜੂਦ ਸਨ। ਸਵਰਗਧਾਮ ਪ੍ਰਬੰਧਕ ਕਮੇਟੀ ਵੱਲੋਂ ਦਾਨੀ ਪਰਵਾਰ ਦਾ ਧੰਨਵਾਦ ਕਰਦਿਆਂ ਕਿਹਾ ਗਿਆ ਕਿ ਲੋਕਾਂ ਦੇ ਸਹਿਯੋਗ ਨਾਲ ਸਵਰਗਧਾਮ ਦਸੂਹਾ ਨੂੰ ਹੋਰ ਸੁਵਿਧਾਜਨਕ, ਸੁੰਦਰ ਅਤੇ ਵਿਵਸਥਿਤ ਬਣਾਉਣ ਦੇ ਯਤਨ ਲਗਾਤਾਰ ਜਾਰੀ ਰਹਿਣਗੇ।



# ਚੇਤਾ ਵਿਖੇ ਸਾਲਾਨਾ ਜੋੜ ਮੇਲਾ ਅੱਜ ਤੋਂ



**ਬੰਗਾ (ਅਵਤਾਰ ਕਲੇਰ)**-ਹਰ ਸਾਲ ਦੀ ਤਰਾਂ ਇਸ ਸਾਲ ਵੀ ਧੰਨ ਧੰਨ ਬਾਪੂ ਈਸ਼ਰ ਦਾਸ ਜੀ 22 ਬੜਿਆ ਦੇ ਮਾਲਿਕ ਨੂੰ ਸਮਰਪਤ ਸਲਾਨਾ ਜੋੜ ਮੇਲਾ ਦਰਬਾਰ ਬਾਬਾ ਸਿੱਧ ਚਾਨੋ ਜੀ ਪਿੰਡ ਚੇਤਾ ਵਿਖੇ 18 ਤੇ 19 ਸਤੰਬਰ ਨੂੰ ਕਰਵਾਇਆ ਜਾ ਰਿਹਾ ਹੈ। ਮੇਲੇ ਦਾ ਪੋਸਟਰ ਰਿਲੀਜ਼ ਕਰਨ ਸਮੇਂ ਦਰਬਾਰ ਦੇ ਗੱਦੀ ਨਸ਼ੀਨ ਭਗਤ ਅਵਤਾਰ ਅਤੇ ਬਾਬਾ ਸ਼ਸ਼ੀ ਨੇ ਦੱਸਿਆ ਕੇ 18 ਸਤੰਬਰ ਨੂੰ ਚਿਰਾਗ਼ ਤੇ ਝੰਡੇ ਦੀ ਰਸਮ ਉਪਰੰਤ ਸ਼ਾਮ ਨੂੰ ਗੁਲਸ਼ਨ ਕਵਾਲ ਤੇ ਉਵੈਸ ਖਾਨ ਕਵਾਲ ਆਪਣਾ ਪ੍ਰੋਗਰਾਮ ਪੇਸ਼ ਕਰਨਗੇ। 19 ਸਤੰਬਰ ਨੂੰ ਦਰਬਾਰ ਦੀਆਂ ਧਾਰਮਿਕ ਰਸਮਾਂ ਤੋਂ ਬਾਅਦ ਨਾਮਵਰ ਕਲਾਕਾਰ ਪ੍ਰਵੇਜ਼ ਆਲਮ, ਰਾਂਝਣ ਅਲੀ, ਕੌਰ ਸਿਸਟਰਜ਼, ਬੇਬੀ ਏ ਕੌਰ, ਤਨਵੀਰ ਤਿਹਾਰਾ, ਗਿੱਲ ਸਿਸਟਰਜ਼, ਆਰ ਜੋਗੀ, ਬਾਬਾ ਜੀ ਦੀ ਮਹਿਮਾਂ ਦਾ ਗੁਣਗਾਨ ਕਰਨਗੇ। ਇਸ ਮੌਕੇ ਅਵਤਾਰ ਭਗਤ, ਸ਼ਸ਼ੀ ਬਾਬਾ, ਗਾਇਕ ਬੂਟਾ ਮੁਹੰਮਦ, ਰਣਵੀਰ ਬੇਰਾਜ, ਯਸ਼ ਆਦਿ ਹਾਜ਼ਰ ਸਨ।

# ਰੋਟਰੀ ਕਲੱਬ ਨੇ ਅਪਾਹਜ ਵਿਅਕਤੀ ਨੂੰ ਵ੍ਹੀਲ ਚੇਅਰ ਕੀਤੀ ਦਾਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਰੋਟਰੀ ਕਲੱਬ ਆਫ ਹੁਸ਼ਿਆਰਪੁਰ ਵੱਲੋਂ ਪ੍ਰਧਾਨ ਸੁਮਨ ਨਈਅਰ ਦੀ ਦਿਸ਼ਾ ਨਿਰਦੇਸ਼ ਅਨੁਸਾਰ ਪ੍ਰੋਜੈਕਟ ਚੇਅਰਮੈਨ ਸੰਜੀਵ ਕੁਮਾਰ ਅਤੇ ਦਾਨੀ ਸੱਜਣ ਰੋਟੇਰੀਅਨ ਯੋਗੇਸ਼ ਚੰਦਰ ਮਾਲਕ ਬੀ ਡੀ ਓਪਟੀਸ਼ਨ ਦੇ ਸਹਿਯੋਗ ਦੇ ਨਾਲ ਇੱਕ ਵ੍ਹੀਲ ਚੇਅਰ ਮੁਹੱਲਾ ਫਤਿਹਗੜ੍ਹ ਰੋਡ ਹੁਸ਼ਿਆਰਪੁਰ ਵਿੱਚ 70 ਸਾਲਾਂ ਦੇ ਬਜੁਰਗ ਸੁਰਿੰਦਰ ਸਿੰਘ ਜੋ ਕਿ 80% ਵਿਕਲਾਂਗ ਨੂੰ ਰੋਟਰੀ ਕਲੱਬ ਵੱਲੋਂ ਇੱਕ ਵ੍ਹੀਲ ਚੇਅਰ ਦਾਨ ਕੀਤੀ ਗਈ ਜਿਸ ਨਾਲ ਉਹ ਆਪਣੀ ਮੁਵਮੈਂਟ ਕਰਕੇ ਬਿਨਾਂ ਕਿਸੇ ਸਹਾਰੇ ਤੋਂ ਇੱਧਰ ਉੱਧਰ ਅਤੇ ਬਾਥਰੂਮ ਜਾ ਸਕਦਾ ਹੈ। ਇਸ ਨਾਲ ਗਰੀਬ ਪਰਵਾਰ ਨੂੰ ਬਹੁਤ ਫਾਇਦਾ ਹੋਇਆ ਹੈ। ਇਸ ਪ੍ਰੋਜੈਕਟ ਵਿੱਚ ਵਿਸ਼ੇਸ਼ ਤੌਰ ਤੇ ਸਹਾਇਕ ਗਵਰਨਰ ਰੋਟੇਰੀਅਨ ਰਾਜਿੰਦਰ ਕੁਮਾਰ ਮੋਦਗਿਲ ਅਤੇ ਰਿਟਾਇਰਡ ਐੱਸ ਡੀ ਕਾਲਜ ਪ੍ਰਿੰ ਪ੍ਰਸ਼ਾਂਤ ਸੇਠੀ ਸ਼ਾਮਿਲ ਹੋਏ। ਰੋਟੇਰੀਅਨ ਯੋਗੇਸ਼ ਚੰਦਰ ਨੇ ਦੱਸਿਆ ਕਿ ਇਹ ਵ੍ਹੀਲ ਚੇਅਰ ਉਹਨਾ ਨੇ ਪ੍ਰਿੰ. ਪ੍ਰਸ਼ਾਂਤ ਸੇਠੀ ਦੇ ਕਹਿਣ ਤੇ ਗਰੀਬ ਲੋੜਵੰਦ ਵਿਅਕਤੀ ਨੂੰ ਦਿੱਤੀ ਜੋ ਕਿ ਇਸ ਹਾਲਤ ਵਿੱਚ ਵੀ ਕਿਸੇ ਕੋਲੋ ਮੰਗਣ ਦੀ ਬਜਾਏ ਈ-ਰਿਕਸ਼ਾ ਚਲਾ ਕੇ ਆਪਣਾ ਗੁਜ਼ਾਰਾ ਕਰਦਾ ਹੈ।



# ਨਸ਼ਿਆਂ ਦੇ ਖ਼ਾਤਮੇ ਲਈ ਲੋਕਾਂ ਨੂੰ ਇਕਜੁੱਟ ਹੋ ਕੇ ਕੰਮ ਕਰਨ ਦੀ ਲੋੜ : ਟੀਨੂੰ

**ਅਲਾਵਲਪੁਰ (ਮਦਨ ਬੰਗੜ)**-ਕਸਬਾ ਅਲਾਵਲਪੁਰ ਦੇ ਕਮਿਊਨਿਟੀ ਸੈਂਟਰ ਵਿਖੇ ਬਲਾਕ ਸੰਮਤੀ ਆਦਮਪੁਰ ਦੇ ਚੇਅਰਮੈਨ ਦਲਜੀਤ ਸਿੰਘ ਮਿਨਹਾਸ ਦੀ ਅਗਵਾਈ ਹੇਠ ਨਸ਼ਾ ਮੁਕਤੀ ਮੋਰਚਾ ਦੀ ਵਿਸ਼ੇਸ਼ ਮੀਟਿੰਗ ਕਰਵਾਈ ਗਈ। ਇਸ ਮੌਕੇ ਮੁੱਖ ਮਹਿਮਾਨ ਵਜੋਂ ਹਲਕਾ ਇੰਚਾਰਜ ਪਵਨ ਕੁਮਾਰ ਟੀਨੂੰ ਅਤੇ ਵਿਸ਼ੇਸ਼ ਮਹਿਮਾਨ ਵਜੋਂ ਨਸ਼ਾ ਮੁਕਤੀ ਮੋਰਚਾ ਦੇ ਦੁਆਬਾ ਇੰਚਾਰਜ ਅਤਿਨ ਅਗਨੀਹੋਤਰੀ ਨੇ ਸ਼ਿਰਕਤ ਕੀਤੀ।

ਮੀਟਿੰਗ ਦੌਰਾਨ ਪਵਨ ਕੁਮਾਰ ਟੀਨੂੰ ਨੇ ਨਸ਼ਾ ਮੁਕਤੀ ਮੋਰਚਾ ਦੇ ਗਠਨ ਦੇ ਕਾਰਨਾਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਪੰਜਾਬ ਵਿੱਚ ਚਿੱਟੇ ਸਮੇਤ ਹੋਰ ਨਸ਼ਿਆਂ ਦੀ ਸਮੱਸਿਆ ਵਧਣ ਕਾਰਨ ਇਸ ਮੋਰਚੇ ਦੀ ਸਥਾਪਨਾ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਸਮੱਸਿਆ ਕਾਰਨ ਪੰਜਾਬ ਦੀ ਦੇਸ਼ਾਂ-ਵਿਦੇਸ਼ਾਂ ਵਿੱਚ ਬਦਨਾਮੀ ਹੋ ਰਹੀ ਸੀ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਦੇ ਨੌਜਵਾਨਾਂ ਨੂੰ ਵਿਦੇਸ਼ਾਂ ਵਿੱਚ ਰਿਸ਼ਤੇ ਮਿਲਣ ਵਿੱਚ ਮੁਸ਼ਕਲਾਂ ਆ ਰਹੀਆਂ ਸਨ ਅਤੇ ਵਿਦੇਸ਼ੀ ਯੂਨੀਵਰਸਿਟੀਆਂ ਵਿੱਚ ਦਾਖ਼ਲੇ ਸਮੇਂ ਵੀ ਇਸ ਸਬੰਧੀ ਪੁੱਛਗਿੱਛ ਕੀਤੀ ਜਾਣ ਲੱਗ ਪਈ ਸੀ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸੱਤਾ ਵਿੱਚ ਆਉਣ ਤੋਂ ਬਾਅਦ ਨਸ਼ਿਆਂ ਦੇ ਖ਼ਾਤਮੇ ਲਈ ਜੰਗੀ ਪੱਧਰ 'ਤੇ ਯਤਨ ਸ਼ੁਰੂ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਸਫ਼ਲ ਬਣਾਉਣ ਲਈ ਲੋਕਾਂ ਦਾ ਸਹਿਯੋਗ ਵੀ ਜ਼ਰੂਰੀ ਹੈ। ਮੀਟਿੰਗ ਵਿੱਚ ਨਸ਼ਾ ਮੁਕਤੀ ਮੋਰਚਾ ਦੇ ਆਦਮਪੁਰ ਕੋਆਰਡੀਨੇਟਰ ਹਰਜੀਤ ਸਿੰਘ ਪਰਹਾਰ, ਬਲਾਕ ਕੋਆਰਡੀਨੇਟਰ ਪਰਦੀਪ ਸਿੰਘ, ਵਾਈਸ ਕੋਆਰਡੀਨੇਟਰ ਜੋਗਿੰਦਰ ਪਾਲ ਚੁਖਿਆਰਾ, ਰਣਜੀਤ ਸਿੰਘ, ਤਰਸੇਮ ਸਿੰਘ, ਜਸਪ੍ਰੀਤ ਸਿੰਘ, ਸੁਖਬੀਰ ਸਿੰਘ, ਅਮਰੀਕ ਲਾਲ, ਅਜੇ ਭੀਲ, ਸੁਖਦੇਵ ਸਿੰਘ ਜਗਰਾਵਾਂ, ਮਨਜੀਤ ਸਿੰਘ ਸਰਪੰਚ ਕੰਦੋਲਾ, ਸਰਬਜੀਤ ਸਿੰਘ, ਸੰਦੀਪ ਸਿੰਘ ਅਤੇ ਅੰਮ੍ਰਿਤ ਪਾਲ ਸਿੰਘ ਸਮੇਤ ਮੋਰਚੇ ਦੇ ਹੋਰ ਅਹੁਦੇਦਾਰ ਹਾਜ਼ਰ ਸਨ। ਇਸ ਤੋਂ ਇਲਾਵਾ ਪ੍ਰਧਾਨ ਚਰਨਜੀਤ ਸਿੰਘ ਸ਼ੇਰੀ, ਚੇਅਰਮੈਨ ਹਰਕੀਤ ਸਿੰਘ ਨਿੱਝਰ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਲਖਬੀਰ ਸਿੰਘ ਹਜ਼ਾਰਾ, ਜਸਦਿਆਲ ਸਿੰਘ ਅਤੇ ਹੈਪੀ ਪਧਿਆਣਾ, ਯੂਥ ਆਗੂ ਕੰਪੀ ਪਤਾਰਾ, ਕਮਲ ਸਲਾਲਾ ਵਾਈਸ ਚੇਅਰਮੈਨ, ਭੋਗਪੁਰ ਦੇ ਪ੍ਰਧਾਨ ਰਾਜ ਕੁਮਾਰ ਰਾਜਾ, ਹਰਭਜਨ ਸਿੰਘ ਸਫੀਪੁਰ, ਅਮਨਦੀਪ ਸਿੰਘ ਢਿੱਲੋਂ ਸਲਾਲਾ, ਸੋਨੂ ਬਡਾਲਾ, ਗੁਰਪਾਲ ਰਾਏ ਯੂਥ ਵਿੰਗ ਆਦਮਪੁਰ, ਸੁਖਬੀਰ ਕੁਮਾਰ ਨੰਬਰਦਾਰ, ਪਰਮਜੀਤ ਪੱਪੀ ਸ਼ਹਿਰੀ ਪ੍ਰਧਾਨ, ਰਾਮ ਗੋਪਾਲ, ਹੰਸ ਰਾਜ ਭੈਰੋ, ਰਾਮ ਆਸਰਾ ਸਰਪੰਚ, ਨਿਰਮਲ ਸਿੰਘ ਬਲਾਕ ਪ੍ਰਧਾਨ ਐੱਸ ਸੀ ਵਿੰਗ, ਪੰਕਜ ਹਨੀ ਬਲਾਕ ਪ੍ਰਧਾਨ, ਅਜੇ ਭੀਮ ਜ਼ਿਲ੍ਹਾ ਕੋਆਰਡੀਨੇਟਰ, ਐੱਸ ਡੀ ਐੱਮ ਆਦਮਪੁਰ ਲਾਲ ਵਿਸ਼ਵਾਸ਼, ਬੀ ਡੀ ਪੀ ਓ ਆਦਮਪੁਰ ਅਤੇ ਐੱਸ ਐੱਚ ਓ ਪੰਕਜ ਕੁਮਾਰ ਸਮੇਤ ਪਾਰਟੀ ਦੇ ਸੀਨੀਅਰ ਆਗੂ ਅਤੇ ਸਥਾਨਕ ਨਿਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਹੋਏ।



# ਕਿੱਕ ਬਾਕਸਿੰਗ ਚੈਂਪੀਅਨਸ਼ਿਪ 'ਚ ਵਿਦਿਆਰਥੀਆਂ ਨੇ ਜਿੱਤੇ 5 ਮੈਡਲ

**ਆਦਮਪੁਰ (ਪਰਮਜੀਤ ਸਿੰਘ)**- ਇੰਦੌਰ (ਮੱਧ ਪ੍ਰਦੇਸ਼) ਵਿਖੇ ਆਯੋਜਿਤ ਹੋਈ 'ਸੀਨੀਅਰ ਕਿੱਕ ਬਾਕਸਿੰਗ ਨੈਸ਼ਨਲ ਚੈਂਪੀਅਨਸ਼ਿਪ-2026' ਵਿੱਚ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਬਹਤਰੀਨ ਖੇਡ ਦਾ ਪ੍ਰਦਰਸ਼ਨ ਕਰਦਿਆਂ ਯੂਨੀਵਰਸਿਟੀ ਦਾ ਨਾਂਅ ਰੋਸ਼ਨ ਕੀਤਾ ਹੈ। ਇਸ ਰਾਸ਼ਟਰੀ ਪੱਧਰ ਦੇ ਮੁਕਾਬਲੇ ਵਿੱਚ ਯੂਨੀਵਰਸਿਟੀ ਦੇ ਚਾਰ ਵਿਦਿਆਰਥੀਆਂ ਨੇ ਕੁੱਲ 5 ਮੈਡਲ ਆਪਣੇ ਨਾਂਅ ਕੀਤੇ।ਇਨ੍ਹਾਂ ਮੁਕਾਬਲਿਆਂ ਦੌਰਾਨ ਸੂਰਜ ਨੇ ਦੋਹਰੀ ਸਫਲਤਾ ਹਾਸਲ ਕਰਦਿਆਂ 2 ਸੋਨ ਤਗਮੇ ਜਿੱਤੇ, ਜਦਕਿ ਸਾਹਿਲ ਨੇ 1 ਸੋਨ ਤਗਮਾ ਹਾਸਲ ਕੀਤਾ। ਇਸੇ ਤਰ੍ਹਾਂ ਸੰਨੀ ਨੇ 1 ਚਾਂਦੀ ਦਾ ਤਗਮਾ ਅਤੇ ਗੀਤਿਕਾ ਨੇ 1 ਕਾਂਸੀ ਦਾ ਤਗਮਾ ਜਿੱਤ ਕੇ ਯੂਨੀਵਰਸਿਟੀ ਦਾ ਮਾਣ ਵਧਾਇਆ।ਇਸ ਪ੍ਰਾਪਤੀ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਸਾਹਿਬ ਪ੍ਰੋ. ਪਲਵਿੰਦਰ ਸਿੰਘ ਨੇ ਕਿਹਾ ਕਿ ਰਾਸ਼ਟਰੀ ਪੱਧਰ 'ਤੇ ਯੂਨੀਵਰਸਿਟੀ ਦਾ ਨਾਂਅ ਰੋਸ਼ਨ ਕਰਨ ਵਾਲੇ ਇਹ ਜੇਤੂ ਖਿਡਾਰੀ ਬਾਕੀ ਵਿਦਿਆਰਥੀਆਂ ਲਈ ਵੀ ਪ੍ਰੇਰਨਾ ਦਾ ਸਰੋਤ ਬਣਨਗੇ ਅਤੇ ਉਨ੍ਹਾਂ ਨੂੰ ਖੇਡਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਉਤਸ਼ਾਹਿਤ ਕਰਨਗੇ।ਖੇਡ ਵਿਭਾਗ ਦੇ ਡੀਨ ਡਾ. ਅਮਰਜੀਤ ਸਿੰਘ ਨੇ ਜੇਤੂ ਖਿਡਾਰੀਆਂ, ਉਨ੍ਹਾਂ ਦੇ ਕੋਚ ਅਤੇ ਖੇਡ ਵਿਭਾਗ ਨੂੰ ਮੁਬਾਰਕਬਾਦ ਦਿੱਤੀ।



# ਭਾਜਪਾ ਦੀ 'ਨਸ਼ਾ ਮੁਕਤ ਪੰਜਾਬ ਯਾਤਰਾ' ਸਿਆਸੀ ਨੌਟੰਕੀ : ਬਲਤੇਜ ਪੰਨੂ



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**-ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੀਡੀਆ ਇੰਚਾਰਜ ਅਤੇ ਨਸ਼ਾ ਮੁਕਤੀ ਮੋਰਚਾ ਦੇ ਮੁੱਖ ਬੁਲਾਰੇ ਬਲਤੇਜ ਪੰਨੂ ਨੇ ਵੀਰਵਾਰ ਨੂੰ ਭਾਜਪਾ ਦੀ 'ਨਸ਼ਾ ਮੁਕਤ ਪੰਜਾਬ ਯਾਤਰਾ' 'ਤੇ ਤਿੱਖਾ ਹਮਲਾ ਬੋਲਦਿਆਂ ਇਸ ਨੂੰ ਸਿਆਸੀ ਨੌਟੰਕੀ ਕਰਾਰ ਦਿੱਤਾ। ਉਨ੍ਹਾਂ 2007-17 ਦੌਰਾਨ ਪੰਜਾਬ ਵਿੱਚ ਭਾਜਪਾ ਦੇ ਸੱਤਾ ਵਿੱਚ ਭਾਈਵਾਲ ਹੁੰਦਿਆਂ, ਜਦੋਂ ਚਿੱਟਾ ਉੱਭਰਿਆ ਅਤੇ ਪੂਰੇ ਰਾਜ ਵਿੱਚ ਫੈਲਿਆ, ਪਾਰਟੀ ਦੀ ਚੁੱਪ 'ਤੇ ਸਵਾਲ ਚੁੱਕੇ। ਪੰਨੂ ਨੇ ਸਵਾਲ ਕੀਤਾ ਕਿ ਭਾਜਪਾ ਉਦੋਂ ਕੋਈ ਨਸ਼ਾ ਵਿਰੋਧੀ ਮੁਹਿੰਮ ਚਲਾਉਣ ਵਿੱਚ ਕਿਉਂ ਅਸਫਲ ਰਹੀ, ਜਦੋਂ ਜਾਂਚ ਵਿੱਚ ਨਾਂਅ ਸਾਹਮਣੇ ਆ ਰਹੇ ਸਨ ਤੇ ਅਧਿਕਾਰੀ ਨਿਰੰਜਨ ਸਿੰਘ ਦਾ ਤਬਾਦਲਾ ਕਰ ਦਿੱਤਾ ਗਿਆ ਸੀ ਤਾਂ ਈ ਡੀ ਦੀ ਜਾਂਚ ਕਿਉਂ ਰੋਕੀ ਗਈ ਤੇ ਭਾਜਪਾ ਹੁਣ ਆਪਣੇ ਗੁਆਂਢੀ ਰਾਜ ਹਰਿਆਣਾ ਸਮੇਤ ਨਸ਼ਾ ਪ੍ਰਭਾਵਿਤ ਰਾਜਾਂ 'ਤੇ ਚੁੱਪ ਰਹਿ ਕੇ ਚੋਣਵੇਂ ਤੌਰ 'ਤੇ ਪੰਜਾਬ ਨੂੰ ਹੀ ਕਿਉਂ ਨਿਸ਼ਾਨਾ ਬਣਾ ਰਹੀ ਹੈ। 'ਆਪ' ਪੰਜਾਬ ਦੇ ਮੀਡੀਆ ਇੰਚਾਰਜ ਨੇ ਕਿਹਾ ਕਿ ਪੰਜਾਬ ਦੇ ਸਾਰੇ ਸੰਵੇਦਨਸ਼ੀਲ ਜ਼ਿਲ੍ਹੇ ਬੀ ਐੱਸ ਐੱਫ ਅਧੀਨ ਆਉਂਦੇ ਸਰਹੱਦੀ ਜ਼ਿਲ੍ਹੇ ਹਨ ਅਤੇ ਭਾਜਪਾ ਨੂੰ ਪੰਜਾਬ ਨੂੰ ਬਦਨਾਮ ਕਰਨ ਲਈ ਇਸ ਮੁੱਦੇ ਦੀ ਵਰਤੋਂ ਕਰਨ ਦੀ ਬਜਾਏ ਇਹ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਉਹ ਰਾਜ ਵਿੱਚ ਨਸ਼ਿਆਂ ਦੇ ਪ੍ਰਵੇਸ਼ ਨੂੰ ਰੋਕਣ ਲਈ ਕੀ ਕਰ ਰਹੀ ਹੈ। ਪੰਨੂ ਨੇ ਕਿਹਾ ਕਿ ਜ਼ਮੀਨੀ ਹਕੀਕਤ ਪੰਜਾਬ ਦੇ ਵਧ ਰਹੇ ਖੇਡ ਸੱਭਿਆਚਾਰ ਵਿੱਚ ਦਿਖਾਈ ਦਿੰਦੀ ਹੈ, ਜਿੱਥੇ ਬਠਿੰਡਾ ਰਨ ਵਿੱਚ 25,000 ਤੋਂ ਵੱਧ ਨੌਜਵਾਨਾਂ ਨੇ ਭਾਗ ਲਿਆ ਅਤੇ ਰਾਜ ਭਰ ਵਿੱਚ 3,100 ਖੇਡ ਮੈਦਾਨ ਬਣਾਏ ਗਏ ਹਨ, ਜਿਨ੍ਹਾਂ ਵਿੱਚੋਂ ਲਗਭਗ 750 ਪਹਿਲਾਂ ਹੀ ਲੋਕਾਂ ਨੂੰ ਸਮਰਪਿਤ ਕੀਤੇ ਜਾ ਚੁੱਕੇ ਹਨ। ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ 'ਆਪ' ਪੰਜਾਬ ਦੇ ਮੀਡੀਆ ਇੰਚਾਰਜ ਅਤੇ ਨਸ਼ਾ ਮੁਕਤੀ ਮੋਰਚਾ ਦੇ ਮੁੱਖ ਬੁਲਾਰੇ ਬਲਤੇਜ ਪੰਨੂ ਨੇ ਕਿਹਾ, 'ਨਸ਼ਿਆਂ ਵਿਰੁੱਧ ਹਰ ਯਤਨ ਦਾ ਸਵਾਗਤ ਹੈ, ਪਰ ਭਾਜਪਾ ਨੂੰ ਪਹਿਲਾਂ ਆਪਣੇ ਰਿਕਾਰਡ ਦਾ ਜਵਾਬ ਦੇਣਾ ਚਾਹੀਦਾ ਹੈ। ਭਾਜਪਾ 2007 ਤੋਂ 2017 ਤੱਕ ਪੰਜਾਬ ਸਰਕਾਰ ਵਿੱਚ ਭਾਈਵਾਲ ਸੀ, ਇਹ ਉਹੀ ਸਮਾਂ ਸੀ ਜਦੋਂ ਪੰਜਾਬ ਵਿੱਚ 'ਚਿੱਟੇ' ਦੀ ਅਲਾਮਤ ਉੱਭਰੀ ਅਤੇ ਫੈਲੀ। ਅੱਜ ਉਹੀ ਭਾਜਪਾ 'ਨਸ਼ਾ ਮੁਕਤ ਪੰਜਾਬ ਯਾਤਰਾ' ਕੱਢ ਰਹੀ ਹੈ। ਜਦੋਂ ਭਾਜਪਾ ਖੁਦ ਸਰਕਾਰ ਵਿੱਚ ਸੀ ਤਾਂ ਉਸ ਨੇ ਨਸ਼ਿਆਂ ਵਿਰੁੱਧ ਕੋਈ ਯਾਤਰਾ, ਮੁਹਿੰਮ ਜਾਂ ਲਗਾਤਾਰ ਦਬਾਅ ਕਿਉਂ ਨਹੀਂ ਬਣਾਇਆ?'

# ਸ਼ਹੀਦ ਊਧਮ ਸਿੰਘ ਪ੍ਰੈੱਸ ਵੈੱਲਫੇਅਰ ਕਲੱਬ ਵੱਲੋਂ ਮੀਟਿੰਗ



**ਪੋਜੇਵਾਲ (ਰਾਮ ਲਾਲ)**-ਸ਼ਹੀਦ ਊਧਮ ਸਿੰਘ ਪ੍ਰੈੱਸ ਵੈਲਫੇਅਰ ਕਲੱਬ ਬਲਾਚੌਰ ਦੀ ਵਿਸ਼ੇਸ਼ ਮੀਟਿੰਗ ਪ੍ਰਧਾਨ ਨਰੇਸ਼ ਧੌਲ ਦੀ ਪ੍ਰਧਾਨਗੀ ਹੇਠ ਸ਼ਿਵਾਲਿਕ ਰੈਸਟੋਰੈਂਟ ਬਾਈਪਾਸ ਬਲਾਚੌਰ ਵਿਖੇ ਕੀਤੀ ਗਈ। ਮੀਟਿੰਗ ਦੌਰਾਨ ਜਿੱਥੇ ਵੱਖ ਵੱਖ ਪਹਿਲੂਆਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ ਉੱਥੇ ਪ੍ਰੈੱਸ ਕਲੱਬ ਵਿੱਚ ਤਿੰਨ ਪੱਤਰਕਾਰ ਸਮਰਦੀਪ ਸਿੰਘ, ਸੋਨਾ ਮਹਿੰਦੀਪੁਰ ਅਤੇ ਰਾਮ ਲਾਲ ਨੂੰ ਸ਼ਾਮਿਲ ਕੀਤਾ ਗਿਆ। ਵੱਖ ਵੱਖ ਪੱਤਰਕਾਰਾਂ ਵੱਲੋਂ ਅਜੋਕੇ ਸਮੇਂ ਅੰਦਰ ਪੱਤਰਕਾਰਤਾ ਦੇ ਖਿੱਤੇ ਵਿੱਚ ਦਰਪੇਸ਼ ਆ ਰਹੀਆਂ ਵੱਖ-ਵੱਖ ਤਰਾਂ ਦੀਆਂ ਸਮੱਸਿਆਵਾਂ ਤੇ ਡੂੰਘੀ ਚਿੰਤਾ ਵਿਅਕਤ ਕੀਤੀ ਗਈ। ਇਸ ਤੋਂ ਇਲਾਵਾ ਸਮੁੱਚੇ ਕਲੱਬ ਮੈਂਬਰਾਂ ਤੇ ਅਹੁਦੇਦਾਰਾਂ ਵੱਲੋਂ ਸਰਬਸੰਮਤੀ ਨਾਲ ਸੀਨੀਅਰ ਪੱਤਰਕਾਰ ਦੀਦਾਰ ਸਿੰਘ ਬਲਾਚੌਰੀਆ ਨੂੰ ਪ੍ਰੈੱਸ ਕਲੱਬ ਦੇ ਸਰਪ੍ਰਸਤ ਚੁਣਿਆ ਗਿਆ। ਮੀਟਿੰਗ ਦੌਰਾਨ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ ਸੰਤੋਖ ਸਿੰਘ ਸ਼ਿਵਾਲਿਕ ਨੇ ਵੀ ਪ੍ਰੈੱਸ ਕਲੱਬ ਦੇ ਸਮੁੱਚੇ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਨਿਰੋਲ ਪੱਤਰਕਾਰੀ ਦੀਆਂ ਸੇਵਾਵਾਂ ਨਿਭਾਉਣ ਤੇ ਭਰਪੂਰ ਸਲਾਘਾ ਕੀਤੀ। ਇਸ ਮੌਕੇ ਵਰਿੰਦਰ ਸਿੰਘ ਹੁੰਦਲ, ਵਿਨੋਦ ਬੈਂਸ, ਨਿਰਮਲਜੀਤ ਸਿੰਘ ਚਾਹਲ, ਬਲਦੇਵ ਚੌਹਾਨ, ਹਰਦੀਪ ਸਿੰਘ ਕਲਮ ਗਹੂੰਣ, ਹਰਮੇਲ ਸਿੰਘ ਸੰਹੂਗੜ੍ਹਾ, ਜਸਵਿੰਦਰ ਸਿੰਘ, ਲਾਭ ਸਿੰਘ ਭੁੱਲਰ, ਆਸ਼ੀਸ਼ ਗੁਲਾਟੀ ਆਦਿ ਹਾਜ਼ਰ ਸਨ।

# ਕਮਿਊਨਿਟੀ ਹੈੱਲਥ ਅਫ਼ਸਰਾਂ ਵੱਲੋਂ ਰੋਸ ਪ੍ਰਦਰਸ਼ਨ




**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਆਪਣੀਆਂ ਲੰਬੇ ਸਮੇਂ ਤੋਂ ਲੰਬਿਤ ਹੱਕੀ ਅਤੇ ਜਾਇਜ਼ ਮੰਗਾਂ ਦੇ ਹੱਲ ਲਈ ਕਮਿਊਨਿਟੀ ਹੈਲਥ ਅਫ਼ਸਰਾਂ ਸੀ ਐਚ ਉ ਵੱਲੋਂ ਸਿਵਲ ਸਰਜਨ ਦਫ਼ਤਰ ਵਿਖੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਆਪਣੀਆਂ ਮੰਗਾਂ ਸਬੰਧੀ ਸਿਵਲ ਸਰਜਨ ਨੂੰ ਮੰਗ ਪੱਤਰ ਸੌਂਪਿਆ ਗਿਆ। ਇਸ ਮੌਕੇ ਜਿਲਾ ਪ੍ਰਧਾਨ ਸੁਨੀਲ ਤਰਗੋਤਰਾ ਕਿਹਾ ਕਿ ਆਪਣੀਆਂ ਮੰਗਾਂ ਦੇ ਹੱਲ ਲਈ ਸਰਕਾਰ ਅਤੇ ਵਿਭਾਗ ਨਾਲ ਲਗਾਤਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ, ਪਰ ਵਾਰ-ਵਾਰ ਭਰੋਸੇ ਦੇਣ ਦੇ ਬਾਵਜੂਦ ਅਜੇ ਤੱਕ ਮੰਗਾਂ ਦਾ ਕੋਈ ਠੋਸ ਅਤੇ ਲਿਖਤੀ ਹੱਲ ਨਹੀਂ ਕੀਤਾ ਗਿਆ। ਸਰਕਾਰ ਅਤੇ ਵਿਭਾਗ ਦੀ ਇਸ ਲਾਰੇਬਾਜ਼ੀ ਅਤੇ ਸਮਾਂ ਟਪਾਉਣ ਵਾਲੀ ਨੀਤੀ ਕਾਰਨ ਪੰਜਾਬ ਭਰ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ। ਇਸ ਮੌਕੇ ਉਹਨਾ ਨੇ ਕਿਹਾ ਕਿ ਸੀ ਐੱਚ ਉ ਦਾ ਕੈਡਰ ਸੈਂਕਸ਼ਨ ਕਰਕੇ ਰੈਗੂਲਰ ਗ੍ਰੇਡ ਪੇ ਦੇ ਕੇ ਰੈਗੂਲਰ ਕਰਨ, ਤਨਖਾਹ ਵਿੱਚ 5000/- ਪ੍ਰਤੀ ਮਹੀਨਾ ਵਾਧਾ ਅਤੇ ਬਣਦਾ ਬਕਾਇਆ ਦੇਣ, ਲੋਇਲਟੀ/ਐਕਸਪੀਰੀਅੰਸ ਬੋਨਸ ਬਹਾਲ ਕਰਨ, ਇਨਸੈਂਟਿਵ ਨੂੰ ਤਨਖਾਹ ਵਿੱਚ ਮਰਜ ਕਰਨ ਅਤੇ ਇਨਸੈਂਟਿਵ ਪਰਫਾਰਮਾ ਨੂੰ ਨੁਮਾਇੰਦਿਆਂ ਨਾਲ ਹੋਈ ਸਹਿਮਤੀ ਅਨੁਸਾਰ ਸੋਧਣ ਦੀਆਂ ਮੰਗਾਂ ਲੰਬੇ ਸਮੇਂ ਤੋਂ ਸਰਕਾਰ ਅਤੇ ਵਿਭਾਗ ਦੇ ਧਿਆਨ ਵਿੱਚ ਲਿਆਂਦੀਆਂ ਜਾ ਰਹੀਆਂ ਹਨ। ਇਸੇ ਕੜੀ ਤਹਿਤ 18 ਸਤੰਬਰ ਨੂੰ ਦਿੜ੍ਹਬਾ ਵਿਖੇ ਪੰਜਾਬ ਭਰ ਦੇ ਸੀ ਐੱਚ ਉ ਵੱਲੋਂ ਰੋਸ ਧਰਨਾ ਅਤੇ ਰੈਲੀ ਕੀਤੀ ਜਾਵੇਗੀ। ਐਸੋਸੀਏਸ਼ਨ ਪੰਜਾਬ ਨੇ ਸਪਸ਼ਟ ਕੀਤਾ ਕਿ ਜੇਕਰ 18 ਸਤੰਬਰ ਦੀ ਦਿੜ੍ਹਬਾ ਰੈਲੀ ਤੋਂ ਬਾਅਦ ਵੀ ਦੀਆਂ ਮੰਗਾਂ ਦਾ ਠੋਸ ਅਤੇ ਲਿਖਤੀ ਹੱਲ ਨਹੀਂ ਕੀਤਾ ਜਾਂਦਾ, ਤਾਂ ਸੰਘਰਸ਼ ਨੂੰ ਹੋਰ ਵਿਆਪਕ ਕਰਦੇ ਹੋਏ ਸੰਗਰੂਰ ਵਿਖੇ ਮਾਣਯੋਗ ਮੁੱਖ ਮੰਤਰੀ ਪੰਜਾਬ ਦੀ ਰਿਹਾਇਸ਼ ਅੱਗੇ ਪੱਕਾ ਧਰਨਾ ਲਗਾਇਆ ਜਾਵੇਗਾ। ਇਸ ਮੌਕੇ ਹੋਰਨਾ ਤੇ ਇਲਾਵਾ ਡਾ ਰਮਨਦੀਪ ਸਿੰਘ, ਸੁਖਦੀਪ ਕੌਰ, ਪਵਨਦੀਪ ਕੌਰ, ਦਲਜੀਤ ਕੌਰ, ਮਨਵੀਰ ਕੌਰ, ਅਵਨਨੀਤ ਕੌਰ, ਸੁਖਵਿੰਦਰ ਕੌਰ, ਸੁਖਦੀਪ ਕੌਰ ਆਦਿ ਹਾਜ਼ਰ ਸਨ।

## ਬੀਬੀ ਧਰਮਜੀਤ ਕੌਰ ਦੇ ਵਿਛੋੜੇ 'ਤੇ ਲਹਿੰਬਰ ਸਿੰਘ ਤੱਗੜ ਵੱਲੋਂ ਦੁੱਖ ਦਾ ਪ੍ਰਗਟਾਵਾ

**ਜਲੰਧਰ (ਸੁਰਿੰਦਰ ਕੁਮਾਰ)**-ਸੀ ਪੀ ਆਈ (ਐਮ ) ਦੇ ਸੀਨੀਅਰ ਆਗੂ ਅਤੇ ਸੂਬਾ ਕੰਟਰੋਲ ਕਮਿਸ਼ਨ ਦੇ ਚੇਅਰਮੈਨ ਕਾਮਰੇਡ ਲਹਿੰਬਰ ਸਿੰਘ ਤੱਗੜ ਵੱਲੋਂ ਪੰਜਾਬ ਦੀ ਆਂਗਣਵਾੜੀ ਮੁਲਾਜ਼ਮ ਲਹਿਰ ਦੀ ਨਿਧੜਕ ਅਤੇ ਵਫਾਦਾਰ ਆਗੂ ਬੀਬੀ ਧਰਮਜੀਤ ਕੌਰ ਦੇ ਅਚਾਨਕ ਹੋਏ ਵਿਛੋੜੇ ਤੇ ਬਹੁਤ ਹੀ ਡੂੰਘੇ ਦੁੱਖ ਹਮਦਰਦੀ ਅਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਗਿਆ ਹੈ। [illegible]

## ਲੋੜਵੰਦ ਔਰਤਾਂ ਨੂੰ ਵੰਡਿਆ ਰਾਸ਼ਨ

**ਫਗਵਾੜਾ (ਡਾ. ਰਮਨ, ਜਸਵਿੰਦਰ ਸਿੰਘ)**-ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ 213ਵਾਂ ਮਾਸਿਕ ਰਾਸ਼ਨ ਵੰਡ ਸਮਾਗਮ ਬਲੱਡ ਬੈਂਕ ਦੇ ਸਰਪ੍ਰਸਤ ਕੇ.ਕੇ. ਸਰਦਾਨਾ ਦੀ ਰਹਿਨੁਮਾਈ ਅਤੇ ਪ੍ਰਧਾਨ ਮਲਕੀਅਤ ਸਿੰਘ ਰਗਬੋਤਰਾ ਦੀ ਨਿਗਰਾਨੀ ਹੇਠ ਆਯੋਜਿਤ ਕੀਤਾ ਗਿਆ। ਇਸ ਦੌਰਾਨ ਬਤੌਰ ਮੁੱਖ ਮਹਿਮਾਨ ਮਹਿਮਾਨ ਉਦਯੋਗਪਤੀ ਅਤੇ ਸਮਾਜ ਸੇਵਕ ਸਹਿਦੇਵ ਨੇ ਹਾਜ਼ਰੀ ਲਗਵਾਈ। ਪਤਵੰਤਿਆਂ ਨੇ 100 ਲੋੜਵੰਦ ਔਰਤਾਂ ਨੂੰ ਰਾਸ਼ਨ ਵੰਡਣ ਦੀ ਸ਼ੁਰੂਆਤ ਕਰਵਾਈ ਅਤੇ ਬਲੱਡ ਬੈਂਕ ਵਲੋਂ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ। ਮਲਕੀਅਤ ਸਿੰਘ ਰਗਬੋਤਰਾ ਨੇ ਦੱਸਿਆ ਕਿ ਇਹ ਮਹੀਨਾਵਾਰ ਰਾਸ਼ਨ ਵੰਡਣ ਦੀ ਸੇਵਾ 18 ਸਾਲਾਂ ਤੋਂ ਲਗਾਤਾਰ ਜਾਰੀ ਹੈ ਜਿਸ ਵਿੱਚ ਸਮਾਜ ਸੇਵੀ ਰਾਜਿੰਦਰ ਸਿੰਘ ਕੋਛੜ (ਖੰਡਵਾਲੇ), ਰਮੇਸ਼ ਗਾਬਾ, ਰਮੇਸ਼ ਦੁੱਗਲ, ਮਨੀਸ਼ ਬੱਤਰਾ, ਤਾਰਾ ਚੰਦ ਚੁੰਬਰ, ਵਿਸ਼ਵਾਮਿੱਤਰ ਸ਼ਰਮਾ, ਅਵਤਾਰ ਸਿੰਘ ਕੋਛੜ, ਰਾਜੀਵ ਕੁਮਾਰ (ਮਾਰਬਲ ਰਿਜ਼ੋਰਟ), ਐੱਨ ਆਰ ਆਈ ਸਤਪਾਲ ਵਰਮਾ, ਰਮਨ ਨਹਿਰਾ, ਐਡਵੋਕੇਟ ਅੰਕਿਤ ਢੀਂਗਰਾ ਦਾ ਵਡਮੁੱਲਾ ਸਹਿਯੋਗ ਪ੍ਰਾਪਤ ਹੁੰਦਾ ਹੈ। ਇਸ ਮੌਕੇ ਗੁਰਮੀਤ ਪਲਾਹੀ, ਕ੍ਰਿਸ਼ਨ ਕੁਮਾਰ, ਮੋਹਨ ਲਾਲ ਤਨੇਜਾ, ਸੁਧਾ ਬੇਦੀ, ਵਿਪਨ ਪਾਲ ਸਿੰਘ ਅਰੋੜਾ ਆਦਿ ਹਾਜ਼ਰ ਸਨ।




# ਸਕੂਲ ਦੀ ਪੜ੍ਹਾਈ ਨੂੰ ਅੰਕੜਿਆਂ ਦੀ ਖੇਡ ਬਣਾ ਦਿੱਤਾ ਹੈ : ਜਸਵੀਰ ਮੋਰੋਂ

**ਬੰਗਾ (ਅਵਤਾਰ ਕਲੇਰ)**-ਵਿਵੇਕ ਵਿਕਾਸ ਲਹਿਰ ਪੰਜਾਬ ਮੁੱਖ ਦਫ਼ਤਰ ਬੰਗਾ ਵਲੋਂ ਕਿਤਾਬਾਂ ਰਾਹੀਂ ਗਿਆਨ ਵੰਡਣ ਦੀ [illegible] ਪੰਜਾਹ ਕਿਤਾਬਾਂ ਵਿਵੇਕ ਵਿਕਾਸ ਲਹਿਰ ਪੰਜਾਬ ਵੱਲੋਂ ਭੇਟ ਕੀਤੀਆਂ ਗਈਆਂ ਹਨ। ਇਹ ਕਿਤਾਬਾਂ ਕਵਿਤਾ, ਕਹਾਣੀ, ਵਾਰਤਕ ਲੇਖ, ਨਾਵਲ ਅਤੇ ਇਤਿਹਾਸ ਨਾਲ ਸੰਬੰਧਿਤ ਹਨ। ਇੰਜੀ. ਜਸਵੀਰ ਸਿੰਘ ਮੋਰੋਂ ਨੇ ਕਿਹਾ ਕਿ ਸਕੂਲ ਦੀ ਪੜ੍ਹਾਈ ਨੂੰ ਅੰਕੜਿਆਂ ਦੀ ਖੇਡ ਬਣਾ ਦਿੱਤਾ ਹੈ। ਪੜ੍ਹਾਈ ਤੋਂ ਸਿੱਖਿਆ ਨਾ ਲੈਣ ਦਾ ਨਤੀਜਾ ਇਹ ਨਿਕਲਦਾ ਹੈ ਕਿ ਅਸੀਂ ਜੀਵਨ ਵਿੱਚ ਭਟਕਣ ਦਾ ਸ਼ਿਕਾਰ ਹੋ ਜਾਂਦੇ ਹਾਂ। ਪੜ੍ਹਾਈ ਦਾ ਉਦੇਸ਼ ਸਿਆਣੇ ਹੋਣਾ [illegible] ਵਿਚਾਰ ਨੂੰ ਲਾਜ਼ਮੀ ਬਦਲਣਾ ਜ਼ਰੂਰੀ ਹੈ। ਵਿਗਿਆਨ ਦੇ ਯੁੱਗ, ਏ ਆਈ ਦੇ ਜ਼ਮਾਨੇ ਵਿੱਚ ਕਿਸੇ ਤਰ੍ਹਾਂ ਦਾ ਸ਼ੰਕਾ ਮਨ ਵਿੱਚ ਨਹੀਂ ਰੱਖਣਾ ਚਾਹੀਦਾ। ਨਵਾਂ ਸਿੱਖਣ ਲਈ ਸਵਾਲ ਕਰਨ ਦੀ ਆਦਤ ਪਾ ਲੈਣੀ ਚਾਹੀਦੀ ਹੈ। ਜਿਵੇਂ ਜਿਵੇਂ ਮਨੁੱਖ ਗਿਆਨਵਾਨ ਹੋਈ ਜਾਂਦਾ ਹੈ, ਉਸ ਦੇ ਡਰ ਦੂਰ ਹੋਈ ਜਾਂਦੇ ਹਨ ਅਤੇ ਜੀਵਨ ਸੁਖਾਲਾ ਹੋ ਜਾਂਦਾ ਹੈ। ਇਸ ਮੌਕੇ ਸਰਪੰਚ ਅਮਨਦੀਪ ਸਿੰਘ, ਡਾ. ਹਰੀਬਿਲਾਸ ਹੀਉਂ, ਸਰਬਜੀਤ ਕੌਰ ਪੰਚ, ਜਸਵੀਰ ਕੌਰ, [illegible] ਲੰਬਰਦਾਰ ਚੈਨ, ਜਸਵੀਰ ਲੰਗੇਰੀ ਆਦਿ ਹਾਜ਼ਰ ਰਹੇ। ਲੇਖਕ ਸ਼ਿੰਗਾਰਾ ਲੰਗੇਰੀ ਵੱਲੋਂ ਪੁਸਤਕ ਸਭਿਆਚਾਰ ਪੈਦਾ ਕਰਨ ਵਾਸਤੇ ਪਾਠਕਾਂ ਤੱਕ ਮੁਫ਼ਤ ਕਿਤਾਬਾਂ ਪਹੁੰਚਾਉਣ ਵਾਲੀ ਇਸ ਮੁਹਿੰਮ ਦੀ ਸ਼ਲਾਘਾ ਕੀਤੀ ਤੇ ਲਾਇਬ੍ਰੇਰੀ ਲਈ ਕਿਤਾਬਾਂ ਭੇਟ ਕਰਨ ਲਈ ਲਹਿਰ ਦੇ ਆਗੂਆਂ ਦਾ ਧੰਨਵਾਦ ਕੀਤਾ।



# ਗੋਲਡੀ ਵੱਲੋਂ ਵਿਕਾਸ ਕਾਰਜਾਂ ਦੀ ਸ਼ੁਰੂਆਤ

**ਖਰੜ (ਹਰਨਾਮ ਸਿੰਘ ਡੱਲਾ)**-ਪੰਜਾਬ ਯੂਥ ਡਿਵੈਲਪਮੈਂਟ ਬੋਰਡ ਦੇ ਚੇਅਰਮੈਨ ਪਰਮਿੰਦਰ ਸਿੰਘ ਗੋਲਡੀ ਵੱਲੋਂ ਖਰੜ ਸ਼ਹਿਰ [illegible] ਸਪਲਾਈ ਪਾਈਪ ਲਾਈਨ, ਸਟਾਰਮ ਵਾਟਰ ਪਾਈਪਾਂ ਅਤੇ ਪੇਵਰ ਬਲਾਕ ਲਗਾਉਣ ਦੇ ਕਾਰਜ ਕੀਤੇ ਜਾਣਗੇ।

ਇਸੇ ਤਰ੍ਹਾਂ ਵਾਰਡ ਨੰਬਰ 20 ਦੀ ਰਾਮ ਬਾਗ ਰੋਡ 'ਤੇ ਨਵੀਂ ਸਟਾਰਮ ਵਾਟਰ ਪਾਈਪ ਲਾਈਨ, ਸੜਕ ਦੀ ਰੀ-ਲੇਇੰਗ ਅਤੇ ਲੋੜ ਅਨੁਸਾਰ ਨਵੇਂ ਪੇਵਰ ਬਲਾਕ ਲਗਾਉਣ ਦਾ ਕੰਮ ਕੀਤਾ ਜਾਵੇਗਾ। ਰਾਮ ਬਾਗ ਰੋਡ 'ਤੇ ਜਿੱਥੇ ਵੀ ਮੁਰੰਮਤ ਦੀ ਲੋੜ ਹੋਵੇਗੀ, ਉੱਥੇ ਸੜਕ ਦੀ ਮੁਰੰਮਤ ਕਰਵਾਈ ਜਾਵੇਗੀ, ਤਾਂ ਜੋ ਪਾਣੀ ਖੜ੍ਹਾ ਹੋਣ ਦੀ ਸਮੱਸਿਆ ਨੂੰ ਦੂਰ ਕੀਤਾ ਜਾ ਸਕੇ।

ਇਸ ਮੌਕੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਦੀ ਖੁਸ਼ੀ ਵਿੱਚ ਮਠਿਆਈਆਂ ਵੀ ਵੰਡੀਆਂ ਗਈਆਂ। ਇਸ ਮੌਕੇ ਕਾਰਜ ਸਾਧਕ ਅਧਿਕਾਰੀ ਅਸ਼ੋਕ ਪਥਰੀਆ ਸਮੇਤ ਨਗਰ ਕੌਂਸਲ ਦਾ ਦਫ਼ਤਰੀ ਸਟਾਫ਼, ਬਲਾਕ ਸਮਿਤੀ ਦੇ ਚੇਅਰਮੈਨ ਰਘੁਬੀਰ ਸਿੰਘ ਮੋਦੀ, ਗੁਰਸ਼ਰਨ ਸਿੰਘ (ਸੰਗਠਨ ਇੰਚਾਰਜ), ਰਾਮ ਸਰੂਪ, ਮੀਡੀਆ ਇੰਚਾਰਜ ਬਲਜੀਤ ਸਿੰਘ, ਰਾਜਵੀਰ ਸਿੰਘ ਰਾਜੀ, ਜੁਝਾਰ ਸਿੰਘ (ਬਲਾਕ ਪ੍ਰਧਾਨ), ਪ੍ਰਿੰਸ ਧਾਲੀਵਾਲ, ਮੋਹਨ ਸਿੰਘ ਤੋਂ ਇਲਾਵਾ ਪਾਰਟੀ ਆਗੂ, ਵਲੰਟੀਅਰ ਅਤੇ ਵੱਡੀ ਗਿਣਤੀ ਵਿੱਚ ਸਥਾਨਕ ਲੋਕ ਮੌਜੂਦ ਰਹੇ।



## ਦੋ ਕਿਸਾਨ ਜਥੇਬੰਦੀਆਂ ਦੀ ਸਾਂਝੀ ਏਕਤਾ ਕਾਨਫਰੰਸ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਸਵਰਨ ਸਿੰਘ ਮੁਕੇਰੀਆਂ ਜ਼ਿਲਾ ਪ੍ਰਧਾਨ ਅਤੇ ਦਵਿੰਦਰ ਸਿੰਘ ਕੱਕੋਂ ਜਿਲਾ ਜਨਰਲ ਸਕੱਤਰ ਹੁਸ਼ਿਆਰਪੁਰ ਨੇ ਸਾਂਝੇ ਪ੍ਰੈਸ ਬਿਆਨ ਰਾਹੀਂ ਦੱਸਿਆ ਕਿ ਪੰਜਾਬ ਦੀਆਂ ਦੋ ਕਿਸਾਨ ਜਥੇਬੰਦੀਆਂ 'ਜਮਹੂਰੀ ਕਿਸਾਨ ਸਭਾ ਪੰਜਾਬ' ਤੇ 'ਪੰਜਾਬ ਕਿਸਾਨ ਯੂਨੀਅਨ' ਵੱਲੋਂ ਇੱਕ ਹੋਣ ਦਾ ਫੈਸਲਾ ਲਿਆ ਗਿਆ ਹੈ। ਏਕਤਾ ਦਾ ਇਹ ਐਲਾਨ ਦੇਸ਼ ਭਗਤ ਸਿੰਘ ਯਾਦਗਾਰ ਹਾਲ ਜਲੰਧਰ ਵਿਖੇ 20 ਅਤੇ 21 ਸਤੰਬਰ ਨੂੰ ਸਾਂਝੀ ਰੈਲੀ ਅਤੇ ਕਾਨਫਰੰਸ ਕਰਕੇ ਕੀਤਾ ਜਾਵੇਗਾ।

## ਪਰਾਲੀ ਨੂੰ ਅੱਗ ਲਾਉਣ ਤੋਂ ਰੋਕਣ ਲਈ ਵਿਆਪਕ ਯੋਜਨਾਬੰਧੀ ਤਿਆਰ

**ਕਪੂਰਥਲਾ (ਮਨਜੀਤ ਮਾਨ)**-ਜ਼ਿਲ੍ਹਾ ਪ੍ਰਸ਼ਾਸਨ ਨੇ ਝੋਨੇ ਦੀ ਵਾਢੀ ਦੇ ਸੀਜ਼ਨ ਦੌਰਾਨ ਪਰਾਲੀ ਨੂੰ ਸਾੜਨ ਤੋਂ ਰੋਕਣ ਅਤੇ ਇਸ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਲਈ ਇੱਕ ਵਿਆਪਕ ਰਣਨੀਤੀ ਉਲੀਕੀ ਹੈ, ਜਿਸ ਵਿੱਚ ਵਿਗਿਆਨਕ ਫਸਲੀ ਰਹਿੰਦ-ਖੂੰਹਦ ਪ੍ਰਬੰਧਨ, ਪ੍ਰਭਾਵਸ਼ਾਲੀ ਜ਼ਮੀਨੀ ਨਿਗਰਾਨੀ ਅਤੇ ਕਿਸਾਨਾਂ ਵਿੱਚ ਵਿਆਪਕ ਜਾਗਰੂਕਤਾ 'ਤੇ ਜ਼ੋਰ ਦਿੱਤਾ ਗਿਆ ਹੈ।ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਅਕਾਸ਼ ਬਾਂਸਲ ਨੇ ਦੱਸਿਆ ਕਿ ਪ੍ਰਸ਼ਾਸਨ ਇਨ-ਸਿਟੂ ਅਤੇ ਐਕਸ-ਸਿਟੂ ਫਸਲੀ ਰਹਿੰਦ-ਖੂੰਹਦ ਪ੍ਰਬੰਧਨ ਤਕਨੀਕਾਂ ਦੀ ਵੱਧ ਤੋਂ ਵੱਧ ਵਰਤੋਂ ਯਕੀਨੀ ਬਣਾਉਣ ਅਤੇ ਕਿਸਾਨਾਂ ਨੂੰ ਪਰਾਲੀ ਸਾੜਨ ਨਾਲ ਵਾਤਾਵਰਨ, ਸਿਹਤ ਅਤੇ ਖੇਤੀਬਾੜੀ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਸੀਜ਼ਨ ਦੌਰਾਨ ਕਪੂਰਥਲਾ ਜ਼ਿਲ੍ਹੇ ਵਿੱਚ ਲਗਭਗ 7.5 ਲੱਖ ਮੀਟ੍ਰਿਕ ਟਨ ਝੋਨੇ ਦੀ ਪਰਾਲੀ ਪੈਦਾ ਹੋਣ ਦੀ ਉਮੀਦ ਹੈ। ਇਸ ਵਿੱਚੋਂ ਲਗਭਗ 2.70 ਲੱਖ ਮੀਟ੍ਰਿਕ ਟਨ ਦਾ ਪ੍ਰਬੰਧਨ ਇਨ-ਸਿਟੂ ਵਿਧੀਆਂ ਰਾਹੀਂ ਕੀਤਾ ਜਾਵੇਗਾ, ਜਦਕਿ ਲਗਭਗ 4.80 ਲੱਖ ਮੀਟ੍ਰਿਕ ਟਨ ਪਰਾਲੀ ਐਕਸ-ਸਿਟੂ ਪ੍ਰਬੰਧਨ ਰਾਹੀਂ ਸੰਭਾਲੀ ਜਾਵੇਗੀ। ਬਾਕੀ ਰਹਿੰਦੀ ਫਸਲੀ ਰਹਿੰਦ-ਖੂੰਹਦ ਨੂੰ ਇੱਟਾਂ ਦੇ ਭੱਠਿਆਂ, ਬਾਇਲਰਾਂ/ਬੇਲਰਾਂ ਅਤੇ ਹੋਰ ਢੁਕਵੀਆਂ ਥਾਵਾਂ 'ਤੇ ਉਤਪਾਦਕ ਵਰਤੋਂ ਲਈ ਭੇਜਿਆ ਜਾਵੇਗਾ, ਜਿਸ ਨਾਲ ਕਿਸਾਨਾਂ ਨੂੰ ਖੇਤਾਂ ਵਿੱਚ ਪਰਾਲੀ ਸਾੜਨ ਦੀ ਲੋੜ ਨਹੀਂ ਪਵੇਗੀ।



## ਮੁਫ਼ਤ ਮੈਡੀਕਲ ਕੈਂਪ 20 ਨੂੰ

**ਜਲੰਧਰ (ਰਾਜੇਸ਼ ਥਾਪਾ)**-ਸ੍ਰੀ ਗੁਰੂ ਨਾਨਕ ਦੇਵ ਚੈਰੀਟੇਬਲ ਸੋਸਾਇਟੀ (ਰਜਿ.) ਵੱਲੋਂ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ 20 ਸਤੰਬਰ ਨੂੰ ਗੁਰਦੁਆਰਾ ਸਿੰਘ ਸਭਾ, ਲਿੰਕ ਕਲੋਨੀ, ਨੋਕਦਰ ਰੋਡ, ਜਲੰਧਰ ਵਿਖੇ ਮੁਫ਼ਤ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ। ਇਹ ਜਾਣਕਾਰੀ ਸੋਸਾਇਟੀ ਦੇ ਪ੍ਰਧਾਨ ਡਾ. ਗੁਰਵਿੰਦਰ ਪਾਲ ਸਿੰਘ ਛਾਬੜਾ ਨੇ ਦਿੱਤੀ।ਉਨ੍ਹਾਂ ਦੱਸਿਆ ਕਿ ਕੈਂਪ ਦੌਰਾਨ ਰਜਿਸਟ੍ਰੇਸ਼ਨ ਸਵੇਰੇ 9 ਵਜੇ ਤੋਂ ਸ਼ੁਰੂ ਹੋਵੇਗੀ ਅਤੇ ਚੈੱਕਅਪ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਕੀਤਾ ਜਾਵੇਗਾ। ਕੈਂਪ ਵਿੱਚ ਮਾਹਿਰ ਡਾਕਟਰਾਂ ਵੱਲੋਂ ਮਰੀਜ਼ਾਂ ਦੀ ਜਾਂਚ ਕੀਤੀ ਜਾਵੇਗੀ ਅਤੇ ਲੋੜਵੰਦ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਵੀ ਦਿੱਤੀਆਂ ਜਾਣਗੀਆਂ।ਕੈਂਪ ਵਿੱਚ ਹੱਡੀਆਂ ਦਾ ਮੁਫ਼ਤ ਚੈੱਕਅਪ, ਬਲੱਡ ਸ਼ੂਗਰ ਟੈਸਟ, ਹੱਡੀਆਂ ਦਾ ਸਕੈਨ ਅਤੇ ਦਵਾਈਆਂ ਦੀ ਸਹੂਲਤ ਉਪਲਬਧ ਰਹੇਗੀ।ਕੈਂਪ ਵਿੱਚ ਡਾ. ਸਾਹਿਲ ਮਹਿਰਾ ਅਤੇ ਡਾ. ਮੇਜਰ ਪ੍ਰਮੋਦ ਮਹਿੰਦਰ ਸਮੇਤ ਮਾਹਿਰ ਡਾਕਟਰ ਆਪਣੀਆਂ ਸੇਵਾਵਾਂ ਦੇਣਗੇ।ਡਾ. ਗੁਰਵਿੰਦਰ ਪਾਲ ਸਿੰਘ ਛਾਬੜਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਮੁਫ਼ਤ ਮੈਡੀਕਲ ਕੈਂਪ ਦਾ ਵੱਧ ਤੋਂ ਵੱਧ ਲਾਭ ਲੈਣ ਅਤੇ ਆਪਣੇ ਸਿਹਤ ਸਬੰਧੀ ਚੈੱਕਅਪ ਕਰਵਾਉਣ। ਇਸ ਮੌਕੇ ਤੇ ਪਰਮਿੰਦਰ ਪਾਲ ਸਿੰਘ,ਪਰਵੀਨ ਰਾਮਦਾਸਿਆ, ਉਮ ਗੌਰੀ ਦੱਤ ਸ਼ਰਮਾ, ਰਵਿੰਦਰ ਪਾਲ ਸਿੰਘ, ਲੱਖਵਿੰਦਰ ਸਿੰਘ, ਸੁਰਿੰਦਰ ਸਿੰਘ, ਚੰਦਰ ਸ਼ੇਖਰ, ਕਮਲਜੀਤ ਕੌਰ ਗਿੱਲ, ਵੀਨਾ ਅਗਰਵਾਲ ਆਦਿ ਮੈਂਬਰ ਹਾਜ਼ਰ ਸਨ।




## ਬਲਬੀਰ ਸਿੰਘ ਪਾਲਾ ਜਲਾਲਪੁਰ ਬਣੇ ਸ਼ਾਹਕੋਟ ਦੇ 'ਆਪ' ਇੰਚਾਰਜ



**ਲੋਹੀਆਂ ਖ਼ਾਸ (ਯੋਗੇਸ਼ਵਰ, ਰੀਨਾ ਸ਼ਰਮਾ)**-ਆਮ ਆਦਮੀ ਪਾਰਟੀ ਵੱਲੋਂ ਜਾਰੀ ਨਿਯੁਕਤੀ ਪੱਤਰ ਅਨੁਸਾਰ ਇੰਟਰਨੈਸ਼ਨਲ ਕਬੱਡੀ ਖਿਡਾਰੀ ਬਲਵੀਰ ਸਿੰਘ ਪਾਲਾ ਜਲਾਲਪੁਰ ਨੂੰ ਹਲਕਾ ਸ਼ਾਹਕੋਟ ਦਾ ਨਵਾਂ ਹਲਕਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਹਲਕਾ ਸ਼ਾਹਕੋਟ ਦੇ ਇੰਚਾਰਜ ਵਜੋਂ ਪਰਮਿੰਦਰ ਸਿੰਘ ਪਿੰਦਰ ਪੰਡੋਰੀ ਆਪਣੀਆਂ ਸੇਵਾਵਾਂ ਨਿਭਾ ਰਹੇ ਸਨ, ਜੋ ਖੁਦ ਵੀ ਇੱਕ ਇੰਟਰਨੈਸ਼ਨਲ ਕਬੱਡੀ ਖਿਡਾਰੀ ਹਨ। ਪਾਰਟੀ ਦੇ ਨਵੇਂ ਫ਼ੈਸਲੇ ਤਹਿਤ ਹੁਣ ਇਹ ਜ਼ਿੰਮੇਵਾਰੀ ਬਲਵੀਰ ਸਿੰਘ ਪਾਲਾ ਜਲਾਲਪੁਰ ਨੂੰ ਸੌਂਪੀ ਗਈ ਹੈ। ਪਾਰਟੀ ਵੱਲੋਂ ਜਾਰੀ ਨਿਯੁਕਤੀ ਪੱਤਰ ਵਿੱਚ ਸ਼ਾਹਕੋਟ ਹਲਕੇ ਲਈ ਬਲਵੀਰ ਸਿੰਘ ਪਾਲਾ ਜਲਾਲਪੁਰ ਦੇ ਨਾਂਅ ਦਾ ਅਧਿਕਾਰਤ ਐਲਾਨ ਕੀਤਾ ਗਿਆ ਹੈ।

## ਈਕੋ ਕਲੱਬ ਵੱਲੋਂ ਓਜ਼ੋਨ ਦਿਵਸ ਮੌਕੇ ਕੁਇਜ਼ ਮੁਕਾਬਲੇ

**ਕਰਤਾਰਪੁਰ (ਹਰਮੇਸ਼ ਦੱਤ)**-ਮਹਿੰਦਰਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਿਆਲਪੁਰ ਜ਼ਿਲ੍ਹਾ ਕਪੂਰਥਲਾ ਵਿਖੇ ਈਕੋ ਕਲੱਬ ਵੱਲੋਂ ਓਜ਼ੋਨ ਦਿਵਸ ਮੌਕੇ ਵਿਦਿਆਰਥੀਆਂ ਦੇ ਕੁਇਜ਼ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਛੇਵੀਂ ਤੋਂ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਮੁਕਾਬਲੇ ਵਿੱਚ ਵਿਦਿਆਰਥੀਆਂ ਦੀਆਂ ਪੰਜ ਟੀਮਾਂ ਮੁਕਾਬਲੇ ਵਿੱਚ ਸੀ ਜਿਸ ਵਿੱਚ ਵਿਦਿਆਰਥੀਆਂ ਕੋਲੋਂ ਓਜ਼ੋਨ ਪਰਤ ਨੂੰ ਬਚਾਉਣ ਤੇ ਸੁਰੱਖਿਅਤ ਰੱਖਣ ਲਈ ਪ੍ਰਸ਼ਨ ਪੁੱਛੇ ਗਏ। ਇਹਨਾਂ ਟੀਮਾਂ ਵਿੱਚੋਂ ਟੀਮ 'ਸੀ' ਪਹਿਲੇ ਟੀਮ 'ਡੀ' ਦੂਜੇ ਤੇ ਟੀਮ 'ਬੀ' ਤੀਸਰੇ ਸਥਾਨ 'ਤੇ ਰਹੀ। ਇਸ ਮੌਕੇ ਪਰਮਜੀਤ ਕੌਰ ਢਾਅ ਨੇ ਵਿਦਿਆਰਥੀਆਂ ਦੇ ਮੁਕਾਬਲੇ ਦੀ ਪ੍ਰਸ਼ੰਸਾ ਕਰਦਿਆਂ ਹੋਇਆਂ ਇਸ ਤਰ੍ਹਾਂ ਦੇ ਮੁਕਾਬਲਿਆਂ ਵਿੱਚ ਵੱਧ ਚੜ੍ਹ ਕੇ ਭਾਗ ਲੈਣ ਲਈ ਪ੍ਰੇਰਿਤ ਕਰਦੇ ਹੋਏ ਓਜ਼ੋਨ ਪਰਤ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।ਈਕੋ ਕਲੱਬ ਦੇ ਮੁਖੀ ਮੈਡਮ ਪਰਮਜੀਤ ਕੌਰ ਕਾਹਲੋਂ ਨੇ ਵੀ ਵਿਦਿਆਰਥੀਆਂ ਨੂੰ ਓਜ਼ੋਨ ਦਿਵਸ ਤੇ ਵਾਤਾਵਰਨ ਸੰਭਾਲ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਮੈਡਮ ਪਰਮਜੀਤ ਕੌਰ ਢਾਅ, ਮੈਡਮ ਰੇਨੂੰ ਸ਼ਰਮਾ, ਕੰਚਨ ਸ਼ਰਮਾ ਈਕੋ ਕਲੱਬ ਦੇ ਮੈਂਬਰ ਮੈਡਮ ਪਰਮਜੀਤ ਕੌਰ, ਮੈਡਮ ਤਮੰਨਾ, ਮੈਡਮ ਹਰਮਨਦੀਪ ਕੌਰ ਤੇ ਵਿਦਿਆਰਥੀ ਹਾਜ਼ਰ ਸਨ।



# ਬੱਚਿਆਂ ਨੂੰ ਕਾਪੀਆਂ ਤੇ ਸਟੇਸ਼ਨਰੀ ਵੰਡੀ

**ਮੋਰਿੰਡਾ (ਨਿਹਾਲ ਸਿੰਘ ਕਲਸੀ)**-ਬਾਜਵਾ ਸਪੋਰਟਸ ਐਂਡ ਹੈਲਪਿੰਗ ਕਲੱਬ ਮੋਰਿੰਡਾ ਵੱਲੋਂ ਸਰਕਾਰੀ ਹਾਈ ਸਮਾਰਟ ਸਕੂਲ ਮੜੌਲੀ ਕਲਾਂ ਵਿਖੇ ਵਿਦਿਆਰਥੀਆਂ ਦੀ ਸਹਾਇਤਾ ਲਈ ਵਿਸ਼ੇਸ਼ ਉਪਰਾਲਾ ਕਰਦਿਆਂ 106 ਬੱਚਿਆਂ ਨੂੰ ਕਾਪੀਆਂ ਅਤੇ ਹੋਰ ਲੋੜੀਂਦੀ ਸਟੇਸ਼ਨਰੀ ਵੰਡੀ ਗਈ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਨੂੰ ਪੜ੍ਹਾਈ ਲਈ ਲੋੜੀਂਦੀ ਸਮੱਗਰੀ ਮੁਹੱਈਆ ਕਰਵਾਈ ਗਈ, ਜਿਸ ਨਾਲ ਬੱਚਿਆਂ ਨੂੰ ਆਪਣੀ ਪੜ੍ਹਾਈ ਜਾਰੀ ਰੱਖਣ ਵਿੱਚ ਸਹਾਇਤਾ ਮਿਲੇਗੀ।ਇਸ ਮੌਕੇ ਸਕੂਲ ਦੀ ਮੁੱਖ ਅਧਿਆਪਕਾ ਕੁਲਵੰਤ ਕੌਰ ਸਮੇਤ ਸਮੂਹ ਸਟਾਫ਼ ਹਾਜ਼ਰ ਸੀ। ਸਕੂਲ ਵੱਲੋਂ ਇਸ ਉਪਰਾਲੇ ਲਈ ਕਲੱਬ ਦੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਗਿਆ ਕਿ ਸਮਾਜਿਕ ਸੰਸਥਾਵਾਂ ਵੱਲੋਂ ਵਿਦਿਆਰਥੀਆਂ ਦੀ ਪੜ੍ਹਾਈ ਵਿੱਚ ਸਹਿਯੋਗ ਦੇਣਾ ਇੱਕ ਸ਼ਲਾਘਾਯੋਗ ਉਪਰਾਲਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮਨਦੀਪ ਸਿੰਘ ਬਾਜਵਾ ਨੇ ਦੱਸਿਆ ਕਿ ਬਾਜਵਾ ਸਪੋਰਟਸ ਐਂਡ ਹੈਲਪਿੰਗ ਕਲੱਬ ਮੋਰਿੰਡਾ ਵੱਲੋਂ ਪਹਿਲਾਂ ਵੀ ਲੋੜਵੰਦ ਅਤੇ ਜ਼ਰੂਰਤਮੰਦ ਬੱਚਿਆਂ ਦੀ ਸਹਾਇਤਾ ਲਈ ਸਮੇਂ-ਸਮੇਂ 'ਤੇ ਕਾਪੀਆਂ, ਸਟੇਸ਼ਨਰੀ ਅਤੇ ਹੋਰ ਲੋੜੀਂਦੀ ਸਮੱਗਰੀ ਮੁਹੱਈਆ ਕਰਵਾਈ ਜਾਂਦੀ ਹੈ। ਉਨ੍ਹਾਂ ਕਿਹਾ ਕਿ ਕਲੱਬ ਦਾ ਉਦੇਸ਼ ਸਮਾਜ ਸੇਵਾ ਦੇ ਨਾਲ-ਨਾਲ ਬੱਚਿਆਂ ਨੂੰ ਸਿੱਖਿਆ ਲਈ ਉਤਸ਼ਾਹਿਤ ਕਰਨਾ ਅਤੇ ਲੋੜਵੰਦ ਵਿਦਿਆਰਥੀਆਂ ਦੀ ਹਰ ਸੰਭਵ ਮਦਦ ਕਰਨਾ ਹੈ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਕਲੱਬ ਵੱਲੋਂ ਇਸ ਤਰ੍ਹਾਂ ਦੇ ਸਮਾਜ ਸੇਵੀ ਕਾਰਜ ਜਾਰੀ ਰੱਖੇ ਜਾਣਗੇ ਤਾਂ ਜੋ ਲੋੜਵੰਦ ਬੱਚਿਆਂ ਨੂੰ ਪੜ੍ਹਾਈ ਨਾਲ ਸਬੰਧਤ ਕਿਸੇ ਤਰ੍ਹਾਂ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।ਇਸ ਮੌਕੇ ਗੁਰਤੇਜ ਸਿੰਘ, ਭਵਨਦੀਪ ਸਿੰਘ, ਇੰਦਰਜੀਤ ਸਿੰਘ, ਮਨਜੀਤ ਕੌਰ, ਅਮਰਪ੍ਰੀਤ ਕੌਰ, ਸਵੇਤਾ ਬੰਸਲ, ਤਜਿੰਦਰ ਕੌਰ, ਸ਼ੋਭਨਾ ਸ਼ਰਮਾ, ਬਰਿੰਦਰ ਕੌਰ ਅਤੇ ਸਮੂਹ ਸਟਾਫ਼ ਮੈਂਬਰ ਤੋਂ ਇਲਾਵਾ ਅਮਰਜੀਤ ਸਿੰਘ ਲੱਲਾ ਰੌਣੀ, ਗੁਰੂ ਸ਼ੇਰ ਗਿੱਲ, ਮਨਜੀਤ ਸਿੰਘ ਅਤੇ ਹੋਰ ਪਤਵੰਤੇ ਸੱਜਣ ਵੀ ਹਾਜ਼ਰ ਸਨ।



## ਪਿੱਪਲੀ ਦੇ ਦਰਜਨਾਂ ਪਰਵਾਰ ਅਕਾਲੀ ਦਲ ਵਾਰਿਸ ਪੰਜਾਬ ਦੇ 'ਚ ਸ਼ਾਮਲ



**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)**-ਬੀਤੇ ਦਿਨ ਹਲਕਾ ਸ਼ਾਹਕੋਟ ਦੇ ਪਿੰਡ ਪਿੱਪਲੀ ਵਿਖੇ ਕਰਵਾਏ ਗਏ ਸਮਾਗਮ ਦੌਰਾਨ ਦਰਜਨਾਂ ਪਰਿਵਾਰ ਅਕਾਲੀ ਦਲ ਵਾਰਿਸ ਪੰਜਾਬ ਦੇ ਵਿੱਚ ਸ਼ਾਮਲ ਹੋਏ। ਇਸ ਮੌਕੇ ਹਲਕਾ ਸ਼ਾਹਕੋਟ ਦੇ ਆਗੂ ਸੁਖਵਿੰਦਰ ਸਿੰਘ ਸਾਬੂਵਾਲ ਨੇ ਆਤਮਾ ਸਿੰਘ, ਗੁਰਮੀਤ ਸਿੰਘ, ਸੋਨੂ, ਬਿੱਟੂ, ਲਖਵੀਰ ਸਿੰਘ, ਜਸਵਿੰਦਰ ਸਿੰਘ ਅਤੇ ਪ੍ਰੇਮ ਸਿੰਘ ਸਮੇਤ ਦਰਜਨਾਂ ਪਰਵਾਰਾਂ ਨੂੰ ਪਾਰਟੀ ਵਿੱਚ ਸ਼ਾਮਲ ਕਰਵਾਉਂਦਿਆਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ।ਸਮਾਗਮ ਨੂੰ ਸੰਬੋਧਨ ਕਰਦਿਆਂ ਸੁਖਵਿੰਦਰ ਸਿੰਘ ਸਾਬੂਵਾਲ ਨੇ ਕਿਹਾ ਕਿ ਪੰਜਾਬ ਦੇ ਮੌਜੂਦਾ ਹਾਲਾਤਾਂ ਵਿੱਚ ਸੁਧਾਰ ਅਤੇ ਪੰਜਾਬ ਦੇ ਹੱਕਾਂ ਦੀ ਰਾਖੀ ਲਈ ਸੂਬੇ ਵਿੱਚ ਇੱਕ ਮਜ਼ਬੂਤ ਪੰਥਕ ਸਰਕਾਰ ਦਾ ਹੋਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਪੰਜਾਬ ਅਤੇ ਪੰਜਾਬੀਆਂ ਦੇ ਹੱਕਾਂ ਲਈ ਲਗਾਤਾਰ ਸੰਘਰਸ਼ ਕਰਦੀ ਰਹੇਗੀ। ਇਸ ਮੌਕੇ ਪਿੰਡ ਦੇ ਵੱਡੀ ਗਿਣਤੀ ਵਿੱਚ ਲੋਕ ਅਤੇ ਪਾਰਟੀ ਵਰਕਰ ਹਾਜ਼ਰ ਸਨ।

## ਲੋਕ ਕਿਰਾਏਦਾਰ ਰੱਖਣ ਤੋਂ ਪਹਿਲਾਂ ਉਸ ਦੀ ਜਾਣਕਾਰੀ ਥਾਣੇ 'ਚ ਦੇਣ : ਥਾਣਾ ਮੁਖੀ



**ਢਿਲਵਾਂ (ਪਲਵਿੰਦਰ ਸਿੰਘ ਜੈ ਰਾਮਪੁਰ)**-ਥਾਣਾ ਢਿਲਵਾਂ ਦੇ ਮੁਖੀ ਜਸਦੀਪ ਸਿੰਘ ਨੇ ਥਾਣਾ ਢਿਲਵਾਂ ਦੇ ਅਧੀਨ ਆਉਂਦੇ ਖੇਤਰਾਂ ਵਿਚਲੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਕਿਸੇ ਬਾਹਰੀ ਵਿਅਕਤੀ ਨੂੰ ਕਮਰਾ ਆਦਿ ਕਿਰਾਏ ਤੇ ਦੇਣ ਤੋਂ ਪਹਿਲਾਂ ਉਸ ਦੀ ਜਾਣਕਾਰੀ ਥਾਣਾ ਢਿਲਵਾਂ ਵਿਖੇ ਦੇਣ। ਦੱਸਣਯੋਗ ਹੈ ਕਿ ਸਰਦੀਆਂ ਦੀ ਆਮਦ ਹੁੰਦੇ ਹੀ ਜਿੱਥੇ ਲੋਕ ਗਰਮ ਕੱਪੜਿਆਂ ਦੀ ਖ਼ਰੀਦਦਾਰੀ ਸ਼ੁਰੂ ਕਰ ਦਿੰਦੇ ਹਨ ਉੱਥੇ ਪੰਜਾਬ ਦੇ ਵੱਖ-ਵੱਖ ਖੇਤਰਾਂ ਵਿੱਚ ਕਸ਼ਮੀਰੀ ਲੋਕ ਗਰਮ ਕੋਟੀਆਂ/ਸ਼ਾਲ ਆਦਿ ਵੇਚਣ ਲਈ ਆਉਂਦੇ ਹਨ, ਜਿਨ੍ਹਾਂ ਬਾਰੇ ਕੋਈ ਵੀ ਜਾਣਕਾਰੀ ਸਬੰਧਿਤ ਥਾਣੇ ਵਿੱਚ ਨਹੀਂ ਦਿੱਤੀ ਜਾਂਦੀ। ਇਸ ਦੇ ਆੜ ਵਿਚ ਕਈ ਗਲਤ ਅਨਸਰ ਆਪਣੇ ਕੰਮ ਨੂੰ ਅੰਜਾਮ ਦੇਣ ਦੀ ਕੋਸ਼ਿਸ਼ ਕਰਦੇ ਹਨ। ਇਸ ਕਰਕੇ ਅਹਿਤਿਆਤ ਵਜੋਂ ਕਿਸੇ ਵੀ ਕਿਰਾਏਦਾਰ ਨੂੰ ਰੱਖਣ ਤੋਂ ਪਹਿਲਾਂ ਉਸਦੀ ਸਾਰੀ ਜਾਣਕਾਰੀ ਸੰਬੰਧਿਤ ਥਾਣੇ ਵਿਚ ਦਿੱਤੀ ਜਾਵੇ। ਇਸ ਮੌਕੇ ਰਵਿੰਦਰ ਸਿੰਘ ਏ ਐਸ ਆਈ ਆਦਿ ਹਾਜ਼ਰ ਸਨ।


## ਰੈਵੇਨਿਊ ਪਟਵਾਰ ਯੂਨੀਅਨ ਵੱਲੋਂ ਰੋਸ ਧਰਨਾ

**ਮੋਰਿੰਡਾ (ਨਿਹਾਲ ਸਿੰਘ ਕਲਸੀ)**-ਰੈਵੇਨਿਊ ਪਟਵਾਰ ਯੂਨੀਅਨ ਪੰਜਾਬ ਵਲੋਂ ਪਟਵਾਰੀਆਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਹੱਕੀ ਮੰਗਾਂ ਤੇ ਜ਼ੋਰ ਦੇਣ ਲਈ ਤਹਿਸੀਲ ਕੰਪਲੈਕਸ ਵਿੱਚ ਰੋਸ ਧਰਨਾ ਦਿੱਤਾ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਯੂਨੀਅਨ ਦੇ ਆਗੂ ਹਰਮਨਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਧਰਨੇ ਨੂੰ ਯੂਨੀਅਨ ਦੇ ਜਨਰਲ ਸਕੱਤਰ ਓਂਕਾਰ ਸਿੰਘ ਅਤੇ ਗਿਨੀ ਸ਼ਰਮਾ ਨੇ ਸੰਬੋਧਨ ਕੀਤਾ। ਸਮੂਹ ਬੁਲਾਰਿਆਂ ਨੇ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਦੀ ਕਰੜੀ ਨਿੰਦਾ ਕਰਦਿਆਂ ਮੰਗਾਂ ਸਬੰਧੀ ਆਖਿਆ ਕਿ 17 ਜੁਲਾਈ 2020 ਤੋਂ ਬਾਅਦ ਭਰਤੀ ਹੋਏ ਪਟਵਾਰੀਆਂ ਦੀ ਤਨਖਾਹ ਵਿਚ ਵਾਧਾ ਕਰਨਾ, ਸਟੇਟ ਕੇਡਰ ਨੂੰ ਰੱਦ ਕਰਨਾ, ਅਤੇ ਪਟਵਾਰੀਆਂ ਦੀਆਂ 4716 ਪੋਸਟਾਂ ਦੀ ਮੁੜ ਬਹਾਲੀ ਕਰਕੇ ਅਤੇ ਲੋੜ ਅਨੁਸਾਰ ਹੋਰ ਵਾਧਾ ਕਰਨ ਨੂੰ ਅਣਗੌਲਿਆਂ ਕਰਨ ਵਿਰੁੱਧ ਰੋਸ ਵਜੋ ਸੰਘਰਸ਼ ਕੀਤਾ ਜਾ ਰਿਹਾ ਹੈ। ਉਪਰੋਕਤ ਆਗੂਆਂ ਨੇ ਆਖਿਆ ਕਿ ਪਟਵਾਰੀਆਂ ਵੱਲੋਂ ਐਗਰੀਟੈਕ ਫਾਰਮਰ ਆਈ ਦੀ ਵੈਰੀਫਿਕੇਸ਼ਨ ਤੁਰੰਤ ਅਣਮਿਥੇ ਸਮੇਂ ਲਈ ਬੰਦ ਕੀਤੀ ਜਾਂਦੀ ਹੈ। ਇਸ ਦੇ ਨਾਲ ਹੀ ਰਾਸ਼ਣ ਕਾਰਡਾਂ ਦੀ ਵੈਰੀਫਿਕੇਸ਼ਨ ਨਹੀਂ ਕੀਤੀ ਜਾਵੇਗੀ। ਪਟਵਾਰੀਆਂ ਵਲੋਂ ਸਿਰਫ ਜ਼ਮੀਨ ਦੀ ਰਿਪੋਰਟ ਕੀਤੀ ਜਾਵੇਗੀ । ਉਹਨਾਂ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਵੱਲੋਂ ਸੰਘਰਸ਼ ਨੂੰ ਤਾਰਪਿਡੋ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਯੂਨੀਅਨ ਕਲਮ ਛੋੜ ਹੜਤਾਲ ਕਰਨ ਲਈ ਮਜਬੂਰ ਹੋਵੇਗੀ।



# ਸੋਨੀ ਰਾਮ ਦੀ ਅੰਤਿਮ ਅਰਦਾਸ ਮੌਕੇ ਵੱਖ-ਵੱਖ ਸ਼ਖ਼ਸੀਅਤਾਂ ਵੱਲੋਂ ਸ਼ਰਧਾਂਜਲੀਆਂ ਭੇਟ

**ਬਲਾਚੌਰ (ਜਸਵਿੰਦਰ ਬੈਂਸ)**-ਸ੍ਰੀ ਸੋਨੀ ਰਾਮ ਦੇ ਅਕਾਲ ਚਲਾਣੇ ਉਪਰੰਤ ਉਨ੍ਹਾਂ ਦੀ ਅੰਤਿਮ ਅਰਦਾਸ ਅਤੇ ਸੁਖਮਨੀ ਸਾਹਿਬ ਦੇ ਭੋਗ ਸਥਾਨਕ ਮਾਡਲ ਟਾਊਨ, ਬਲਾਚੌਰ ਵਿਖੇ ਪਾਏ ਗਏ। ਇਸ ਮੌਕੇ ਵੱਡੀ ਗਿਣਤੀ ਵਿੱਚ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਸ਼ਖ਼ਸੀਅਤਾਂ ਤੋਂ ਇਲਾਵਾ ਪੱਤਰਕਾਰ ਭਾਈਚਾਰੇ ਦੇ ਨੁਮਾਇੰਦਿਆਂ ਨੇ ਵੀ ਹਾਜ਼ਰੀ ਭਰੀ।ਅੰਤਿਮ ਅਰਦਾਸ ਮੌਕੇ ਬਲਰਾਮ ਚੌਧਰੀ, ਮੋਹਨ ਲਾਲ (ਕਾਕੂ) ਚੌਧਰੀ ਅਤੇ ਸਮੁੱਚਾ ਪਰਵਾਰ ਹਾਜ਼ਰ ਰਿਹਾ। ਪਰਵਾਰ ਵੱਲੋਂ ਦੁੱਖ ਦੀ ਇਸ ਘੜੀ ਵਿੱਚ ਸਾਥ ਦੇਣ ਅਤੇ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਵਾਲੀਆਂ ਸਾਰੀਆਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਰਾਜਵੀਰ ਸਿੰਘ ਲੱਕੀ, ਕਾਂਗਰਸ ਦੇ ਸਾਬਕਾ ਵਿਧਾਇਕ ਚੌਧਰੀ ਦਰਸ਼ਨ ਰਾਮ ਮੰਗੂਪੁਰ, ਆਮ ਆਦਮੀ ਪਾਰਟੀ ਨਾਲ ਸੀਨੀਅਰ ਲੀਡਰ ਅਸ਼ੋਕ ਕਟਾਰੀਆ, ਕਾਮਰੇਡ ਮਹਾ ਸਿੰਘ ਰੌੜੀ, ਚੌਧਰੀ ਆਰ.ਪੀ. ਸਿੰਘ ਵਿੱਕੀ ਕਾਠਗੜ੍ਹ, ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਐਡਵੋਕੇਟ ਸੰਜੀਵ ਚੇਚੀ ਅਤੇ ਭਾਜਪਾ ਯੁਵਾ ਮੋਰਚਾ ਦੇ ਪ੍ਰਧਾਨ ਐਡਵੋਕੇਟ ਪੰਕਜ ਕੁਮਾਰ ਸਮੇਤ ਵੱਖ-ਵੱਖ ਪਾਰਟੀਆਂ ਅਤੇ ਜਥੇਬੰਦੀਆਂ ਦੇ ਆਗੂਆਂ ਨੇ ਪਹੁੰਚ ਕੇ ਸੋਨੀ ਰਾਮ ਨੂੰ ਸ਼ਰਧਾਂਜਲੀ ਭੇਟ ਕੀਤੀ।ਵੱਖ-ਵੱਖ ਬੁਲਾਰਿਆਂ ਨੇ ਸੋਨੀ ਰਾਮ ਦੀ ਸ਼ਖ਼ਸੀਅਤ ਨੂੰ ਯਾਦ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਸਾਦਾ, ਮਿਲਾਪੜਾ ਅਤੇ ਸਨੇਹੀ ਸੁਭਾਅ ਹਮੇਸ਼ਾ ਪਰਵਾਰ ਅਤੇ ਉਨ੍ਹਾਂ ਨਾਲ ਜੁੜੇ ਲੋਕਾਂ ਦੀਆਂ ਯਾਦਾਂ ਵਿੱਚ ਵੱਸਦਾ ਰਹੇਗਾ। ਅੰਤਿਮ ਅਰਦਾਸ ਵਿੱਚ ਵੱਖ-ਵੱਖ ਰਾਜਨੀਤਿਕ ਆਗੂਆਂ, ਸਮਾਜ ਸੇਵੀਆਂ, ਪੱਤਰਕਾਰਾਂ, ਪਤਵੰਤੇ ਸੱਜਣਾਂ, ਰਿਸ਼ਤੇਦਾਰਾਂ ਅਤੇ ਇਲਾਕਾ ਵਾਸੀਆਂ ਨੇ ਵੱਡੀ ਗਿਣਤੀ ਵਿੱਚ ਸ਼ਾਮਲ ਹੋ ਕੇ ਸ੍ਰੀ ਸੋਨੀ ਰਾਮ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ।



## ਡਾ. ਅੰਬੇਡਕਰ ਦੇ ਬੁੱਤ ਨਾਲ ਛੇੜਖਾਨੀ ਕਰਨ ਵਾਲਿਆਂ ਨੂੰ ਸਖਤ ਸਜ਼ਾ ਦਿੱਤੀ ਜਾਵੇ: ਜੇ ਪੀ ਐੱਮ ਓ



**ਮਾਹਿਲਪੁਰ/ਸ਼ਫ਼ਰੀ** - ਬੀਤੇ ਦਿਨ ਪਿੰਡ ਬਾੜੀਆਂ ਕਲਾਂ ਵਿਖੇ ਸ਼ਰਾਰਤੀ ਅਨਸਰਾਂ ਵੱਲੋਂ ਭਾਰਤੀ ਸੰਵਿਧਾਨ ਨਿਰਮਾਤਾ ਅਤੇ ਗਰੀਬਾਂ ਮਜਲੂਮਾਂ ਦੇ ਮਸੀਹਾ ਭਾਰਤੀ ਸੰਵਿਧਾਨ ਨਿਰਮਾਤਾ ਭਾਰਤ ਰਤਨ ਡਾਕਟਰ ਬੀ.ਆਰ ਅੰਬੇਡਕਰ ਦੇ ਬੁੱਤ ਨਾਲ ਛੇੜਛਾੜ ਕਰਨ ਦੀ ਜਨਤਕ ਜੱਥੇਬੰਦੀਆਂ (ਜੇ ਪੀ ਐੱਮ ਓ) ਵਲੋਂ ਨਿਖੇਧੀ ਕੀਤੀ ਜਾਂਦੀ ਹੈ।ਇਸ ਮੌਕੇ ਨਰਿੰਦਰ ਅਜਨੋਹਾ, ਮੱਖਣ ਸਿੰਘ ਲੰਗੇਰੀ, ਸੋਹਣ ਸਿੰਘ ਭੂਨੋ, ਮਲਕੀਤ ਸਿੰਘ ਬਾਹੋਵਾਲ, ਅਮਰਜੀਤ ਕੁਮਾਰ ਨੰਗਲ ਖਿਲਾੜੀਆਂ, ਪਰਮਜੀਤ ਕਾਤਿਬ ਅਤੇ ਮਨਜਿੰਦਰ ਸਿੰਘ ਲੱਕੀ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਅਮਨ ਚੈਨ ਨੂੰ ਖਰਾਬ ਕਰਨ ਵਾਲੇ, ਗੰਗਾ ਯਮੁਨਾ ਤਹਿਜੀਬ ਨੂੰ ਖਰਾਬ ਕਰਨ ਵਾਲੇ, ਭਾਈਚਾਰਕ ਸਾਂਝ ਨੂੰ ਸੱਟ ਮਾਰਨ ਵਾਲੇ ਅਤੇ ਆਪਸੀ ਸੌਹਾਰਦ ਵਿਗਾੜਨ ਵਾਲੇ ਸ਼ਰਾਰਤੀ ਅਨਸਰਾਂ ਨੂੰ ਸਖਤ ਸਜਾਵਾਂ ਦਿੱਤੀਆਂ ਜਾਣ ਤਾਂ ਜੋ ਸ਼ਰਾਰਤੀ ਅਨਸਰ ਅਜਿਹੀਆਂ ਕੋਝੀਆਂ ਹਰਕਤਾਂ ਕਰਨ ਤੋਂ ਪਹਿਲਾਂ ਸੌ ਵਾਰ ਸੋਚਣ।ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਜ਼ਿਲ੍ਹਾ ਪ੍ਰਸ਼ਾਸ਼ਨ ਨੂੰ ਹਦਾਇਤ ਕਰਕੇ ਇਸ ਘਟਨਾ ਵਿੱਚ ਦੋਸ਼ੀ ਵਿਅਕਤੀਆਂ ਨੂੰ ਕਾਬੂ ਕਰਕੇ ਸਖਤ ਸਜਾਵਾਂ ਦਿਵਾਏ।ਇਸ ਮੌਕੇ ਉਂਕਾਰ ਸਿੰਘ, ਹਰਮਨੋਜ ਕੁਮਾਰ, ਅਜੇ ਕੁਮਾਰ, ਜੈ ਰਾਮ ਬਾੜੀਆਂ, ਗਿਆਨ ਚੰਦ, ਧਰਮ ਚੰਦ, ਟੇਕ ਚੰਦ, ਗੁਰਨਾਮ ਚੰਦ, ਸੁਰਜੀਤ ਸਿੰਘ, ਬਲਜਿੰਦਰ ਸਿੰਘ, ਅਸ਼ੋਕ ਕੁਮਾਰ, ਗੁਰਪਾਲ ਸਿੰਘ, ਲਹਿੰਬਰ ਸਿੰਘ, ਕੁਲਤਾਰ ਸਿੰਘ, ਸੋਹਣ ਲਾਲ, ਤਰਸੇਮ ਲਾਲ, ਬਲਪ੍ਰੀਤ ਸਿੰਘ ਆਦਿ ਹਾਜਰ ਸਨ।

## ਵਿਗਿਆਨ ਤੇ ਕਾਮਰਸ ਪ੍ਰਦਰਸ਼ਨੀ ਕਰਵਾਈ

**ਲੋਹੀਆਂ ਖਾਸ (ਯੋਗੇਸ਼ਵਰ)**-ਫੁਲਵਾੜੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਵਿਗਿਆਨ ਅਤੇ ਕਾਮਰਸ ਪ੍ਰਦਰਸ਼ਨੀ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਨੇ ਆਪਣੇ ਗਿਆਨ, ਰਚਨਾਤਮਕਤਾ, ਵਿਗਿਆਨਕ ਸੋਚ ਅਤੇ ਪ੍ਰਤਿਭਾ ਦਾ ਬੇਮਿਸਾਲ ਪ੍ਰਦਰਸ਼ਨ ਕੀਤਾ। ਵਿਦਿਆਰਥੀਆਂ ਵੱਲੋਂ ਵੱਖ-ਵੱਖ ਵਿਗਿਆਨਕ ਮਾਡਲ, ਵਰਕਿੰਗ ਮਾਡਲ ਅਤੇ ਕਾਮਰਸ ਨਾਲ ਸਬੰਧਤ ਪ੍ਰੋਜੈਕਟ ਪੇਸ਼ ਕੀਤੇ ਗਏ। ਪ੍ਰਦਰਸ਼ਨੀ ਦੀ ਪਰਖ ਲਈ ਵਿਸ਼ੇਸ਼ ਤੌਰ 'ਤੇ ਸਤਿੰਦਰ ਸਿੰਘ (ਪ੍ਰਿੰਸੀਪਲ, ਸ੍ਰੀ ਗੁਰੂ ਹਰ ਰਾਇ ਅਕੈਡਮੀ), ਕਰਨੈਲ ਸਿੰਘ (ਸਾਬਕਾ ਪ੍ਰਿੰਸੀਪਲ, ਫੁਲਵਾੜੀ ਪਬਲਿਕ ਸਕੂਲ), ਮਨਦੀਪ ਕੌਰ, ਮਿਸ ਰਣਜੀਤਾ, ਜਤਿੰਦਰ ਸਿੰਘ ਅਤੇ ਹਰਪ੍ਰੀਤ ਕੌਰ (ਪ੍ਰਿੰਸੀਪਲ, ਫੁਲਵਾੜੀ ਪਬਲਿਕ ਸਕੂਲ) ਨੇ ਜੱਜਾਂ ਵਜੋਂ ਆਪਣੀ ਭੂਮਿਕਾ ਨਿਭਾਈ। ਉਨ੍ਹਾਂ ਨੇ ਵਿਦਿਆਰਥੀਆਂ ਦੇ ਪ੍ਰੋਜੈਕਟਾਂ ਦਾ ਮੁਲਾਂਕਣ ਕਰਦਿਆਂ ਉਨ੍ਹਾਂ ਦੀ ਹੌਸਲਾ-ਅਫ਼ਜ਼ਾਈ ਕੀਤੀ।ਸਕੂਲ ਮੈਨੇਜਮੈਂਟ ਵੱਲੋਂ ਮੈਨੇਜਰ ਜਗੀਰ ਜੋਸਨ, ਐੱਮ ਡੀ ਗੁਰਬਖ਼ਸ਼ ਕੌਰ, ਐੱਮ ਡੀ ਮਨਿਸ਼ਾ ਸਿੰਘ ਅਤੇ ਐਮ.ਡੀ. ਰਾਜਬੀਰ ਜੋਸਨ ਨੇ ਵਿਦਿਆਰਥੀਆਂ ਅਤੇ ਤਿਆਰੀ ਕਰਵਾਉਣ ਵਾਲੇ ਸਾਇੰਸ ਵਿਭਾਗ ਦੇ ਅਧਿਆਪਕਾਂ ਸਵਿਤਾ, ਗੁਰਪ੍ਰੀਤ ਕੌਰ, ਸੰਦੀਪ ਅਤੇ ਵ੍ਰਿਤਿਕਾ ਨੂੰ ਸ਼ਾਨਦਾਰ ਤਿਆਰੀ ਅਤੇ ਪ੍ਰਦਰਸ਼ਨੀ ਦੀ ਸਫਲਤਾ ਲਈ ਵਿਸ਼ੇਸ਼ ਤੌਰ 'ਤੇ ਵਧਾਈ ਦਿੱਤੀ। ਇਸ ਮੌਕੇ ਸੀਨੀਅਰ ਪ੍ਰਿੰਸੀਪਲ ਲਖਵੀਰ ਸਿੰਘ, ਕੋਆਰਡੀਨੇਟਰ ਰਮਿੰਦਰ ਕੌਰ, ਸੀਨੀਅਰ ਸਟਾਫ਼ ਮੈਂਬਰ ਰਮੇਸ਼ ਸ਼ਰਮਾ, ਰਣਜੀਤ ਸਿੰਘ, ਅਮਰਜੀਤ ਸਿੰਘ, ਰੀਟਾ ਵਿਜ, ਇੰਦੂ ਬਾਲਾ, ਕਿਰਨ ਬਾਲਾ, ਅਮਨਦੀਪ ਕੌਰ, ਨਿਸ਼ਾਨ ਸਿੰਘ, ਕਵਿਤਾ, ਨਤਾਸ਼ਾ, ਨਿੰਦਰ, ਤਜਿੰਦਰ ਅਤੇ ਸਮੂਹ ਸਟਾਫ਼ ਮੈਂਬਰਾਂ ਨੇ ਵੀ ਆਪਣਾ ਭਰਪੂਰ ਸਹਿਯੋਗ ਦਿੱਤਾ।



# ਡਾ. ਅੰਬੇਡਕਰ ਦੇ ਬੁੱਤ ਦੀ ਬੇਅਦਬੀ ਦੀ ਨਿੰਦਾ

**ਪੋਜੇਵਾਲ (ਰਾਮ ਲਾਲ)**-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ (ਰਜਿ: 295) ਪੰਜਾਬ ਬਲਾਕ ਨਵਾਂਸ਼ਹਿਰ ਦੀ ਮਹੀਨਾਵਾਰ ਮੀਟਿੰਗ ਸ਼ਹਿਰ ਦੇ ਇੱਕ ਨਿੱਜੀ ਰੈਸਟੋਰੈਂਟ ਵਿਖੇ ਬਲਾਕ ਪ੍ਰਧਾਨ ਡਾ. ਹਰਜਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਸਮਾਜਿਕ ਮੁੱਦਿਆਂ ਅਤੇ ਐਸੋਸੀਏਸ਼ਨ ਦੀਆਂ ਸਰਗਰਮੀਆਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ।ਮੀਟਿੰਗ ਨੂੰ ਸੰਬੋਧਨ ਕਰਦਿਆਂ ਬਲਾਕ ਪ੍ਰਧਾਨ ਡਾ. ਹਰਜਿੰਦਰ ਸਿੰਘ ਨੇ ਲੁਧਿਆਣਾ ਵਿਖੇ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਬੁੱਤ ਦੀ ਬੇਅਦਬੀ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਕਿਸੇ ਇੱਕ ਜਾਤ ਜਾਂ ਮਜ਼ਬ ਦੇ ਨਹੀਂ ਬਲਕਿ ਸਮੁੱਚੇ ਰਾਸ਼ਟਰ ਦੀ ਸੰਪਤੀ ਹਨ। ਉਨ੍ਹਾਂ ਦੀ ਸ਼ਾਨ ਦੇ ਖ਼ਿਲਾਫ਼ ਕਿਸੇ ਵੀ ਤਰ੍ਹਾਂ ਦੀ ਕੋਝੀ ਹਰਕਤ ਬਰਦਾਸ਼ਤਯੋਗ ਨਹੀਂ ਹੈ। ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਮਿਸਾਲੀ ਸਜ਼ਾ ਦਿੱਤੀ ਜਾਵੇ ਤਾਂ ਜੋ ਭਵਿੱਖ ਵਿੱਚ ਕੋਈ ਅਜਿਹੀ ਹਰਕਤ ਕਰਨ ਦੀ ਹਿੰਮਤ ਨਾ ਕਰ ਸਕੇ।ਜ਼ਿਲ੍ਹਾ ਪ੍ਰਧਾਨ ਡਾ. ਕਸ਼ਮੀਰ ਸਿੰਘ ਢਿੱਲੋਂ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਸਰਕਾਰ ਦੇ ਨੋਟੀਫਿਕੇਸ਼ਨ ਅਨੁਸਾਰ ਅਣ-ਰਜਿਸਟਰਡ ਡਾਕਟਰਾਂ ਦੀ ਰਜਿਸਟ੍ਰੇਸ਼ਨ ਲਈ ਸਾਰੇ ਸਾਥੀਆਂ ਦੇ ਫਾਰਮ ਸਰਕਾਰ ਕੋਲ ਜਮ੍ਹਾਂ ਕਰਵਾ ਦਿੱਤੇ ਗਏ ਹਨ। ਪੰਜਾਬ ਪ੍ਰਧਾਨ ਡਾ. ਧੰਨਾ ਮੱਲ ਗੋਇਲ ਲਗਾਤਾਰ ਸਰਕਾਰ ਦੇ ਸੰਪਰਕ ਵਿੱਚ ਹਨ ਅਤੇ ਜਲਦੀ ਹੀ ਟ੍ਰੇਨਿੰਗ ਸ਼ੁਰੂ ਹੋਣ ਦੀ ਉਮੀਦ ਹੈ।ਮੀਟਿੰਗ ਵਿੱਚ ਹੱਡੀਆਂ ਅਤੇ ਜੋੜਾਂ ਦੇ ਰੋਗਾਂ ਦੇ ਮਾਹਿਰ ਅਤੇ ਗੁਰਮੀਤ ਹਸਪਤਾਲ ਦੇ ਮਾਲਕ ਡਾ. ਮੰਗਤ ਸਿੰਘ ਜੀ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਹਸਪਤਾਲ ਵਿੱਚ ਮਿਲਣ ਵਾਲੀਆਂ ਸਹੂਲਤਾਂ ਬਾਰੇ ਦੱਸਦਿਆਂ ਕਿਹਾ ਕਿ ਹਸਪਤਾਲ ਵਿੱਚ ਹੱਡੀਆਂ ਅਤੇ ਜੋੜਾਂ ਦੇ ਸਫਲ ਆਪ੍ਰੇਸ਼ਨ ਬਹੁਤ ਹੀ ਵਾਜਬ ਖਰਚੇ 'ਤੇ ਕੀਤੇ ਜਾਂਦੇ ਹਨ। ਐਸੋਸੀਏਸ਼ਨ ਵੱਲੋਂ ਡਾ. ਮੰਗਤ ਸਿੰਘ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਮੀਟਿੰਗ ਦੀ ਕਾਰਵਾਈ ਡਾ. ਮਨਜੀਤ ਲੱਧੜ ਨੇ ਬਾਖੂਬੀ ਚਲਾਈ। ਇਸ ਮੌਕੇ ਡਾ. ਦੀਪਕ ਮਲਹੋਤਰਾ, ਡਾ. ਚੰਦਰ ਪ੍ਰਕਾਸ਼, ਡਾ. ਸੁਰਿੰਦਰ ਕਟਵਾਰਾ ਅਤੇ ਸ. ਸੁਖਜਿੰਦਰ ਸਿੰਘ ਜੀ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।ਇਸ ਸਮੇਂ ਵੱਡੀ ਗਿਣਤੀ ਵਿੱਚ ਮੈਡੀਕਲ ਪ੍ਰੈਕਟੀਸ਼ਨਰ ਹਾਜ਼ਰ ਸਨ, ਜਿਨ੍ਹਾਂ ਵਿੱਚ ਡਾ. ਕੁਲਬੀਰ ਸਿੰਘ, ਡਾ. ਰਜਵੰਤ ਸਿੰਘ, ਡਾ. ਰਣਜੀਵ, ਡਾ. ਸੱਜਣ, ਡਾ. ਵਿਜੇ ਡੇਵਿਡ, ਡਾ. ਬਹਾਦਰ ਮਾਨ, ਡਾ. ਅਵਤਾਰ ਮੱਲ, ਡਾ. ਸੁਰਜੀਤ ਬਾਲੀ, ਡਾ. ਜਸਵਿੰਦਰ, ਡਾ. ਰਾਜ ਕੁਮਾਰ, ਡਾ. ਚਰਨ, ਡਾ. ਯਾਦਵਿੰਦਰ, ਡਾ. ਸੌਰਭ ਸਾਨੀ, ਡਾ. ਮਨੋਜ, ਡਾ. ਪਰਮਜੀਤ ਪਾਲ, ਡਾ. ਛਿੰਦਰ ਪਾਲ, ਡਾ. ਧਰਮਿੰਦਰ, ਡਾ. ਪ੍ਰਵੀਨ, ਡਾ. ਸਾਗਰ ਚੁੰਬਰ, ਡਾ. ਬਹਾਦਰ ਸਿੰਘ, ਡਾ. ਸੋਨੀਆ, ਡਾ. ਗੀਨਾ ਰਾਣੀ, ਡਾ. ਪੂਨਮ ਰਾਣਾ, ਡਾ ਮੋਨਿਕਾ ਆਦਿ ਸ਼ਾਮਲ ਸਨ।

## ਡੇਰਾ ਸੱਚਖੰਡ ਬੱਲਾਂ ਵਿਖੇ ਸੰਗਰਾਂਦ ਦਾ ਪਵਿੱਤਰ ਦਿਹਾੜਾ ਮਨਾਇਆ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)**-ਡੇਰਾ ਸੰਤ ਸਰਵਣ ਦਾਸ ਸੱਚਖੰਡ ਬੱਲਾਂ ਵਿਖੇ ਡੇਰਾ ਸੱਚਖੰਡ ਬੱਲਾਂ ਦੇ ਗੱਦੀ ਨਸ਼ੀਨ ਤੇ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਪਬਲਿਕ ਚੈਰੀਟੇਬਲ ਟਰੱਸਟ ਕਾਂਸ਼ੀ (ਬਨਾਰਸ) ਪਦਮ ਸ੍ਰੀ ਨਿਰੰਜਨ ਦਾਸ ਮਹਾਰਾਜ ਦੀ ਸਰਪ੍ਰਸਤੀ ਬੜੀ ਸਰਧਾ ਪੂਰਵਕ ਮਨਾਇਆ ਗਿਆ। ਇਸ ਮੌਕੇ ਸੰਤ ਨਿਰੰਜਨ ਦਾਸ ਮਹਾਰਾਜ ਵਲੋਂ ਅੱਸੂ ਦੀ ਸੰਗਰਾਂਦ ਦਾ ਮਹੀਨਾ ਆਪਣੇ ਮੁਖਾਰਬਿੰਦ ਚੋਂ ਸੰਗਤਾਂ ਨੂੰ ਸੁਣਾਇਆ ਅਤੇ ਅੱਸੂ ਦੇ ਮਹੀਨੇ ਦੀ ਸੰਗਰਾਂਦ ਦੀ ਮਹੱਤਤਾ ਦੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਸਵੇਰੇ ਅੰਮ੍ਰਿਤਬਾਣੀ ਸ੍ਰੀ ਰਵਿਦਾਸ ਦੀ ਬਾਣੀ ਦੇ ਪਾਠਾਂ ਦੇ ਭੋਗ ਪਾਏ ਗਏ ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਵੱਖ ਵੱਖ ਰਾਗੀ ਜੱਥਿਆਂ ਵਲੋਂ ਸ਼੍ਰੀ ਗੁਰੂ ਰਵਿਦਾਸ ਮਹਿਮਾ ਦਾ ਗੁਣਗਾਨ ਕੀਤਾ ਗਿਆ ਮਹਿਮਾ ਦਾ ਗੁਣਗਾਨ ਕੀਤਾ ਗਿਆ। ਇਸ ਮੌਕੇ ਸੰਤ ਲੇਖ ਰਾਜ, ਸੰਤ ਪੱਤਰਮ ਦਾਸ,ਸੇਵਾਦਾਰ ਹਰਦੇਵ ਦਾਸ, ਸੇਵਾਦਾਰ ਵਰਿੰਦਰ ਦਾਸ, ਸੇਵਾਦਾਰ ਦਵਿੰਦਰ ਦਾਸ ਬੱਬੂ, ਮੈਨੇਜਰ ਧਰਮਪਾਲ ਸਿੰਘ ਸਿਮਕ ਤੇ ਵੱਡੀ ਗਿਣਤੀ ਵਿੱਚ ਸੰਗਤ ਹਾਜ਼ਰ ਸੀ।



## ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ 'ਵਰਸਿਟੀ ਅਧੀਨ ਅਧਿਕਾਰਤ ਸਿੱਖਿਆ ਸਹਾਇਤਾ ਕੇਂਦਰ ਦੀ ਸਥਾਪਨਾ

**ਜਲੰਧਰ (ਸ਼ੈਲੀ ਐਲਬਰਟ)**-ਇਨੋਸੈਂਟ ਹਾਰਟਸ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਲੋਹਾਰਾਂ ਵੱਲੋਂ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਅਧੀਨ ਇੱਕ ਅਧਿਕਾਰਤ ਸਿੱਖਿਆ ਸਹਾਇਤਾ ਕੇਂਦਰ ਸਥਾਪਿਤ ਕੀਤਾ ਗਿਆ ਹੈ। ਇਸ ਦਾ ਉਦੇਸ਼ ਵੱਖ-ਵੱਖ ਵਰਗਾਂ ਦੇ ਸਿੱਖਿਆਰਥੀਆਂ ਨੂੰ ਉੱਚ ਸਿੱਖਿਆ ਪ੍ਰਾਪਤ ਕਰਨ ਦੇ ਵਧੇਰੇ ਮੌਕੇ ਪ੍ਰਦਾਨ ਕਰਨਾ ਹੈ। ਇਹ ਉਪਰਾਲਾ ਇਨੋਸੈਂਟ ਹਾਰਟਸ ਦੇ ਦਿਸ਼ਾ ਸੀ ਐੱਸ ਆਰ ਪ੍ਰੋਜੈਕਟ ਤਹਿਤ ਸ਼ੁਰੂ ਕੀਤਾ ਗਿਆ ਹੈ, ਜਿਸ ਦਾ ਉਦੇਸ਼ ਸਿੱਖਿਆ ਦੇ ਮੌਕਿਆਂ ਦਾ ਵਿਸਥਾਰ ਕਰਨਾ ਅਤੇ ਸਿੱਖਿਆਰਥੀਆਂ ਨੂੰ ਉੱਚ ਸਿੱਖਿਆ ਜਾਰੀ ਰੱਖਣ ਲਈ ਸਹਾਇਤਾ ਪ੍ਰਦਾਨ ਕਰਨਾ ਹੈ। ਇਸ ਸਿੱਖਿਆ ਸਹਾਇਤਾ ਕੇਂਦਰ ਰਾਹੀਂ ਸਿੱਖਿਆਰਥੀ ਯੂਨੀਵਰਸਿਟੀ ਵੱਲੋਂ ਚਲਾਏ ਜਾ ਰਹੇ ਲਗਭਗ 100+ਸਰਟੀਫਿਕੇਟ, ਡਿਪਲੋਮਾ, ਸਨਾਤਕ ਅਤੇ ਮਾਸਟਰਜ਼ ਪੱਧਰ ਦੇ ਪ੍ਰੋਗਰਾਮਾਂ ਵਿੱਚ ਦਾਖਲਾ ਲੈ ਸਕਣਗੇ। ਇਹ ਪ੍ਰੋਗਰਾਮ ਕਿਫ਼ਾਇਤੀ ਫੀਸ 'ਤੇ ਉਪਲਬਧ ਹਨ। ਯੂਨੀਵਰਸਿਟੀ ਦੀ ਇਸ ਸਿੱਖਿਆ ਪ੍ਰਣਾਲੀ ਤਹਿਤ ਵਿਦਿਆਰਥੀਆਂ ਨੂੰ ਰੋਜ਼ਾਨਾ ਨਿਯਮਤ ਕਲਾਸਾਂ ਵਿੱਚ ਹਾਜ਼ਰੀ ਲਗਾਉਣ ਦੀ ਲੋੜ ਨਹੀਂ ਹੋਵੇਗੀ। ਆਨਲਾਈਨ ਕਲਾਸਾਂ ਅਤੇ ਅਧਿਐਨ ਸਮੱਗਰੀ ਰਾਹੀਂ ਉਹ ਆਪਣੇ ਘਰ ਜਾਂ ਕੰਮਕਾਜ ਵਾਲੀ ਥਾਂ ਤੋਂ ਪੜ੍ਹਾਈ ਕਰ ਸਕਣਗੇ। ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਯੋਗ ਸਿੱਖਿਆਰਥੀ ਇੱਕੋ ਸਮੇਂ ਦੋ ਪ੍ਰੋਗਰਾਮਾਂ ਵਿੱਚ ਵੀ ਦਾਖਲਾ ਲੈ ਸਕਦੇ ਹਨ। ਇਨੋਸੈਂਟ ਹਾਰਟਸ ਲੋਹਾਰਾਂ ਵਿਖੇ ਸਥਾਪਿਤ ਸਿੱਖਿਆ ਸਹਾਇਤਾ ਕੇਂਦਰ ਵਿਦਿਆਰਥੀਆਂ ਨੂੰ ਪ੍ਰੋਗਰਾਮ ਦੀ ਚੋਣ, ਦਾਖਲਾ, ਰਜਿਸਟ੍ਰੇਸ਼ਨ ਅਤੇ ਹੋਰ ਅਕਾਦਮਿਕ ਲੋੜਾਂ ਸਬੰਧੀ ਲੋੜੀਂਦੀ ਸਹਾਇਤਾ ਅਤੇ ਮਾਰਗਦਰਸ਼ਨ ਪ੍ਰਦਾਨ ਕਰੇਗਾ, ਜਿਸ ਨਾਲ ਉੱਚ ਸਿੱਖਿਆ ਪ੍ਰਾਪਤ ਕਰਨਾ ਹੋਰ ਵੀ ਸੌਖਾ ਹੋਵੇਗਾ। ਚਾਹਵਾਨ ਸਿੱਖਿਆਰਥੀ ਉਪਲਬਧ ਪ੍ਰੋਗਰਾਮਾਂ, ਯੋਗਤਾ, ਦਾਖਲਾ ਪ੍ਰਕਿਰਿਆ, ਫੀਸ ਅਤੇ ਰਜਿਸਟ੍ਰੇਸ਼ਨ ਸਬੰਧੀ ਵਧੇਰੇ ਜਾਣਕਾਰੀ ਲਈ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਜਾਂ ਇਨੋਸੈਂਟ ਹਾਰਟਸ ਲੋਹਾਰਾਂ ਦੇ ਸਿੱਖਿਆ ਸਹਾਇਤਾ ਕੇਂਦਰ ਨਾਲ ਸੰਪਰਕ ਕਰ ਸਕਦੇ ਹਨ।

## ਬਿਜਲੀ ਨਾ ਮਿਲਣ ਖਿਲਾਫ ਐੱਸ ਡੀ ਐੱਮ ਦਫ਼ਤਰ ਅੱਗੇ ਧਰਨਾ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸੂਬੇ ਵਿੱਚ ਲਗਾਤਾਰ ਲੱਗ ਰਹੇ ਬਿਜਲੀ ਦੇ ਲੰਬੇ ਕੱਟਾਂ ਖਿਲਾਫ ਸ਼੍ਰੋਮਣੀ ਅਕਾਲੀ ਦਲ ਦੇ ਸੱਦੇ ਤਹਿਤ ਹਲਕਾ ਸ਼ੁਤਰਾਣਾ ਦੇ ਇੰਚਾਰਜ ਬਾਬੂ ਕਬੀਰ ਦਾਸ ਦੀ ਅਗਵਾਈ 'ਚ ਐੱਸਡੀਐੱਮ ਪਾਤੜਾਂ ਦੇ ਦਫ਼ਤਰ ਅੱਗੇ ਧਰਨਾ ਦਿੱਤਾ ਗਿਆ।ਇਸ ਦੌਰਾਨ ਇਕੱਤਰ ਵਰਕਰਾਂ ਨੇ ਸਰਕਾਰ ਦੇ ਖਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ।ਹਲਕਾ ਇੰਚਾਰਜ ਕਬੀਰ ਦਾਸ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਵੱਲੋਂ ਘਰਾਂ, ਵਪਾਰਕ ਅਦਾਰਿਆਂ ਤੇ ਇੰਡਸਟਰੀਆਂ ਤੋਂ ਇਲਾਵਾ ਕਿਸਾਨਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਨਾ ਮਿਲਣ ਕਰਕੇ ਕਿਸਾਨਾਂ ਦੀਆਂ ਫਸਲਾਂ ਦਾ ਨੁਕਸਾਨ ਹੋ ਰਿਹੈ।ਇੰਡਸਟਰੀਆਂ ਨੂੰ ਵੱਡਾ ਘਾਟਾ ਸਹਿਣਾ ਪੈ ਰਿਹੈ।ਉਨ੍ਹਾਂ ਕਿਹਾ ਕਿ ਜੇ ਸਰਕਾਰ ਨੇ ਬਿਜਲੀ ਸਪਲਾਈ ਵਿੱਚ ਸੁਧਾਰ ਨਾ ਕੀਤਾ ਤਾਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੰਘਰਸ਼ ਵਿੱਢਿਆ ਜਾਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਅਕਾਲੀ ਦਲ ਦੇ ਆਗੂ ਅਜੈਬ ਸਿੰਘ ਮੌਲ੍ਹੀ, ਗੁਰਚਰਨ ਸਿੰਘ ਮੌਲਵੀਵਾਲਾ ਸਾਬਕਾ ਚੇਅਰਮੈਨ ਪੰਚਾਇਤ ਸੰਮਤੀ, ਜੱਗਾ ਸਿੰਘ ਸਿੱਧੂ ਮੈਂਬਰ ਜਨਰਲ ਕੌਂਸਲ, ਨਿਧਾਨ ਸਿੰਘ ਜੇਖਰ ਸਾਬਕਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਪਟਿਆਲਾ, ਡਾ. ਬਹਾਦਰ ਸਿੰਘ ਖਾਂਗ, ਜੋਗਿੰਦਰ ਸਿੰਘ ਬਾਵਾ, ਸੁਰਜੀਤ ਸਿੰਘ ਮਾਹਲ, ਸੁਖਵਿੰਦਰ ਸਿੰਘ ਅਰਨੋਂ ਆਦਿ ਮੌਜੂਦ ਸਨ।

## ਮਾਊਂਟ ਇੰਟਰਨੈਸ਼ਨਲ ਸਕੂਲ ਵਿਖੇ ਗਿਆਨਵਰਧਕ ਕੁਇਜ਼ ਮੁਕਾਬਲਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਮਾਊਂਟ ਇੰਟਰਨੈਸ਼ਨਲ ਸਕੂਲ ਬਾਘਾ ਪੁਰਾਣਾ ਵਿਖੇ ਵਿਸ਼ੇਸ਼ ਕੁਇਜ਼ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ ਪ੍ਰਸ਼ਨਾਂ ਨੂੰ ਸ਼ਾਮਲ ਕੀਤਾ ਗਿਆ।ਮੁਕਾਬਲਾ ਦੋ ਭਾਗਾਂ ਵਿੱਚ ਕਰਵਾਇਆ ਗਿਆ।ਪਹਿਲੇ ਭਾਗ ਵਿੱਚ ਪੰਜਵੀਂ, ਛੇਵੀਂ ਤੇ ਸੱਤਵੀਂ ਜਮਾਤ ਦੇ ਵਿਦਿਆਰਥੀਆਂ ਨੇ ਭਾਗ ਲਿਆ, ਜਦਕਿ ਦੂਜੇ ਭਾਗ ਵਿੱਚ ਤੀਜੀ ਤੇ ਚੌਥੀ ਜਮਾਤ ਦੇ ਵਿਦਿਆਰਥੀਆਂ ਨੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।ਇਸ ਕੁਇਜ਼ ਵਿੱਚ ਸਾਰੇ ਮੁੱਖ ਵਿਸ਼ਿਆਂ ਤੇ ਸਿਲੇਬਸ ਨਾਲ ਸਬੰਧਤ ਪ੍ਰਸ਼ਨ ਪੁੱਛੇ ਗਏ।ਇਸ ਮੌਕੇ ਸਕੂਲ ਦੇ ਡਾਇਰੈਕਟਰ ਤੇ ਪ੍ਰਿੰਸੀਪਲ ਸੰਦੀਪ ਮਹਿਤਾ ਨੇ ਕਿਹਾ ਕਿ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਪੜ੍ਹਾਈ ਦੇ ਨਾਲ-ਨਾਲ ਅਜਿਹੀਆਂ ਗਤੀਵਿਧੀਆਂ ਬਹੁਤ ਜ਼ਰੂਰੀ ਹਨ।ਪ੍ਰਿੰਸੀਪਲ ਮੈਡਮ ਪਰਮਿੰਦਰ ਕੌਰ ਨੇ ਵਿਦਿਆਰਥੀਆਂ ਦੀ ਹੌਸਲਾ-ਅਫ਼ਜ਼ਾਈ ਕਰਦਿਆਂ ਕਿਹਾ ਕਿ ਅਜਿਹੇ ਮੁਕਾਬਲੇ ਬੱਚਿਆਂ ਅੰਦਰ ਛੁਪੀ ਪ੍ਰਤਿਭਾ ਨੂੰ ਸਾਹਮਣੇ ਲਿਆਉਣ ਦਾ ਵਧੀਆ ਸਾਧਨ ਹਨ। ਮਾਊਂਟ ਇੰਟਰਨੈਸ਼ਨਲ ਸਕੂਲ ਦੀ ਹੈੱਡ ਮੈਡਮ ਖ਼ੁਸ਼ਪ੍ਰੀਤ ਕੌਰ ਨੇ ਵਿਦਿਆਰਥੀਆਂ ਦੇ ਪ੍ਰਦਰਸ਼ਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਬੱਚਿਆਂ ਤੇ ਸਮੂਹ ਅਧਿਆਪਕਾਂ ਦੀ ਸ਼ਲਾਘਾ ਕੀਤੀ। ਕਿਡਜ਼ੀ ਪ੍ਰੀ-ਸਕੂਲ ਦੀ ਡਾਇਰੈਕਟਰ ਮੈਡਮ ਸੁਧਾ ਮਹਿਤਾ ਤੇ ਕੋਆਰਡੀਨੇਟਰ ਨੇਹਾ ਮੋਂਗਾ ਨੇ ਵੀ ਵਿਦਿਆਰਥੀਆਂ ਦੀ ਪ੍ਰਤਿਭਾ ਤੇ ਉਤਸ਼ਾਹ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਅਜਿਹੇ ਮੌਕੇ ਦੇਣ ਨਾਲ ਉਨ੍ਹਾਂ ਦੇ ਆਤਮ-ਵਿਸ਼ਵਾਸ ਅਤੇ ਸਿੱਖਣ ਦੀ ਰੁਚੀ ਵਿੱਚ ਵਾਧਾ ਹੁੰਦਾ ਹੈ।ਅੰਤ ਵਿੱਚ ਡਾਇਰੈਕਟਰ ਤੇ ਪ੍ਰਿੰਸੀਪਲ ਸੰਦੀਪ ਮਹਿਤਾ ਵੱਲੋਂ ਸਮੂਹ ਅਧਿਆਪਕਾਂ ਤੇ ਸਟਾਫ ਦੀ ਵੀ ਪ੍ਰਸ਼ੰਸਾ ਕੀਤੀ ਗਈ।ਉਪਰੰਤ ਜੇਤੂ ਤੇ ਮੁਕਾਬਲੇ 'ਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਪ੍ਰਦਾਨ ਕਰਕੇ ਉਨ੍ਹਾਂ ਦੀ ਹੌਸਲਾ-ਅਫ਼ਜ਼ਾਈ ਕੀਤੀ ਗਈ।

## ਅਕਾਲੀ ਦਲ ਵੱਲੋਂ ਲੰਮੇ ਬਿਜਲੀ ਕੱਟਾਂ ਖ਼ਿਲਾਫ਼ ਰੋਸ ਧਰਨਾ




**ਸਮਾਣਾ (ਇਕਬਾਲ ਸਿੰਘ ਬੱਲ)**-ਹਲਕਾ ਸਮਾਣਾ ਤੋਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਜਥੇਦਾਰ ਜਗਮੀਤ ਸਿੰਘ ਹਰਿਆਊ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਅਤੇ ਸ਼ਹਿਰ ਤੇ ਆਸ-ਪਾਸ ਦੇ ਇਲਾਕਿਆਂ ਵਿੱਚ ਲੱਗ ਰਹੇ ਲੰਬੇ ਬਿਜਲੀ ਕੱਟਾਂ ਦੇ ਵਿਰੋਧ ਵਿੱਚ ਸਥਾਨਕ ਤਹਿਸੀਲ ਕੰਪਲੈਕਸ ਵਿਖੇ ਵਿਸ਼ਾਲ ਰੋਸ ਧਰਨਾ ਦਿੱਤਾ ਗਿਆ।ਧਰਨੇ ਦੌਰਾਨ ਅਕਾਲੀ ਦਲ ਦੇ ਆਗੂਆਂ ਤੇ ਵਰਕਰਾਂ ਨੇ ਬਿਜਲੀ ਸਪਲਾਈ ਨਾਲ ਸਬੰਧਤ ਸਮੱਸਿਆਵਾਂ ਨੂੰ ਲੈ ਕੇ ਸਰਕਾਰ ਖ਼ਿਲਾਫ਼ ਰੋਸ ਜ਼ਾਹਰ ਕੀਤਾ।ਆਗੂਆਂ ਨੇ ਕਿਹਾ ਕਿ ਲੰਬੇ ਸਮੇਂ ਤੋਂ ਬਿਜਲੀ ਸਪਲਾਈ ਪ੍ਰਭਾਵਿਤ ਰਹਿਣ ਕਾਰਨ ਆਮ ਲੋਕਾਂ, ਦੁਕਾਨਦਾਰਾਂ ਤੇ ਹੋਰ ਵਰਗਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਨਿਸ਼ਾਨ ਸਿੰਘ ਸੰਧੂ, ਗੋਪਾਲ ਸ਼ਰਮਾ, ਤਰਸੇਮ ਦਿਆਲਗੜ੍ਹੀਆ, ਮਲਕੀਤ ਚੀਮਾ, ਹਰਮਨ ਬੱਲ, ਲਾਡੀ ਜਵੰਦਾ, ਪ੍ਰਿਤਪਾਲ ਸਿੰਘ ਨਕਈ ਤੇ ਵਰਕਰਾਂ ਤੋਂ ਇਲਾਵਾ ਹਲਕੇ ਨਾਲ ਸਬੰਧਤ ਲੋਕ ਵੀ ਵੱਡੀ ਗਿਣਤੀ ਵਿੱਚ ਮੌਜੂਦ ਰਹੇ।ਧਰਨਾਕਾਰੀਆਂ ਵੱਲੋਂ ਬਿਜਲੀ ਸਪਲਾਈ ਵਿੱਚ ਸੁਧਾਰ ਲਿਆਉਣ ਤੇ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਦੀ ਮੰਗ ਕੀਤੀ ਗਈ।

## ਜੇਲ੍ਹਾਂ 'ਚ ਨਸ਼ਿਆਂ ਦੇ ਵਧਦੇ ਮਾਮਲਿਆਂ 'ਤੇ ਹਾਈਕੋਰਟ ਨੇ ਪ੍ਰਗਟਾਈ ਚਿੰਤਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਸੂਬੇ ਦੀਆਂ ਜੇਲ੍ਹਾਂ ਅੰਦਰ ਕੈਦੀਆਂ ਵਿੱਚ ਨਸ਼ਿਆਂ ਦੀ ਲਤ ਦੇ ਵਧਦੇ ਗੰਭੀਰ ਮਾਮਲਿਆਂ 'ਤੇ ਪ੍ਰਗਟਾਈ ਗਈ ਗੰਭੀਰ ਚਿੰਤਾ 'ਤੇ ਆਪਣੀ ਪ੍ਰਤੀਕਿਰਿਆ ਦਿੰਦਿਆਂ ਸ਼੍ਰੋਮਣੀ ਅਕਾਲੀ ਦਲ ਪੁਨਰਸੁਰਜੀਤ ਦੇ ਸੀਨੀਅਰ ਮੀਤ ਪ੍ਰਧਾਨ ਤੇ ਮੁੱਖ ਬੁਲਾਰੇ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਪ੍ਰਸਤ ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਕਿ ਨਸ਼ਾ ਅੱਜ ਪੰਜਾਬ ਦੀ ਜਵਾਨੀ ਨੂੰ ਘੁਣ ਵਾਂਗ ਖਾ ਰਿਹਾ ਹੈ।ਮੀਡੀਆ ਨੂੰ ਬਿਆਨ ਜਾਰੀ ਕਰਦਿਆਂ ਪੀਰ ਮੁਹੰਮਦ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਤੋਂ ਲੈ ਕੇ ਮੌਜੂਦਾ ਭਗਵੰਤ ਮਾਨ ਸਰਕਾਰ ਤੱਕ ਨਸ਼ਿਆਂ ਦੇ ਇਸ ਕੋਹੜ ਨੂੰ ਠੱਲ੍ਹ ਪਾਉਣ ਵਿੱਚ ਸਾਰੀਆਂ ਸਰਕਾਰਾਂ ਪੂਰੀ ਤਰ੍ਹਾਂ ਬੇਵੱਸ ਤੇ ਨਾਕਾਮ ਸਾਬਤ ਹੋਈਆਂ ਹਨ।ਹਾਈਕੋਰਟ ਵੱਲੋਂ ਜੇਲ੍ਹਾਂ ਵਿੱਚ ਨਸ਼ੇੜੀ ਕੈਦੀਆਂ ਦੀ ਗਿਣਤੀ 2,540 ਤੋਂ ਵੱਧ ਕੇ 15,768 ਤੱਕ ਪਹੁੰਚਣ 'ਤੇ ਲਏ ਗਏ ਖ਼ੁਦ ਨੋਟਿਸ ਸੰਗਿਆਨ ਨੇ ਸੂਬਾ ਸਰਕਾਰ ਦੀਆਂ ਨਸ਼ਾ ਮੁਕਤੀ ਦਾਅਵਿਆਂ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ।ਅਦਾਲਤ ਦਾ ਇਹ ਕਹਿਣਾ ਬਿਲਕੁਲ ਜਾਇਜ਼ ਹੈ ਕਿ ਜੇਲ੍ਹਾਂ ਅੰਦਰ ਅਜਿਹੇ ਹਾਲਾਤ ਕੈਦੀਆਂ ਦੇ ਬੁਨਿਆਦੀ ਅਧਿਕਾਰਾਂ ਦਾ ਘਾਣ ਕਰਦੇ ਹਨ।ਉਨ੍ਹਾਂ ਦੱਸਿਆ ਕਿ ਇਸ ਅਤਿ ਗੰਭੀਰ ਮੁੱਦੇ ਨੂੰ ਲੈ ਕੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਇੱਕ ਉੱਚ ਪੱਧਰੀ ਵਫ਼ਦ ਜਲਦ ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੂੰ ਮਿਲ ਕੇ ਪੰਜਾਬ ਅੰਦਰ ਫੈਲੇ ਨਸ਼ਿਆਂ ਦੇ ਜਾਲ, ਜੇਲ੍ਹਾਂ ਦੀ ਬਦਤਰ ਸਥਿਤੀ ਤੇ ਨਸ਼ਿਆਂ ਦੀ ਮਾਰ ਹੇਠ ਆਈ ਜਵਾਨੀ ਦੀ ਅਸਲ ਤਸਵੀਰ ਬਿਆਨ ਕਰਦੀ ਇੱਕ ਵਿਸ਼ੇਸ਼ ਤੇ ਵਿਸਥਾਰਪੂਰਵਕ ਰਿਪੋਰਟ ਰਾਜਪਾਲ ਨੂੰ ਸੌਂਪੇਗਾ।

## ਮੀਡੀਆ ਕਲੱਬ ਪਾਤੜਾਂ ਵੱਲੋਂ ਸ਼ੁਤਰਾਣਾ 'ਚ ਮੁਫ਼ਤ ਸਿਹਤ ਜਾਂਚ ਕੈਂਪ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਮੀਡੀਆ ਕਲੱਬ ਪਾਤੜਾਂ ਵੱਲੋਂ ਪਿੰਡ ਸ਼ੁਤਰਾਣਾ ਦੇ ਗੁਰਦੁਆਰਾ ਨਾਮ ਜਪੁ ਸਾਹਿਬ ਵਿਖੇ ਵੱਖ-ਵੱਖ ਬਿਮਾਰੀਆਂ ਦੇ ਟੈਸਟ ਕਰਨ ਲਈ ਮੁਫਤ ਸਿਹਤ ਜਾਂਚ ਕੈਂਪ ਲਗਵਾਇਆ ਗਿਆ, ਜਿਸ ਵਿੱਚ ਲਾਇਫ ਕੇਅਰ ਫਾਉਂਡੇਸ਼ਨ ਵੱਲੋਂ ਬਹੁਤ ਸਾਰੀਆਂ ਬਿਮਾਰੀਆਂ ਦੇ ਮੁਫਤ ਤੇ ਕਈ ਬਿਮਾਰੀਆਂ ਦੇ ਬਹੁਤ ਘੱਟ ਰੇਟਾਂ 'ਤੇ ਲੋਕਾਂ ਦੇ ਟੈਸਟ ਕੀਤੇ ਗਏ।ਕੈਂਪ ਵਿੱਚ ਉੱਘੇ ਸਮਾਜਸੇਵੀ ਸਤੀਸ਼ ਕੁਮਾਰ ਐੱਨਜੀਓ ਨੇ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕਰਦਿਆਂ ਕਿਹਾ ਕਿ ਕੈਂਸਰ ਤੇ ਹੋਰ ਭਿਆਨਕ ਬਿਮਾਰੀਆਂ ਤੋਂ ਬਚਣ ਲਈ ਟੈਸਟ ਕਰਵਾਉਣੇ ਜ਼ਰੂਰੀ ਹਨ, ਜਿਸ ਕਰਕੇ ਬਿਮਾਰੀ ਦਾ ਸਮੇਂ ਸਿਰ ਪਤਾ ਲੱਗਣ 'ਤੇ ਉਸ ਦਾ ਇਲਾਜ ਕੀਤਾ ਜਾ ਸਕੇ।ਮੈਨੇਜਰ ਡਾ. ਜਤਿੰਦਰਪਾਲ ਸਿੰਘ ਬਾਠ ਨੇ ਦੱਸਿਆ ਕਿ ਸੰਸਥਾ ਵੱਲੋਂ ਬਹੁਤ ਸਾਰੇ ਟੈਸਟ ਲਾਏ ਜਾਣ ਵਾਲੇ ਕੈਂਪਾਂ ਵਿੱਚ ਤੇ ਆਮ ਦਿਨਾਂ ਵਿੱਚ ਮੁਫਤ ਕੀਤੇ ਜਾ ਰਹੇ ਹਨ।ਮੀਡੀਆ ਕਲੱਬ ਦੇ ਪ੍ਰਧਾਨ ਜਗਦੀਸ਼ ਸਿੰਘ ਕੰਬੋਜ, ਸਰਪ੍ਰਸਤ ਗੁਰਨਾਮ ਸਿੰਘ ਚੌਹਾਨ ਨੇ ਲਾਇਫ ਕੇਅਰ ਫਾਉਂਡੇਸ਼ਨ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਪ੍ਰਸੰਸਾ ਕੀਤੀ।ਇਸ ਕੈਂਪ 'ਚ ਮੀਡੀਆ ਕਲੱਬ ਦੇ ਜਨਰਲ ਸਕੱਤਰ ਭੁਪਿੰਦਰਜੀਤ ਮੌਲਵੀਵਾਲਾ, ਖਜ਼ਾਨਚੀ ਭੂਸ਼ਨ ਸਿੰਗਲਾ, ਨਿਸ਼ਾਨ ਸਿੰਘ ਬਣਵਾਲਾ, ਅਕਾਲੀ ਦਲ ਵਾਰਿਸ ਪੰਜਾਬ ਦੇ ਆਗੂ ਭਗਵੰਤ ਸਿੰਘ ਸਾਬਕਾ ਸਰਪੰਚ, ਨਿਰਮਲ ਸਿੰਘ ਪ੍ਰਧਾਨ ਗੁਰਦੁਆਰਾ ਕਮੇਟੀ, ਚਰਨਜੀਤ ਕੌਰ ਧੂਹੜੀਆਂ ਜ਼ਿਲਾ ਪ੍ਰਧਾਨ ਕਰਾਂਤੀਕਾਰੀ ਕਿਸਾਨ ਯੂਨੀਅਨ, ਸਖਵਿੰਦਰ ਸਿੰਘ, ਅਮਰੀਕ ਸਿੰਘ ਨੰਬਰਦਾਰ, ਸੋਨੂ ਝੱਬਰ, ਬਲਵਿੰਦਰ ਕੁਮਾਰ ਆਦਿ ਹਾਜ਼ਰ ਸਨ।

## ਪ੍ਰਿੰਸੀਪਲ ਸਕੱਤਰ ਨੇ ਸਰਕਾਰੀ ਸਕੂਲ ਦੀਆਂ ਸਹੂਲਤਾਂ ਦਾ ਲਿਆ ਜਾਇਜ਼ਾ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਰਕਾਰੀ ਸਕੂਲਾਂ 'ਚ ਵਿਦਿਆਰਥੀਆਂ ਨੂੰ ਮਿਲ ਰਹੀਆਂ ਸਹੂਲਤਾਂ ਤੇ ਸਿੱਖਿਆ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਪੰਜਾਬ ਸਰਕਾਰ ਦੇ ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਵਿਭਾਗ ਦੇ ਪ੍ਰਿੰਸੀਪਲ ਸਕੱਤਰ ਰਾਹੁਲ ਤਿਵਾੜੀ (ਆਈ.ਏ.ਐੱਸ.) ਬੁੱਧਵਾਰ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮਾਛੀਵਾੜਾ ਸਾਹਿਬ ਵਿਖੇ ਪਹੁੰਚੇ। ਉਨ੍ਹਾਂ ਸਕੂਲ ਦੀ ਇਮਾਰਤ ਤੋਂ ਲੈ ਕੇ ਪੀਣ ਵਾਲੇ ਪਾਣੀ, ਪਖਾਨਿਆਂ, ਸਫ਼ਾਈ, ਮਿੱਡ-ਡੇ-ਮੀਲ ਤੇ ਬਣ ਰਹੀ ਨਵੀਂ ਇਮਾਰਤ ਦਾ ਜਾਇਜ਼ਾ ਲਿਆ। ਇਸ ਦੌਰਾਨ ਸਕੂਲ ਸਟਾਫ਼ ਵੱਲੋਂ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਦਾ ਮੁੱਦਾ ਪ੍ਰਿੰਸੀਪਲ ਸਕੱਤਰ ਦੇ ਧਿਆਨ 'ਚ ਲਿਆਂਦਾ ਗਿਆ। ਅਧਿਆਪਕਾਂ ਦੀ ਘਾਟ ਕਾਰਨ ਵਿਦਿਆਰਥੀਆਂ ਦੀ ਪੜ੍ਹਾਈ ਪ੍ਰਭਾਵਿਤ ਹੋਣ ਦੀ ਗੱਲ ਵੀ ਰੱਖੀ ਗਈ। ਐੱਸ.ਡੀ.ਐੱਮ. ਸਮਰਾਲਾ ਗੁਰਸਿਮਰਨਜੀਤ ਕੌਰ ਨੇ ਕਿਹਾ ਕਿ ਖਾਲੀ ਅਸਾਮੀਆਂ ਨੂੰ ਜਲਦ ਭਰਨ ਲਈ ਕਾਰਵਾਈ ਕੀਤੀ ਜਾਵੇਗੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਹੁਲ ਤਿਵਾੜੀ ਨੇ ਕਿਹਾ ਕਿ ਸਰਕਾਰ ਦੇ ਨਿਰਦੇਸ਼ਾਂ ਤਹਿਤ ਸਕੂਲਾਂ ਦਾ ਨਿਰੀਖਣ ਕੀਤਾ ਜਾ ਰਿਹਾ ਹੈ, ਤਾਂ ਜੋ ਵਿਦਿਆਰਥੀਆਂ ਨੂੰ ਪੜ੍ਹਾਈ ਲਈ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਸਕਣ। ਉਨ੍ਹਾਂ ਸਕੂਲ 'ਚ ਚੱਲ ਰਹੇ ਨਵੀਂ ਇਮਾਰਤ ਦੇ ਕੰਮ ਦਾ ਵੀ ਜਾਇਜ਼ਾ ਲਿਆ। ਨਿਰੀਖਣ ਉਪਰੰਤ ਅਧਿਕਾਰੀਆਂ ਨੇ ਸਕੂਲ 'ਚ ਚੱਲ ਰਹੇ ਉਸਾਰੀ ਕਾਰਜ ਨੂੰ ਤਸੱਲੀਬਖ਼ਸ਼ ਦੱਸਿਆ ਤੇ ਕਿਹਾ ਕਿ ਵਿਦਿਆਰਥੀਆਂ ਨੂੰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਇਸ ਮੌਕੇ ਸਕੂਲ ਦੇ ਸਮੂਹ ਸਟਾਫ਼ ਵੱਲੋਂ ਪ੍ਰਿੰਸੀਪਲ ਸਕੱਤਰ ਰਾਹੁਲ ਤਿਵਾੜੀ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਡਿੰਪਲ ਮਦਾਨ, ਨਾਇਬ ਤਹਿਸੀਲਦਾਰ ਹਰਕੀਰਤ ਸਿੰਘ, ਰੀਗਨ ਗੁਪਤਾ ਆਦਿ ਹਾਜ਼ਰ ਸਨ।

## ਕੱਕੜਵਾਲ ਚੌਂਕ 'ਚ ਮੁੜ ਚਾਲੂ ਹੋਈਆਂ ਟ੍ਰੈਫਿਕ ਲਾਈਟਾਂ

**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਸਥਾਨਕ ਸ਼ਹਿਰ 'ਚ ਖ਼ੂਨੀ ਚੌਂਕ ਦੇ ਨਾਮ ਨਾਲ ਜਾਣੇ ਜਾਂਦੇ ਕੱਕੜਵਾਲ ਚੌਂਕ ਵਿਖੇ ਲੰਮੇ ਸਮੇਂ ਤੋਂ ਬੰਦ ਪਈਆਂ ਟ੍ਰੈਫਿਕ ਲਾਈਟਾਂ ਨੂੰ ਮੁੜ ਤੋਂ ਸੁਚਾਰੂ ਰੂਪ ਵਿੱਚ ਚਾਲੂ ਕਰ ਦਿੱਤਾ ਗਿਆ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਟ੍ਰੈਫਿਕ ਪੁਲਸ ਧੂਰੀ ਦੇ ਇੰਚਾਰਜ ਸੰਜੇ ਕੁਮਾਰ ਨੇ ਦੱਸਿਆ ਕਿ ਆਵਾਜਾਈ ਨੂੰ ਸੁਚਾਰੂ ਢੰਗ ਨਾਲ ਚਲਾਉਣ ਤੇ ਸੜਕੀ ਹਾਦਸਿਆਂ 'ਤੇ ਠੱਲ੍ਹ ਪਾਉਣ ਦੇ ਉਦੇਸ਼ ਨਾਲ ਇਹ ਲਾਈਟਾਂ ਦੁਬਾਰਾ ਚਾਲੂ ਕੀਤੀਆਂ ਗਈਆਂ ਹਨ। ਲਾਈਟਾਂ ਬੰਦ ਹੋਣ ਕਾਰਨ ਇਸ ਚੌਂਕ 'ਚੋਂ ਲੰਘਣ ਵਾਲੇ ਵਾਹਨ ਚਾਲਕਾਂ ਨੂੰ ਕਾਫੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਸੀ ਤੇ ਹਰ ਵੇਲੇ ਜਾਮ ਦੀ ਸਥਿਤੀ ਬਣੀ ਰਹਿੰਦੀ ਸੀ।ਟ੍ਰੈਫਿਕ ਇੰਚਾਰਜ ਨੇ ਵਾਹਨ ਚਾਲਕਾਂ ਨੂੰ ਸਖ਼ਤ ਚੇਤਾਵਨੀ ਦਿੰਦਿਆਂ ਕਿਹਾ ਕਿ ਹੁਣ ਟ੍ਰੈਫਿਕ ਲਾਈਟਾਂ ਦੀ ਉਲੰਘਣਾ ਕਰਨ ਵਾਲਿਆਂ ਜਾਂ ਲਾਈਟ ਜੰਪ ਕਰਨ ਵਾਲਿਆਂ ਨਾਲ ਕੋਈ ਲਿਹਾਜ਼ ਨਹੀਂ ਕੀਤਾ ਜਾਵੇਗਾ।ਅਜਿਹੇ ਗੈਰ-ਜ਼ਿੰਮੇਵਾਰ ਵਾਹਨ ਚਾਲਕਾਂ ਦੇ ਮੌਕੇ 'ਤੇ ਹੀ ਚਲਾਨ ਕੱਟੇ ਜਾਣਗੇ।ਉਨ੍ਹਾਂ ਸਮੂਹ ਸ਼ਹਿਰ ਵਾਸੀਆਂ ਤੇ ਰਾਹਗੀਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਤੇ ਦੂਜਿਆਂ ਦੀ ਸੁਰੱਖਿਆ ਨੂੰ ਮੁੱਖ ਰੱਖਦਿਆਂ ਟ੍ਰੈਫਿਕ ਨਿਯਮਾਂ ਦੀ ਪੂਰੀ ਇਮਾਨਦਾਰੀ ਨਾਲ ਪਾਲਣਾ ਕਰਨ

# ਨਸ਼ਿਆਂ ਦੇ ਖ਼ਾਤਮੇ ਲਈ ਹਰੇਕ ਦਾ ਸਹਿਯੋਗ ਜ਼ਰੂਰੀ : ਡਾ. ਬਲਜੀਤ ਕੌਰ


### ■ ਨਸ਼ਾ ਮੁਕਤੀ ਮਿੱਤਰਾਂ ਨੂੰ ਪ੍ਰਸੰਸਾ ਪੱਤਰ ਦੇ ਕੇ ਕੀਤਾ ਸਨਮਾਨਤ



**ਮਲੋਟ/ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਸਰਪ੍ਰਸਤੀ ਤੇ ਸੁਚੱਜੀ ਅਗਵਾਈ ਹੇਠ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤੇ ਨਸ਼ਾ ਮੁਕਤ ਮੁਹਿੰਮ ਤਹਿਤ ਮਲੋਟ ਵਿਖੇ ਰਾਜ ਪੱਧਰੀ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਸਮਾਜਿਕ ਸੁਰੱਖਿਆ ਤੇ ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਇਸ ਮੌਕੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਦਿਆਂ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਲਈ ਸਾਂਝੇ ਯਤਨਾਂ ਦਾ ਸੱਦਾ ਦਿੱਤਾ ਗਿਆ।ਇਸ ਮੌਕੇ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਨਸ਼ਿਆਂ ਦੇ ਮੁਕੰਮਲ ਖ਼ਾਤਮੇ ਲਈ ਸਮਾਜ ਦੇ ਹਰ ਵਰਗ ਦਾ ਸਹਿਯੋਗ ਬਹੁਤ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਲੜਾਈ ਕੇਵਲ ਸਰਕਾਰ ਜਾਂ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਨਹੀਂ, ਸਗੋਂ ਹਰੇਕ ਨਾਗਰਿਕ ਦੀ ਸਾਂਝੀ ਜ਼ਿੰਮੇਵਾਰੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖ਼ਾਤਮੇ ਲਈ ਅਹਿਮ ਉਪਰਾਲੇ ਕੀਤੇ ਜਾ ਰਹੇ ਹਨ, ਇਸੇ ਲੜੀ ਤਹਿਤ ਸਰਕਾਰ ਵਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਚਲਾਈ ਹੋਈ ਹੈ, ਜਿਸ ਦੇ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ।ਕੈਬਨਿਟ ਮੰਤਰੀ ਨੇ ਕਿਹਾ ਕਿ ਨਸ਼ੇ ਦੇ ਕੰਟਰੋਲ ਲਈ ਪੇਂਡੂ ਤੇ ਸ਼ਹਿਰੀ ਪੱਧਰ 'ਤੇ ਨਸ਼ਾ ਰੋਕੂ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ।ਨਸ਼ਾ ਵੇਚਣ ਵਾਲਿਆਂ ਦੀ ਸੂਚਨਾ ਦੇਣ ਵਾਲਿਆਂ ਦਾ ਨਾਮ ਪੁਲਸ ਪ੍ਰਸ਼ਾਸਨ ਵੱਲੋਂ ਗੁਪਤ ਰੱਖਿਆ ਜਾ ਰਿਹਾ ਹੈ।ਨਸ਼ੇ ਵੇਚਣ ਵਾਲਿਆਂ ਦੀਆਂ ਜਾਇਦਾਦਾਂ ਜਿੱਥੇ ਜਬਤ ਕੀਤੀਆਂ ਜਾ ਰਹੀਆਂ ਹਨ, ਉੱਥੇ ਹੀ ਸਮਗਲਰਾਂ ਵੱਲੋਂ ਉਸਾਰੀਆਂ ਗਈਆਂ ਬਿਲਡਿੰਗਾਂ ਨੂੰ ਪੁਲਸ ਪ੍ਰਸ਼ਾਸਨ ਵੱਲੋਂ ਸਿਵਲ ਪ੍ਰਸ਼ਾਸਨ ਦੀ ਮਦਦ ਨਾਲ ਢਾਹਿਆ ਜਾ ਰਿਹਾ ਹੈ ਤਾਂ ਜੋ ਨਸ਼ੇ ਦੀ ਬਿਮਾਰੀ ਨੂੰ ਖਤਮ ਕੀਤਾ ਜਾ ਸਕੇ।ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਨੇ ਹਮੇਸ਼ਾ ਦੇਸ਼ ਤੇ ਸੂਬੇ ਦਾ ਨਾਮ ਰੌਸ਼ਨ ਕੀਤਾ ਹੈ।ਸਰਹੱਦਾਂ ਦੀ ਰਾਖੀ ਤੋਂ ਲੈ ਕੇ ਖੇਡਾਂ, ਖੇਤੀਬਾੜੀ ਤੇ ਹਰ ਖੇਤਰ ਵਿੱਚ ਪੰਜਾਬੀ ਨੌਜਵਾਨਾਂ ਦੀ ਮਿਹਨਤ ਤੇ ਹਿੰਮਤ ਮਿਸਾਲ ਰਹੀ ਹੈ।ਉਨ੍ਹਾਂ ਕਿਹਾ ਕਿ ਹੁਣ ਸਮਾਂ ਹੈ ਕਿ ਇਹੀ ਜਜ਼ਬਾ ਨਸ਼ਿਆਂ ਖ਼ਿਲਾਫ਼ ਲੜਾਈ ਵਿੱਚ ਵੀ ਦਿਖਾਇਆ ਜਾਵੇ।ਇਸ ਮੌਕੇ ਕੈਬਨਿਟ ਮੰਤਰੀ ਵੱਲੋਂ ਮਲੋਟ ਦੇ ਵਿਧਾਨ ਸਭਾ ਹਲਕੇ ਦੇ ਵੱਖ-ਵੱਖ ਪਿੰਡਾਂ ਤੇ ਵਾਰਡਾਂ ਨੂੰ ਹਾਕੀ, ਫੁੱਟਬਾਲ, ਵਾਲੀਬਾਲ, ਕ੍ਰਿਕਟ ਦੀਆਂ 100 ਤੋਂ ਵਧੇਰੇ ਖੇਡ ਕਿੱਟਾਂ ਵੀ ਵੰਡੀਆਂ ਗਈਆਂ ਤੇ ਆਂਗਣਵਾੜੀ ਵਰਕਰਾਂ ਜੋ ਕਿ ਨਸ਼ਿਆਂ ਨੂੰ ਰੋਕਣ ਲਈ 'ਨਸ਼ਾ ਮੁਕਤੀ ਮਿੱਤਰ' ਨੂੰ ਪ੍ਰਸੰਸਾ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਕੈਬਨਿਟ ਮੰਤਰੀ ਨੇ ਸਮਾਗਮ ਵਿੱਚ ਸ਼ਾਮਲ ਨੌਜਵਾਨਾਂ, ਯੁੱਧ ਕਲੱਬਾਂ, ਖਿਡਾਰੀਆਂ ਤੇ ਪਤਵੰਤੇ ਵਿਅਕਤੀਆਂ ਨੂੰ ਨਸ਼ਾ ਵਿਰੋਧੀ ਸਹੁੰ ਵੀ ਚੁਕਵਾਈ।

## ਬਿਜਲੀ ਕੱਟਾਂ ਖ਼ਿਲਾਫ਼ ਅਕਾਲੀ ਦਲ ਵੱਲੋਂ ਰੋਸ ਪ੍ਰਦਰਸ਼ਨ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**

ਪੰਜਾਬ ਵਿੱਚ ਪਿਛਲੇ ਸਮੇਂ ਤੋਂ ਲਗਾਤਾਰ ਲੱਗ ਰਹੇ ਬਿਜਲੀ ਦੇ ਅਣ-ਐਲਾਨੇ ਕੱਟਾਂ ਕਾਰਨ ਆਮ ਜਨਤਾ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਗਰਮੀ ਦੇ ਮੌਸਮ ਵਿੱਚ ਬਿਜਲੀ ਦੀ ਘਾਟ ਕਾਰਨ ਘਰਾਂ, ਵਪਾਰੀਆਂ ਤੇ ਖ਼ਾਸ ਕਰਕੇ ਕਿਸਾਨਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਝੋਨੇ ਦੀ ਫ਼ਸਲ ਪੱਕਣ ਦੇ ਦੌਰ ਵਿੱਚ ਹੈ ਤੇ ਇਸ ਸਮੇਂ ਫ਼ਸਲਾਂ ਨੂੰ ਪਾਣੀ ਦੀ ਭਾਰੀ ਜ਼ਰੂਰਤ ਹੈ।ਇਸ ਲਈ ਕਿਸਾਨਾਂ ਨੂੰ 10 ਘੰਟੇ ਨਿਰਵਿਘਨ ਬਿਜਲੀ ਸਪਲਾਈ ਮਿਲਣੀ ਜ਼ਰੂਰੀ ਹੈ।ਇਸ ਗੰਭੀਰ ਸਮੱਸਿਆ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਸੁਨਾਮ ਇੰਚਾਰਜ ਤੇ ਜਨਰਲ ਸਕੱਤਰ ਵਿਨਰਜੀਤ ਸਿੰਘ ਖਡਿਆਲ ਦੀ ਅਗਵਾਈ ਹੇਠ ਬਿਜਲੀ ਬੋਰਡ ਦੇ ਕਾਰਜਕਾਰੀ ਇੰਜੀਨੀਅਰ ਸੁਨਾਮ ਨੂੰ ਮੈਮੋਰੰਡਮ ਸੌਂਪ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਮੌਕੇ ਸਰਕਾਰ ਤੋਂ ਮੰਗ ਕੀਤੀ ਗਈ ਕਿ ਆਉਣ ਵਾਲੇ ਦਿਨਾਂ ਵਿੱਚ ਕਿਸਾਨਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਯਕੀਨੀ ਬਣਾਈ ਜਾਵੇ, ਤਾਂ ਜੋ ਉਹ ਆਪਣੀਆਂ ਫ਼ਸਲਾਂ ਨੂੰ ਨੁਕਸਾਨ ਤੋਂ ਬਚਾ ਸਕਣ।ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਅਤੇ ਵਰਕਰਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਬਿਜਲੀ ਦੇ ਅਣ-ਐਲਾਨੇ ਕੱਟ ਤੁਰੰਤ ਬੰਦ ਕੀਤੇ ਜਾਣ ਤੇ ਕਿਸਾਨਾਂ ਸਮੇਤ ਸਾਰੇ ਵਰਗਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਦਿੱਤੀ ਜਾਵੇ।

ਇਸ ਮੌਕੇ ਹਾਜ਼ਰ ਰਵਿੰਦਰ ਸਿੰਘ ਚੀਮਾ, ਬਲਵਿੰਦਰ ਸਿੰਘ ਅਕਬਰਪੁਰ, ਸਰਕਲ ਪ੍ਰਧਾਨ ਦਰਸ਼ਨ ਸਿੰਘ ਚੀਮਾ, ਸੁਖਵਿੰਦਰ ਸਿੰਘ ਮੱਦੀ ਲੌਂਗੋਵਾਲ, ਕੁਲਦੀਪ ਸਿੰਘ ਰਿਟਾਇਰ ਪ੍ਰਿੰਸੀਪਲ, ਜਗਮੇਲ ਸਿੰਘ ਛਾਜਲਾ, ਰਾਜਵਿੰਦਰ ਸਿੰਘ, ਜੁਝਾਰ ਸਿੰਘ, ਗੁਰਦੀਪ ਸਿੰਘ ਨੰਬਰਦਾਰ ਟਿੱਬੀ, ਬਲਵੀਰ ਸਿੰਘ, ਬਿੰਦਰੀ ਲੌਂਗੋਵਾਲ, ਦਿਲਬਾਗ ਸਿੰਘ, ਮਨਪ੍ਰੀਤ ਸਿੰਘ ਬੰਟੀ, ਚਮਕੌਰ ਸਿੰਘ, ਜਗਸੀਰ ਸਿੰਘ ਬਬਲਾ, ਜਸਵੀਰ ਸਿੰਘ ਗਾਂਧੀ, ਹਰਦੇਵ ਸਿੰਘ, ਦਰਵਾਰਾ ਸਿੰਘ ਨਾਗਰਾ, ਜਸਵਿੰਦਰ ਸਿੰਘ, ਹਾਕਮ ਸਿੰਘ, ਹਰਬੰਸ ਸਿੰਘ, ਰਣਜੀਤ ਸਿੰਘ ਬਿੱਲਾ, ਜਗਦੇਵ ਸਿੰਘ ਦੁਲਟ, ਚਮਕੌਰ ਸਿੰਘ, ਅੰਗਰੇਜ਼ ਸਿੰਘ, ਚਤਵਿੰਦਰ ਸਿੰਘ ਚੱਢੂ, ਮੇਜਰ ਸਿੰਘ ਨਮੋਲ ਆਦਿ ਅਕਾਲੀ ਆਗੂ ਹਾਜ਼ਰ ਸਨ।

## ਯੂ ਪੀ ਆਈ ਪੇਮੈਂਟਸ 'ਤੇ ਚਾਰਜ ਲਗਾਉਣਾ ਵਪਾਰੀਆਂ ਨਾਲ ਧੱਕਾ : ਪ੍ਰਦੀਪ ਧੀਂਗੜਾ

**ਮਲੋਟ (ਰਜਿੰਦਰ ਜੁਨੇਜਾ)**-ਕੇਂਦਰ ਸਰਕਾਰ ਦੇ ਵਿੱਤੀ ਸੇਵਾਵਾਂ ਵਿਭਾਗ ਤੇ ਨੈਸ਼ਨਲ ਪੇਮੈਂਟਸ ਕਾਰਪੋਰੇਸ਼ਨ ਆਫ ਇੰਡੀਆ ਵੱਲੋਂ ਯੂ ਪੀ ਆਈ ਲੈਣ-ਦੇਣ ਸੰਬੰਧੀ ਜਾਰੀ ਕੀਤੇ ਗਏ ਨਵੇਂ ਫ਼ਰੇਮਵਰਕ ਦਾ ਮਲੋਟ ਵਪਾਰ ਮੰਡਲ ਨੇ ਤਿੱਖਾ ਵਿਰੋਧ ਕੀਤਾ ਹੈ।ਇਸ ਨਵੇਂ ਨਿਯਮ ਤਹਿਤ ?2,000 ਤੋਂ ਵੱਧ ਦੇ ਵਪਾਰੀ ਯੂ ਪੀ ਆਈ ਲੈਣ-ਦੇਣ 'ਤੇ ਐੱਮ ਡੀ ਆਰ ਚਾਰਜ ਲਗਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ, ਜਿਸ ਨੂੰ ਦੁਕਾਨਦਾਰਾਂ ਨੇ ਸਰਾਸਰ ਬੇਇਨਸਾਫ਼ੀ ਕਰਾਰ ਦਿੱਤਾ ਹੈ।ਇਸ ਫੈਸਲੇ ਵਿਰੁੱਧ ਰੋਸ ਜ਼ਾਹਰ ਕਰਦਿਆਂ ਵਪਾਰ ਮੰਡਲ ਮਲੋਟ ਦੇ ਪ੍ਰਧਾਨ ਪ੍ਰਦੀਪ ਧੀਂਗੜਾ, ਚੇਅਰਮੈਨ ਨਰਸਿੰਘ ਦਾਸ ਚਲਾਨਾ, ਜਨਰਲ ਸਕੱਤਰ ਸੁਭਾਸ਼ ਕੱਕੜ, ਕੈਮਿਸਟ ਐਸੋਸੀਏਸ਼ਨ ਦੇ ਪ੍ਰਧਾਨ ਰਜਿੰਦਰ ਜੁਨੇਜਾ, ਇਲੈਕਟ੍ਰੋਨਿਕਸ ਯੂਨੀਅਨ ਦੇ ਹੈਪੀ ਡਾਵਰ, ਅਵਤਾਰ ਸੋਨੀ, ਰੈਡੀਮੇਡ ਯੂਨੀਅਨ ਦੇ ਪਾਲੀ ਮੱਕੜ, ਵਿਜੇ ਬਜਾਜ ਤੇ ਰੂਪ ਕਥੂਰੀਆ ਨੇ ਇਸ ਨੂੰ ਵਪਾਰੀਆਂ ਉੱਤੇ ਵਾਧੂ ਬੋਝ ਦੱਸਿਆ।ਪ੍ਰਧਾਨ ਪ੍ਰਦੀਪ ਧੀਂਗੜਾ ਨੇ ਕਿਹਾ ਕਿ ਸਰਕਾਰ ਨੇ ਪਹਿਲਾਂ ਤਾਂ ਦੁਕਾਨਦਾਰਾਂ ਤੇ ਆਮ ਲੋਕਾਂ ਨੂੰ ਡਿਜੀਟਲ ਪੇਮੈਂਟ ਦੀ ਆਦਤ ਪਾਈ, ਪਰ ਹੁਣ ਉਨ੍ਹਾਂ 'ਤੇ ਵਾਧੂ ਖਰਚੇ ਥੋਪੇ ਜਾ ਰਹੇ ਹਨ।ਜਦੋਂ ਡਿਜੀਟਲ ਭੁਗਤਾਨ ਦੀ ਸ਼ੁਰੂਆਤ ਕੀਤੀ ਗਈ ਸੀ, ਉਸ ਸਮੇਂ ਇਹ ਨਹੀਂ ਦੱਸਿਆ ਗਿਆ ਸੀ ਕਿ ਭਵਿੱਖ ਵਿੱਚ ਵਪਾਰੀਆਂ ਨੂੰ ਇਸ ਦੀ ਕੀਮਤ ਚੁਕਾਉਣੀ ਪਵੇਗੀ।ਵਪਾਰ ਮੰਡਲ ਦੇ ਆਗੂਆਂ ਨੇ ਜ਼ੋਰਦਾਰ ਮੰਗ ਕੀਤੀ ਕਿ ਯੂ ਪੀ ਆਈ ਸਰਵਿਸ ਨੂੰ ਪਹਿਲਾਂ ਵਾਂਗ ਪੂਰੀ ਤਰ੍ਹਾਂ ਮੁਫ਼ਤ ਰੱਖਿਆ ਜਾਵੇ।

# ਅਧਿਆਪਕ ਜਥੇਬੰਦੀਆਂ ਨੇ ਗੈਰ-ਵਿੱਦਿਅਕ ਕੰਮਾਂ ਦਾ ਮੁਕੰਮਲ ਬਾਈਕਾਟ ਕਰਨ ਦੇ ਚੇਤਾਵਨੀ ਪੱਤਰ ਦਿੱਤੇ

### ਰਾਸ਼ਨ ਕਾਰਡ ਵੈਰੀਫਿਕੇਸ਼ਨ ਡਿਊਟੀਆਂ ਦੇ ਵਿਰੋਧ 'ਚ 21 ਨੂੰ ਡੀ ਸੀ ਦਫਤਰ ਦਾ ਕੀਤਾ ਜਾਵੇਗਾ ਘਿਰਾਓ



**ਮੋਗਾ (ਇਕਬਾਲ ਸਿੰਘ ਖਹਿਰਾ)**-ਮਾਸਟਰ ਕੇਡਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਬਲਜਿੰਦਰ ਧਾਲੀਵਾਲ, ਬੀ ਐੱਡ ਅਧਿਆਪਕ ਫਰੰਟ ਦੇ ਸੂਬਾ ਪ੍ਰਧਾਨ ਪਰਗਟਜੀਤ ਸਿੰਘ ਕਿਸ਼ਨਪੁਰਾ, ਡੀਟੀਐੱਫ ਦੇ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ, ਗੌਰਮਿੰਟ ਟੀਚਰਜ਼ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜੱਜਪਾਲ ਸਿੰਘ ਬਾਜੇਕੇ, ਐਲੀਮੈਂਟਰੀ ਟੀਚਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਕੁਮਾਰ ਸ਼ਰਮਾ, ਅਧਿਆਪਕ ਦਲ ਦੇ ਕੁਲਵਿੰਦਰ ਸਿੰਘ ਖਾਲਸਾ, ਫਿਜੀਕਲ ਐਜੂਕੇਸ਼ਨ ਐਸੋਸੀਏਸ਼ਨ ਦੇ ਸੂਬਾ ਜਨਰਲ ਸਕੱਤਰ ਇੰਦਰਪਾਲ ਸਿੰਘ, ਸੁਖਪਾਲ ਸਿੰਘ ਜ਼ਿਲ੍ਹਾ ਪ੍ਰਧਾਨ ਡੀਟੀਐੱਫ ਵੱਲੋਂ ਸਾਂਝੇ ਤੌਰ 'ਤੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੇ ਆਪਣੇ 'ਤੇ ਥੋਪੇ ਜਾ ਰਹੇ ਗੈਰ-ਵਿੱਦਿਅਕ ਕੰਮਾਂ ਦਾ ਮੁਕੰਮਲ ਬਾਈਕਾਟ ਕਰਨ ਦਾ ਐਲਾਨ ਕੀਤਾ ਹੈ।ਇਸ ਸਬੰਧੀ ਮੋਗਾ ਜ਼ਿਲ੍ਹੇ ਦੀਆਂ ਸਮੂਹ ਅਧਿਆਪਕ ਜਥੇਬੰਦੀਆਂ ਵੱਲੋਂ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸਿੱਖਿਆ, ਜਿਹੜਾ ਸਿੱਖਿਆ ਅਫਸਰ ਪ੍ਰਾਇਮਰੀ ਸਿੱਖਿਆ ਤੇ ਏਡੀਸੀ ਮੋਗਾ ਨੂੰ ਮਿਲਿਆ ਗਿਆ ਤੇ ਉਨ੍ਹਾਂ ਨੂੰ ਸਾਫ ਸ਼ਬਦਾਂ ਵਿੱਚ ਕਿਹਾ ਗਿਆ ਕਿ ਅਧਿਆਪਕ ਗੈਰ ਵਿੱਦਿਆ ਇੱਕ ਡਿਊਟੀਆਂ ਵਿਸ਼ੇਸ਼ ਕਰਕੇ ਰਾਸ਼ਨ ਕਾਰਡ ਵੈਰੀਫਿਕੇਸ਼ਨ ਡਿਊਟੀਆਂ ਨਹੀਂ ਕਰਨਗੇ। ਵੱਖ-ਵੱਖ ਅਧਿਆਪਕ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਜੇਕਰ ਪ੍ਰਸ਼ਾਸਨ ਵੱਲੋਂ ਅਧਿਆਪਕਾਂ ਤੇ ਕਿਸੇ ਵੀ ਤਰ੍ਹਾਂ ਦਾ ਦਬਾਅ ਪਾਇਆ ਤਾਂ ਉਹ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਜੇਕਰ ਪ੍ਰਸ਼ਾਸਨ ਵੱਲੋਂ ਅਧਿਆਪਕਾਂ ਦੀਆਂ ਰਾਸ਼ਨ ਕਾਰਡ ਸਬੰਧੀ ਲਗਾਈਆਂ ਗਈਆਂ ਡਿਊਟੀਆਂ ਨਾ ਕੱਟੀਆਂ ਗਈਆਂ ਤਾਂ 21 ਸਤੰਬਰ ਨੂੰ ਡੀ ਸੀ ਦਫਤਰ ਮੋਗਾ ਵਿਖੇ ਵਿਸ਼ਾਲ ਧਰਨਾ ਦਿੱਤਾ ਜਾਵੇਗਾ।ਅਧਿਆਪਕ ਆਗੂਆਂ ਨੇ ਕਿਹਾ ਕਿ ਪ੍ਰੀਖਿਆਵਾਂ ਦੇ ਦਿਨਾਂ ਦੌਰਾਨ 'ਖੇਡਾਂ ਵਤਨ ਪੰਜਾਬ' ਵਿੱਚ ਵਿਦਿਆਰਥੀਆਂ ਦੀ ਰਜਿਸਟਰੇਸ਼ਨ ਵਧਾਉਣ ਲਈ ਅਧਿਆਪਕਾਂ 'ਤੇ ਕਿਸੇ ਵੀ ਤਰ੍ਹਾਂ ਦਾ ਦਬਾਅ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਵਿਦਿਆਰਥੀਆਂ ਦੀਆਂ ਖੇਡਾਂ ਵਿੱਚ ਸ਼ਮੂਲੀਅਤ ਨੂੰ ਸਵੈ-ਇੱਛਕ ਰੱਖਣ ਲਈ ਅਧਿਆਪਕ ਜਥੇਬੰਦੀਆ ਪਹਿਰਾ ਦੇਣਗੀਆਂ।ਆਗੂਆਂ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਮਿੱਡ-ਡੇਅ-ਮੀਲ, ਸਕੂਲੀ ਖੇਡਾਂ ਤੇ ਸਕੂਲਾਂ ਦੀ ਸਫ਼ਾਈ ਲਈ ਫੰਡ ਜਾਰੀ ਕਰਨ ਦੇ ਨਾਲ ਪੁਰਾਣੇ ਬਕਾਏ ਵੀ ਜਲਦ ਜਾਰੀ ਨਾ ਕੀਤੇ ਤਾਂ ਅਧਿਆਪਕ ਸੰਘਰਸ਼ ਲਈ ਮਜਬੂਰ ਹੋਣਗੇ। ਇਸ ਸਮੇਂ ਇੰਦਰਪਾਲ ਸਿੰਘ, ਗੁਰਪ੍ਰੀਤ ਸਿੰਘ, ਅਮਨਦੀਪ ਸਿੰਘ, ਨਿਰਮਲ ਸਿੰਘ ਚੁਗਾਵਾਂ, ਅਵਤਾਰ ਸਮਾਲਸਰ, ਇੰਦਰਪਾਲ, ਗੁਰਮੀਤ ਸਿੰਘ ਢੋਲੇਵਾਲ, ਕੁਲਦੀਪ ਸਿੰਘ ਮੋਗਾ, ਸੁਖਜਿੰਦਰ ਸਿੰਘ ਮੋਗਾ, ਪ੍ਰਦੀਪ ਰਖੜਾ, ਗੁਰਮੀਤ ਝੋਰੜਾ, ਅਮਿਤ ਕੁਮਾਰ ਆਦਿ ਹਾਜ਼ਰ ਸਨ।

## ਖੁੱਡੀਆਂ ਦੇ ਸਮਾਗਮ ਦਾ ਪੱਤਰਕਾਰਾਂ ਵੱਲੋਂ ਬਾਈਕਾਟ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਮੰਡੀ ਅਰਨੀਵਾਲਾ ਵਿਖੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੀ ਮੌਜੂਦਗੀ ਵਿੱਚ ਕਰਵਾਏ ਗਏ ਇੱਕ ਸਮਾਗਮ ਦਾ ਸਥਾਨਕ ਪੱਤਰਕਾਰਾਂ ਵੱਲੋਂ ਬਾਈਕਾਟ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।ਪੱਤਰਕਾਰਾਂ ਨੇ ਸਮਾਗਮ ਦੌਰਾਨ ਉਨ੍ਹਾਂ ਦੀ ਪੁੱਛ-ਪ੍ਰਤੀਤ ਨਾ ਹੋਣ ਤੇ ਮੀਡੀਆ ਲਈ ਢੁੱਕਵੇਂ ਪ੍ਰਬੰਧ ਨਾ ਕੀਤੇ ਜਾਣ 'ਤੇ ਰੋਸ ਜ਼ਾਹਰ ਕੀਤਾ।ਜਾਣਕਾਰੀ ਅਨੁਸਾਰ ਮੰਡੀ ਅਰਨੀਵਾਲਾ ਵਿਖੇ ਜਾਮਣ ਮੰਡੀ ਦੇ ਨੀਂਹ ਪੱਥਰ ਸਬੰਧੀ ਸਮਾਗਮ ਰੱਖਿਆ ਗਿਆ ਸੀ, ਜਿਸ ਵਿੱਚ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਪਹੁੰਚਣਾ ਸੀ।ਸਮਾਗਮ ਦੀ ਕਵਰੇਜ ਕਰਨ ਲਈ ਸਥਾਨਕ ਪੱਤਰਕਾਰ ਭਾਈਚਾਰਾ ਵੀ ਮੌਕੇ 'ਤੇ ਪਹੁੰਚਿਆ ਹੋਇਆ ਸੀ।ਪੱਤਰਕਾਰਾਂ ਦਾ ਦੋਸ਼ ਸੀ ਕਿ ਸਮਾਗਮ ਦੌਰਾਨ ਮੀਡੀਆ ਲਈ ਲੋੜੀਂਦੇ ਪ੍ਰਬੰਧ ਨਹੀਂ ਕੀਤੇ ਗਏ ਸਨ।ਪੱਤਰਕਾਰਾਂ ਨੇ ਕਿਹਾ ਕਿ ਮੀਡੀਆ ਵੱਲੋਂ ਸਰਕਾਰੀ ਤੇ ਲੋਕਾਂ ਨਾਲ ਸਬੰਧਤ ਗਤੀਵਿਧੀਆਂ ਨੂੰ ਲਗਾਤਾਰ ਲੋਕਾਂ ਤੱਕ ਪਹੁੰਚਾਇਆ ਜਾਂਦਾ ਹੈ, ਪਰ ਸਮਾਗਮਾਂ ਦੌਰਾਨ ਪੱਤਰਕਾਰਾਂ ਲਈ ਢੁੱਕਵਾਂ ਪ੍ਰਬੰਧ ਹੋਣਾ ਵੀ ਜ਼ਰੂਰੀ ਹੈ।

ਇੱਥੋਂ ਤੱਕ ਕਿ ਪੱਤਰਕਾਰਾਂ ਨੂੰ ਪੀਣ ਵਾਲਾ ਪਾਣੀ ਵੀ ਨਸੀਬ ਨਾ ਹੋਇਆ।ਕੁਝ ਪੱਤਰਕਾਰ ਸਮਾਗਮ ਵਾਲੀ ਥਾਂ 'ਤੇ ਗਰਮੀ ਤੋਂ ਰਾਹਤ ਲਈ ਪਾਣੀ ਦਾ ਛਿੜਕਾਅ ਕਾਰਨ ਚਿੱਕੜ ਹੋਣ ਕਾਰਨ ਡਿੱਗੇ ਵੀ, ਪਰ ਕਿਸੇ ਨੇ ਪੱਤਰਕਾਰਾਂ ਦੀ ਸਾਰ ਨਹੀਂ ਲਈ।ਇਸ ਘਟਨਾ ਨੂੰ ਲੈ ਕੇ ਪੱਤਰਕਾਰ ਭਾਈਚਾਰੇ ਵਿੱਚ ਨਾਰਾਜ਼ਗੀ ਵੇਖਣ ਨੂੰ ਮਿਲੀ।

## ਬੋਹਾ ਦੇ ਜੈਪਾਲ ਇੰਸਾਂ ਦੀ ਮ੍ਰਿਤਕ ਦੇਹ ਮੈਡੀਕਲ ਖੋਜਾਂ ਲਈ ਦਾਨ

### ■ ਧੀ ਤੇ ਨੂੰਹ ਨੇ ਵੀ ਦਿੱਤਾ ਅਰਥੀ ਨੂੰ ਮੋਢਾ



**ਬੋਹਾ (ਨਿਰੰਜਣ ਬੋਹਾ)**-ਡੇਰਾ ਸੱਚਾ ਸੌਦਾ ਦੇ ਸ਼ਰਧਾਲੂ ਜੈਪਾਲ ਇੰਸਾਂ (65) ਪੁੱਤਰ ਲਛਮਣ ਦਾਸ ਦੀ ਮੌਤ ਉਪਰੰਤ ਪਰਿਵਾਰਕ ਮੈਂਬਰਾਂ ਵੱਲੋਂ ਉਸ ਦੀ ਮ੍ਰਿਤਕ ਦੇਹ ਨੂੰ ਮੈਡੀਕਲ ਖੋਜਾਂ ਲਈ ਦਾਨ ਕੀਤਾ ਗਿਆ ਹੈ।ਦਾਨ ਕੀਤੀ ਇਹ ਦੇਹ ਜੀ ਐੱਸ ਮੈਡੀਕਲ ਕਾਲਜ ਐਂਡ ਹਸਪਤਾਲ ਪਿਲਕੁਵਾ ਹਾਪੁੜ (ਉੱਤਰ ਪ੍ਰਦੇਸ਼) ਨੂੰ ਭੇਜੀ ਗਈ ਹੈ।ਉਹ ਬਲਾਕ ਬੋਹਾ ਦੇ 14ਵੇਂ ਤੇ ਕਸਬੇ ਦੇ ਚੌਥੇ ਸਰੀਰਦਾਨੀ ਬਣੇ ਹਨ।ਮਿਲੀ ਜਾਣਕਾਰੀ ਅਨੁਸਾਰ ਜੈਪਾਲ ਇੰਸਾਂ ਨੇ ਡੇਰਾ ਸੱਚਾ ਸੌਦਾ ਦੀਆਂ ਸਿੱਖਿਆਵਾਂ 'ਤੇ ਚੱਲਦਿਆਂ ਜਿਊਂਦੇ ਜੀ ਪ੍ਰਣ ਕੀਤਾ ਹੋਇਆ ਸੀ ਕਿ ਉਸ ਦੇ ਦਿਹਾਂਤ ਤੋਂ ਬਾਅਦ ਉਸ ਦੀ ਮ੍ਰਿਤਕ ਦੇਹ ਨੂੰ ਮੈਡੀਕਲ ਖੋਜਾਂ ਲਈ ਦਾਨ ਕਰ ਦਿੱਤਾ ਜਾਵੇ।ਉਨ੍ਹਾਂ ਵੱਲੋਂ ਲਏ ਪ੍ਰਣ ਨੂੰ ਪੂਰਾ ਕਰਦਿਆਂ ਉਨ੍ਹਾਂ ਦੇ ਪੁੱਤਰ ਗਗਨਦੀਪ ਇੰਸਾਂ, ਚਿੰਨੂ ਇੰਸਾਂ ਤੇ ਹੋਰ ਪਰਿਵਾਰਕ ਮੈਂਬਰਾਂ ਵੱਲੋਂ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਜੀ ਐੱਸ ਮੈਡੀਕਲ ਕਾਲਜ ਐਂਡ ਹਸਪਤਾਲ ਪਿਲਕੁਵਾ ਹਾਪੁੜ (ਉੱਤਰ ਪ੍ਰਦੇਸ਼) ਵਿਖੇ ਮੈਡੀਕਲ ਖੋਜਾਂ ਕਰਨ ਲਈ ਦਾਨ ਕੀਤਾ ਗਿਆ, ਜਿਸ 'ਤੇ ਮੈਡੀਕਲ ਦੀ ਪੜ੍ਹਾਈ ਕਰ ਰਹੇ ਵਿਦਿਆਰਥੀ ਮੈਡੀਕਲ ਖੋਜਾਂ ਕਰਨਗੇ ਤੇ ਵਧੀਆ ਡਾਕਟਰ ਬਣ ਕੇ ਸਮਾਜ ਦੀ ਸੇਵਾ ਕਰਨਗੇ।ਪੁੱਤਰ ਤੇ ਧੀ ਦਾ ਫਰਕ ਨਾ ਰੱਖਦੇ ਹੋਏ ਉਨ੍ਹਾਂ ਦੀ ਧੀ ਰਜਨੀ ਇੰਸਾਂ ਤੇ ਨੂੰਹ ਅਨੀਤਾ ਇੰਸਾਂ ਵੱਲੋਂ ਅਰਥੀ ਨੂੰ ਮੋਢਾ ਦਿੱਤਾ ਗਿਆ।ਮ੍ਰਿਤਕ ਦੇ ਨਿਵਾਸ ਸਥਾਨ ਤੋਂ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ, ਇਲਾਕਾ ਨਿਵਾਸੀਆਂ, ਸ਼ਾਹ ਸਤਿਨਾਮ ਜੀ ਗ੍ਰੀਨ ਐੱਸ ਵੈੱਲਫੇਅਰ ਕਮੇਟੀ ਵੱਲੋਂ 'ਸਰੀਰ ਦਾਨੀ ਜੈਪਾਲ ਇੰਸਾਂ ਅਮਰ ਰਹੇ' ਦੇ ਨਾਹਰਿਆਂ ਨਾਲ ਕਾਫਲੇ ਦੇ ਰੂਪ ਵਿੱਚ ਅੰਤਿਮ ਵਿਦਾਇਗੀ ਦਿੱਤੀ ਗਈ।ਜੈਪਾਲ ਇੰਸਾਂ ਦੀ ਮ੍ਰਿਤਕ ਦੇਹ ਨੂੰ ਫੁੱਲਾਂ ਨਾਲ ਸਜੀ ਹੋਈ ਗੱਡੀ ਵਿੱਚ ਲਿਜਾਇਆ ਗਿਆ, ਜਿਸ ਨੂੰ ਬੋਹਾ ਦੇ ਨਗਰ ਪੰਚਾਇਤ ਦੇ ਪ੍ਰਧਾਨ ਜਗਸੀਰ ਸਿੰਘ ਜੱਗਾ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ।ਇਸ ਮੌਕੇ ਨਗਰ ਪੰਚਾਇਤ ਦੇ ਪ੍ਰਧਾਨ ਜਗਸੀਰ ਸਿੰਘ ਜੱਗਾ ਤੇ ਕੌਂਸਲਰ ਸੰਤੋਖ ਸਾਗਰ ਨੇ ਦੱਸਿਆ ਕਿ ਜੈਪਾਲ ਇੰਸਾਂ ਨੇ ਜਿੱਥੇ ਜਿਉਂਦੇ ਜੀ ਡੇਰਾ ਸੱਚਾ ਸੌਦਾ ਨਾਲ ਜੁੜ ਕੇ ਅਨੇਕਾਂ ਸਮਾਜ ਭਲਾਈ ਦੇ ਕਾਰਜ ਕੀਤੇ, ਉਥੇ ਹੀ ਜਾਂਦੇ ਜਾਂਦੇ ਵੀ ਉਨ੍ਹਾਂ ਸਮਾਜ ਲਈ ਵੱਡਾ ਕੰਮ ਕਰਕੇ ਆਪਣਾ ਨਾਂ ਸਰੀਰਦਾਨੀਆਂ ਦੀ ਸੂਚੀ ਵਿੱਚ ਲਿਖਵਾਇਆ ਹੈ। ਉਹਨਾਂ ਕਿਹਾ ਕਿ ਮਰਨ ਉਪਰੰਤ ਵੀ ਜੈਪਾਲ ਇੰਸਾਂ ਵੱਲੋਂ ਕੀਤੇ ਗਏ ਸਰੀਰਦਾਨ ਦੇ ਕਾਰਜ ਦੀ ਜਿੰਨੀ ਸ਼ਲਾਘਾ ਕੀਤੀ ਜਾਵੇ, ਓਨੀ ਹੀ ਘੱਟ ਹੈ।

## ਐੱਚ ਐੱਮ ਈ ਐੱਲ ਤੇ ਏਮਜ਼ ਵੱਲੋਂ ਬਹਿਮਣ ਜੱਸਾ ਸਿੰਘ 'ਚ ਮੈਗਾ ਹੈਲਥ ਕੈਂਪ

### ■ 150 ਤੋਂ ਵੱਧ ਪਿੰਡ ਵਾਸੀਆਂ ਨੇ ਸਿਹਤ ਸੇਵਾਵਾਂ ਦਾ ਲਿਆ ਲਾਭ



**ਤਲਵੰਡੀ ਸਾਬੋ (ਜਗਦੀਪ ਗਿੱਲ)**

ਐੱਚ ਐੱਮ ਈ ਐੱਲ ਨੇ ਏਮਜ਼ ਬਠਿੰਡਾ ਦੇ ਸਹਿਯੋਗ ਨਾਲ ਆਪਣੀ ਪ੍ਰਮੁੱਖ ਇੰਟੀਗ੍ਰੇਟਿਡ ਮੋਬਾਈਲ ਮੈਡੀਕਲ ਯੂਨਿਟ ਤੇ ਟੈਲੀਮੈਡੀਸਨ ਪ੍ਰੋਜੈਕਟ ਤਹਿਤ ਗੁਰਦੁਆਰਾ ਬਹਿਮਨ ਜੱਸਾ ਸਿੰਘ ਵਿਖੇ ਮੈਗਾ ਹੈਲਥ ਕੈਂਪ ਲਾਇਆ ਗਿਆ।ਇਸ ਪਹਿਲ ਦਾ ਉਦੇਸ਼ ਪੇਂਡੂ ਖੇਤਰਾਂ ਵਿੱਚ ਰਹਿੰਦੇ ਲੋਕਾਂ ਨੂੰ ਉਨ੍ਹਾਂ ਦੇ ਘਰ ਦੇ ਨੇੜੇ ਗੁਣਵੱਤਾਪੂਰਨ ਸਿਹਤ ਸੇਵਾਵਾਂ ਤੇ ਮਾਹਰ ਡਾਕਟਰੀ ਸਲਾਹ ਉਪਲਬਧ ਕਰਵਾਉਣਾ ਹੈ।ਕੈਂਪ ਵਿੱਚ ਆਸ-ਪਾਸ ਦੇ ਪਿੰਡਾਂ ਬਹਿਮਨ ਕੌਰ ਸਿੰਘ, ਗੁਰੂਸਰ ਜੱਗਾ ਤੇ ਤੇਓਣਾ ਪੁਜਾਰੀਆ ਤੋਂ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਪਹੁੰਚੇ।ਇਸ ਦੌਰਾਨ 150 ਤੋਂ ਵੱਧ ਮਰੀਜ਼ਾਂ ਨੇ ਮੁਫ਼ਤ ਮਾਹਰ ਡਾਕਟਰੀ ਸਲਾਹ, ਜਾਂਚ ਤੇ ਸਿਹਤ ਸਬੰਧੀ ਸਲਾਹ-ਮਸ਼ਵਰੇ ਦਾ ਲਾਭ ਲਿਆ।ਏਮਜ਼ ਬਠਿੰਡਾ ਦੇ ਮਾਹਰ ਡਾਕਟਰਾਂ ਵੱਲੋਂ ਆਰਥੋਪੀਡਿਕਸ, ਅੱਖਾਂ ਦੀ ਜਾਂਚ, ਦੰਦਾਂ ਦੀ ਜਾਂਚ, ਚਮੜੀ ਰੋਗ, ਜਨਰਲ ਮੈਡੀਸਨ ਤੇ ਟੈਲੀਮੈਡੀਸਨ ਸਮੇਤ ਵੱਖ-ਵੱਖ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ।ਇਨ੍ਹਾਂ ਵਿੱਚੋਂ ਜਨਰਲ ਮੈਡੀਸਨ ਲਈ ਸਭ ਤੋਂ ਵੱਧ ਮਰੀਜ਼ਾਂ ਨੇ ਸਲਾਹ ਲਈ।

ਪਿੰਡ ਵਿੱਚ ਹੀ ਮਾਹਰ ਸਿਹਤ ਸੇਵਾਵਾਂ ਉਪਲਬਧ ਹੋਣ ਨਾਲ ਪਿੰਡ ਵਾਸੀਆਂ ਨੂੰ ਇਲਾਜ ਲਈ ਦੂਰ-ਦੁਰਾਡੇ ਹਸਪਤਾਲਾਂ ਤੱਕ ਜਾਣ ਦੀ ਲੋੜ ਘੱਟ ਹੋਈ।ਇਸ ਨਾਲ ਉਨ੍ਹਾਂ ਨੂੰ ਸਮੇਂ ਸਿਰ ਡਾਕਟਰੀ ਸਲਾਹ, ਬਿਮਾਰੀ ਦੀ ਪਛਾਣ ਤੇ ਲੋੜੀਂਦੇ ਇਲਾਜ ਸਬੰਧੀ ਮਾਰਗਦਰਸ਼ਨ ਮਿਲਿਆ।ਕੈਂਪ ਦੇ ਸਫਲ ਆਯੋਜਨ ਵਿੱਚ ਸਥਾਨਕ ਭਾਈਚਾਰੇ ਦਾ ਵੀ ਮਹੱਤਵਪੂਰਨ ਸਹਿਯੋਗ ਰਿਹਾ।ਗ੍ਰਾਮ ਪੰਚਾਇਤ ਬਹਿਮਨ ਜੱਸਾ ਸਿੰਘ ਨੇ ਸਰਪੰਚ ਗੁਰਦੀਪ ਧਨੋਆ ਦੀ ਅਗਵਾਈ ਹੇਠ ਕੈਂਪ ਦੇ ਆਯੋਜਨ ਵਿੱਚ ਪੂਰਾ ਸਹਿਯੋਗ ਦਿੱਤਾ।ਇਸ ਤੋਂ ਇਲਾਵਾ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਲੋੜੀਂਦੇ ਪ੍ਰਬੰਧਾਂ ਵਿੱਚ ਸਹਿਯੋਗ ਦਿੱਤਾ ਗਿਆ, ਜਿਸ ਨਾਲ ਕੈਂਪ ਨੂੰ ਸੁਚੱਜੇ ਢੰਗ ਨਾਲ ਕਰਵਾਉਣ ਵਿੱਚ ਮਦਦ ਮਿਲੀ।

ਇੰਟੀਗ੍ਰੇਟਿਡ ਐੱਮ ਐੱਮ ਯੂ ਤੇ ਟੈਲੀਮੈਡੀਸਨ ਪ੍ਰੋਜੈਕਟ ਰਾਹੀਂ ਐੱਚ ਐੱਮ ਈ ਐੱਲ ਪੇਂਡੂ ਭਾਈਚਾਰਿਆਂ ਲਈ ਇੱਕ ਮਜ਼ਬੂਤ ਤੇ ਟਿਕਾਊ ਸਿਹਤ ਸੇਵਾ ਪ੍ਰਣਾਲੀ ਵਿਕਸਿਤ ਕਰਨ ਵੱਲ ਲਗਾਤਾਰ ਕੰਮ ਕਰ ਰਿਹਾ ਹੈ।ਹੁਣ ਤੱਕ ਇਸ ਪ੍ਰੋਜੈਕਟ ਤਹਿਤ 280 ਮੈਡੀਕਲ ਕੈਂਪ ਲਗਾਏ ਜਾ ਚੁੱਕੇ ਹਨ, ਜਿਨ੍ਹਾਂ ਰਾਹੀਂ 15,396 ਮਰੀਜ਼ ਲਾਭਾਨਵਿਤ ਹੋਏ ਹਨ।

## ਗੁਲਜ਼ਾਰ ਸਿੰਘ ਤੇ ਮੋਹਨਜੀਤ ਸ਼ੇਰੋਂ ਕਾਂਡ ਦੇ ਮੱਦੇਨਜ਼ਰ ਸ਼ਹਿਰ 'ਚ 'ਮੁਨਾਦੀ'



**ਮੋਗਾ (ਇਕਬਾਲ ਸਿੰਘ ਖਹਿਰਾ)**-ਦੇਸ਼ ਤੇ ਸੂਬੇ ਦੇ ਹਾਲਾਤ ਬਹੁਤ ਚਿੰਤਾਜਨਕ ਬਣੇ ਹੋਏ ਹਨ।ਕੇਂਦਰ ਸਰਕਾਰ ਪਹਿਲਾਂ ਹੀ ਲੋਕਾਂ ਦੇ ਹੱਕਾਂ ਤੇ ਡਾਕੇ ਮਾਰਨ ਲਈ ਕਾਹਲੀ ਪਈ ਹੋਈ ਹੈ ਤੇ ਰਹਿੰਦੀ ਸਹਿੰਦੀ ਕਸਰ ਸੂਬੇ ਦੀ ਸਰਕਾਰ ਵੱਲੋਂ ਪੂਰੀ ਕਰਕੇ ਲੋਕਤੰਤਰ ਦੀ ਚਿਤਾ ਵਿੱਚ ਲੱਕੜਾਂ ਚਿਣੀਆਂ ਜਾ ਰਹੀਆਂ ਹਨ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਿਵਲ ਸੁਸਾਇਟੀ ਮੋਗਾ ਦੇ ਐਡਵਾਈਜ਼ਰ ਅਜੇ ਗੋਰਾ ਸੂਦ ਤੇ ਲੀਗਲ ਐਡਵਾਈਜ਼ਰ ਐਡਵੋਕੇਟ ਰਵਿੰਦਰ ਕੌਰ ਨੇ ਸਿਵਲ ਸੁਸਾਇਟੀ ਮੋਗਾ ਵੱਲੋਂ ਸ਼ਹਿਰ ਵਿੱਚ ਕੀਤੀ ਗਈ 'ਮੁਨਾਦੀ' ਦੌਰਾਨ ਕੀਤਾ।ਉਨ੍ਹਾਂ ਦੱਸਿਆ ਕਿ 'ਮੁਨਾਦੀ' 1975 ਦੀ ਐਮਰਜੈਂਸੀ ਦੌਰਾਨ ਪ੍ਰਸਿੱਧ ਕਵੀ ਧਰਮਵੀਰ ਭਾਰਤੀ ਵੱਲੋਂ ਜੇ. ਪੀ. ਨਰਾਇਣ ਦੇ ਸੰਘਰਸ਼ ਬਾਰੇ ਲਿਖੀ ਸੀ, ਜੋ ਅੱਜ ਦੇ ਹਾਲਾਤਾਂ ਤੇ ਵੀ ਪੂਰੀ ਤਰ੍ਹਾਂ ਢੁੱਕਦੀ ਹੈ।ਇਸੇ ਕਰਕੇ ਸਿਵਲ ਸੁਸਾਇਟੀ ਮੋਗਾ ਵੱਲੋਂ ਮੋਗਾ ਸ਼ਹਿਰ ਦੇ ਲੋਕਾਂ ਨੂੰ ਸੰਵਿਧਾਨ ਤੇ ਆਪਣੇ ਮੌਲਿਕ ਹੱਕਾਂ ਦੀ ਰਾਖੀ ਲਈ ਲਾਮਬੰਦ ਕਰਨ ਵਾਸਤੇ ਸ਼ਹਿਰ ਵਿੱਚ ਮੁਨਾਦੀ ਕਰਵਾਈ ਜਾ ਰਹੀ ਹੈ।ਇਸ ਮੌਕੇ ਪ੍ਰਜ਼ੀਡੀਅਮ ਮੈਂਬਰ ਮਹਿੰਦਰ ਪਾਲ ਲੂੰਬਾ, ਅਮਰਜੀਤ ਸਿੰਘ ਜੱਸਲ, ਮਨਿੰਦਰ ਸਿੰਘ ਬੇਦੀ, ਦਲਜੀਤ ਸਿੰਘ ਭੁੱਲਰ ਤੇ ਸੋਨੀਆ ਅਨੇਜਾ ਨੇ ਕਿਹਾ ਕਿ ਮੋਹਨਜੀਤ ਸ਼ੇਰੋਂ ਤੇ ਗੁਲਜ਼ਾਰ ਸਿੰਘ ਸਮੇਤ ਹਜ਼ਾਰਾਂ ਅਜਿਹੀਆਂ ਉਦਾਹਰਨਾਂ ਹਨ, ਜਿੱਥੇ ਲੋਕਾਂ ਦੀ ਆਵਾਜ਼ ਬੰਦ ਕਰਵਾਉਣ ਲਈ ਸਰਕਾਰੀ ਤੰਤਰ ਵੱਲੋਂ ਹਰ ਹੀਲਾ ਵਰਤਿਆ ਜਾ ਰਿਹਾ ਹੈ।ਉਨ੍ਹਾਂ ਆਮ ਲੋਕਾਂ ਨੂੰ ਸੱਚ 'ਤੇ ਬੋਲਣ ਤੇ ਬਿਨਾਂ ਨਤੀਜਿਆਂ ਦੀ ਪ੍ਰਵਾਹ ਕੀਤੇ ਸੱਚ 'ਤੇ ਪਹਿਰਾ ਦੇਣ ਦੀ ਅਪੀਲ ਕੀਤੀ ਤਾਂ ਜੋ ਸਾਡੇ ਬੱਚੇ ਵੀ ਪੁਰਖਿਆਂ ਵੱਲੋਂ ਹਾਸਲ ਕੀਤੀ ਅਜ਼ਾਦੀ ਦਾ ਨਿੱਘ ਮਾਣ ਸਕਣ।ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਇਸ ਮੁਹਿੰਮ ਨੂੰ ਹੋਰ ਤੇਜ਼ ਕੀਤਾ ਜਾਵੇਗਾ।ਇਸ ਮੌਕੇ ਉਕਤ ਤੋਂ ਇਲਾਵਾ ਜਨਰਲ ਸਕੱਤਰ ਅਮਰ ਅਨੇਜਾ ਤੇ ਪ੍ਰਿਤਪਾਲ ਸਿੰਘ ਲੱਕੀ ਗਿੱਲ, ਦਫਤਰ ਸਕੱਤਰ ਵੀ ਪੀ ਸੇਠੀ, ਤੇਜਾ ਸਿੰਘ ਬਰਾੜ, ਕੰਵਲਜੀਤ ਮਹੇਸਰੀ, ਕ੍ਰਿਪਾਲ ਸਿੰਘ ਜਸਵਿੰਦਰ ਸਿੰਘ, ਸੋਨੂੰ ਅਰੋੜਾ, ਸ਼ਿਵਸ਼ਰਨ ਸਿੰਘ ਤੇ ਸੋਨੀਆ ਸਿਮਰ ਆਦਿ ਹਾਜ਼ਰ ਸਨ।

## 30 ਤੱਕ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ ਦੀ ਅਪੀਲ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਨਗਰ ਕੌਂਸਲ ਮਾਛੀਵਾੜਾ ਵੱਲੋਂ ਸ਼ਹਿਰ ਦੇ ਜਾਇਦਾਦ ਮਾਲਕਾਂ ਨੂੰ ਪੰਜਾਬ ਸਰਕਾਰ ਵੱਲੋਂ ਪ੍ਰਾਪਰਟੀ ਟੈਕਸ ਦੀ ਅਦਾਇਗੀ 'ਤੇ ਦਿੱਤੀ ਜਾ ਰਹੀ 10 ਫ਼ੀਸਦੀ ਵਿਸ਼ੇਸ਼ ਛੋਟ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਕੀਤੀ ਗਈ ਹੈ। ਕਾਰਜ ਸਾਧਕ ਅਫ਼ਸਰ ਵਿਕਰਮਜੀਤ ਨੇ ਦੱਸਿਆ ਕਿ ਚਾਲੂ ਵਿੱਤੀ ਸਾਲ 2026-27 ਲਈ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ ਵਾਲੇ ਉਪਭੋਗਤਾਵਾਂ ਨੂੰ ਇਹ ਵਿਸ਼ੇਸ਼ ਛੋਟ ਦਿੱਤੀ ਜਾ ਰਹੀ ਹੈ ਤੇ ਇਸ ਦਾ ਲਾਭ ਲੈਣ ਦੀ ਆਖਰੀ ਮਿਤੀ 30 ਸਤੰਬਰ 2026 ਨਿਰਧਾਰਤ ਕੀਤੀ ਗਈ ਹੈ। ਕਾਰਜ ਸਾਧਕ ਅਫ਼ਸਰ ਵਿਕਰਮਜੀਤ ਨੇ ਕਿਹਾ ਕਿ ਜਿਹੜੇ ਜਾਇਦਾਦ ਮਾਲਕ 30 ਸਤੰਬਰ ਤੱਕ ਆਪਣਾ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾ ਦੇਣਗੇ, ਉਹ 10 ਫ਼ੀਸਦੀ ਛੋਟ ਦਾ ਪੂਰਾ ਲਾਭ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਨਿਰਧਾਰਤ ਮਿਤੀ ਤੋਂ ਬਾਅਦ ਟੈਕਸ ਜਮ੍ਹਾਂ ਕਰਵਾਉਣ 'ਤੇ ਇਹ ਵਿਸ਼ੇਸ਼ ਛੋਟ ਉਪਲਬਧ ਨਹੀਂ ਹੋਵੇਗੀ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਖਰੀ ਮਿਤੀ ਦੀ ਉਡੀਕ ਨਾ ਕਰਨ ਤੇ ਸਮੇਂ ਸਿਰ ਆਪਣਾ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾ ਕੇ ਸਰਕਾਰ ਵੱਲੋਂ ਦਿੱਤੀ ਜਾ ਰਹੀ ਛੋਟ ਦਾ ਲਾਭ ਲੈਣ। ਉਨ੍ਹਾਂ ਕਿਹਾ ਕਿ ਸਮੇਂ ਸਿਰ ਟੈਕਸ ਦੀ ਅਦਾਇਗੀ ਕਰਨ ਨਾਲ ਜਿੱਥੇ ਲੋਕਾਂ ਨੂੰ ਆਰਥਿਕ ਰਾਹਤ ਮਿਲੇਗੀ, ਉੱਥੇ ਨਗਰ ਕੌਂਸਲ ਦੇ ਮਾਲੀ ਸਰੋਤਾਂ ਨੂੰ ਵੀ ਮਜ਼ਬੂਤੀ ਮਿਲੇਗੀ, ਜਿਸ ਨਾਲ ਸ਼ਹਿਰ ਦੇ ਵਿਕਾਸ ਤੇ ਲੋਕ-ਸਹੂਲਤਾਂ ਨਾਲ ਸਬੰਧਤ ਕੰਮਾਂ ਨੂੰ ਹੋਰ ਗਤੀ ਮਿਲ ਸਕਦੀ ਹੈ। ਟੈਕਸ ਘਰ ਬੈਠੇ ਆਨਲਾਈਨ ਵੀ ਜਮ੍ਹਾਂ ਕਰਵਾਇਆ ਜਾ ਸਕਦਾ ਹੈ। ਈ.ਓ. ਵਿਕਰਮਜੀਤ ਨੇ ਦੱਸਿਆ ਕਿ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ ਲਈ ਲੋਕਾਂ ਨੂੰ ਦਫ਼ਤਰਾਂ ਦੇ ਚੱਕਰ ਲਗਾਉਣ ਦੀ ਲੋੜ ਨਹੀਂ ਹੈ।

## ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਖੇ ਐਂਟੀ ਰੈਗਿੰਗ ਜਾਗਰੂਕਤਾ ਮੁਹਿੰਮ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ ਦੀ ਐਂਟੀ ਰੈਗਿੰਗ ਸਕੁਐਡ ਵੱਲੋਂ ਯੂਨੀਵਰਸਿਟੀ ਕੈਂਪਸ ਵਿੱਚ ਵਿਸ਼ਾਲ ਐਂਟੀ ਰੈਗਿੰਗ ਜਾਗਰੂਕਤਾ ਮੁਹਿੰਮ ਚਲਾਈ ਗਈ।ਇਹ ਮੁਹਿੰਮ ਡਾ. ਕਿਰਨਦੀਪ ਕੌਰ, ਕਨਵੀਨਰ, ਐਂਟੀ ਰੈਗਿੰਗ ਸਕੁਐਡ ਦੀ ਅਗਵਾਈ ਹੇਠ ਸਕੁਐਡ ਦੇ ਸਮੂਹ ਮੈਂਬਰਾਂ ਵੱਲੋਂ ਆਯੋਜਿਤ ਕੀਤੀ ਗਈ।ਇਸ ਮੁਹਿੰਮ ਦੌਰਾਨ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ, ਕੈਂਟੀਨ, ਖੁੱਲ੍ਹੇ ਖੇਤਰਾਂ ਅਤੇ ਹੋਸਟਲਾਂ ਦਾ ਦੌਰਾ ਕਰਕੇ ਵਿਦਿਆਰਥੀਆਂ ਨਾਲ ਸਿੱਧੀ ਗੱਲਬਾਤ ਕੀਤੀ ਗਈ।ਇਸ ਮੌਕੇ ਸਕੁਐਡ ਦੇ ਮੈਂਬਰਾਂ ਵੱਲੋਂ ਵਿਦਿਆਰਥੀਆਂ ਨੂੰ ਰੈਗਿੰਗ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੰਦਿਆਂ ਅਨੁਸ਼ਾਸਨ, ਆਪਸੀ ਸਤਿਕਾਰ, ਸਨਮਾਨ, ਸਹਿਯੋਗ ਅਤੇ ਜ਼ਿੰਮੇਵਾਰ ਵਿਵਹਾਰ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਗਿਆ।ਵਿਦਿਆਰਥੀਆਂ ਵਿੱਚ ਜਾਗਰੂਕਤਾ ਨੂੰ ਹੋਰ ਮਜ਼ਬੂਤ ਕਰਨ ਲਈ ਯੂਨੀਵਰਸਿਟੀ ਕੈਂਪਸ ਦੇ ਵੱਖ-ਵੱਖ ਪ੍ਰਮੁੱਖ ਸਥਾਨਾਂ 'ਤੇ ਐਂਟੀ ਰੈਗਿੰਗ ਸਬੰਧੀ ਪੋਸਟਰ ਵੀ ਲਗਾਏ ਗਏ। ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੇ ਐਂਟੀ ਰੈਗਿੰਗ ਨਿਯਮਾਂ ਦੀ ਪਾਲਣਾ ਕਰਨ ਅਤੇ ਰੈਗਿੰਗ ਨਾਲ ਸਬੰਧਤ ਕਿਸੇ ਵੀ ਘਟਨਾ ਦੀ ਤੁਰੰਤ ਸੂਚਨਾ ਸਬੰਧਤ ਅਧਿਕਾਰੀਆਂ ਨੂੰ ਦੇਣ ਲਈ ਪ੍ਰੇਰਿਤ ਕੀਤਾ ਗਿਆ।ਪ੍ਰੋ. ਪਰਿਤ ਪਾਲ ਸਿੰਘ, ਵਾਈਸ ਚਾਂਸਲਰ, ਨੇ ਐਂਟੀ ਰੈਗਿੰਗ ਸਕੁਐਡ ਵੱਲੋਂ ਕੀਤੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਯੂਨੀਵਰਸਿਟੀ ਆਪਣੇ ਵਿਦਿਆਰਥੀਆਂ ਲਈ ਸੁਰੱਖਿਅਤ, ਸਨਮਾਨਜਨਕ, ਸੁਖਾਵਾਂ ਅਤੇ ਵਿਦਿਅਕ ਪੱਖੋਂ ਉੱਤਮ ਮਾਹੌਲ ਪ੍ਰਦਾਨ ਕਰਨ ਲਈ ਵਚਨਬੱਧ ਹੈ। ਡਾ. ਕਿਰਨਦੀਪ ਕੌਰ, ਕਨਵੀਨਰ, ਐਂਟੀ ਰੈਗਿੰਗ ਸਕੁਐਡ, ਨੇ ਕਿਹਾ ਕਿ ਇਸ ਜਾਗਰੂਕਤਾ ਮੁਹਿੰਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਰੈਗਿੰਗ ਨਾਲ ਸਬੰਧਤ ਨਿਯਮਾਂ ਅਤੇ ਇਸ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦੇਣ ਦੇ ਨਾਲ-ਨਾਲ ਕੈਂਪਸ ਵਿੱਚ ਦੋਸਤੀ, ਸਤਿਕਾਰ, ਹਮਦਰਦੀ ਅਤੇ ਆਪਸੀ ਸਹਿਯੋਗ ਦੀ ਭਾਵਨਾ ਨੂੰ ਉਤਸ਼ਾਹਿਤ ਕਰਨਾ ਹੈ।

## ਮਾਨਵ ਸੇਵਾ ਉੱਤਮ ਸੇਵਾ ਸੰਸਥਾ ਨੇ ਸਕੂਲੀ ਬੱਚਿਆਂ ਨੂੰ ਸਟੇਸ਼ਨਰੀ ਤੇ ਵਰਦੀਆਂ ਵੰਡੀਆਂ



**ਨਾਭਾ (ਅਮਨ ਗਰਗ)**-ਮਾਨਵ ਸੇਵਾ ਉੱਤਮ ਸੇਵਾ ਸਟੇਟ ਐਵਾਰਡੀ ਸੰਸਥਾ ਨਾਭਾ ਵੱਲੋਂ ਆਰੀਆ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਪਟਿਆਲਾ ਗੇਟ ਵਿਖੇ ਲੋੜਵੰਦ ਬੱਚਿਆਂ ਨੂੰ ਸਟੇਸ਼ਨਰੀ ਦਾ ਸਮਾਨ ਅਤੇ ਵਰਦੀਆਂ ਵੰਡੀਆਂ ਗਈਆਂ, ਇਸ ਦੇ ਨਾਲ ਹੀ ਖਾਣ ਪੀਣ ਦਾ ਸਮਾਨ ਦਿੱਤਾ ਗਿਆ। ਇਸ ਮੌਕੇ ਸੰਸਥਾ ਦੇ ਮੁੱਖ ਸੇਵਾਦਾਰ ਵਿਕਾਸ ਮਿੱਤਲ ਨੇ ਇਸ ਨੇਕ ਕਾਰਜ ਲਈ ਯੋਗਦਾਨ ਪਾਉਣ ਲਈ ਨੀਲਮ ਵਰਮਾ ਅਤੇ ਸੁਧਾ ਰਾਣੀ ਪਰਿਵਾਰਕ ਮੈਂਬਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਕਾਰਜ ਉਨ੍ਹਾਂ ਨੇ ਆਪਣੇ ਸਵਰਗੀ ਬੇਟੇ ਅਭਿਨਵ ਦੀ ਨਿੱਘੀ ਯਾਦ ਵਿੱਚ ਜ਼ਰੂਰਤ ਦਾ ਸਮਾਨ ਲੋੜਵੰਦ ਬੱਚਿਆਂ ਨੂੰ ਵੰਡਿਆ ਹੈ। ਉਹਨਾਂ ਕਿਹਾ ਕਿ ਸੰਸਥਾ ਵੱਲੋਂ ਹਮੇਸ਼ਾ ਹੀ ਬੱਚਿਆਂ ਨੂੰ ਸਟੇਸ਼ਨਰੀ, ਕੋਟੀਆਂ, ਬੂਟ ਅਤੇ ਜੁਰਾਬਾਂ ਦੀ ਵੰਡ, ਲੋੜਵੰਦ ਪਰਵਾਰਾਂ ਨੂੰ ਰਾਸ਼ਨ ਦੀ ਵੰਡ ਆਦਿ ਤੋਂ ਇਲਾਵਾ ਖ਼ੂਨਦਾਨ ਕੈਂਪ ਅਤੇ ਮੈਡੀਕਲ ਚੈੱਕਅਪ ਕੈਂਪ ਵੀ ਲਗਾਏ ਜਾਂਦੇ ਹਨ।ਇਸ ਮੌਕੇ ਆਰੀਆ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਅਸ਼ਵਨੀ ਮਦਾਨ ਨੇ ਮਾਨਵ ਸੇਵਾ ਉੱਤਮ ਸੇਵਾ ਸੰਸਥਾ ਦੇ ਮੈਂਬਰ ਵਿਕਾਸ ਮਿੱਤਲ, ਅੰਕੁਰ ਸਿੰਗਲਾ, ਸੁਨੀਲ ਗੁਪਤਾ, ਵਰੁਣ ਸਿੰਗਲਾ, ਰਵਿੰਦਰ ਸਿੰਘ, ਨਰਿੰਦਰ ਮੋਹਨ ਸ਼ਰਮਾ, ਦੀਪਕ ਕੁਮਾਰ, ਸਾਹਿਲ ਗੁਪਤਾ, ਕਰਨ ਸਿੰਗਲਾ ਆਦਿ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਨਰਿੰਦਰ ਗਰਗ, ਅਨੂਪ੍ਰੀਆ ਗਰਗ, ਬਿੰਦੂ ਮਦਾਨ, ਦਿਨੇਸ਼ ਕੁਮਾਰ, ਰੁਬੀਨਾ ਰਾਣੀ ਤੋਂ ਇਲਾਵਾ ਸਕੂਲ ਦਾ ਸਟਾਫ ਹਾਜ਼ਰ ਸੀ।

## ਰੰਗਲੇ ਪੰਜਾਬ ਦੀ ਲੋਚਾ ਮਾਨਸਿਕ ਤੇ ਸਰੀਰਕ ਤੰਦਰੁਸਤੀ ਬਗੈਰ ਅਸੰਭਵ : ਡਾ. ਸਿੰਗਲਾ

### ■ ਮੂਲਾ ਸਿੰਘ ਵਾਲਾ ਵਿਖੇ 30ਵਾਂ ਮੁਫ਼ਤ ਮੈਡੀਕਲ ਚੈੱਕਅੱਪ ਕੈਂਪ



**ਮਾਨਸਾ (ਆਤਮਾ ਸਿੰਘ ਪਮਾਰ)**-ਜੇਕਰ ਅਸੀਂ ਰੰਗਲਾ ਪੰਜਾਬ ਦੇਖਣਾ ਚਾਹੁੰਦੇ ਹਾਂ ਤਾਂ ਸਭ ਤੋਂ ਪਹਿਲਾਂ ਤੰਦਰੁਸਤ ਪੰਜਾਬ ਬਣਾਉਣਾ ਪਵੇਗਾ, ਕਿਉਂਕਿ ਤੰਦਰੁਸਤ ਸਮਾਜ ਹੀ ਤੰਦਰੁਸਤ ਤੇ ਖ਼ੁਸ਼ਹਾਲ ਭਵਿੱਖ ਦੀ ਨੀਂਹ ਰੱਖ ਸਕਦਾ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡਾ. ਜਨਕ ਰਾਜ ਸਿੰਗਲਾ ਨੇ ਪਿੰਡ ਮੂਲਾ ਸਿੰਘ ਵਾਲਾ ਵਿਖੇ ਲਗਾਏ ਗਏ ਲੜੀਵਾਰ 30ਵੇਂ ਮੁਫ਼ਤ ਮੈਡੀਕਲ ਚੈੱਕਅਪ ਕੈਂਪ ਦੌਰਾਨ ਕੀਤਾ।ਕੈਂਪ ਦੌਰਾਨ ਪਿੰਡ ਵਾਸੀਆਂ ਦੀ ਸਿਹਤ ਦੀ ਜਾਂਚ ਕਰਨ ਤੋਂ ਇਲਾਵਾ ਲੋੜਵੰਦ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਵੀ ਮੁਹੱਈਆ ਕਰਵਾਈਆਂ ਗਈਆਂ।ਇਸ ਮੌਕੇ ਸ਼ੂਗਰ ਟੈਸਟ, ਬਲੱਡ ਪ੍ਰੈਸ਼ਰ ਦੀ ਜਾਂਚ ਤੇ ਈ.ਸੀ.ਜੀ. ਸਮੇਤ ਹੋਰ ਸਿਹਤ ਨਾਲ ਸਬੰਧਤ ਜ਼ਰੂਰੀ ਜਾਂਚਾਂ ਵੀ ਕੀਤੀਆਂ ਗਈਆਂ।ਲੋਕਾਂ ਨੂੰ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ, ਖਾਣ-ਪੀਣ ਦਾ ਵਿਸ਼ੇਸ਼ ਧਿਆਨ ਰੱਖਣ ਆਦਿ ਬਾਰੇ ਵੀ ਜਾਣਕਾਰੀ ਦਿੱਤੀ ਗਈ।ਡਾ. ਸਿੰਗਲਾ ਨੇ ਕਿਹਾ ਕਿ ਇੰਨ੍ਹਾਂ ਮੈਡੀਕਲ ਕੈਂਪਾਂ ਦਾ ਮਕਸਦ ਸਿਰਫ਼ ਮਰੀਜ਼ ਇਕੱਠੇ ਕਰਨਾ ਜਾਂ ਦਵਾਈਆਂ ਵੰਡਣਾ ਹੀ ਨਹੀਂ, ਸਗੋਂ ਲੋਕਾਂ 'ਚ ਸਿਹਤ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਵੀ ਹੈ।ਸਿੰਗਲਾ ਨੇ ਕਿਹਾ ਕਿ ਅੱਜ ਦੇ ਸਮੇਂ 'ਚ ਗਲਤ ਖਾਣ-ਪੀਣ, ਸਰੀਰਕ ਮਿਹਨਤ ਦੀ ਘਾਟ, ਤਣਾਅ ਤੇ ਵਾਤਾਵਰਣ 'ਚ ਆ ਰਹੇ ਬਦਲਾਅ ਕਾਰਨ ਲੋਕਾਂ ਦੀ ਸਿਹਤ ਪ੍ਰਭਾਵਿਤ ਹੋ ਰਹੀ ਹੈ।

ਇਸ ਲਈ ਹਰ ਵਿਅਕਤੀ ਨੂੰ ਰੋਜ਼ਾਨਾ ਕੁਝ ਸਮਾਂ ਆਪਣੀ ਸਿਹਤ ਲਈ ਵੀ ਜ਼ਰੂਰ ਕੱਢਣਾ ਚਾਹੀਦਾ ਹੈ।ਡਾ. ਜਨਕ ਰਾਜ ਸਿੰਗਲਾ ਨੇ ਕਿਹਾ ਕਿ ਸਿਹਤਮੰਦ ਸਮਾਜ, ਸਿਹਤਮੰਦ ਭਵਿੱਖ ਲਈ ਸਿਹਤ ਜਾਗਰੂਕਤਾ ਮੁਹਿੰਮ ਅੱਗੇ ਵੀ ਇਸੇ ਤਰ੍ਹਾਂ ਜਾਰੀ ਰਹਿਣਗੇ।ਇਸ ਮੌਕੇ ਫਾਰਮੇਸੀ ਅਫ਼ਸਰ ਕੈਲਾਸ਼ ਮੋਹਨ, ਫਾਰਮੇਸੀ ਅਫ਼ਸਰ ਜਸਵੀਰ ਸਿੰਘ, ਜੀਵਨ ਬਾਂਸਲ ਸਾਬਕਾ, ਨਰਾਤਾ ਰਾਮ, ਡਾ. ਦੇਸ ਰਾਜ, ਡਾ. ਤਰਸੇਮ ਚੰਦ, ਕੁਲਵਿੰਦਰ ਸਿੰਘ, ਰਮਨ ਸਿੰਘ, ਲਾਲੀ ਸਿੰਘ, ਬੇਅੰਤ ਸਿੰਘ ਅੱਕਾਂਵਾਲੀ ਤੇ ਗੁਰਪ੍ਰੀਤ ਸਿੰਘ ਆਦਿ ਤੋਂ ਇਲਾਵਾ ਗੁਰਦੁਆਰਾ ਪ੍ਰਬੰਧਕ ਕਮੇਟੀ, ਜਗਦੇਵ ਸਿੰਘ ਜੱਗੀ ਸਰਪੰਚ, ਡਾ. ਮਹਾਂਵੀਰ, ਡਾ. ਜਸਵੰਤ ਸਿੰਘ, ਰਘਵੀਰ ਸਿੰਘ ਸਾਬਕਾ ਸਰਪੰਚ ਵੀ ਕੈਂਪ ਦੌਰਾਨ ਹਾਜ਼ਰ ਸਨ।

## ਦਮਨਪ੍ਰੀਤ ਕੌਰ ਨੇ ਵੁਸ਼ੂ ਚੈਂਪੀਅਨਸ਼ਿਪ ਵਿੱਚ ਜਿੱਤਿਆ ਕਾਂਸੀ ਦਾ ਤਮਗਾ



**ਧਾਰੀਵਾਲ (ਮਨਦੀਪ ਵਿੱਕੀ)**- ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ, ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ, ਸਕੱਤਰ ਮੈਡਮ ਸ਼੍ਰੀਮਤੀ ਪਰਮਿੰਦਰ ਕੌਰ ਚਾਹਲ ਅਤੇ ਪ੍ਰਿੰਸੀਪਲ ਹਰਤਾਜ ਸਿੰਘ ਸਿੱਧੂ ਦੀ ਯੋਗ ਅਗਵਾਈ ਹੇਠ ਸਕੂਲ ਦੀ ਹੋਣਹਾਰ ਵਿਦਿਆਰਥਣ ਦਮਨਪ੍ਰੀਤ ਕੌਰ ਨੇ ਪੰਜਾਬ ਸਕੂਲ ਐਸੋਸੀਏਸ਼ਨ ਵੁਸ਼ੂ ਚੈਂਪੀਅਨਸ਼ਿਪ ਵਿੱਚ ਭਾਗ ਲੈਂਦਿਆਂ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਕਾਂਸੀ ਦਾ ਤਮਗਾ ਹਾਸਲ ਕਰਕੇ ਸਕੂਲ ਦਾ ਨਾਮ ਰੋਸ਼ਨ ਕੀਤਾ।ਪ੍ਰਿੰਸੀਪਲ ਹਰਤਾਜ ਸਿੰਘ ਸਿੱਧੂ ਨੇ ਕਿਹਾ ਕਿ ਦਮਨਪ੍ਰੀਤ ਕੌਰ ਵੱਲੋਂ ਪੰਜਾਬ ਸਕੂਲ ਐਸੋਸੀਏਸ਼ਨ ਵੁਸ਼ੂ ਚੈਂਪੀਅਨਸ਼ਿਪ ਵਿੱਚ ਕਾਂਸੀ ਦਾ ਤਮਗਾ ਜਿੱਤਣਾ ਸਕੂਲ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਇਹ ਸਫਲਤਾ ਵਿਦਿਆਰਥਣ ਦੀ ਮਿਹਨਤ, ਲਗਨ, ਅਨੁਸ਼ਾਸਨ ਅਤੇ ਖੇਡ ਪ੍ਰਤੀ ਸਮਰਪਣ ਨੂੰ ਦਰਸਾਉਂਦੀ ਹੈ। ਉਨ੍ਹਾਂ ਦਮਨਪ੍ਰੀਤ ਕੌਰ, ਉਸ ਦੇ ਮਾਪਿਆਂ ਅਤੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਅਜਿਹੀਆਂ ਪ੍ਰਾਪਤੀਆਂ ਹੋਰ ਵਿਦਿਆਰਥੀਆਂ ਨੂੰ ਵੀ ਖੇਡਾਂ ਵਿੱਚ ਵੱਧ-ਚੜ੍ਹ ਕੇ ਭਾਗ ਲੈਣ ਲਈ ਪ੍ਰੇਰਿਤ ਕਰਦੀਆਂ ਹਨ। ਡਾਇਰੈਕਟਰ ਅਮਰਜੀਤ ਸਿੰਘ ਚਾਹਲ ਨੇ ਦਮਨਪ੍ਰੀਤ ਕੌਰ ਦੀ ਇਸ ਸ਼ਾਨਦਾਰ ਪ੍ਰਾਪਤੀ 'ਤੇ ਖੁਸ਼ੀ ਅਤੇ ਮਾਣ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਹ ਉਪਲਬਧੀ ਉਸ ਦੀ ਮਿਹਨਤ, ਲਗਨ, ਅਨੁਸ਼ਾਸਨ ਅਤੇ ਖੇਡ ਪ੍ਰਤੀ ਸਮਰਪਣ ਦਾ ਨਤੀਜਾ ਹੈ।

## ਸ਼ੈਰੀ ਕਲਸੀ ਵੱਲੋਂ ਵਿਰਾਸਤੀ ਤੇ ਹਾਈ ਮਾਸਟ ਲਾਈਟਾਂ ਦਾ ਉਦਘਾਟਨ

**ਬਟਾਲਾ, (ਡਾ. ਮਲਵਿੰਦਰ ਸਿੰਘ)**-ਬਟਾਲਾ ਸ਼ਹਿਰ ਦੀ ਸੁੰਦਰਤਾ ਅਤੇ ਰਾਤ ਸਮੇਂ ਲੋਕਾਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਵੱਲੋਂ ਭਗਤ ਕੁਨਾਲ ਦੀ ਹਾਜ਼ਰੀ ਵਿੱਚ ਬਟਾਲਾ ਸਿਟੀ ਹੋਸਟਲ ਦੇ ਨਾਲ ਅਤੇ ਸਿਕਲ ਚੌਂਕ ਵਿਖੇ ਵਿਰਾਸਤੀ ਅਤੇ ਹਾਈ ਮਾਸਟ ਲਾਈਟਾਂ ਦਾ ਉਦਘਾਟਨ ਕੀਤਾ ਗਿਆ।ਉਦਘਾਟਨ ਸਮਾਰੋਹ ਦੌਰਾਨ ਸੰਬੋਧਨ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਬਟਾਲਾ ਨੂੰ ਇੱਕ ਸੁੰਦਰ, ਸਾਫ਼-ਸੁਥਰਾ ਅਤੇ ਆਧੁਨਿਕ ਸ਼ਹਿਰ ਬਣਾਉਣਾ ਉਨ੍ਹਾਂ ਦੀ ਪਹਿਲ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕ ਭਲਾਈ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਲਗਾਤਾਰ ਕੰਮ ਕੀਤੇ ਜਾ ਰਹੇ ਹਨ ਅਤੇ ਬਟਾਲਾ ਨੂੰ ਵਿਕਾਸ ਦੇ ਪੱਖ ਤੋਂ ਮਿਸਾਲੀ ਸ਼ਹਿਰ ਬਣਾਉਣ ਲਈ ਹਰ ਸੰਭਵ ਯਤਨ ਜਾਰੀ ਰਹਿਣਗੇ।ਇਸ ਮੌਕੇ ਸ਼ਹਿਰ ਵਾਸੀਆਂ ਅਤੇ ਦੁਕਾਨਦਾਰਾਂ ਨੇ ਵੀ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਨਵੀਆਂ ਹਾਈ ਮਾਸਟ ਅਤੇ ਵਿਰਾਸਤੀ ਲਾਈਟਾਂ ਨਾਲ ਬਟਾਲਾ ਦੀ ਦਿੱਖ ਵਿੱਚ ਕਾਫ਼ੀ ਸੁਧਾਰ ਆਇਆ ਹੈ।ਰਾਤ ਸਮੇਂ ਬਾਜ਼ਾਰਾਂ, ਚੌਕਾਂ ਅਤੇ ਸੜਕਾਂ ਤੇ ਵਧੀ ਰੋਸ਼ਨੀ ਕਾਰਨ ਲੋਕਾਂ ਨੂੰ ਆਵਾਜਾਈ ਵਿੱਚ ਸੁਵਿਧਾ ਮਿਲੇਗੀ



ਅਤੇ ਸੁਰੱਖਿਆ ਪ੍ਰਬੰਧ ਵੀ ਮਜ਼ਬੂਤ ਹੋਣਗੇ।ਉਨ੍ਹਾਂ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਸ਼ਹਿਰ ਦੇ ਸਰਬਪੱਖੀ ਵਿਕਾਸ ਲਈ ਜਾ ਰਹੇ ਕੰਮਾਂ ਨਾਲ ਬਟਾਲਾ ਨਵੀਂ ਪਹਿਚਾਣ ਹਾਸਲ ਕਰ ਰਿਹਾ ਹੈ।ਇਸ ਮੌਕੇ ਮੇਅਰ ਸੁਖਦੀਪ ਸਿੰਘ ਬਾਜਵਾ, ਚੇਅਰਮੈਨ ਯਸ਼ਪਾਲ ਚੌਹਾਨ, ਚੇਅਰਮੈਨ ਮਾਨਿਕ ਮਹਿਤਾ, ਸੀਨੀਅਰ ਆਗੂ ਕੌਂਸਲਰ ਗੁਰਪ੍ਰੀਤ ਸਿੰਘ ਰਾਜੂ, ਨਗਰ ਨਿਗਮ ਦੇ ਅਧਿਕਾਰੀ, ਕੌਂਸਲਰ, ਸਮਾਜ ਸੇਵੀ ਅਤੇ ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀ ਹਾਜ਼ਰ ਸਨ।

## ਖਾਲਸਾ ਗਰਲਜ਼ ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਫੈਂਸਿੰਗ ਚੈਂਪੀਅਨਸ਼ਿਪ 'ਚ ਵੱਖ-ਵੱਖ ਮੈਡਲ ਹਾਸਲ



**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਅਧੀਨ ਖ਼ਾਲਸਾ ਕਾਲਜ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਦੀਆਂ ਵਿਦਿਆਰਥਣਾਂ ਨੇ ਸੈਸ਼ਨ 2026-27 ਜ਼ਿਲ੍ਹਾ ਪੱਧਰ ਦੀ ਫੈਂਸਿੰਗ ਚੈਂਪੀਅਨਸ਼ਿਪ 'ਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਅੰਡਰ-14, 17 ਅਤੇ 19 ਵਰਗਾਂ 'ਚ ਮੈਡਲ ਜਿੱਤ ਕੇ ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਪ੍ਰਿੰਸੀਪਲ ਪੁਨੀਤ ਕੌਰ ਨਾਗਪਾਲ ਨੇ ਜੇਤੂ ਵਿਦਿਆਰਥਣਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਕਰਵਾਏ ਗਏ ਉਕਤ ਮੁਕਾਬਲੇ ਦੌਰਾਨ ਸਕੂਲ ਖਿਡਾਰਨਾਂ ਨੇ ਵਧੀਆ ਉਪਲਬੱਧੀਆਂ ਪ੍ਰਾਪਤ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਅੰਡਰ-14 ਵਰਗ 'ਚ ਪਰਨੀਤ ਕੌਰ (8ਵੀਂ ਏ) ਅਤੇ ਨਵਨੀਤ ਕੌਰ (8ਵੀਂ ਏ) ਨੇ ਕ੍ਰਮਵਾਰ ਫੌਇਲ ਅਤੇ ਏਪੀ 'ਚ ਤੀਜਾ ਸਥਾਨ ਹਾਸਲ ਕੀਤਾ, ਜਦਕਿ ਸਾਨਿਆ (8ਵੀਂ ਸੀ) ਅਤੇ ਹਰਮਨਪ੍ਰੀਤ ਕੌਰ (8ਵੀਂ ਸੀ) ਨੇ ਵੀ ਇਹੀ ਮੁਕਾਮ ਹਾਸਲ ਕੀਤਾ। ਇਸ ਤੋਂ ਇਲਾਵਾ ਸਿਰਤ ਕੌਰ (7ਵੀਂ ਬੀ), ਚਾਂਦਨੀ (6ਵੀਂ ਏ) ਅਤੇ ਗੁਰਲੀਨ (6ਵੀਂ ਏ) ਨੇ ਵੀ ਤੀਜੇ ਸਥਾਨ ਦੇ ਮੈਡਲ ਜਿੱਤ ਕੇ ਸਕੂਲ ਦਾ ਮਾਣ ਵਧਾਇਆ। ਉਨ੍ਹਾਂ ਕਿਹਾ ਕਿ ਅੰਡਰ-17 ਟੀਮ ਨੇ ਸੇਬਰ 'ਚ ਸ਼ਾਨਦਾਰ ਪ੍ਰਦਰਸ਼ਨ ਕੀਤਾ, ਜਿਸ 'ਚ ਪਰਨੀਤ ਕੌਰ (8ਵੀਂ ਡੀ), ਪਵਨੀ (8ਵੀਂ ਏ), ਰਿਤਿਕਾ (8ਵੀਂ ਏ) ਅਤੇ ਇੱਕ ਹੋਰ ਅੰਡਰ-17 ਖਿਡਾਰਨ ਨੇ ਪਹਿਲਾ ਸਥਾਨ ਹਾਸਲ ਕੀਤਾ। ਜਦਕਿ ਏਪੀ ਅਤੇ ਫੌਇਲ 'ਚ ਏਕਮਜੋਤ ਕੌਰ, ਜਸਲੀਨ ਕੌਰ, ਕਰਿਤਿਕਾ, ਮਾਨਸੀ, ਅਸਤੁਤੀ, ਈਚਾ, ਅਰਸ਼ਦੀਪ ਕੌਰ, ਪਲਕ ਅਤੇ ਮਨਮੀਤ (ਸਾਰੀਆਂ 8ਵੀਂ-10ਵੀਂ ਜਮਾਤ) ਨੇ ਤੀਜੇ ਸਥਾਨ ਅਤੇ ਸਾਂਝੇ ਮੈਡਲ ਪ੍ਰਾਪਤ ਕੀਤੇ। ਪ੍ਰਿੰ: ਨਾਗਪਾਲ ਨੇ ਕਿਹਾ ਕਿ ਅੰਡਰ-19 ਵਰਗ ਨੇ ਵੀ ਹੋਰ ਮਾਣ ਹਾਸਲ ਕੀਤਾ, ਜਿਸ 'ਚ ਨਵਜੋਤ ਕੌਰ (10ਵੀਂ ਸੀ) ਨੇ ਏਪੀ 'ਚ ਦੂਜਾ, ਪ੍ਰਤਿੱਗਿਆ (10ਵੀਂ ਸੀ) ਨੇ ਸੇਬਰ 'ਚ ਦੂਜਾ ਅਤੇ ਕੋਮਲਦੀਪ ਕੌਰ (+1 ਸੀ), ਅਰਸ਼ਦੀਪ ਕੌਰ, ਅਮਾਨਤ ਕੌਰ, ਰਤਨਦੀਪ ਕੌਰ (ਸਾਰੀਆਂ 10ਵੀਂ ਸੀ) ਨੇ ਦੂਜੇ, ਤੀਜੇ ਸਥਾਨ ਨਾਲ ਮੈਡਲ ਸੂਚੀ ਪੂਰੀ ਕੀਤੀ। ਇਸ ਮੌਕੇ ਉਨ੍ਹਾਂ ਸਮੂਹ ਖਿਡਾਰਨਾਂ ਨੂੰ ਸ਼ਾਨਦਾਰ ਪ੍ਰਦਰਸ਼ਨ ਲਈ ਵਧਾਈ ਦਿੰਦਿਆਂ ਰਾਜ ਪੱਧਰ 'ਤੇ ਸਫਲਤਾ ਪ੍ਰਾਪਤ ਕਰਨ ਦੀ ਕਾਮਨਾ ਕੀਤੀ।

## ਬਾਬਾ ਬੁੱਢਾ ਪਬਲਿਕ ਸਕੂਲ ਬੀੜ ਸਾਹਿਬ ਵਿਖੇ ਪਾਰਕਿੰਗ ਲਈ ਸ਼ੈੱਡ ਪਾਉਣ ਦੀ ਸੇਵਾ ਸ਼ੁਰੂ



**ਝਬਾਲ, (ਹਰਜਿੰਦਰ ਸਿੰਘ ਸੋਨੀ)**-ਸੰਪਰਦਾਇ ਸੰਤ ਬਾਬਾ ਖੜਕ ਸਿੰਘ, ਸ਼ਹੀਦ ਬਾਬਾ ਚਰਨ ਸਿੰਘ ਬੀੜ ਸਾਹਿਬ ਵਾਲਿਆਂ ਵੱਲੋਂ ਬਾਬਾ ਬੁੱਢਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਬੀੜ ਸਾਹਿਬ ਦੀ ਪਾਰਕਿੰਗ ਲਈ ਨਵੇਂ ਸ਼ੈੱਡ ਪਾਉਣ ਦੀ ਸੇਵਾ ਦਾ ਸ਼ੁਭ ਆਰੰਭ ਸੰਪਰਦਾਇ ਦੇ ਮੌਜੂਦਾ ਮੁਖੀ ਬਾਬਾ ਪ੍ਰਗਟ ਸਿੰਘ ਬੀੜ ਸਾਹਿਬ (ਸਪੁੱਤਰ ਸ਼ਹੀਦ ਬਾਬਾ ਚਰਨ ਸਿੰਘ) ਦੀ ਅਗਵਾਈ ਹੇਠ ਗੁਰੂ ਸਾਹਿਬ ਅੱਗੇ ਅਰਦਾਸ ਬੇਨਤੀ ਕਰਕੇ ਕੀਤਾ ਗਿਆ।ਇਸ ਮੌਕੇ ਗੱਲਬਾਤ ਕਰਦਿਆਂ ਬਾਬਾ ਪ੍ਰਗਟ ਸਿੰਘ ਬੀੜ ਸਾਹਿਬ ਵਾਲਿਆਂ ਨੇ ਦੱਸਿਆ ਕਿ ਸੰਤ ਬਾਬਾ ਖੜਕ ਸਿੰਘ ਵੱਲੋਂ ਇਲਾਕੇ ਦੇ ਲੋਕਾਂ ਦੀ ਮੰਗ ਅਤੇ ਬੱਚਿਆਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸਾਲ 1975 ਵਿੱਚ ਸਕੂਲ ਬਣਾਉਣ ਦੀ ਸੇਵਾ ਕੀਤੀ ਗਈ ਸੀ।ਹੁਣ ਸੰਪਰਦਾਇ ਵੱਲੋਂ ਸੇਵਾ ਦੀ ਇਸ ਲੜੀ ਨੂੰ ਜਾਰੀ ਰੱਖਦਿਆਂ ਸਕੂਲ ਦੀ ਪਾਰਕਿੰਗ ਲਈ ਸ਼ੈੱਡ ਪਾਉਣ ਦੀ ਸੇਵਾ ਕੀਤੀ ਜਾ ਰਹੀ ਹੈ।ਸਕੂਲ ਪ੍ਰਿੰਸੀਪਲ ਸਰਬਜੀਤ ਕੌਰ ਜਫਰਵਾਲ ਨੇ ਬਾਬਾ ਪ੍ਰਗਟ ਸਿੰਘ ਬੀੜ ਸਾਹਿਬ ਵਾਲਿਆਂ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਸੰਤ ਬਾਬਾ ਖੜਕ ਸਿੰਘ ਦੀ ਉਸਾਰੂ ਸੋਚ ਸਦਕਾ ਸਥਾਪਿਤ ਇਸ ਸਕੂਲ ਵਿੱਚੋਂ ਅਨੇਕਾਂ ਵਿਦਿਆਰਥੀ ਸਿੱਖਿਆ ਪ੍ਰਾਪਤ ਕਰਕੇ ਅੱਜ ਵੱਡੇ-ਵੱਡੇ ਅਹੁਦਿਆਂ 'ਤੇ ਬਿਰਾਜਮਾਨ ਹਨ।ਸਕੂਲ ਦੀ ਸਥਾਪਨਾ ਅਤੇ ਇਸ ਦੇ ਵਿਕਾਸ ਲਈ ਸੰਤ ਬਾਬਾ ਖੜਕ ਸਿੰਘ ਵੱਲੋਂ ਕੀਤੇ ਗਏ ਕਾਰਜ ਹਮੇਸ਼ਾ ਯਾਦ ਰਹਿਣਗੇ।ਇਸ ਮੌਕੇ ਬਾਬਾ ਗੁਰਵਿੰਦਰ ਸਿੰਘ ਬੀੜ ਸਾਹਿਬ, ਗੁਰਮੀਤ ਸਿੰਘ ਡੀ.ਪੀ.ਈ., ਮਨਿੰਦਰ ਸਿੰਘ, ਜਸਬੀਰ ਸਿੰਘ, ਜਗਮੀਤ ਸਿੰਘ, ਤਰਸੇਮ ਸਿੰਘ, ਭੁਪਿੰਦਰ ਸਿੰਘ, ਗੁਰਵਿੰਦਰ ਸਿੰਘ, ਅਕਵਿੰਦਰ ਕੌਰ, ਅਮਨਦੀਪ ਕੌਰ ਡੀ.ਪੀ.ਈ., ਜਗਜੀਤ ਸਿੰਘ, ਗੁਰਦੀਪ ਸਿੰਘ, ਰਣਧੀਰ ਸਿੰਘ, ਸ਼ਮਸ਼ੇਰ ਸਿੰਘ, ਨਿਸ਼ਾਨ ਸਿੰਘ ਦੋਦੇ, ਦਿਲਬਾਗ ਸਿੰਘ, ਗੁਰਸ਼ਰਨ ਸਿੰਘ ਸੋਨੂੰ, ਸੁੱਖਾ ਸਿੰਘ, ਜਸਵੰਤ ਸਿੰਘ, ਸਿਮਰਜੀਤ ਸਿੰਘ ਮੱਖੂ, ਬਾਪੂ ਅਨੋਖ ਸਿੰਘ,ਬਾਬਾ ਰਸਾਲ ਸਿੰਘ, ਮੇਜਰ ਸਿੰਘ ਠੱਠੀ, ਗੁਰਪ੍ਰੀਤ ਸਿੰਘ, ਜਗਜੀਤ ਸਿੰਘ, ਸ਼ਮਸ਼ੇਰ ਸਿੰਘ, ਸਰਪੰਚ ਲਵ, ਅਕਾਸ਼ਦੀਪ ਸਿੰਘ ਅਤੇ ਗੁਰਮਨ ਸਿੰਘ ਆਦਿ ਹਾਜ਼ਰ ਸਨ।

## ਉਪ ਮੰਡਲ ਬਟਾਲਾ ਵਿਖੇ ਡਰਾਈ ਡੇਅ ਘੋਸ਼ਿਤ

**ਬਟਾਲਾ ( ਤਰਲੋਕ ਬੱਗਾ, ਡਾਕਟਰ ਮਾਲਵਿੰਦਰ ਸਿੰਘ)** –ਸ੍ਰੀ ਗੁਰੂ ਨਾਨਕ ਦੇਵ ਦੇ ਵਿਆਹ ਪੂਰਬ ਦੇ ਮੇਲੇ ਦੌਰਾਨ 18 ਸਤੰਬਰ ਨੂੰ ਉਪ ਮੰਡਲ ਬਟਾਲਾ ਨਗਰ ਨਿਗਮ ਦੀ ਹਦੂਦ ਅੰਦਰ ਸ਼ਰਾਬ ਦੀਆਂ ਦੁਕਾਨਾਂ/ਠੇਕੇ ਬੰਦ ਰਹਿਣਗੇ।ਸਹਾਇਕ ਕਮਿਸ਼ਨਰ (ਆਬਕਾਰੀ ) ਇਨਫੋਰਸਮੈਂਟ-1 ਪੰਜਾਬ ਵਲੋਂ ਜਾਰੀ ਹੁਕਮਾਂ ਵਿੱਚ ਕਿਹਾ ਗਿਆ ਕਿ ਸਮੱਰਥ ਅਥਾਰਟੀ ਵੱਲੋਂ ਪੰਜਾਬ ਆਬਕਾਰੀ ਐਕਟ, 1914 ਦੀ ਧਾਰਾ 54 ਅਤੇ ਪੰਜਾਬ ਲੀਕਰ ਲਾਇਸੰਸ ਰੂਲਜ਼ ਦੇ ਰੂਲ 37 (9) ਤਹਿਤ ਅਮਨ ਅਤੇ ਕਾਨੂੰਨ ਦੀ ਵਿਵਸਥਾ ਨੂੰ ਮੁੱਖ ਰਖਦਿਆਂ ਉਪ ਮੰਡਲ ਬਟਾਲਾ ਨਗਰ ਨਿਗਮ ਦੀ ਹਦੂਦ ਅੰਦਰ 18 ਸਤੰਬਰ ਨੂੰ ਸ਼ਰਾਬ ਦੀਆਂ ਦੁਕਾਨਾਂ/ ਠੇਕੇ ਬੰਦ ਰਹਿਣਗੇ।

## ਨਗਰ ਕੀਰਤਨ ਦਾ ਗੁਰਦਾਸਪੁਰ ਪਹੁੰਚਣ 'ਤੇ ਭਰਵਾਂ ਸਵਾਗਤ

**ਬਟਾਲਾ ( ਤਰਲੋਕ ਬੱਗਾ, ਡਾਕਟਰ ਮਾਲਵਿੰਦਰ ਸਿੰਘ)**-ਸ੍ਰੀ ਗੁਰੂ ਨਾਨਕ ਦੇਵ ਅਤੇ ਮਾਤਾ ਸੁਲੱਖਣੀ ਦੇ ਵਿਆਹ ਪੁਰਬ



ਦੇ ਸਬੰਧ ਵਿੱਚ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਤੋਂ ਸਜਾਏ ਨਗਰ ਕੀਰਤਨ ਦਾ ਗੁਰਦਾਸਪੁਰ ਜ਼ਿਲੇ ਦੀ ਧਰਤੀ (ਨੇੜੇ ਅੱਡਾ ਆਦੋਵਾਲ) 'ਤੇ ਪਹੁੰਚਣ 'ਤੇ ਭਰਵਾਂ, ਸ਼ਾਨਦਾਰ ਤੇ ਨਿੱਘਾ ਸਵਾਗਤ ਕੀਤਾ ਗਿਆ।ਇਸ ਮੌਕੇ ਪੰਜਾਬ ਸਰਕਾਰ ਦੀ ਤਰਫੋਂ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਵਿਧਾਇਕ ਐਡਵੋਕੇਟ ਅਮਰਪਾਲ ਸਿੰਘ, ਡਿਪਟੀ ਕਮਿਸ਼ਨਰ ਗੁਰਦਾਸਪੁਰ ਆਦਿਤਿਆ ਉੱਪਲ, ਸੀਨੀਅਰ ਆਗੂ ਬਲਵਿੰਦਰ ਸਿੰਘ ਲਾਡੀ ਅਤੇ ਕਮਿਸ਼ਨਰ ਨਗਰ ਨਿਗਮ ਬਟਾਲਾ ਗੁਰਸਿਮਰਨ ਸਿੰਘ ਢਿੱਲੋਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਤੇ ਗੁਰੂ ਜੀ ਦਾ ਆਸ਼ੀਰਵਾਦ ਲਿਆ। ਇਸ ਮੌਕੇ ਐੱਸ ਡੀ ਐਮ ਸਾਰੰਗਪ੍ਰੀਤ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਗੁਰਵਿੰਦਰਪਾਲ ਸਿੰਘ ਗੋਰਾ, ਗੁਰਤਿੰਦਰਪਾਲ ਸਿੰਘ ਮਾਂਟੂ , ਸੀਨੀਅਰ ਆਗੂ ਡਾ. ਕੇਜੇ ਸਿੰਘ ਮੌਜੂਦ ਸਨ।ਇਸ ਮੌਕੇ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਅਸੀਂ ਵੱਡਭਾਗੇ ਹਾਂ ਕਿ ਸਾਨੂੰ ਸ੍ਰੀ ਗੁਰੂ ਨਾਨਕ ਦੇਵ ਦੇ ਪਵਿੱਤਰ ਚਰਨਾਂ ਦੀ ਛੋਹ ਪ੍ਰਾਪਤ ਧਰਤੀ ਵਿਖੇ ਵਿਆਹ ਪੁਰਬ ਸਮਾਗਮ ਮਨਾਉਣ ਦਾ ਸੁਭਾਗ ਮਿਲਿਆ ਹੈ। ਉਨ੍ਹਾਂ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਵਿਆਹ ਪੁਰਬ ਦੀ ਵਧਾਈ ਦਿੱਤੀ ਤੇ ਕਿਹਾ ਕਿ ਸੰਗਤਾਂ ਦੇ ਸਹਿਯੋਗ ਨਾਲ ਵਿਆਹ ਪੁਰਬ ਸਮਾਗਮ ਸਫਲਤਾਪੂਰਵਕ ਢੰਗ ਨਾਲ ਨੇਪਰੇ ਚਾੜ੍ਹਨ ਜਾਣਗੇ।ਇਸ ਮੌਕੇ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਵਿਧਾਇਕ ਐਡਵੋਕੇਟ ਅਮਰਪਾਲ ਅਤੇ ਸੀਨੀਅਰ ਆਗੂ ਬਲਵਿੰਦਰ ਸਿੰਘ ਲਾਡੀ ਨੇ ਸੰਗਤਾਂ ਦਾ ਸਵਾਗਤ ਕਰਦਿਆਂ ਗੁਰੂ ਸਾਹਿਬ ਦਾ ਆਸ਼ੀਰਵਾਦ ਲਿਆ।ਇਸ ਮੌਕੇ ਆਦਿਤਿਆ ਉੱਪਲ, ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵਲੋਂ ਸੰਗਤਾਂ ਦੀ ਸਹੂਲਤ ਲਈ ਸੁਚਾਰੂ ਢੰਗ ਨਾਲ ਪ੍ਰਬੰਧ ਕੀਤੇ ਗਏ ਹਨ ਤੇ ਸੰਗਤਾਂ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ।

## ਅਦਾਲਤ ਵਲੋਂ ਪੀ ਓ ਘੋਸ਼ਿਤ ਨੌਜਵਾਨ ਪੁਲਸ ਵਲੋਂ ਕਾਬੂ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਘੁੰਮਣ ਕਲਾ ਪੁਲਿਸ ਨੇ ਮਾਨਯੋਗ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਕਰਨ 'ਤੇ ਇਕ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ।ਏ.ਐਸ.ਆਈ.ਸੁਖਜਿੰਦਰ ਸਿੰਘ ਨੇ ਦੱਸਿਆ ਕਿ ਜੋਗਾ ਸਿੰਘ ਪੁੱਤਰ ਚਾਂਦੀ ਰਾਮ ਵਾਸੀ ਬਸਰਾਵਾ ਥਾਣਾ ਕਾਦੀਆਂ ਨੂੰ ਮਨਯੋਗ ਅਦਾਲਤ ਡਾ. ਸੁਪ੍ਰੀਤ ਕੌਰ ਵਲੋਂ 10 ਨਵੰਬਰ 2025 ਨੂੰ ਪੀ.ਓ ਘੋਸਿਤ ਕੀਤਾ ਗਿਆ ਸੀ। ਉਸ ਨੂੰ 15 ਸਤੰਬਰ 2026 ਨੂੰ ਗ੍ਰਿਫਤਾਰ ਕਰਕੇ ਮਾਣਯੋਗ ਅਦਾਲਤ ਵਿੱਚ ਪੇਸ਼ ਕੀਤਾ ਗਿਆ।

## ਕਾਰ ਵੱਲੋਂ ਟੱਕਰ ਮਾਰਨ 'ਤੇ ਸਾਈਕਲ ਸਵਾਰ ਦੀ ਮੌਤ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਕਲਾਨੌਰ ਪੁਲਿਸ ਨੂੰ ਦਿੱਤੇ ਬਿਆਨਾਂ ਵਿਚ ਸਤਨਾਮ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਅਗਵਾਨ ਨੇ ਦੱਸਿਆ ਕਿ ਉਸ ਦੇ ਚਾਚੇ ਦਾ ਲੜਕਾ ਦਲਜੀਤ ਸਿੰਘ ਉਮਰ 42 ਸਾਲ ਪੁੱਤਰ ਬਲਵਿੰਦਰ ਸਿੰਘ ਵਾਸੀ ਅਗਵਾਨ ਆਪਣੇ ਸਾਈਕਲ 'ਤੇ ਸਵਾਰ ਹੋ ਕੇ ਡੇਰਾ ਬਾਬਾ ਨਾਨਕ ਰੋਡ ਤੋਂ ਆਪਣੇ ਘਰ ਨੂੰ ਜਾ ਰਿਹਾ ਸੀ ਤਾਂ ਉਸ ਦੇ ਸਾਈਕਲ ਵਿਚ ਕੋਈ ਗੱਡੀ ਮਾਰ ਕੇ ਫਰਾਰ ਹੋ ਗਿਆ। ਦਲਜੀਤ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ ਹੈ।

## ਗੁਰੂਆਂ ਦੇ ਨਕਸ਼ੇ ਕਦਮਾਂ 'ਤੇ ਚੱਲਣ ਦੀ ਲੋੜ : ਭਗਵੰਤ ਸਿੰਘ



**ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)**- ਸਾਨੂੰ ਵੈਰ ਵਿਰੋਧ ਅਤੇ ਨਸ਼ਿਆਂ ਤੋਂ ਰਹਿਤ ਹੋ ਕੇ ਗੁਰੂਆਂ ਦੇ ਪਾਏ ਪੂਰਨਿਆਂ 'ਤੇ ਚੱਲਣਾ ਚਾਹੀਦਾ ਹੈ । ਇਹ ਪ੍ਰਗਟਾਵਾ ਗੁਰਦੁਆਰਾ ਬਾਬਾ ਦੀਪ ਸਿੰਘ ਤੋਂ ਚੌਥੇ ਸਲਾਨਾ ਨਗਰ ਕੀਰਤਨ ਬਾਬੇ ਨਾਨਕ ਦਾ ਵਿਆਹ ਬਟਾਲਾ ਵਿਖੇ ਰਵਾਨਾ ਹੋਣ ਸਮੇ ਭਗਵੰਤ ਸਿੰਘ ਗੁੱਜਰਪੁਰਾ ਨੇ ਪ੍ਰਗਟਾਏ। ਉਹਨਾਂ ਨੇ ਕਿਹਾ ਕਿ ਇਹ ਨਗਰ ਕੀਰਤਨ ਹਰ ਸਾਲ ਅਜਨਾਲੇ ਤੋਂ ਰਵਾਨਾ ਹੋ ਕੇ ਵਾਇਆ ਗੁਝਾਪੀਰ,ਚਮਿਆਰੀ,ਫਤਿਹਗੜ੍ਹ ਚੂੜੀਆਂ ਅਤੇ ਗੁਰਦੁਆਰਾ ਕੰਧ ਸਾਹਿਬ ਬਟਾਲੇ ਵਿਖੇ ਸਮਾਪਤ ਹੁੰਦਾ ਹੈ ।ਉਨਾਂ ਨੇ ਸੰਗਤਾਂ ਨੂੰ ਬੇਨਤੀ ਕੀਤੀ ਕਿ ਅੰਮ੍ਰਿਤ ਛਕੋ ਅਤੇ ਸਿੰਘ ਸੱਜੋ । ਇਸ ਮੌਕੇ ਸ੍ਰੀ ਹੇਮਕੁੰਡ ਸਾਹਿਬ ਨਗਰ ਸੇਵਾ ਸੁਸਾਇਟੀ ਵੱਲੋਂ ਫਤਿਹਗੜ੍ਹ ਚੂੜੀਆਂ ਰੋਡ 'ਤੇ ਜਲ ਪਾਣੀ ਦਾ ਲੰਗਰ ਲਗਾਇਆ ਗਿਆ । ਹੇਮਕੁੰਡ ਸਾਹਿਬ ਲੰਗਰ ਸੇਵਾ ਸੋਸਾਇਟੀ ਦੇ ਸੇਵਾਦਾਰ ਅਮਰਜੀਤ ਸਿੰਘ ਬਾਜਵਾ ਵੱਲੋਂ ਪੰਜ ਪਿਆਰਿਆਂ ਅਤੇ ਭਗਵੰਤ ਸਿੰਘ ਗੁਜਰਪੁਰਾ ਨੂੰ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਗਿਆ। ਮੌਕੇ ਬਾਬਾ ਗੁਰਜੀਤ ਸਿੰਘ. ਜਸਬੀਰ ਸਿੰਘ ਢਿੱਲੋ. ਪਰਮਜੀਤ ਸਿੰਘ ਪੰਮਾ . ਮਿਸਤਰੀ ਕੁਲਦੀਪ ਸਿੰਘ ਤੇ ਪਰਮਜੀਤ ਸਿੰਘ,ਹਾਜ਼ਰ ਸਨ।

## ਕਰਮਚਾਰੀ ਦਲ ਵੱਲੋਂ ਬਿਜਲੀ ਮੁਲਾਜ਼ਮਾਂ ਦੀਆਂ ਮੰਗਾਂ ਤੇ ਸੁਰੱਖਿਆ ਸੰਬੰਧੀ ਬਾਰਡਰ ਜ਼ੋਨ ਚੀਫ ਇੰਜੀਨੀਅਰ ਨਾਲ ਮੀਟਿੰਗ

**ਧਾਰੀਵਾਲ, (ਮਨਦੀਪ ਵਿੱਕੀ)**-ਪੰਜਾਬ ਰਾਜ ਬਿਜਲੀ ਬੋਰਡ ਕਰਮਚਾਰੀ ਦਲ (ਰਜਿ.) ਪੰਜਾਬ ਦੇ ਬਾਰਡਰ ਜ਼ੋਨ ਨਾਲ ਸਬੰਧਤ ਆਗੂਆਂ ਵੱਲੋਂ ਸੂਬਾ ਸਕੱਤਰ ਸੁਖਵਿੰਦਰ ਸਿੰਘ ਗਿੱਲ ਦੀ ਅਗਵਾਈ ਹੇਠ ਇਲਾਕੇ ਦੇ ਬਿਜਲੀ ਮੁਲਾਜ਼ਮਾਂ ਦੀਆਂ ਮੰਗਾਂ ਅਤੇ ਕੰਮਕਾਜ ਦੌਰਾਨ ਦਰਪੇਸ਼ ਸਮੱਸਿਆਵਾਂ ਨੂੰ ਲੈ ਕੇ ਪਾਵਰਕਾਮ ਵਿਭਾਗ ਦੇ ਬਾਰਡਰ ਜ਼ੋਨ ਦੇ ਚੀਫ ਇੰਜੀਨੀਅਰ ਸੁਰਿੰਦਰ ਪਾਲ ਬੈਂਸ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ।ਮੀਟਿੰਗ ਕਰਮਚਾਰੀ ਦਲ ਦੇ ਸੂਬਾ ਪ੍ਰਧਾਨ ਰਵੇਲ ਸਿੰਘ ਸਹਾਏਪੁਰ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ।ਮੀਟਿੰਗ ਦੌਰਾਨ ਆਗੂਆਂ ਵੱਲੋਂ ਬਿਜਲੀ ਵਿਭਾਗ ਦੇ ਮੁਲਾਜ਼ਮਾਂ ਨੂੰ ਡਿਊਟੀ ਦੌਰਾਨ ਆਉਂਦੀਆਂ ਮੁਸ਼ਕਿਲਾਂ, ਕੰਮਕਾਜ ਦੀਆਂ ਸਥਿਤੀਆਂ ਅਤੇ ਖ਼ਾਸ ਕਰਕੇ ਮੁਲਾਜ਼ਮਾਂ ਦੀ ਸੁਰੱਖਿਆ ਨਾਲ ਜੁੜੇ ਮੁੱਦਿਆਂ ਨੂੰ ਚੀਫ ਇੰਜੀਨੀਅਰ ਦੇ ਧਿਆਨ ਵਿੱਚ ਲਿਆਂਦਾ ਗਿਆ।ਆਗੂਆਂ ਨੇ ਕਿਹਾ ਕਿ ਬਿਜਲੀ ਵਿਭਾਗ ਦੇ ਕਰਮਚਾਰੀ ਆਪਣੀ ਡਿਊਟੀ ਦੌਰਾਨ ਕਈ ਵਾਰ ਜੋਖ਼ਮ ਭਰੇ ਹਾਲਾਤ ਵਿੱਚ ਕੰਮ ਕਰਦੇ ਹਨ, ਇਸ ਲਈ ਉਨ੍ਹਾਂ ਦੀ ਸੁਰੱਖਿਆ ਨੂੰ ਪਹਿਲ ਦੇ ਆਧਾਰ 'ਤੇ ਯਕੀਨੀ ਬਣਾਉਣਾ ਜ਼ਰੂਰੀ ਹੈ।ਇਸ ਮੌਕੇ ਮੁਲਾਜ਼ਮਾਂ ਦੀਆਂ ਰੋਜ਼ਾਨਾ ਡਿਊਟੀ ਨਾਲ ਸਬੰਧਤ ਸਮੱਸਿਆਵਾਂ,



ਵਿਭਾਗੀ ਪੱਧਰ 'ਤੇ ਦਰਪੇਸ਼ ਮੁਸ਼ਕਿਲਾਂ ਅਤੇ ਹੋਰ ਜ਼ਰੂਰੀ ਮਸਲਿਆਂ 'ਤੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ।ਜਥੇਬੰਦੀ ਦੇ ਆਗੂਆਂ ਨੇ ਚੀਫ ਇੰਜੀਨੀਅਰ ਨੂੰ ਅਪੀਲ ਕੀਤੀ ਕਿ ਮੁਲਾਜ਼ਮਾਂ ਨਾਲ ਸਬੰਧਤ ਮਾਮਲਿਆਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਲਈ ਲੋੜੀਂਦੇ ਕਦਮ ਚੁੱਕੇ ਜਾਣ ਤਾਂ ਜੋ ਕਰਮਚਾਰੀ ਬਿਨਾਂ ਕਿਸੇ ਦਿੱਕਤ ਦੇ ਆਪਣੀਆਂ ਸੇਵਾਵਾਂ ਨਿਭਾਅ ਸਕਣ।ਆਗੂਆਂ ਕਿਹਾ ਕਿ ਬਿਜਲੀ ਵਿਭਾਗ ਦੀ ਕਾਰਗੁਜ਼ਾਰੀ ਨੂੰ ਸੁਚਾਰੂ ਬਣਾਉਣ ਲਈ ਜਿੱਥੇ ਵਿਭਾਗੀ ਪੱਧਰ 'ਤੇ ਬੁਨਿਆਦੀ ਸਹੂਲਤਾਂ ਅਤੇ ਲੋੜੀਂਦੇ ਸਾਧਨਾਂ ਦੀ ਉਪਲੱਬਧਤਾ ਮਹੱਤਵਪੂਰਨ ਹੈ, ਉਥੇ ਹੀ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਅਤੇ ਸੁਰੱਖਿਆ ਸਬੰਧੀ ਚਿੰਤਾਵਾਂ ਦਾ ਸਮੇਂ ਸਿਰ ਨਿਪਟਾਰਾ ਵੀ ਜ਼ਰੂਰੀ ਹੈ।

ਉਨ੍ਹਾਂ ਆਸ ਪ੍ਰਗਟਾਈ ਕਿ ਵਿਭਾਗੀ ਅਧਿਕਾਰੀਆਂ ਵੱਲੋਂ ਮੁਲਾਜ਼ਮਾਂ ਨਾਲ ਸਬੰਧਤ ਮਸਲਿਆਂ 'ਤੇ ਗੰਭੀਰਤਾ ਨਾਲ ਵਿਚਾਰ ਕਰਕੇ ਬਣਦੀ ਕਾਰਵਾਈ ਕੀਤੀ ਜਾਵੇਗੀ।

ਮੀਟਿੰਗ ਦੌਰਾਨ ਬਾਰਡਰ ਜ਼ੋਨ ਚੀਫ ਇੰਜੀਨੀਅਰ ਸੁਰਿੰਦਰ ਪਾਲ ਬੈਂਸ ਨੇ ਜਥੇਬੰਦੀ ਦੇ ਆਗੂਆਂ ਵੱਲੋਂ ਉਠਾਏ ਮੁੱਦਿਆਂ ਨੂੰ ਗੰਭੀਰਤਾ ਨਾਲ ਸੁਣਿਆ ਸੁਣਿਆ ਅਤੇ ਮੁਲਾਜ਼ਮਾਂ ਨਾਲ ਸਬੰਧਤ ਮਾਮਲਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ।ਉਨ੍ਹਾਂ ਨੇ ਮੁਲਾਜ਼ਮਾਂ ਦੀਆਂ ਸਮੱਸਿਆਵਾਂ ਨੂੰ ਵਿਭਾਗੀ ਉੱਚ ਅਧਿਕਾਰੀਆਂ ਤੱਕ ਪਹੁੰਚਾਉਣ ਅਤੇ ਮੰਗਾਂ ਤੇ ਸਮੱਸਿਆਵਾਂ ਦੇ ਹੱਲ ਕਰਨ ਲਈ ਸਿਫਾਰਿਸ਼ ਕਰਨ ਦਾ ਭਰੋਸਾ ਦਿੱਤਾ।ਇਸ ਮੌਕੇ ਸੂਬਾ ਸਕੱਤਰ ਸੁਖਵਿੰਦਰ ਸਿੰਘ ਗਿੱਲ, ਸਰਕਲ ਸੁਪਰਡੈਂਟ ਗੁਰਜੀਤ ਸਿੰਘ ਘੁੰਮਣ, ਬਲਵਿੰਦਰ ਸਿੰਘ ਬਾਜਵਾ, ਦਵਿੰਦਰ ਸਿੰਘ ਵੜੈਚ, ਹਰਵਿੰਦਰ ਸਿੰਘ ਕਲੇਰ, ਮੁਖਵਿੰਦਰ ਸਿੰਘ ਖਾਲਸਾ, ਜਸਵਿੰਦਰ ਸਿੰਘ, ਬਲਕਾਰ ਸਿੰਘ, ਗੁਰਮੁੱਖ ਸਿੰਘ ਦਾਲਮ, ਸਵਿੰਦਰ ਸਿੰਘ, ਬਿਕਰਮਜੀਤ ਸਿੰਘ, ਹਰਦੇਵ ਸਿੰਘ, ਤਰਲੋਕ ਸਿੰਘ ਖੁੰਡੀ ਸਮੇਤ ਜਥੇਬੰਦੀ ਦੇ ਹੋਰ ਵੀ ਆਗੂ ਹਾਜ਼ਰ ਸਨ।

## ਗੁਰਸ਼ੇਰ ਸਿੰਘ ਮਾਨ ਨੇ ਇਕ ਲੱਖ ਪੰਝੀ ਹਜ਼ਾਰ ਦੀ ਸੇਵਾ ਕੀਤੀ



**ਫਤਹਿਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)** - ਵੀਰਵਾਰ ਨੂੰ ਸੰਗਰਾਂਦ ਦੇ ਪਵਿੱਤਰ ਦਿਹਾੜੇ ਮੌਕੇ ਪਿੰਡ ਮਾਨ ਸੈਂਡਵਾਲ ਦੇ ਐਨ ਆਰ ਆਈ ਗੁਰਸ਼ੇਰ ਸਿੰਘ ਮਾਨ ਪੁੱਤਰ ਸੁਖਬੀਰ ਸਿੰਘ ਭੋਪਾਲ ਵੱਲੋਂ ਪਿੰਡ ਦੇ ਗੁਰਦੁਆਰਾ ਸਾਹਿਬ ਦੀਆਂ ਇਮਾਰਤਾਂ ਵਾਸਤੇ ਇਕ ਲੱਖ ਪੰਝੀ ਹਜ਼ਾਰ ਦੀ ਸੇਵਾ ਕੀਤੀ ਗਈ। ਆਸਟ੍ਰੇਲੀਆ ਰਹਿ ਰਹੇ ਗੁਰਸ਼ੇਰ ਸਿੰਘ ਮਾਨ ਅਕਸਰ ਸਮਾਜ ਭਲਾਈ ਵਾਸਤੇ ਕੰਮ ਕਰਦੇ ਰਹਿੰਦੇ ਹਨ। ਉਹਨਾਂ ਦੇ ਪਿਤਾ ਸੁਖਬੀਰ ਸਿੰਘ ਭੋਪਾਲ ਨੇ ਸੰਗਤ ਦੀ ਹਾਜ਼ਰੀ ਵਿੱਚ ਇਕ ਲੱਖ ਪੰਝੀ ਹਜ਼ਾਰ ਦੀ ਸੇਵਾ ਰਾਸ਼ੀ ਗੁਰਦੁਆਰਾ ਪ੍ਰਬੰਧਕ ਕਮੇਟੀ ਮਾਨ ਸੈਂਡਵਾਲ ਦੇ ਮੈਂਬਰਾਂ ਨੂੰ ਭੇਂਟ ਕੀਤੀ ਹੈ। ਕਮੇਟੀ ਪ੍ਰਧਾਨ ਸੁਖਜਿੰਦਰ ਸਿੰਘ ਨੇ ਕਿਹਾ ਕਿ ਇਹ ਬੜੀ ਖੁਸ਼ੀ ਦੀ ਗੱਲ ਹੈ ਕੇ ਸਾਡੇ ਆਪਣੇ ਪਿੰਡ ਦੇ ਨੌਜਵਾਨ ਗੁਰਸ਼ੇਰ ਸਿੰਘ ਮਾਨ ਨੇ ਪਿੰਡ ਦੇ ਗੁਰਦੁਆਰਾ ਸਾਹਿਬ ਲਈ ਇਹ ਸੇਵਾ ਕੀਤੀ ਹੈ। ਇਸ ਦੌਰਾਨ ਕਮੇਟੀ ਮੈਂਬਰਾਨ ਵੱਲੋਂ ਸੁਖਬੀਰ ਸਿੰਘ ਭੋਪਾਲ ਨੂੰ ਸਿਰੋਪਾਓ ਤੇ ਗੁਰੂ ਸਾਹਿਬ ਦੀ ਤਸਵੀਰ ਦੇ ਕੇ ਸਨਮਾਨਿਤ ਕੀਤਾ ਗਿਆ। ਅਖੀਰ ਵਿਚ ਗ੍ਰੰਥੀ ਬਾਬਾ ਬਲਦੇਵ ਸਿੰਘ ਨੇ ਗੁਰਸ਼ੇਰ ਸਿੰਘ ਮਾਨ ਉਹਨਾਂ ਦੀ ਪਤਨੀ ਹਰਸੀਨ ਕੌਰ ਮਾਨ ਤੇ ਪੂਰੇ ਪਰਿਵਾਰ ਦੀ ਚੜ੍ਹਦੀਕਲਾ ਲਈ ਅਰਦਾਸ ਕੀਤੀ। ਇਸ ਮੌਕੇ ਪ੍ਰਧਾਨ ਸੁਖਜਿੰਦਰ ਸਿੰਘ, ਗ੍ਰੰਥੀ ਬਾਬਾ ਬਲਦੇਵ ਸਿੰਘ, ਹਰਪਾਲ ਸਿੰਘ ਫੌਜੀ, ਸੁਖਬੀਰ ਸਿੰਘ ਭੋਪਾਲ, ਕੈਪਟਨ ਜਸਵੰਤ ਸਿੰਘ, ਅਜੀਤ ਸਿੰਘ ਅੱਡਾ ਇੰਚਾਰਜ, ਸੂਬੇਦਾਰ ਅਵਤਾਰ ਸਿੰਘ, ਡਾ ਕੰਵਲਜੀਤ ਸਿੰਘ, ਭਿੰਦਰ ਮਾਨ, ਸੁਖਬੀਰਪਾਲ ਸਿੰਘ ਸੰਧੂ, ਕੈਪਟਨ ਜੋਗਿੰਦਰ ਸਿੰਘ, ਲਾਭ ਸਿੰਘ ਬਾਰੀਆ, ਜਸਪਾਲ ਸਿੰਘ ਮੁਲਾਜ਼ਮ ਆਦਿ ਹਾਜ਼ਰ ਸਨ।

## ਗੱਡੀਆਂ ਕਲਾਂ ਵਿੱਚ ਕਿਸਾਨ ਜਾਗਰੂਕਤਾ ਕੈਂਪ ਲੱਗਾ



**ਧਾਰੀਵਾਲ (ਮਨਦੀਪ ਵਿੱਕੀ)**- ਅਜਨਾਲਾ ਸਹਿਕਾਰੀ ਖੰਡ ਮਿੱਲ ਲਿਮਟਿਡ ਵੱਲੋਂ ਗੰਨਾ ਕਾਸ਼ਤਕਾਰਾਂ ਨੂੰ ਆਧੁਨਿਕ ਖੇਤੀ ਤਕਨੀਕਾਂ ਪ੍ਰਤੀ ਜਾਗਰੂਕ ਕਰਨ ਲਈ ਸਰਹੱਦੀ ਪਿੰਡ ਗੱਡੀਆਂ ਕਲਾਂ ਵਿਖੇ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ। ਇਹ ਕੈਂਪ ਦਫ਼ਤਰ ਸਹਾਇਕ ਗੰਨਾ ਵਿਕਾਸ ਅਧਿਕਾਰੀ, ਅੰਮ੍ਰਿਤਸਰ ਅਤੇ ਅਜਨਾਲਾ ਸਹਿਕਾਰੀ ਖੰਡ ਮਿੱਲ ਲਿਮਟਿਡ ਵਲੋਂ ਲਗਾਇਆ ਗਿਆ। ਕੇਨ ਕਮਿਸ਼ਨਰ ਪੰਜਾਬ , ਡਾਕਟਰ ਅਮਰੀਕ ਸਿੰਘ ਵਿਸ਼ੇਸ਼ ਤੌਰ 'ਤੇ ਇਸ ਕੈਂਪ ਵਿਚ ਪਹੁੰਚੇ।ਕੈਂਪ ਨੂੰ ਸੰਬੋਧਨ ਕਰਦਿਆਂ ਡਾ. ਅਮਰੀਕ ਸਿੰਘ ਨੇ ਕਿਹਾ ਕਿ ਚਾਲੂ ਸੀਜ਼ਨ ਦੌਰਾਨ ਮੌਸਮ ਅਨੁਕੂਲ ਰਹਿਣ ਕਾਰਨ ਗੰਨੇ ਦੀ ਫ਼ਸਲ ਵਿੱਚ ਇਸ ਸਮੇਂ ਕਿਸੇ ਵੱਡੇ ਕੀੜੇ ਜਾਂ ਬਿਮਾਰੀ ਦੇ ਹਮਲੇ ਦੀ ਸਥਿਤੀ ਨਹੀਂ ਹੈ। ਇਸ ਲਈ ਕਿਸਾਨਾਂ ਨੂੰ ਬਿਨਾਂ ਲੋੜ ਕੀਟਨਾਸ਼ਕਾਂ ਦਾ ਛਿੜਕਾਅ ਅਤੇ ਯੂਰੀਆ ਖਾਦ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਉਨ੍ਹਾਂ ਕਿਹਾ ਕਿ ਲੋੜ ਅਨੁਸਾਰ ਅਤੇ ਖੇਤੀ ਮਾਹਿਰਾਂ ਦੀ ਸਲਾਹ ਮੁਤਾਬਕ ਹੀ ਖੇਤੀ ਰਸਾਇਣਾਂ ਦੀ ਵਰਤੋਂ ਕੀਤੀ ਜਾਵੇ।ਉਨ੍ਹਾਂ ਨੇ ਦੱਸਿਆ ਕਿ ਪੰਜਾਬ ਵਿੱਚ ਇਸ ਸਾਲ ਲਗਭਗ 1.16 ਲੱਖ ਹੈਕਟੇਅਰ ਰਕਬੇ ਵਿੱਚ ਗੰਨੇ ਦੀ ਕਾਸ਼ਤ ਕੀਤੀ ਗਈ ਹੈ, ਜੋ ਪਿਛਲੇ ਸਾਲ ਦੇ ਮੁਕਾਬਲੇ ਕਰੀਬ 3,800 ਹੈਕਟੇਅਰ ਵੱਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਹਿਲਕਦਮੀ ਕਰਦਿਆਂ ਸਹਿਕਾਰੀ ਖੰਡ ਮਿੱਲਾਂ ਰਾਹੀਂ ਗੰਨਾ ਕਾਸ਼ਤਕਾਰਾਂ ਦੀ 100 ਫ਼ੀਸਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਜੇਕਰ ਕਿਸੇ ਕਿਸਾਨ ਦੀ ਸਬਸਿਡੀ ਦੀ ਅਦਾਇਗੀ ਬਕਾਇਆ ਹੈ ਤਾਂ ਉਹ ਸਬੰਧਤ ਖੰਡ ਮਿੱਲ ਦੇ ਅਧਿਕਾਰੀਆਂ ਨਾਲ ਸੰਪਰਕ ਕਰੇ। ਡਾ. ਸਤਿੰਦਰਜੀਤ ਸਿੰਘ ਨੇ ਮਿੱਲ ਵੱਲੋਂ ਗੰਨਾ ਕਾਸ਼ਤਕਾਰਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ।ਇਸ ਮੌਕੇ ਡਾ. ਸੰਦੀਪ ਸਿੰਘ, ਡਾ. ਜਰਮਨਜੀਤ ਸਿੰਘ, ਅਰਸ਼ਦੀਪ ਸਿੰਘ ਏ.ਸੀ.ਡੀ.ਓ., ਗੁਰਜਤਿੰਦਰਪਾਲ ਸਿੰਘ ਡਵੀਜ਼ਨ ਇੰਚਾਰਜ, ਜਸਪਾਲ ਸਿੰਘ ਅਤੇ ਅੰਮ੍ਰਿਤਪਾਲ ਸਿੰਘ ਸਰਵੇਅਰਾਂ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

## 'ਅੰਮ੍ਰਿਤਸਰ ਬਲਕ ਵਾਟਰ ਸਪਲਾਈ ਸਕੀਮ' ਸੰਬੰਧੀ ਸੈਮੀਨਾਰ ਕਰਵਾਇਆ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**—ਖਾਲਸਾ ਯੂਨੀਵਰਸਿਟੀ ਦੇ ਸਕੂਲ ਆਫ਼ ਲਾਅ ਵੱਲੋਂ ਐੱਨ. ਐੱਸ. ਐੱਸ. ਯੂਨਿਟ ਦੇ ਸਹਿਯੋਗ ਨਾਲ 'ਅੰਮ੍ਰਿਤਸਰ ਬਲਕ ਵਾਟਰ ਸਪਲਾਈ



ਸਕੀਮ' ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ। ਖ਼ਾਲਸਾ ਯੂਨੀਵਰਸਿਟੀ ਦੇ ਉੱਪ ਕੁਲਪਤੀ ਡਾ. ਮਹਿਲ ਸਿੰਘ ਦੇ ਨਿਰਦੇਸ਼ਾਂ 'ਤੇ ਸਕੂਲ ਆਫ਼ ਲਾਅ ਦੇ ਡੀਨ ਪ੍ਰੋ. (ਡਾ.) ਜਸਪਾਲ ਸਿੰਘ ਦੁਆਰਾ ਕਰਵਾਏ ਗਏ ਉਕਤ ਸੈਮੀਨਾਰ ਦਾ ਉਪਦੇਸ਼ ਵਿਦਿਆਰਥੀਆਂ ਨੂੰ ਟਿਕਾਊ ਜਲ ਪ੍ਰਬੰਧਨ, ਜਨਤਕ ਬੁਨਿਆਦੀ ਢਾਂਚੇ ਅਤੇ ਵੱਡੇ ਜਲ ਸਪਲਾਈ ਪ੍ਰੋਜੈਕਟਾਂ ਨਾਲ ਜੁੜੇ ਸਮਾਜਿਕ ਸੁਰੱਖਿਆ ਉਪਾਵਾਂ ਦੀ ਮਹੱਤਤਾ ਬਾਰੇ ਜਾਗਰੂਕ ਕਰਨਾ ਸੀ। ਇਸ ਮੌਕੇ ਡਾ. ਜਸਪਾਲ ਸਿੰਘ ਨੇ ਕਿਹਾ ਕਿ ਇਸ ਸੈਸ਼ਨ ਦੌਰਾਨ ਵਿਦਿਆਰਥੀਆਂ ਨੂੰ ਸ਼ਹਿਰੀ ਜਲ ਸਪਲਾਈ ਪ੍ਰੋਜੈਕਟਾਂ ਦੇ ਵਿਹਾਰਕ ਪੱਖਾਂ ਅਤੇ ਉਨ੍ਹਾਂ ਦੇ ਵਿਆਪਕ ਸਮਾਜਿਕ ਪ੍ਰਭਾਵਾਂ ਨੂੰ ਸਮਝਣ ਦਾ ਮੌਕਾ ਮਿਲਿਆ। ਉਨ੍ਹਾਂ ਕਿਹਾ ਕਿ ਇਹ ਜਾਣਕਾਰੀ ਵਿਦਿਆਰਥੀਆਂ ਨੂੰ ਜੀਵਨ 'ਚ ਸਹਾਈ ਸਿੱਧ ਹੋਵੇਗੀ। ਉਨ੍ਹਾਂ ਕਿਹਾ ਕਿ ਇਹ ਪ੍ਰੋਗਰਾਮ ਸਕੂਲ ਆਫ਼ ਲਾਅ ਵੱਲੋਂ ਵਿਦਿਆਰਥੀਆਂ ਨੂੰ ਜਨਤਕ ਨੀਤੀ, ਸ਼ਾਸਨ ਪ੍ਰਬੰਧ, ਟਿਕਾਊ ਵਿਕਾਸ ਅਤੇ ਸਮਾਜਿਕ ਭਲਾਈ ਵਰਗੇ ਸਮਕਾਲੀ ਮੁੱਦਿਆਂ ਨਾਲ ਵਿਹਾਰਕ ਤੌਰ 'ਤੇ ਜੋੜਨ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਸ ਮੌਕੇ ਡਾ. ਜਸਪਾਲ ਸਿੰਘ ਨੇ ਮੁੱਖੀ ਡਾ. ਗੁਨੀਸ਼ਾ ਸਲੂਜਾ ਨਾਲ ਮਿਲ ਕੇ ਜਨਾਬ ਅਹਿਮਦ ਨੂੰ ਸਨਮਾਨਿਤ ਵੀ ਕੀਤਾ। ਇਸ ਮੌਕੇ ਡਾ. ਪ੍ਰੀਤ ਇੰਦਰ ਕੌਰ, ਐੱਨ. ਐੱਸ. ਐੱਸ. ਪ੍ਰੋਗਰਾਮ ਅਫ਼ਸਰ ਡਾ. ਹਰਜੋਤ ਕੌਰ, ਡਾ. ਉਤਕਰਸ਼ ਸੇਠ, ਡਾ. ਗੁਰਸ਼ਿੰਦਰ ਕੌਰ, ਮੁਸਕਾਨ, ਹੋਰ ਫੈਕਲਟੀ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।

## ਪੀਰ ਬਾਬਾ ਬੌਧੇ ਸ਼ਾਹ ਦੇ ਦਰਬਾਰ 'ਚ ਚੋਰੀ



**ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)** :ਪੀਰ ਬਾਬਾ ਬੌਧੇ ਸ਼ਾਹ ਦੇ ਦਰਬਾਰ ਵਿਖੇ ਰਾਤ ਕਰੀਬ ਡੇਢ ਵਜੇ ਚੋਰੀ ਦੀ ਘਟਨਾ ਵਾਪਰਨ ਦਾ ਮਾਮਲਾ ਸਾਹਮਣੇ ਆਇਆ ਹੈ। ਅਣਪਛਾਤੇ ਚੋਰ ਵੱਲੋਂ ਦਰਬਾਰ ਵਿੱਚ ਦਾਖ਼ਲ ਹੋ ਕੇ ਗੋਲਕ ਤੋੜੀ ਗਈ ਅਤੇ ਉਸ ਵਿੱਚ ਪਈ ਰਕਮ ਚੋਰੀ ਕਰਕੇ ਫ਼ਰਾਰ ਹੋ ਗਿਆ। ਮੁੱਖ ਸੇਵਾਦਾਰ ਦਵਿੰਦਰ ਕੁਮਾਰ ਪੁਰੀ ਅਤੇ ਜੈਪਾਲ ਸ਼ਰਮਾ ਨੇ ਦੱਸਿਆ ਕਿ ਰਾਤ ਸਮੇਂ ਹੋਈ ਇਸ ਚੋਰੀ ਦਾ ਪਤਾ ਲੱਗਣ ਉਪਰੰਤ ਮਾਮਲੇ ਸਬੰਧੀ ਪੁਲਿਸ ਪ੍ਰਸ਼ਾਸਨ ਨੂੰ ਸੂਚਿਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਘਟਨਾ ਸਬੰਧੀ ਥਾਣੇ ਵਿੱਚ ਲਿਖਤੀ ਸ਼ਿਕਾਇਤ ਦਿੱਤੀ ਜਾ ਰਹੀ ਹੈ। ਸੇਵਾਦਾਰਾਂ ਨੇ ਪੁਲਿਸ ਪ੍ਰਸ਼ਾਸਨ ਨੂੰ ਅਪੀਲ ਕੀਤੀ ਹੈ ਕਿ ਚੋਰੀ ਕੀਤੀ ਰਕਮ ਬਰਾਮਦ ਕਰਵਾਉਣ ਦੇ ਨਾਲ-ਨਾਲ ਧਾਰਮਿਕ ਅਸਥਾਨਾਂ ਦੀ ਸੁਰੱਖਿਆ ਲਈ ਵੀ ਢੁੱਕਵੇਂ ਪ੍ਰਬੰਧ ਕੀਤੇ ਜਾਣ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ।

## ਨਿਹੰਗ ਸਿੰਘ ਖ਼ਿਲਾਫ਼ ਦਰਜ ਮਾਮਲੇ ਦਾ ਅਦਾਲਤ ਵੱਲੋਂ ਨਿਪਟਾਰਾ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਥਾਣਾ ਸਰਹਾਲੀ ਵਿੱਚ ਦਰਜ ਇੱਕ ਮਾਮਲੇ ਵਿੱਚ ਅਦਾਲਤ ਨੇ ਤਰਨਤਾਰਨ ਨੇ ਨਿਹੰਗ ਸਿੰਘ ਨੂੰ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਹੈ।ਮਾਮਲੇ ਦੀ ਸੁਣਵਾਈ ਦੌਰਾਨ ਬਚਾਅ ਪੱਖ ਦੇ ਵਕੀਲ ਐਡਵੋਕੇਟ ਰਣਕਰਨਬੀਰ ਸਿੰਘ ਵੱਲੋਂ ਅਦਾਲਤ ਦੇ ਸਾਹਮਣੇ ਮਾਮਲੇ ਨਾਲ ਸਬੰਧਤ ਤੱਥ ਅਤੇ ਸਬੂਤ ਪੇਸ਼ ਕੀਤੇ ਗਏ। ਅਦਾਲਤ ਨੇ ਦੋਵਾਂ ਪੱਖਾਂ ਦੀਆਂ ਦਲੀਲਾਂ ਅਤੇ ਰਿਕਾਰਡ 'ਤੇ ਮੌਜੂਦ ਸਬੂਤਾਂ ਨੂੰ ਵਿਚਾਰਨ ਤੋਂ ਬਾਅਦ ਨਿਹੰਗ ਸਿੰਘ ਨੂੰ ਬਰੀ ਕਰਨ ਦਾ ਫੈਸਲਾ ਸੁਣਾਇਆ। ਨਿਹੰਗ ਉਪਰ ਕਰਮਚਾਰੀ ਦੇ ਸਰਕਾਰੀ ਕੰਮ ਵਿੱਚ ਰੁਕਾਵਟ ਪਾਉਣ, ਡਿਊਟੀ ਤੋਂ ਰੋਕਣ ਲਈ ਚੋਟ ਪਹੁੰਚਾਉਣ, ਸਰਕਾਰੀ ਕਰਮਚਾਰੀ ਨਾਲ ਜ਼ਬਰਦਸਤੀ ਜਾਂ ਹਮਲਾ ਕਰਨ ਅਤੇ ਧਮਕੀ ਦੇਣ ਨਾਲ ਸਬੰਧਤ ਦੋਸ਼ ਲਾਏ ਗਏ ਸਨ ਜਿਨ੍ਹਾਂ ਨੂੰ ਅਦਾਲਤ ਨੇ ਰੱਦ ਕਰ ਦਿੱਤਾ।

## ਪੀ ਐੱਨ ਬੀ ਮੈਟ ਲਾਈਫ ਨੇ ਰਿਕਾਰਡ ਬੋਨਸ ਦਾ ਐਲਾਨ ਕੀਤਾ

**ਚੰਡੀਗੜ੍ਹ** : ਪੀ ਐਨ ਬੀ ਮੈਟ ਲਾਈਫ ਇੰਡੀਆ ਇੰਸ਼ੋਰੈਂਸ ਨੇ ਵਿੱਤੀ ਸਾਲ 2025-26 ਲਈ ਭਾਗ ਲੈਣ ਵਾਲੀਆਂ ਪਾਲਿਸੀਆਂ ਵਾਸਤੇ 1,210 ਕਰੋੜ ਰੁਪਏ ਦੇ ਹੁਣ ਤੱਕ ਦੇ ਸਭ ਤੋਂ ਵੱਧ ਸਾਲਾਨਾ ਬੋਨਸ ਦਾ ਐਲਾਨ ਕੀਤਾ ਹੈ। ਇਹ ਵਿੱਤੀ ਸਾਲ 2024-25 ਦੇ 1,041 ਕਰੋੜ ਦੇ ਬੋਨਸ ਨਾਲੋਂ 16.25 ਫੀਸਦੀ ਵੱਧ ਹੈ। ਕੰਪਨੀ ਮੁਤਾਬਕ ਇਸ ਨਾਲ ਲਗਭਗ 5.51 ਲੱਖ ਪਾਲਿਸੀਧਾਰਕਾਂ ਨੂੰ ਲਾਭ ਮਿਲੇਗਾ। ਮੈਨੇਜਿੰਗ ਡਾਇਰੈਕਟਰ ਤੇ ਸੀ ਈ ਓ ਸਮੀਰ ਬਾਂਸਲ ਨੇ ਕਿਹਾ ਕਿ ਰਿਕਾਰਡ ਬੋਨਸ ਕੰਪਨੀ ਦੇ ਭਾਗ ਲੈਣ ਵਾਲੇ ਫੰਡਾਂ ਦੀ ਮਜ਼ਬੂਤੀ ਅਤੇ ਪਾਲਿਸੀਧਾਰਕਾਂ ਲਈ ਲੰਬੇ ਸਮੇਂ ਦਾ ਮੁੱਲ ਬਣਾਉਣ ਪ੍ਰਤੀ ਵਚਨਬੱਧਤਾ ਦਰਸਾਉਂਦਾ ਹੈ। ਬੋਨਸ 31 ਮਾਰਚ 2026 ਤੱਕ ਚੱਲ ਰਹੀਆਂ ਯੋਗ ਪਾਲਿਸੀਆਂ 'ਤੇ ਲਾਗੂ ਹੋਵੇਗਾ।

## 20 ਦੀ ਜਲੰਧਰ ਮਹਾਂ ਕਿਸਾਨ ਰੈਲੀ ਸੰਬੰਧੀ ਤਿਆਰੀਆਂ ਜੰਗੀ ਪੱਧਰ 'ਤੇ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਜਾਮਨੀ ਲਈ 'ਖੇਤੀ - ਕਿਸਾਨੀ ਨੂੰ ਬਚਾਉਣ ਵਾਸਤੇ ਕਿਸਾਨਾਂ - ਮਜ਼ਦੂਰਾਂ ਦੇ ਘੋਲਾਂ ਨੂੰ ਤਿਖੇਰੇ ਬਣਾਉਣ ਅਤੇ ਕਿਸਾਨ ਤੇ ਮਜ਼ਦੂਰ ਸੰਗਠਨਾਂ ਵਿਚਾਲੇ ਹੋਰ ਵਿਆਪਕ ਏਕਤਾ ਉਸਾਰਨ ਦੀ ਰਣਨੀਤੀ ਤਹਿਤ 20 ਸਤੰਬਰ ਨੂੰ ਜਲੰਧਰ ਵਿਖੇ ਦੇਸ਼ ਭਗਤ ਯਾਦਗਾਰ ਹਾਲ ਦੇ ਵਿਹੜੇ ਅਤੇ ਨਾਲ ਲਗਦੇ ਖੁੱਲ੍ਹੇ ਮੈਦਾਨ 'ਚ ਜਿਹੜੀ ਵਿਸ਼ਾਲ ਕਿਸਾਨ ਮਹਾਂ ਰੈਲੀ ਕੀਤੀ ਜਾ ਰਹੀ ਹੈ , ਉਸ ਦੀਆਂ ਪੰਜਾਬ ਭਰ ਵਿੱਚ ਤਿਆਰੀਆਂ ਪੂਰੇ ਜ਼ੋਰਾਂ 'ਤੇ ਹਨ। ਇਸ ਰੈਲੀ ਸਬੰਧੀ ਹਮਾਇਤ ਜੁਟਾਉਣ ਵਾਸਤੇ ਭਾਰਤ-ਪਾਕਿ ਸਰਹੱਦ 'ਤੇ ਗੁੱਲਗੜ੍ਹ, ਹਾਸਮਪੁਰ,ਸੈਦਪੁਰ ਖ਼ੁਰਦ, ਰਾਏਪੁਰ ਕਲਾਂ, ਜਾਫਰਕੋਟ, ਸਾਰਗਦੇਵ, ਬੱਲੜ੍ਹਵਾਲ ਆਦਿ ਪਿੰਡਾਂ 'ਚ ਜਮਹੂਰੀ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਤੇ ਸੰਯੁਕਤ ਕਿਸਾਨ ਮੋਰਚਾ ਦੇ ਪ੍ਰਮੁੱਖ ਆਗੂ ਡਾ. ਸਤਨਾਮ ਸਿੰਘ ਅਜਨਾਲਾ ਤੇ ਸਮਾਜ ਸੇਵਕ ਸਾ. ਥਾਣੇਦਾਰ ਲਖਬੀਰ ਸਿੰਘ ਤੇੜਾਂ ਰਾਜਪੂਤਾਂ ਦੀ ਅਗਵਾਈ ਵਿੱਚ ਭਰਵੀਆਂ ਮੀਟਿੰਗਾਂ ਕੀਤੀਆਂ ਗਈਆਂ ਜਿੱਥੇ ਇਹਨਾਂ ਪਿੰਡਾਂ ਦੇ ਆਗੂਆਂ ਬਲਕਾਰ ਸਿੰਘ ਗੁਲਗੜ੍ਹ, ਜਥੇਦਾਰ ਤਸਬੀਰ ਸਿੰਘ ਹਾਸਮਪੁਰ, ਜਤਿੰਦਰ ਸਿੰਘ ਜਾਫਰਕੋਟ, ਗੁਰਵੰਤ ਸਿੰਘ ਰਾਏਪੁਰ ਕਲਾਂ, ਗੁਰਦੀਪ ਸਿੰਘ ਸਾਰਗਦੇਵ , ਜਸਪਾਲ ਸਿੰਘ ਬੱਲੜ੍ਹਵਾਲ ਛੰਨਾ, ਸਾ. ਸਰਪੰਚ ਲਖਬੀਰ ਸਿੰਘ ਤੇੜਾਂ ਰਾਜਪੂਤਾਂ ਹੋਣਾ ਨੇ ਦੱਸਿਆ ਕਿ ਇਹਨਾਂ ਹਰੇਕ ਪਿੰਡਾਂ ਵਿੱਚੋਂ ਜਲੰਧਰ ਮਹਾਂ ਰੈਲੀ ਲਈ ਬੱਸਾਂ ਜਾਣਗੀਆਂ! ਜਦ ਇਹ ਟੀਮ ਚੱਕ ਡੋਗਰਾਂ ( ਫੋਕਲ ਪੁਆਇੰਟ ) ਪਹੁੰਚੀ ਤਾਂ ਉੱਥੇ ਔਰਤ ਮੁਕਤੀ ਮੋਰਚਾ ਦੀ ਆਗੂ ਬੀਬੀ ਸਰਬਜੀਤ ਕੌਰ ਜਸਰਾਊਰ ਦੀ ਅਗਵਾਈ 'ਚ ਦਰਜਨਾਂ ਔਰਤਾਂ ਨੇ ਮੀਟਿੰਗ ਕੀਤੀ ।ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸ੍ਰੀ ਮਤੀ ਸਰਬਜੀਤ ਕੌਰ, ਜਸਪ੍ਰੀਤ ਕੌਰ, ਸ਼ਾਨਤੀ ਕੌਰ, ਅਮਰਜੀਤ ਕੌਰ, ਆਸੋ, ਜਗੀਰੋ, ਪ੍ਰੀਤੋ, ਭੋਲੀ, ਸੁਰਜੀਤ ਕੌਰ, ਕਸ਼ਮੀਰ ਕੌਰ, ਬਾਵੀ, ਮੀਦੋ, ਕਨਤੀ, ਕੁਲਵੰਤ ਕੌਰ, ਸੁਰਜੀਤ ਕੌਰ ਆਦਿ ਸਮੇਤ ਹੋਰ ਔਰਤਾਂ ਸ਼ਾਮਿਲ ਸਨ। ਇਹਨਾਂ ਤੋਂ ਇਲਾਵਾ ਖੇਤ ਮਜ਼ਦੂਰ ਆਗੂ ਗੁਰਮੁੱਖ ਸਿੰਘ, ਗੁਰਸੇਵਕ ਸਿੰਘ, ਸੁਖਦੇਵ ਸਿੰਘ ਨੇ ਵੀ ਮੀਟਿੰਗ ਵਿੱਚ ਹਿੱਸਾ ਲਿਆ। ਅੰਤ ਵਿੱਚ ਸਰਬ ਸੰਮਤੀ ਨਾਲ ਮਨਜੀਤ ਕੌਰ ਪ੍ਰਧਾਨ ਦੀ ਅਗਵਾਈ ਚੇ 12 ਮੈਂਬਰੀ ਔਰਤ ਮੁਕਤੀ ਮੋਰਚਾ ਦੀ ਟੀਮ ਚੁਣੀ ਗਈ।

## ਪੰਡੋਰੀ ਮਹੰਤਾਂ ਤੋਂ ਵਾਇਆ ਨਡਾਲਾ ਜਾਣ ਵਾਲੀ ਸੜਕ ਦੀ ਹਾਲਤ ਖਸਤਾ



**ਗੁਰਦਾਸਪੁਰ (ਜਨਕ ਮਹਾਜਨ)**- ਗੁਰਦਾਸਪੁਰ ਦੇ ਪ੍ਰਸਿੱਧ ਧਾਰਮਿਕ ਅਸਥਾਨ ਪੰਡੋਰੀ ਮਹੰਤਾਂ ਵਾਇਆ ਨਡਾਲਾ ਨੂੰ ਜਾਣ ਵਾਲੀ ਸੜਕ ਦੇ ਆਲੇ-ਦੁਆਲੇ ਭਾਰੀ ਮਾਤਰਾ ਵਿੱਚ ਜੜੀ ਬੂਟੀ ਅਤੇ ਸੜਕ ਵਿਚਕਾਰ ਡੂੰਘੇ-ਡੂੰਘੇ ਟੋਏ ਪੈਣ ਜਾਣ ਕਾਰਨ ਜਿੱਥੇ ਇਲਾਕੇ ਦੀ ਆਵਾਜਾਈ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਹੋ ਰਹੀ ਹੈ ਉੱਥੇ ਹੀ ਸੜਕੀ ਘਟਨਾਵਾਂ ਵਿੱਚ ਵੀ ਨਿਰੰਤਰ ਵਾਧਾ ਹੋ ਰਿਹਾ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਸੀਨੀਅਰ ਨੌਜਵਾਨ ਅਕਾਲੀ ਆਗੂ ਹਰਦੀਪ ਸਿੰਘ ਮੇਘੀਆਂ ਨੇ ਦੱਸਿਆ ਕਿ ਸੜਕ ਦਾ 4 ਕਿਲੋਮੀਟਰ ਟੋਟਾ ਕਾਫੀ ਲੰਬੇ ਸਮੇਂ ਤੋਂ ਟੁੱਟਿਆ ਹੋਇਆ ਹੈ ਅਤੇ ਸੰਬੰਧਿਤ ਵਿਭਾਗ ਨੇ ਆਲੇ-ਦੁਆਲੇ ਸੜਕਾਂ ਦੀ ਉਸਾਰੀ ਕਰਵਾ ਦਿੱਤੀ ਹੈ। ਸਿਰਫ ਇਸ ਟੋਟੇ ਨੂੰ ਪੂਰੀ ਤਰ੍ਹਾਂ ਨਾਲ ਅੱਖੋਂ-ਪਰੋਖੇ ਕੀਤਾ ਹੋਇਆ ਹੈ। ਉਨ੍ਹਾਂ ਦੱਸਿਆ ਕਿ 10-15 ਦਿਨਾਂ ਬਾਅਦ ਝੋਨੇ ਦਾ ਸੀਜ਼ਨ ਆਰੰਭ ਹੋ ਰਿਹਾ ਹੈ ਅਤੇ ਕਿਸਾਨਾਂ ਨੂੰ ਮੰਡੀਆਂ ਵਿੱਚ ਫਸਲ ਲੈ ਕੇ ਜਾਣ ਸਮੇਂ ਭਾਰੀ ਮੁਸੀਬਤ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਉਪਰੋਕਤ ਸੜਕ ਦੀ ਸਫਾਈ ਤੇ ਮਰੰਮਤ ਕਰਵਾਉਣ ਲਈ ਸੰਬੰਧਿਤ ਵਿਭਾਗ ਨੂੰ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾਣ ।

## ਸਕੂਲਾਂ ਲਈ ਅਕਾਊਂਟੈਂਟਸ ਦੀ ਵਿਸ਼ੇਸ਼ ਟਰੇਨਿੰਗ ਵਰਕਸ਼ਾਪ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)** - ਚੀਫ਼ ਖ਼ਾਲਸਾ ਦੀਵਾਨ ਵੱਲੋਂ ਆਪਣੇ ਅਧੀਨ ਚੱਲ ਰਹੇ ਸਕੂਲਾਂ ਦੇ ਵਿੱਤੀ ਅਤੇ ਪ੍ਰਬੰਧਕੀ ਕੰਮ-ਕਾਜ ਵਿਚ ਹੋਰ ਪਾਰਦਰਸ਼ਤਾ, ਮਜਬੂਤੀ ਅਤੇ ਇਕਸਾਰਤਾ ਲਿਆਉਣ ਦੇ ਉਦੇਸ਼ ਨਾਲ ਸਕੂਲ ਅਕਾਓਂਟੈਂਟਸ ਲਈ ਇਕ ਵਿਸ਼ੇਸ਼ ਟਰੇਨਿੰਗ ਵਰਕਸ਼ਾਪ ਕਰਵਾਈ ਗਈ। ਇਸ ਮੌਕੇ ਦੀਵਾਨ ਆਡਿਟ ਰੀਵਿਊ ਕਮੇਟੀ ਦੇ ਮੈਂਬਰ ਸ੍ਰ.ਤੇਜਿੰਦਰ ਸਿੰਘ ਖਾਲਸਾ ਵੱਲੋਂ ਤਿਆਰ ਕੀਤੀ ਗਈ ਨਵੀਂ ਸੈਲਫ ਆਡਿਟ ਰਿਪੋਰਟ ਦੇ ਨਿਰਧਾਰਿਤ ਪੈਰਾਮੀਟਰਜ਼ ਤਹਿਤ ਰਿਕਾਰਡ ਦੇ ਸਹੀ ਰੱਖ-ਰਖਾਅ, ਵਿੱਤੀ ਪ੍ਰਕਿਰਿਆਵਾਂ ਦੀ ਪਾਲਣਾ ਅਤੇ ਸਕੂਲ ਪੱਧਰ 'ਤੇ ਨਿਯਮਤ ਸੈਲਫ ਆਡਿਟ ਕਰਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਨਵੀਂ ਸੈਲਫ ਆਡਿਟ ਰਿਪੋਰਟ ਅਨੁਸਾਰ ਟਰਾਂਸਪੋਰਟ ਰਿਕਾਰਡ ਨੂੰ ਵੀ ਸੈਲਫ ਆਡਿਟ ਦਾ ਹਿੱਸਾ ਬਣਾਇਆ ਗਿਆ ਅਤੇ ਸਕੂਲਾਂ ਨੂੰ ਰਜਿਸਟਰਾਂ ਦੀ ਸਹੀ ਸਾਂਭ-ਸੰਭਾਲ, ਪਾਰਦਰਸ਼ੀ ਰਿਪੋਰਟਿੰਗ, ਬਿੱਲਾਂ ਵਾਊਚਰਾਂ ਦਾ ਸਹੀ ਦਸਤਾਵੇਜੀਕਰਨ ਅਤੇ ਹੋਰ ਸਬੰਧਤ ਰਿਕਾਰਡਾਂ ਦੀ ਨਿਯਮਤ ਸਵੈ-ਜਾਂਚ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ



ਸ੍ਰ.ਰਮਣੀਕ ਸਿੰਘ ਨੇ ਕਿਹਾ ਕਿ ਇਕ ਵੱਡੇ ਵਿੱਦਿਅਕ ਢਾਂਚੇ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਵਿੱਤੀ ਪ੍ਰਬੰਧਨ ਦੀ ਪਾਰਦਰਸ਼ਤਾ ਅਤੇ ਰਿਪੋਰਟਿੰਗ ਵੀ ਬਹੁਤ ਜਰੂਰੀ ਹੈ। ਉਹਨਾਂ ਨੇ ਕਿਹਾ ਕਿ ਸੈਲਫ ਆਡਿਟ ਦੀ ਪ੍ਰਣਾਲੀ ਨਾਲ ਸਕੂਲ ਆਪਣੇ ਰਿਕਾਰਡ ਨੂੰ ਖੁਦ ਸਮੇਂ-ਸਮੇਂ ਤੇ ਚੈੱਕ ਕਰ ਸਕਣਗੇ । ਵਰਕਸ਼ਾਪ ਦੇ ਅੰਤ ਵਿਚ ਨਵੀਂ ਸੈਲਫ ਆਡਿਟ ਰਿਪੋਰਟ ਤਿਆਰ ਕਰਨ ਅਤੇ ਸਕੂਲਾਂ ਦੇ ਵਿੱਤੀ ਪ੍ਰਬੰਧਕੀ ਕੰਮ ਨੂੰ ਹੋਰ ਸੁੱਚਜਾ ਬਣਾਉਣ ਵਿੱਚ ਦਿੱਤੇ ਗਏ ਵੱਡਮੁੱਲੇ ਯੋਗਦਾਨ ਲਈ ਸ੍ਰ.ਤੇਜਿੰਦਰ ਸਿੰਘ ਖਾਲਸਾ ਦੀ ਭਰਪੂਰ ਸ਼ਲਾਘਾ ਕੀਤੀ ਗਈ ਅਤੇ ਦੀਵਾਨ ਪ੍ਰਬੰਧਕਾਂ ਵੱਲੋਂ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਮੀਤ ਪ੍ਰਧਾਨ ਜਗਜੀਤ ਸਿੰਘ, ਸਥਾਨਕ ਪ੍ਰਧਾਨ ਕੁਲਜੀਤ ਸਿੰਘ ਸਾਹਨੀ, ਆਨਰੇਰੀ ਸਕੱਤਰ ਰਮਣੀਕ ਸਿੰਘ, ਐਡੀ.ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਐਡੀ.ਆਨਰੇਰੀ ਸਕੱਤਰ ਐਜੂਕੇਸ਼ਨਲ ਕਮੇਟੀ .ਕੁਲਜੀਤ ਸਿੰਘ, ਸਿੰਘ ਬ੍ਰਦਰਜ਼ ਅਤੇ ਵੱਡੀ ਗਿਣਤੀ ਵਿਚ ਸਕੂਲ ਦੇ ਅਕਾਊਂਟੈਂਟਸ ਅਤੇ ਸਟਾਫ ਹਾਜ਼ਰ ਸਨ।

**ਜਨਮ ਦਿਨ ਮੁਬਾਰਕ**



ਤਕਸ਼ ਭਾਰਦਵਾਜ



ਹਰਦਿਕ ਗਾਖਰ
ਜਗਰਾਓਂ

# ਸ੍ਰੀ ਗੁਰੂ ਰਵਿਦਾਸ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਡਰੋਨ ਸ਼ੋਅ ਕਰਵਾਇਆ

**ਹੁਸ਼ਿਆਰਪੁਰ (ਓ ਪੀ ਰਾਣਾ, ਬਲਬੀਰ ਸਿੰਘ ਸੈਣੀ)**-ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਧਾਨ ਸਭ ਹਲਕਾ ਸ਼ਾਮਚੁਰਾਸੀ ਦੇ ਕਸਬਾ ਹਰਿਆਣਾ ਦੀ ਦੁਸਹਿਰਾ ਗਰਾਊਂਡ ਵਿਖੇ 500 ਡਰੋਨਾਂ ਨੇ ਗੁਰੂ ਜੀ ਦੇ ਜੀਵਨ ਅਤੇ ਮਹਾਨ ਸਿੱਖਿਆਵਾਂ ਬਾਰੇ ਬਾਕਮਾਲ ਪੇਸ਼ਕਾਰੀ ਕੀਤੀ। ਇਸ ਵਿਲੱਖਣ ਏਰੀਅਲ ਸ਼ੋਅ ਰਾਹੀਂ ਤਕਨਾਲੋਜੀ ਅਤੇ ਅਧਿਆਤਮਿਕਤਾ ਦਾ ਸੁਮੇਲ ਭਾਰੀ ਗਿਣਤੀ ਵਿੱਚ ਮੌਜੂਦ ਸੰਗਤ ਨੇ ਬਹੁਤ ਹੀ ਸ਼ਰਧਾ-ਭਾਵਨਾ ਨਾਲ ਦੇਖਿਆ। ਸ਼ੋਅ ਦੌਰਾਨ 500 ਡਰੋਨਾਂ ਰਾਹੀਂ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਫਲਸਫ਼ੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਇਆ ਗਿਆ ਜਿਸ ਵਿੱਚ ਗੁਰੂ ਜੀ ਦੇ ਬਰਾਬਰੀ, ਭਾਈਚਾਰਕ ਸਾਂਝ, ਦਇਆ, ਸਮਾਜਿਕ ਨਿਆਂ ਅਤੇ ਮਨੁੱਖੀ ਸਨਮਾਨ ਦਾ ਸਦੀਵੀ ਸੰਦੇਸ਼ ਦੀ ਪੇਸ਼ਕਾਰੀ ਕੀਤੀ ਗਈ। ਸੰਗਤ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਜੇਲ੍ਹਾਂ ਅਤੇ ਪ੍ਰਵਾਸੀ ਭਾਰਤੀ ਮਾਮਲੇ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਗੁਰੂ ਜੀ ਦਾ 650ਵਾਂ ਪ੍ਰਕਾਸ਼ ਪੁਰਬ ਵੱਡੇ ਪੱਧਰ 'ਤੇ ਮਨਾਇਆ ਜਾਵੇਗਾ ਅਤੇ ਪ੍ਰਕਾਸ਼ ਪੁਰਬ ਨੂੰ ਸਮਰਪਤ ਸਮਾਗਮਾਂ ਦੀ ਲੜੀ ਸੂਬੇ ਭਰ ਵਿਚ ਜਾਰੀ ਹੈ। ਉਨ੍ਹਾਂ ਦੱਸਿਆ ਕਿ ਭਗਵੰਤ ਸਿੰਘ ਮਾਨ ਦੀ







ਅਗਵਾਈ ਵਿਚ ਪੰਜਾਬ ਸਰਕਾਰ ਵਲੋਂ ਲਗਾਤਾਰ ਡਰੋਨ ਸ਼ੋਅਜ਼, ਡਾਕੂਮੈਂਟਰੀ, ਵਿਦਿਅਕ ਅਦਾਰਿਆਂ ਵਿਚ ਸੈਮੀਨਾਰ ਅਤੇ ਗੁਰੂ ਜੀ ਦੇ ਜੀਵਨ ਬਾਰੇ ਲੋਕਾਂ ਨੂੰ ਜਾਣੂ ਕਰਵਾਉਣ ਲਈ ਵੱਖ-ਵੱਖ ਧਾਰਮਿਕ ਸਮਾਗਮ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਸ਼ਾਨਦਾਰ ਡਰੋਨ ਸ਼ੋਅ ਸ੍ਰੀ ਗੁਰੂ ਰਵਿਦਾਸ ਨੂੰ ਢੁਕਵੀਂ ਸ਼ਰਧਾਂਜਲੀ ਹੈ ਅਤੇ ਉਨ੍ਹਾਂ ਦੇ ਸਦੀਵੀ ਸੰਦੇਸ਼ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਦਾ ਨਿਵੇਕਲਾ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਡਰੋਨ ਸ਼ੋਅ ਨਹੀਂ, ਸਗੋਂ ਨਵੀਂ ਪੀੜ੍ਹੀ ਲਈ ਗੁਰੂ ਜੀ ਦੇ ਬਰਾਬਰੀ ਅਤੇ ਮਨੁੱਖੀ ਸਨਮਾਨ ਦੇ ਸੰਦੇਸ਼ ਦੀ ਪ੍ਰਭਾਵਸ਼ਾਲੀ ਪੇਸ਼ਕਾਰੀ ਹੈ ਜਿਸ ਤੋਂ ਸਾਰਿਆਂ ਨੂੰ ਗੁਰੂ ਜੀ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਮਿਲਦੀ ਹੈ। ਸਮਾਗਮ ਦੌਰਾਨ ਸੰਤ ਪ੍ਰਦੀਪ ਕੁਮਾਰ ਕਠਾਰ, ਸੰਤ ਬਲਬੀਰ ਦਾਸ ਪਿੰਡ ਸਾਹਰੀ, ਸੁਖਰਾਜ ਸਿੰਘ, ਬਿਰਧ ਆਸ਼ਰਮ ਹਰਿਆਣਾ ਤੋਂ ਬਲਬੀਰ ਸਿੰਘ, ਗੁਰਦੁਆਰਾ ਨਾਨਕਪੁਰਾ ਨੂਰਪੁਰ ਤੋਂ ਓਂਕਾਰ ਸਿੰਘ ਧਾਮੀ, ਸੁਖਵਿੰਦਰ ਸਿੰਘ, ਬਾਬਾ ਸਿਮਰਨ ਰਾਏ, ਭਾਈ ਮਲਕੀਅਤ ਸਿੰਘ, ਜਸਵਿੰਦਰ ਸਿੰਘ, ਬਾਬਾ ਹਰਪ੍ਰੀਤ ਸਿੰਘ ਸ਼ੇਰਪੁਰ ਖਾਮ, ਬਾਬਾ ਕੁਲਦੀਪ ਸਿੰਘ ਬਸੀ ਮਰੂਫ, ਸੰਤ ਸਰੂਪ ਹਰੀ ਨਡਾਲੀ, ਭਾਈ ਮਨਜਿੰਦਰ ਸਿੰਘ ਸਾਹਰੀ ਤੋਂ ਇਲਾਵਾ ਭਾਰੀ ਗਿਣਤੀ ਵਿਚ ਸੰਗਤ ਵੀ ਮੌਜੂਦ ਸੀ।ਡਰੋਨ ਸ਼ੋਅ ਦੌਰਾਨ ਰਾਗੀ ਭਾਈ ਜਸਵੀਰ ਸਿੰਘ ਨੇ ਗੁਰਬਾਣੀ ਦੇ ਸ਼ਬਦ ਅਤੇ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ।

# ਵਿਧਾਇਕ ਨੇ ਮਿੰਨੀ ਪੀ ਐੱਚ ਸੀ ਚੱਬੇਵਾਲ ਦੇ ਵਿਕਾਸ ਕਾਰਜਾਂ ਦਾ ਲਿਆ ਜਾਇਜ਼ਾ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**-ਆਮ ਲੋਕਾਂ ਨੂੰ ਸਰਕਾਰੀ ਸਿਹਤ ਸਹੂਲਤਾਂ ਦਾ ਸਹੀ ਅਤੇ ਸਮੇਂ ਸਿਰ ਲਾਭ ਮਿਲ ਸਕੇ ਅਤੇ ਉਨ੍ਹਾਂ ਨੂੰ ਇਲਾਜ ਦੌਰਾਨ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ, ਇਸ ਮੰਤਵ ਨਾਲ ਹਲਕਾ ਚੱਬੇਵਾਲ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਵੱਲੋਂ ਮਿੰਨੀ ਪੀ ਐੱਚ ਸੀ ਚੱਬੇਵਾਲ ਵਿਖੇ ਚੱਲ ਰਹੇ ਵਿਕਾਸ ਕਾਰਜਾਂ ਅਤੇ ਸਿਹਤ ਸੇਵਾਵਾਂ ਦਾ ਜਾਇਜ਼ਾ ਲਿਆ ਗਿਆ।ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਮਿੰਨੀ ਪੀ ਐੱਚ ਸੀ ਵਿਖੇ 332.27 ਲੱਖ ਰੁਪਏ ਦੀ ਗ੍ਰਾਂਟ ਨਾਲ ਚੱਲ ਰਹੇ ਉਸਾਰੀ ਅਤੇ ਵਿਕਾਸ ਕਾਰਜਾਂ ਦੀ ਪ੍ਰਗਤੀ ਬਾਰੇ ਜਾਣਕਾਰੀ ਲਈ। ਇਸ ਦੇ ਨਾਲ ਹੀ ਉਨ੍ਹਾਂ ਵੱਲੋਂ ਸਿਹਤ ਕੇਂਦਰ ਵਿੱਚ ਮਰੀਜ਼ਾਂ ਨੂੰ ਮਿਲ ਰਹੀਆਂ ਸਹੂਲਤਾਂ ਦੀ ਵੀ ਵਿਸਥਾਰ ਨਾਲ ਸਮੀਖਿਆ ਕੀਤੀ ਗਈ। ਉਨ੍ਹਾਂ ਦਵਾਈਆਂ ਦੀ ਉਪਲਬਧਤਾ, ਡਾਕਟਰੀ ਅਤੇ ਹੋਰ ਸਟਾਫ਼ ਦੀ ਸਥਿਤੀ, ਵੱਖ-ਵੱਖ ਟੈਸਟਾਂ ਦੀ ਉਪਲਬਧਤਾ ਅਤੇ ਮਰੀਜ਼ਾਂ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਬਾਰੇ ਜਾਣਕਾਰੀ ਹਾਸਲ ਕੀਤੀ।ਇਸ ਮੌਕੇ ਵਿਧਾਇਕ ਨੇ ਮਰੀਜ਼ਾਂ ਨਾਲ ਗੱਲਬਾਤ



ਕਰਕੇ ਉਨ੍ਹਾਂ ਤੋਂ ਇਲਾਜ, ਦਵਾਈਆਂ, ਟੈਸਟਾਂ ਅਤੇ ਸਿਹਤ ਕੇਂਦਰ ਵਿੱਚ ਮਿਲ ਰਹੀਆਂ ਹੋਰ ਸਹੂਲਤਾਂ ਸਬੰਧੀ ਫੀਡਬੈਕ ਵੀ ਲਿਆ। ਉਨ੍ਹਾਂ ਕਿਹਾ ਕਿ ਲੋਕਾਂ ਤੋਂ ਸਿੱਧਾ ਫੀਡਬੈਕ ਲੈਣ ਨਾਲ ਇਹ ਪਤਾ ਲੱਗਦਾ ਹੈ ਕਿ ਜ਼ਮੀਨੀ ਪੱਧਰ 'ਤੇ ਸਿਹਤ ਸੇਵਾਵਾਂ ਦਾ ਲੋਕਾਂ ਨੂੰ ਕਿੰਨਾ ਲਾਭ ਮਿਲ ਰਿਹਾ ਹੈ ਅਤੇ ਕਿੱਥੇ ਹੋਰ ਸੁਧਾਰ ਦੀ ਲੋੜ ਹੈ।

ਇਸ ਮੌਕੇ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਸਿਹਤ ਸਹੂਲਤਾਂ ਨੂੰ ਮਜ਼ਬੂਤ ਕਰਨ ਦਾ ਮਕਸਦ ਸਿਰਫ਼ ਇਮਾਰਤ ਅਤੇ ਬੁਨਿਆਦੀ ਢਾਂਚਾ ਤਿਆਰ ਕਰਨਾ ਨਹੀਂ, ਸਗੋਂ ਇਹ ਯਕੀਨੀ ਬਣਾਉਣਾ ਹੈ ਕਿ ਇੱਥੇ ਆਉਣ ਵਾਲੇ ਹਰ ਮਰੀਜ਼ ਨੂੰ ਸਮੇਂ ਸਿਰ ਇਲਾਜ, ਦਵਾਈ ਅਤੇ ਲੋੜੀਂਦੇ ਟੈਸਟਾਂ ਦੀ ਸਹੂਲਤ ਮਿਲੇ। ਉਨ੍ਹਾਂ ਕਿਹਾ ਕਿ ਮਰੀਜ਼ਾਂ ਨਾਲ ਚੰਗਾ ਵਿਵਹਾਰ ਵੀ ਸਿਹਤ ਸੇਵਾ ਦਾ ਅਹਿਮ ਹਿੱਸਾ ਹੈ ਅਤੇ ਇਸ ਲਈ ਸਟਾਫ਼ ਨੂੰ ਹਰ ਮਰੀਜ਼ ਨਾਲ ਨਿਮਰਤਾ, ਹਮਦਰਦੀ ਅਤੇ ਸੰਵੇਦਨਸ਼ੀਲਤਾ ਨਾਲ ਪੇਸ਼ ਆਉਣਾ ਚਾਹੀਦਾ ਹੈ। ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ 332.27 ਲੱਖ ਰੁਪਏ ਦੀ ਗ੍ਰਾਂਟ ਨਾਲ ਮਿੰਨੀ ਪੀ ਐੱਚ ਸੀ ਦਾ ਬੁਨਿਆਦੀ ਢਾਂਚਾ ਹੋਰ ਮਜ਼ਬੂਤ ਹੋਵੇਗਾ ਅਤੇ ਇਸ ਦਾ ਸਿੱਧਾ ਲਾਭ ਚੱਬੇਵਾਲ ਅਤੇ ਆਸ-ਪਾਸ ਦੇ ਇਲਾਕਿਆਂ ਦੇ ਲੋਕਾਂ ਨੂੰ ਮਿਲੇਗਾ।

# ਗ੍ਰੈਂਡ ਪੇਰੈਂਟਸ ਡੇ ਪਿਆਰ ਤੇ ਖੁਸ਼ੀ ਨਾਲ ਮਨਾਇਆ

**ਜਲੰਧਰ (ਰਾਜੇਸ਼ ਥਾਪਾ)**-ਏ ਜੀ ਆਈ ਗਲੋਬਲ ਸਕੂਲ ਜੋ ਸੀ ਬੀ ਐਸ ਈ ਤੋਂ ਮਾਨਤਾ ਪ੍ਰਾਪਤ ਸਕੂਲ ਹੈ, ਵਿੱਚ ਗ੍ਰੈਂਡਪੇਰੈਂਟਸ ਡੇ ਬੜੀ ਖੁਸ਼ੀ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਬੱਚਿਆਂ ਦੇ ਦਾਦਾ-ਦਾਦੀ ਅਤੇ ਨਾਨਾ-ਨਾਨੀ ਸਕੂਲ ਪਹੁੰਚੇ ਅਤੇ ਬੱਚਿਆਂ ਨਾਲ ਇਹ ਖਾਸ ਦਿਨ ਮਨਾਇਆ।ਇਸ ਪ੍ਰੋਗਰਾਮ ਦਾ ਮੁੱਖ ਮਕਸਦ ਬੱਚਿਆਂ ਨੂੰ ਆਪਣੇ ਵੱਡਿਆਂ ਦੇ ਪਿਆਰ, ਤਜਰਬੇ, ਅਸੀਸਾਂ ਅਤੇ ਚੰਗੇ ਸੰਸਕਾਰਾਂ ਦੀ ਮਹੱਤਤਾ ਸਮਝਾਉਣਾ ਸੀ। ਦਾਦਾ-ਦਾਦੀ ਅਤੇ ਨਾਨਾ-ਨਾਨੀ ਬੱਚਿਆਂ ਦੀ ਜ਼ਿੰਦਗੀ ਵਿੱਚ ਬਹੁਤ ਖਾਸ ਥਾਂ ਰੱਖਦੇ ਹਨ।ਬੱਚਿਆਂ ਨੇ ਆਪਣੇ ਦਾਦਾ-ਦਾਦੀ ਅਤੇ ਨਾਨਾ-ਨਾਨੀ ਲਈ ਸੋਹਣੇ ਗੀਤ, ਡਾਂਸ ਅਤੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ। ਬੱਚਿਆਂ ਅਤੇ ਉਨ੍ਹਾਂ ਦੇ ਦਾਦਾ-ਦਾਦੀ ਨੇ ਮਿਲ ਕੇ ਕਈ ਮਜ਼ੇਦਾਰ ਗਤੀਵਿਧੀਆਂ ਵਿੱਚ ਵੀ ਹਿੱਸਾ ਲਿਆ। ਪੂਰੇ ਪ੍ਰੋਗਰਾਮ ਦੌਰਾਨ ਖੁਸ਼ੀ ਅਤੇ ਪਿਆਰ ਦਾ ਮਾਹੌਲ ਰਿਹਾ।ਇਸ ਮੌਕੇ ਸਕੂਲ ਦੀ ਚੇਅਰਪਰਸਨ ਸਲਵਿੰਦਰਜੀਤ ਕੌਰ ਨੇ ਕਿਹਾ, ਦਾਦਾ-ਦਾਦੀ ਅਤੇ ਨਾਨਾ-ਨਾਨੀ ਪਰਵਾਰ ਦੀਆਂ ਜੜ੍ਹਾਂ ਹੁੰਦੇ ਹਨ। ਉਨ੍ਹਾਂ ਦਾ





ਪਿਆਰ, ਤਜਰਬਾ ਅਤੇ ਸੰਸਕਾਰ ਬੱਚਿਆਂ ਨੂੰ ਜ਼ਿੰਦਗੀ ਵਿੱਚ ਅੱਗੇ ਵਧਣ ਦੀ ਤਾਕਤ ਦਿੰਦੇ ਹਨ। ਗ੍ਰੈਂਡਪੇਰੈਂਟਸ ਡੇ ਬੱਚਿਆਂ ਲਈ ਆਪਣੇ ਵੱਡਿਆਂ ਪ੍ਰਤੀ ਪਿਆਰ ਅਤੇ ਸਤਿਕਾਰ ਦਿਖਾਉਣ ਦਾ ਬਹੁਤ ਵਧੀਆ ਮੌਕਾ ਹੈ। ਸਕੂਲ ਦੀ ਡਾਇਰੈਕਟਰ ਹਰਲੀਨ ਮੋਹੰਤੀ ਨੇ ਕਿਹਾ ਦਾਦਾ-ਦਾਦੀ ਅਤੇ ਨਾਨਾ-ਨਾਨੀ ਦਾ ਬੱਚਿਆਂ ਨਾਲ ਰਿਸ਼ਤਾ ਬਹੁਤ ਪਿਆਰਾ ਹੁੰਦਾ ਹੈ। ਉਹ ਬੱਚਿਆਂ ਨੂੰ ਪਿਆਰ ਨਾਲ ਪਰਿਵਾਰ ਦੀਆਂ ਰਵਾਇਤਾਂ ਅਤੇ ਚੰਗੇ ਸੰਸਕਾਰ ਦਿੰਦੇ ਹਨ। ਸਾਨੂੰ ਖੁਸ਼ੀ ਹੈ ਕਿ ਬੱਚਿਆਂ ਨੂੰ ਆਪਣੇ ਵੱਡਿਆਂ ਨਾਲ ਇਹ ਖਾਸ ਦਿਨ ਮਨਾਉਣ ਦਾ ਮੌਕਾ ਮਿਲਿਆ। ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਆਰਤੀ ਸ਼ਰਮਾ ਨੇ ਕਿਹਾ, ਪੜ੍ਹਾਈ ਦੇ ਨਾਲ ਬੱਚਿਆਂ ਵਿੱਚ ਚੰਗੇ ਸੰਸਕਾਰ, ਸਤਿਕਾਰ ਅਤੇ ਪਿਆਰ ਦੀ ਭਾਵਨਾ ਪੈਦਾ ਕਰਨਾ ਵੀ ਜ਼ਰੂਰੀ ਹੈ। ਅਜਿਹੇ ਪ੍ਰੋਗਰਾਮ ਬੱਚਿਆਂ ਨੂੰ ਆਪਣੇ ਪਰਵਾਰ ਅਤੇ ਵੱਡਿਆਂ ਦੀ ਮਹੱਤਤਾ ਸਮਝਣ ਵਿੱਚ ਮਦਦ ਕਰਦੇ ਹਨ। ਦਾਦਾ-ਦਾਦੀ ਅਤੇ ਨਾਨਾ-ਨਾਨੀ ਨੇ ਸਕੂਲ ਦੇ ਇਸ ਸੋਹਣੇ ਉਪਰਾਲੇ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਬੱਚਿਆਂ ਨਾਲ ਸਮਾਂ ਬਿਤਾ ਕੇ ਆਪਣੀ ਖੁਸ਼ੀ ਪ੍ਰਗਟ ਕੀਤੀ। ਉਨ੍ਹਾਂ ਦੀ ਮੌਜੂਦਗੀ ਅਤੇ ਭਾਗੀਦਾਰੀ ਨਾਲ ਪੂਰਾ ਪ੍ਰੋਗਰਾਮ ਹੋਰ ਵੀ ਖਾਸ ਅਤੇ ਯਾਦਗਾਰ ਬਣ ਗਿਆ।

# ਸੀ ਟੀ ਗਰੁੱਪ 'ਚ ਮਨਾਇਆ ਗਣੇਸ਼ ਉਤਸਵ

**ਜਲੰਧਰ (ਸ਼ੈਲੀ ਐਲਬਰਟ)**-ਸੀ ਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਵਿਖੇ ਗਣੇਸ਼ ਚਤੁਰਥੀ ਦਾ ਤਿਉਹਾਰ ਸ਼ਰਧਾ, ਉਤਸ਼ਾਹ ਅਤੇ ਵਾਤਾਵਰਣ ਸੰਭਾਲ ਦੇ ਸੰਦੇਸ਼ ਨਾਲ ਮਨਾਇਆ ਗਿਆ। ਦੋ ਰੋਜ਼ਾ ਸਮਾਗਮ ਦੌਰਾਨ ਵਿਦਿਆਰਥੀਆਂ ਅਤੇ ਸਟਾਫ ਨੇ ਮਿਲ ਕੇ ਭਗਵਾਨ ਗਣੇਸ਼ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਦੇ ਆਸ਼ੀਰਵਾਦ ਦੀ ਕਾਮਨਾ ਕੀਤੀ।ਸਮਾਗਮ ਦੀ ਸ਼ੁਰੂਆਤ ਭਗਵਾਨ ਗਣੇਸ਼ ਦੀ ਸ਼ਾਨਦਾਰ ਆਗਮਨ ਯਾਤਰਾ ਨਾਲ ਹੋਈ। ਢੋਲ-ਤਾਸ਼ਿਆਂ ਦੀਆਂ ਧੁਨਾਂ, ਸੰਗੀਤ ਅਤੇ ਨਾਚ ਦੇ ਵਿਚਕਾਰ ਵਿਦਿਆਰਥੀਆਂ ਨੇ 'ਗਣਪਤੀ ਬੱਪਾ ਮੋਰਿਆ' ਦੇ ਜੈਕਾਰਿਆਂ ਨਾਲ ਬੱਪਾ ਦਾ ਸਵਾਗਤ ਕੀਤਾ। ਵਿਦਿਆਰਥੀ ਪੂਰੇ ਉਤਸ਼ਾਹ ਨਾਲ ਯਾਤਰਾ ਵਿੱਚ ਸ਼ਾਮਲ ਹੋਏ ਅਤੇ ਭਗਵਾਨ ਗਣੇਸ਼ ਦੀ ਮੂਰਤੀ ਨੂੰ ਕੈਂਪਸ ਤੱਕ ਲੈ ਕੇ ਆਏ। ਇਸ ਤੋਂ ਬਾਅਦ ਪੂਜਾ-ਅਰਚਨਾ ਅਤੇ ਮੰਤਰ ਉਚਾਰਣ ਨਾਲ ਗਣੇਸ਼ ਜੀ ਦੀ ਮੂਰਤੀ ਦੀ ਵਿਧੀਵਤ ਸਥਾਪਨਾ ਕੀਤੀ ਗਈ।ਪੂਰੇ ਉਤਸਵ ਦੌਰਾਨ ਵਿਦਿਆਰਥੀਆਂ ਨੇ ਭਗਵਾਨ ਗਣੇਸ਼ ਦੀ ਸੇਵਾ-ਸੰਭਾਲ ਦੇ ਨਾਲ ਵੱਖ-ਵੱਖ ਧਾਰਮਿਕ ਗਤੀਵਿਧੀਆਂ ਵਿੱਚ



ਸਰਗਰਮੀ ਨਾਲ ਭਾਗ ਲਿਆ।ਸ਼ਾਮ ਨੂੰ ਕਰਵਾਈ ਗਈ ਭਜਨ ਸੰਧਿਆ ਦੌਰਾਨ ਵਿਦਿਆਰਥੀਆਂ ਅਤੇ ਸਟਾਫ ਨੇ ਭਗਤੀਮਈ ਭਜਨਾਂ ਦੀ ਪੇਸ਼ਕਾਰੀ ਕੀਤੀ। ਭਜਨਾਂ ਅਤੇ ਸਾਂਝੇ ਗਾਇਨ ਨਾਲ ਪੂਰਾ ਕੈਂਪਸ ਰੂਹਾਨੀ ਮਾਹੌਲ ਨਾਲ ਭਰ ਗਿਆ।ਅਗਲੇ ਦਿਨ ਭਗਵਾਨ ਗਣੇਸ਼ ਦੀ ਵਿਦਾਈ ਯਾਤਰਾ ਕੱਢੀ ਗਈ। ਆਰਤੀ ਅਤੇ ਭਜਨਾਂ ਨਾਲ ਸ਼ੁਰੂ ਹੋਈ ਇਸ ਯਾਤਰਾ ਵਿੱਚ ਵਿਦਿਆਰਥੀਆਂ ਅਤੇ ਸਟਾਫ ਨੇ ਨੱਚਦੇ-ਗਾਉਂਦੇ ਅਤੇ 'ਗਣਪਤੀ ਬੱਪਾ ਮੋਰਿਆ' ਦੇ ਜੈਕਾਰਿਆਂ ਨਾਲ ਬੱਪਾ ਨੂੰ ਭਾਵਪੂਰਨ ਵਿਦਾਈ ਦਿੱਤੀ। ਇਸ ਤੋਂ ਬਾਅਦ ਵਾਤਾਵਰਣ-ਅਨੁਕੂਲ ਗਣੇਸ਼ ਜੀ ਦੀ ਮੂਰਤੀ ਦਾ ਵਿਸਰਜਨ ਕੀਤਾ ਗਿਆ। ਇਸ ਉਪਰਾਲੇ ਰਾਹੀਂ ਧਾਰਮਿਕ ਆਸਥਾ ਅਤੇ ਪਰੰਪਰਾਵਾਂ ਦੇ ਨਾਲ ਵਾਤਾਵਰਣ ਪ੍ਰਤੀ ਜ਼ਿੰਮੇਵਾਰੀ ਨਿਭਾਉਣ ਦਾ ਸੰਦੇਸ਼ ਦਿੱਤਾ ਗਿਆ।ਇਸ ਮੌਕੇ ਪ੍ਰੋ. ਡਾ. ਮਨਬੀਰ ਸਿੰਘ, ਮੈਨੇਜਿੰਗ ਡਾਇਰੈਕਟਰ, ਸੀ ਟੀ ਗਰੁੱਪ ਅਤੇ ਪ੍ਰੋ-ਚਾਂਸਲਰ, ਸੀ ਟੀ ਯੂਨੀਵਰਸਿਟੀ, ਤਨਿਕਾ ਸਿੰਘ, ਜੁਆਇੰਟ ਮੈਨੇਜਿੰਗ ਡਾਇਰੈਕਟਰ, ਹਰਪ੍ਰੀਤ ਸਿੰਘ, ਵਾਈਸ ਚੇਅਰਮੈਨ, ਐਡਵੋਕੇਟ ਮਨਜਿੰਦਰ ਕੌਰ, ਕੋ-ਵਾਈਸ ਚੇਅਰਪਰਸਨ; ਅਤੇ ਡਾ. ਜਯਾਸ਼ਿਸ਼ ਸੇਠੀ, ਡਾਇਰੈਕਟਰ ਕੈਂਪਸ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।'ਗਣਪਤੀ ਬੱਪਾ ਮੋਰਿਆ, ਪੁੜਚਿਆ ਵਰਸ਼ੀ ਲਵਕਰ ਯਾ' ਦੇ ਜੈਕਾਰਿਆਂ ਨਾਲ ਗਣੇਸ਼ ਉਤਸਵ ਦਾ ਸਮਾਪਨ ਹੋਇਆ। ਸਮਾਗਮ ਨੇ ਕੈਂਪਸ ਵਿੱਚ ਭਗਤੀ, ਸੱਭਿਆਚਾਰਕ ਮਾਣ, ਏਕਤਾ ਅਤੇ ਵਾਤਾਵਰਣ ਸੰਭਾਲ ਦਾ ਸੰਦੇਸ਼ ਦਿੱਤਾ।

# ਆਸ਼ਾ ਵਰਕਰ ਤੇ ਫੈਸੀਲਿਟੇਟਰ ਯੂਨੀਅਨ ਵੱਲੋਂ ਧਰਨਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਆਸ਼ਾ ਵਰਕਰ ਤੇ ਫੈਸੀਲਿਟੇਟਰ ਵਲੋ ਮੰਗਾਂ ਨੂੰ ਲੈ ਕੇ ਸਿਵਲ ਸਰਜਨ ਦਫਤਰ ਅੱਗੇ ਰੋਸ ਧਰਨਾ ਦਿੱਤਾ ।ਇਸ ਮੌਕੇ ਸਿਵਲ ਸਰਜਨ ਨੂੰ ਆਪਣੀਆਂ ਮੰਗਾਂ ਨੂੰ ਲੈ ਕਿ ਮੰਗ ਪੱਤਰ ਦਿੱਤਾ। ਇਸ ਮੌਕੇ ਭਰਤਰੀ ਜਥੇਬੰਦੀਆ ਵੱਲੋ ਵੀ ਸ਼ਿਰਕਤ ਕੀਤੀ। ਜ਼ਿਲ੍ਹਾ ਸਕੱਤਰ ਹਰਨਿੰਦਰ ਕੌਰ ਨੇ ਦੱਸਿਆ ਕਿ ਜਿਹੜੀਆਂ ਮੰਗਾਂ ਪੰਜਾਬ ਸਰਕਾਰ ਨਾਲ ਸਬੰਧਿਤ ਹਨ ਉਨ੍ਹਾਂ ਮੰਗਾਂ ਸਬੰਧੀ ਸਘੰਰਸ਼ ਤੇ ਚੱਲ ਹੀ ਰਿਹਾ ਹੈ ਪਰ ਜਿਹੜੀਆ ਸਿਵਲ ਸਰਜਨ ਦੇ ਨਾਲ ਸਬੰਧਿਤ ਹਨ ਉਹ ਵੀ ਹੱਲ ਨਹੀ ਹੋ ਰਹੀਆਂ। ਉਨ੍ਹਾਂ ਦੱਸਿਆ ਕਿ ਪੀ ਐੱਚ ਸੀ ਟਾਂਡਾ ਬਲਾਕ ਦੀਆ ਆਸ਼ਾ ਵਰਕਰਾ ਦਾ ਮਾਰਚ ਤੋ ਲੈ ਕੇ ਹੁਣ ਤੱਕ ਦਾ ਇਨਸੇਂਟਿਵ ਤੇ ਜੂਨ ਮਹੀਨੇ ਤੋਂ ਤਨਖਾਹ ਨਾ ਮਿਲਣ ਕਾਰਨ ਆਸ਼ਾ ਵਰਕਰਾਂ





ਵਿੱਚ ਰੋਸ ਪਾਇਆ ਜਾ ਰਿਹਾ ਹੈ। ਇਸ ਮੌਕੇ ਉਨ੍ਹਾਂ ਇਹ ਵੀ ਦੱਸਿਆ ਕਿ ਡਿਲਵਰੀ ਕੇਸਾਂ ਦਾ ਇਨਸੈਨਟਿਵ, ਏ ਐਨ ਸੀ ਦਾ 100 ਰੁਪਏ ਨਾ ਮਿਲਣ ਬਾਰੇ, ਆਇਰਨ ਦੇ 50 ਰੁਪਏ ਨਾ ਮਿਲਣ ਬਾਰੇ, ਰਾਤ ਨੂੰ ਡਿਲਵਰੀ ਕੇਸਾਂ ਦੇ ਪੈਸੇ ਨਾ ਮਿਲਣ ਕਾਰਨ, ਟੀ ਵੀ ਦੀ ਬਿਮਾਰੀ ਦੇ ਪੈਸੇ ਨਾ ਮਿਲਣ ਕਾਰਨ, ਜੇ ਐਸ ਵੀ ਦੇ ਪੈਸੇ ਨਾ ਮਿਲਣ ਕਾਰਨ ਤੇ ਹੋਰ ਸਰਕਾਰ ਵੱਲੋ ਹੋਰ ਬਹੁਤ ਸਾਰੀਆਂ ਮੰਗਾਂ ਨਾ ਮੰਨਣ ਕਾਰਨ ਜ਼ਿਲ੍ਹੇ ਦੀਆ ਸਮੂਹ ਵਰਕਰਾਂ ਵੱਲੋ ਰੋਸ ਧਰਨਾ ਦਿੱਤਾ ਜਾ ਰਿਹਾ ਹੈ। ਜੇਕਰ ਸਰਕਾਰ ਮੰਗਾਂ ਨਹੀ ਮੰਨਦੀ ਤੋ ਹੋਰ ਵੀ ਸਘੰਰਸ਼ ਤੇਜ ਕਰ ਦਿੱਤਾ ਜਾਵੇਗਾ। ਆਸ਼ਾ ਵਰਕਰ ਅਤੇ ਫੈਸੀਲਿਟੇਟਰ ਵਰਕਰਾਂ ਦੇ ਰੋਹ ਨੂੰ ਵੇਖਦਿਆਂ ਸਿਵਲ ਸਰਜਨ ਹੁਸ਼ਿਆਰਪੁਰ ਨੇ ਰੈਲੀ ਵਿੱਚ ਆ ਕੇ ਲਿਆ ਮੰਗ ਪੱਤਰ। ਇਸ ਮੌਕੇ ਰਾਜ ਕੁਮਾਰੀ ਪ੍ਰਧਾਨ, ਪਰਮਜੀਤ ਕੌਰ, ਸੁਸ਼ਮਾ ਕੁਮਾਰੀ, ਆਰੁਣਾ ਠਾਕਰ, ਰੂਬੀ ਬਾਲਾ, ਜਸਵੀਰ ਕੌਰ, ਸੁਸ਼ੀਲ ਸ਼ਰਮਾਂ, ਮਾਸਟਰ ਦਵਿੰਦਰ ਸਿੰਘ ਕਿਸਾਨ ਯੂਨੀਅਨ, ਸੁਨੀਲ ਕੁਮਾਰ ਫੈਡਰੇਸ਼ਨ ਆਗੂ, ਮਲਕੀਤ ਸਿੰਘ, ਬਲਵੀਰ ਸਿੰਘ ਸੈਣੀ ਪੈਨਸ਼ਨਰ ਆਗੂ, ਪਰਮਿੰਦਰ ਕੌਰ ਤੇ ਹੋਰ ਵੀ ਹਾਜ਼ਰ ਸਨ।

# ਬੈਂਸ ਨੇ ਮਿਸ਼ਨ ਕਲੀਨ ਮੁਹਿੰਮ ਦਾ ਲਿਆ ਜਾਇਜ਼ਾ

**ਨੰਗਲ ਭਲਾਣ (ਹਰਭਜਨ ਸਿੰਘ ਢਿੱਲੋਂ)**-ਵਿਧਾਨ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਦੇ ਵਿਧਾਇਕ ਤੇ ਪੰਜਾਬ ਸਰਕਾਰ ਦੇ ਸਥਾਨਕ ਸਰਕਾਰਾਂ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਨੰਗਲ ਸ਼ਹਿਰ ਨੂੰ ਸਾਫ਼-ਸੁਥਰਾ ਬਣਾਉਣ ਅਤੇ ਲੋਕਾਂ ਨੂੰ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣ ਲਈ ਸ਼ੁਰੂ ਕੀਤੀ ਗਈ ਮਿਸ਼ਨ ਕਲੀਨ ਮੁਹਿੰਮ ਲਗਾਤਾਰ ਜਾਰੀ ਹੈ।ਇਸ ਮੁਹਿੰਮ ਤਹਿਤ ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿੱਚ ਰੋਜ਼ਾਨਾ ਸਫ਼ਾਈ ਕਾਰਜ ਕਰਵਾਏ ਜਾ ਰਹੇ ਹਨ। ਵਾਰਡ ਨੰਬਰ 3 ਵਿੱਚ ਵਿਸ਼ੇਸ਼ ਸਫ਼ਾਈ ਮੁਹਿੰਮ ਚਲਾਈ ਗਈ, ਜਿਸ ਦੌਰਾਨ ਗਲੀਆਂ, ਸੜਕਾਂ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚੋਂ ਕੂੜਾ-ਕਰਕਟ ਅਤੇ ਹੋਰ ਗੰਦਗੀ ਨੂੰ ਹਟਾਇਆ ਗਿਆ।



ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਮੌਕੇ 'ਤੇ ਪਹੁੰਚ ਕੇ ਸਫ਼ਾਈ ਕਾਰਜਾਂ ਦਾ ਜਾਇਜ਼ਾ ਲਿਆ ਅਤੇ ਅਧਿਕਾਰੀਆਂ ਨੂੰ ਜ਼ਰੂਰੀ ਹਦਾਇਤਾਂ ਦਿੱਤੀਆਂ। ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਸ਼ਹਿਰ ਦਾ ਕੋਨਾ-ਕੋਨਾ ਸਾਫ਼ ਕੀਤਾ ਜਾਵੇਗਾ ਅਤੇ ਸ਼ਹਿਰ ਵਾਸੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮਿਸ਼ਨ ਕਲੀਨ ਸਿਰਫ਼ ਇੱਕ ਦਿਨ ਦੀ ਮੁਹਿੰਮ ਨਹੀਂ ਹੈ, ਸਗੋਂ ਸ਼ਹਿਰ ਨੂੰ ਲੰਬੇ ਸਮੇਂ ਲਈ ਸਾਫ਼-ਸੁਥਰਾ ਰੱਖਣ ਲਈ ਲਗਾਤਾਰ ਕੀਤੇ ਜਾ ਰਹੇ ਯਤਨਾਂ ਦਾ ਹਿੱਸਾ ਹੈ।ਉਨ੍ਹਾਂ ਕਿਹਾ ਕਿ ਜਦੋਂ ਤੱਕ ਪੂਰਾ ਨੰਗਲ ਸਾਫ਼ ਨਹੀਂ ਹੋ ਜਾਂਦਾ, ਉਦੋਂ ਤੱਕ ਇਹ ਸਫ਼ਾਈ ਮੁਹਿੰਮ ਇਸੇ ਤਰ੍ਹਾਂ ਨਿਰੰਤਰ ਜਾਰੀ ਰਹੇਗੀ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਸਫਾਈ ਮੁਹਿੰਮ ਵਿੱਚ ਸਹਿਯੋਗ ਕਰਨ ਅਤੇ ਸਾਫ਼ ਕੀਤੇ ਗਏ ਸਥਾਨਾਂ 'ਤੇ ਮੁੜ ਕੂੜਾ ਨਾ ਸੁੱਟਣ। ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਬਰਸਾਤਾਂ ਦਾ ਮੌਸਮ ਖਤਮ ਹੋਣ ਤੋਂ ਬਾਅਦ ਨੰਗਲ ਦੀਆਂ ਸਾਰੀਆਂ ਸੜਕਾਂ ਦੀ ਮੁਰੰਮਤ ਅਤੇ ਨਿਰਮਾਣ ਕਾਰਜ ਕਰਵਾਏ ਜਾਣਗੇ। ਇਸ ਦੌਰਾਨ ਵਾਰਡ ਵਾਸੀਆਂ ਨੇ ਵੀ ਲਗਾਤਾਰ ਚਲਾਈ ਜਾ ਰਹੀ ਸਫਾਈ ਮੁਹਿੰਮ ਲਈ ਪ੍ਰਸ਼ਾਸਨ ਦਾ ਧੰਨਵਾਦ ਕੀਤਾ।ਇਸ ਮੌਕੇ ਡਾਕਟਰ ਸੰਜੀਵ ਗੌਤਮ ਜ਼ਿਲ੍ਹਾ ਪ੍ਰਧਾਨ, ਕਿਰਨ ਬਾਲਾ ਚੈਅਰਮੈਨ ਨਗਰ ਕੌਂਸਲ, ਮਨਜੋਤ ਕੌਂਸਲਰ, ਨਰਿੰਦਰ ਕੌਂਸਲਰ, ਰਣਜੀਤ ਬੱਗਾ, ਨਿਸ਼ਾਂਤ ਗੁਪਤਾ, ਇਮਰਾਨ, ਬਲਵਿੰਦਰ, ਅਕਸ਼ੈ, ਕੇਹਰ ਸਿੰਘ ਮਾਂਗੇਵਾਲ, ਸਚਿਨ ਕੁਮਾਰ ਸੈਨੇਟਰੀ ਇੰਸਪੈਕਟਰ, ਗੁਰਭਾਗ ਸਿੰਘ ਓ ਐੱਸ ਡੀ, ਨਿਤਿਨ ਸ਼ਰਮਾ ਹਾਜ਼ਰ ਸਨ।

# ਬਾਰ ਐਸੋਸੀਏਸ਼ਨ ਡੇਰਾ ਬੱਸੀ ਦੀ ਨਵੀਂ ਕਾਰਜਕਾਰਨੀ ਵੱਲੋਂ ਰੰਧਾਵਾ ਨਾਲ ਮੁਲਾਕਾਤ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**-ਬਾਰ ਐਸੋਸੀਏਸ਼ਨ ਡੇਰਾ ਬੱਸੀ ਦੀ ਨਵ-ਨਿਯੁਕਤ ਕਾਰਜਕਾਰਨੀ ਵੱਲੋਂ ਪ੍ਰਧਾਨ ਐਡਵੋਕੇਟ ਵਿਕਰਮਜੀਤ ਸਿੰਘ ਦੱਪਰ ਦੀ ਅਗਵਾਈ ਹੇਠ ਹਲਕਾ ਡੇਰਾ ਬੱਸੀ ਦੇ ਵਿਧਾਇਕ ਸ. ਕੁਲਜੀਤ ਸਿੰਘ ਰੰਧਾਵਾ ਨਾਲ ਵਿਸ਼ੇਸ਼ ਮੁਲਾਕਾਤ



ਕੀਤੀ ਗਈ। ਇਸ ਮੌਕੇ ਪ੍ਰਧਾਨ ਵਿਕਰਮਜੀਤ ਸਿੰਘ ਦੱਪਰ ਵੱਲੋਂ ਵਿਧਾਇਕ ਸਾਹਿਬ ਨੂੰ ਗੁਲਦਸਤਾ ਭੇਟ ਕਰਕੇ ਬਾਰ ਐਸੋਸੀਏਸ਼ਨ ਵੱਲੋਂ ਦਿੱਤੇ ਜਾ ਰਹੇ ਸਹਿਯੋਗ ਅਤੇ ਵਿਸ਼ੇਸ਼ ਸਤਿਕਾਰ ਲਈ ਧੰਨਵਾਦ ਕੀਤਾ ਗਿਆ।ਮੁਲਾਕਾਤ ਦੌਰਾਨ ਨਵੀਂ ਕਾਰਜਕਾਰਨੀ ਦੇ ਮੈਂਬਰਾਂ ਵੱਲੋਂ ਬਾਰ ਐਸੋਸੀਏਸ਼ਨ ਨਾਲ ਸਬੰਧਤ ਵੱਖ-ਵੱਖ ਮੁੱਦਿਆਂ ਅਤੇ ਵਕੀਲ ਭਾਈਚਾਰੇ ਦੀ ਭਲਾਈ ਸਬੰਧੀ ਆਪਣੇ ਵਿਚਾਰ ਵਿਧਾਇਕ ਸਾਹਿਬ ਨਾਲ ਸਾਂਝੇ ਕੀਤੇ ਗਏ। ਕਾਰਜਕਾਰਨੀ ਵੱਲੋਂ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੂੰ ਬਾਰ ਦੀ ਭਲਾਈ ਅਤੇ ਵਕੀਲਾਂ ਦੀਆਂ ਜਾਇਜ਼ ਮੰਗਾਂ ਲਈ ਹਰ ਸੰਭਵ ਸਹਿਯੋਗ ਦੇਣ ਅਤੇ ਲੋੜੀਂਦੇ ਪੱਧਰ 'ਤੇ ਮਾਮਲੇ ਉਠਾਉਣ ਦੀ ਅਪੀਲ ਕੀਤੀ ਗਈ।ਇਸ ਮੌਕੇ ਨਵੇਂ ਜੁਡੀਸ਼ੀਅਲ ਕੰਪਲੈਕਸ ਸਬੰਧੀ ਵੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਤੋਂ ਇਲਾਵਾ ਮੌਜੂਦਾ ਕੋਰਟ ਪ੍ਰਿਸਮਿਸਿਜ਼ ਵਿੱਚ ਪਾਰਕਿੰਗ ਨੂੰ ਪੱਕਾ ਕਰਨ ਅਤੇ ਲੋੜੀਂਦੇ ਲਾਈਟਾਂ/ਰੋਸ਼ਨੀ ਦੇ ਪ੍ਰਬੰਧ ਸਬੰਧੀ ਵੀ ਵਿਧਾਇਕ ਸਾਹਿਬ ਦੇ ਧਿਆਨ ਵਿੱਚ ਮੰਗ ਰੱਖੀ ਗਈ।ਵਿਧਾਇਕ ਸ. ਕੁਲਜੀਤ ਸਿੰਘ ਰੰਧਾਵਾ ਨੇ ਬਾਰ ਐਸੋਸੀਏਸ਼ਨ ਦੀ ਨਵੀਂ ਕਾਰਜਕਾਰਨੀ ਨੂੰ ਭਰੋਸਾ ਦਿਵਾਇਆ ਕਿ ਉਹ ਵਕੀਲ ਭਾਈਚਾਰੇ ਦੀ ਭਲਾਈ ਲਈ ਪੂਰਨ ਸਹਿਯੋਗ ਦੇਣਗੇ ਅਤੇ ਬਾਰ ਨਾਲ ਸਬੰਧਤ ਜਾਇਜ਼ ਮਸਲਿਆਂ ਦੇ ਹੱਲ ਲਈ ਹਰ ਸੰਭਵ ਯਤਨ ਕਰਨਗੇ।ਇਸ ਮੌਕੇ ਬਾਰ ਐਸੋਸੀਏਸ਼ਨ ਡੇਰਾ ਬੱਸੀ ਦੇ ਜਨਰਲ ਸਕੱਤਰ ਜਗਤਾਰ ਸਿੰਘ ਬਾਫਲ, ਵਾਈਸ ਪ੍ਰੈਜ਼ੀਡੈਂਟ ਸ਼ਿਵ ਸ਼ਰਮਾ, ਵਾਈਸ ਪ੍ਰੈਜ਼ੀਡੈਂਟ (ਵੂਮੈਨ) ਗੀਤਿਕਾ ਗੋਇਲ, ਜੁਆਇੰਟ ਸਕੱਤਰ ਸੁਮਨ ਚੌਹਾਨ, ਕੈਸ਼ੀਅਰ ਵਿਪਿਨ ਸ਼ਰਮਾ, ਲਾਇਬ੍ਰੇਰੀ ਇੰਚਾਰਜ ਅਨੁਭਵ ਸਿੰਗਲਾ ਅਤੇ ਐਗਜ਼ੈਕਟਿਵ ਕਮੇਟੀ ਮੈਂਬਰ ਸੋਨੀਆ ਮੌਜੂਦ ਸਨ।ਇਸ ਮੌਕੇ ਬਾਰ ਐਸੋਸੀਏਸ਼ਨ ਡੇਰਾ ਬੱਸੀ ਦੇ ਸਾਬਕਾ ਪ੍ਰਧਾਨ ਅਤੇ ਆਮ ਆਦਮੀ ਪਾਰਟੀ ਲੀਗਲ ਸੈੱਲ ਡੇਰਾ ਬੱਸੀ ਦੇ ਇੰਚਾਰਜ ਐਡਵੋਕੇਟ ਅਮਰਿੰਦਰ ਸਿੰਘ ਨਨਵਾ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।

# ਵਿਧਾਨ ਸਭਾ ਚੋਣਾਂ ਲਈ 'ਨੈਕਸਟਜਨ ਪੋਰਟਲ' ਦੀ ਦਿੱਤੀ ਸਿਖਲਾਈ

**ਕਪੂਰਥਲਾ (ਮਨਜੀਤ ਮਾਨ)**-ਆਉਂਦੀਆਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਦੇ ਮੱਦੇਨਜ਼ਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੱਖ-ਵੱਖ ਰਾਜ ਅਤੇ ਕੇਂਦਰ ਸਰਕਾਰ ਦੇ ਵਿਭਾਗਾਂ ਦੇ ਮੁਖੀਆਂ ਲਈ 'ਨੈਕਸਟਜਨ ਪੋਰਟਲ' 'ਤੇ ਇੱਕ ਵਿਸ਼ੇਸ਼ ਸਿਖਲਾਈ ਪ੍ਰੋਗਰਾਮ ਕਰਵਾਇਆ ਗਿਆ।ਇਹ ਸਿਖਲਾਈ ਪ੍ਰੋਗਰਾਮ ਡਿਪਟੀ ਕਮਿਸ਼ਨਰ ਆਕਾਸ਼ ਬਾਂਸਲ ਦੀ ਰਹਿਨੁਮਾਈ ਅਤੇ ਸਹਾਇਕ ਕਮਿਸ਼ਨਰ ਰਵਿੰਦਰ ਸਿੰਘ ਅਰੋੜਾ ਅਤੇ ਐਨ ਆਈ ਸੀ ਦੇ ਜ਼ਿਲ੍ਹਾ ਇਨਫੋਰਮੈਟਿਕਸ ਅਫ਼ਸਰ ਸਾਹਿਲ ਖੱਤਰੀ ਦੀ ਦੇਖ-ਰੇਖ ਹੇਠ ਕਰਵਾਇਆ ਗਿਆ।ਸਿਖਲਾਈ ਦੌਰਾਨ ਜਗਦੀਪ ਜੋਸ਼ੀ ਮੁੱਖ ਨੇ ਭਾਗ ਲੈਣ ਵਾਲੇ ਅਧਿਕਾਰੀਆਂ ਨੂੰ ਚੋਣ ਡਿਊਟੀਆਂ ਲਈ ਨੈਕਸਟਜਨ ਪੋਰਟਲ ਦੀ ਵਰਤੋਂ ਅਤੇ ਮਨੁੱਖੀ ਸ਼ਕਤੀ ਪ੍ਰਬੰਧਨ (ਮੈਨਪਾਵਰ ਮੈਨੇਜਮੈਂਟ) ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਸਹਾਇਕ ਕਮਿਸ਼ਨਰ ਰਵਿੰਦਰ ਅਰੋੜਾ ਨੇ ਸਮੂਹ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਡਾਟੇ ਦੀ ਪੋਰਟਲ 'ਤੇ ਮੁਕੰਮਲ ਐਂਟਰੀ ਯਕੀਨੀ ਬਣਾਉਣ।ਜ਼ਿਲ੍ਹਾ ਇਨਫੋਰਮੈਟਿਕਸ ਅਫ਼ਸਰ ਸਾਹਿਲ ਖੱਤਰੀ ਨੇ ਨੈਕਸਟਜਨ ਮੈਨਪਾਵਰ ਮੈਨੇਜਮੈਂਟ ਨਾਲ ਸਬੰਧਤ ਸਵਾਲਾਂ ਦੇ ਜਵਾਬ ਦਿੱਤੇ ਅਤੇ ਸ਼ਾਮਲ ਅਧਿਕਾਰੀਆਂ ਦੇ ਸ਼ੰਕਿਆਂ ਦਾ ਨਿਪਟਾਰਾ ਕੀਤਾ।ਚੋਣ ਤਹਿਸੀਲਦਾਰ ਅਮਰਿੰਦਰ ਸਿੰਘ ਨੇ ਦੱਸਿਆ ਕਿ ਸਿਖਲਾਈ ਦਾ ਮੁੱਖ ਮੰਤਵ ਆਉਂਦੀਆਂ ਵਿਧਾਨ ਸਭਾ ਚੋਣਾਂ ਲਈ ਸੁਚੱਜੇ, ਕੁਸ਼ਲ ਅਤੇ ਤਕਨਾਲੋਜੀ-ਅਧਾਰਿਤ ਮਨੁੱਖੀ ਸ਼ਕਤੀ ਪ੍ਰਬੰਧਨ ਨੂੰ ਯਕੀਨੀ ਬਣਾਉਣਾ ਸੀ।ਇਸ ਮੌਕੇ ਜ਼ਿਲ੍ਹਾ ਕੋਆਰਡੀਨੇਟਰ ਸੁਨੀਲ ਬਜਾਜ, ਰਾਜਬੀਰ ਸਿੰਘ, ਕੁਲਵਿੰਦਰ ਸਿੰਘ, ਕੰਚਨ ਨਾਗੀ ਅਤੇ ਸੰਦੀਪ ਸਿੰਘ ਨੇ ਵੀ ਪ੍ਰੋਗਰਾਮ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਵਿੱਚ ਅਹਿਮ ਯੋਗਦਾਨ ਪਾਇਆ।

# ਯਾਦਗਾਰੀ ਹੋ ਨਿੱਬੜਿਆ ਸੁੰਨੜ ਕਲਾਂ ਦਾ ਸਾਲਾਨਾ ਛਿੰਝ ਮੇਲਾ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਪਿੰਡ ਸੁੰਨੜ ਕਲਾ ਵਿਖੇ ਕਰਵਾਇਆ ਗਿਆ ਸਾਲਾਨਾ ਛਿੰਝ ਮੇਲਾ ਲੋਕਾਂ ਲਈ ਯਾਦਗਾਰ ਹੋ ਨਿੱਬੜਿਆ। ਮੇਲੇ ਦੌਰਾਨ ਵੱਡੀ ਗਿਣਤੀ ਵਿੱਚ ਇਲਾਕਾ ਵਾਸੀਆਂ ਨੇ ਸ਼ਮੂਲੀਅਤ ਕਰਕੇ ਕੁਸ਼ਤੀਆਂ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਦਾ ਆਨੰਦ ਮਾਣਿਆ। ਇਸ ਮੌਕੇ ਪੰਜਾਬੀ ਗਾਇਕ ਗੁਰਬੀਰ ਸਿੱਧੂ ਅਤੇ ਬੀਬਾ ਅਮਨ ਵਿਰਕ ਨੇ ਆਪਣੇ ਹਿੱਟ ਗੀਤਾਂ ਨਾਲ ਖੂਬ ਰੰਗ ਬੰਨ੍ਹਿਆ ਅਤੇ ਦਰਸ਼ਕਾਂ ਤੋਂ ਵਾਹ-ਵਾਹ ਖੱਟੀ।ਛਿੰਝ ਮੇਲੇ ਦੌਰਾਨ ਗੁਰੂ ਜੀ ਦਾ ਅਤੁੱਟ ਲੰਗਰ ਵਰਤਾਇਆ ਗਿਆ। ਮੇਲੇ ਦੀ ਕੁਸ਼ਤੀ ਨੂੰ ਲੈ ਕੇ ਵੀ ਲੋਕਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਪਹਿਲਵਾਨਾਂ ਨੇ ਦਿਲਚਸਪ ਦੰਗਲ ਦੇ ਦਾਅ-ਪੇਚਾਂ ਨਾਲ ਦਰਸ਼ਕਾਂ ਦਾ ਖੂਬ ਮਨੋਰੰਜਨ ਕੀਤਾ। ਇਸ ਤੋਂ ਇਲਾਵਾ ਵੱਖ-ਵੱਖ ਅਖਾੜਿਆਂ ਤੋਂ ਪਹੁੰਚੇ ਪਹਿਲਵਾਨਾਂ ਨੇ ਕੁਸ਼ਤੀ ਦੇ ਮੈਦਾਨ ਵਿੱਚ ਆਪਣੇ ਜੌਹਰ ਵਿਖਾਏ।ਮੇਲੇ ਦੌਰਾਨ ਇਲਾਕੇ ਦੀਆਂ ਵੱਖ-ਵੱਖ ਸਿਆਸੀ ਅਤੇ ਸਮਾਜਿਕ ਸ਼ਖ਼ਸੀਅਤਾਂ ਨੇ ਵੀ ਹਾਜ਼ਰੀ ਭਰੀ। ਆਗੂਆਂ ਅਤੇ ਪਤਵੰਤਿਆਂ ਨੇ ਮੇਲੇ ਦੇ ਪ੍ਰਬੰਧਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਜਿਹੇ ਮੇਲੇ ਪੰਜਾਬ ਦੀਆਂ ਰਵਾਇਤੀ ਖੇਡਾਂ, ਸੱਭਿਆਚਾਰ ਅਤੇ ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।ਇਸ ਮੌਕੇ ਪ੍ਰਧਾਨ ਸਰਬਪ੍ਰੀਤ ਸਿੰਘ, ਅਮਰਜੀਤ ਸਿੰਘ ਲੰਬੜਦਾਰ, ਪ੍ਰਧਾਨ ਕੁਲਵਿੰਦਰ ਸਿੰਘ, ਅਮਰਜੀਤ ਸਿੰਘ ਜੁਆਰਕੇ, ਅਵਤਾਰ ਚੰਦ, ਰਾਜੀਵ ਜੋਸ਼ੀ, ਸੁਖਵਿੰਦਰ ਸਿੰਘ ਪੰਚ, ਜਸਪ੍ਰੀਤ ਸਿੰਘ, ਨੀਤੀ ਇਟਲੀ, ਸੁਲਿੰਦਰ ਸਿੰਘ ਲੱਖੋ, ਜੱਸਾ ਜੁਆਰਕੇ, ਮਨੀ, ਮਨਿੰਦਰ ਸਿੰਘ ਸਮੇਤ ਹੋਰ ਪਤਵੰਤੇ ਅਤੇ ਇਲਾਕਾ ਵਾਸੀ ਹਾਜ਼ਰ ਸਨ।





# ਦਾਦਾ-ਦਾਦੀ ਦਿਵਸ ਮਨਾਇਆ

**ਜਲੰਧਰ (ਇਕਬਾਲ ਸਿੰਘ ਉਭੀ)**-ਸਥਾਨਕ ਕੇਸਰੀ ਗਲੋਬਲ ਸਕੂਲ ਸੂਰੀਆ ਐਨਕਲੇਵ ਵਿਖੇ ਦਾਦਾ-ਦਾਦੀ ਦਿਵਸ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਲਗਭਗ 200 ਦੇ ਕਰੀਬ ਵਿਦਿਆਰਥੀਆਂ, ਦਾਦਾ-ਦਾਦੀ, ਮਾਪਿਆਂ ਅਤੇ ਸਟਾਫ਼ ਮੈਂਬਰਾਂ ਸਮੇਤ ਹਾਜ਼ਰ ਹੋਏ।ਇਸ ਜਸ਼ਨ ਵਿੱਚ ਨੌਜਵਾਨ ਸਿਖਿਆਰਥੀਆਂ ਦੁਆਰਾ ਪੇਸ਼ਕਾਰੀਆਂ ਦੀ ਇੱਕ ਜੀਵੰਤ ਲੜੀ ਪੇਸ਼ ਕੀਤੀ ਗਈ, ਜਿਸ ਵਿੱਚ ਊਰਜਾਵਾਨ ਡਾਂਸ ਪ੍ਰਦਰਸ਼ਨ, ਸੋਲੋ ਪੇਸ਼ਕਾਰੀਆਂ, ਅਤੇ ਇੱਕ ਮਨਮੋਹਕ ਨਾਟਕ ਸ਼ਾਮਲ ਸੀ ਜੋ ਦਾਦਾ-ਦਾਦੀ ਅਤੇ ਪੋਤੇ-ਪੋਤੀਆਂ ਵਿਚਕਾਰ ਵਿਸ਼ੇਸ਼ ਬੰਧਨ ਨੂੰ ਸੁੰਦਰਤਾ ਨਾਲ ਦਰਸਾਉਂਦਾ ਸੀ।ਸ਼ਾਮ ਨੂੰ ਇੱਕ ਵਿਲੱਖਣ ਸੁਹਜ ਜੋੜਦੇ ਹੋਏ, ਦਾਦਾ-ਦਾਦੀ ਨੇ ਉਤਸ਼ਾਹ ਨਾਲ ਰੈਂਪ ਵਾਕ, ਦਾਦਾ-ਦਾਦੀ ਦੁਆਰਾ ਜੋੜੇ ਡਾਂਸ ਅਤੇ ਮਾਪਿਆਂ ਲਈ ਰੋਮਾਂਚਕ ਖੇਡਾਂ ਵਿੱਚ ਹਿੱਸਾ ਲਿਆ, ਜਿਸ ਨੇ ਮਾਹੌਲ ਨੂੰ ਮੁਸਕਰਾਹਟ, ਆਤਮਵਿਸ਼ਵਾਸ ਅਤੇ ਖੁਸ਼ੀ ਭਰੇ ਪਲਾਂ ਨਾਲ ਭਰ ਦਿੱਤਾ।ਇਸ ਪ੍ਰੋਗਰਾਮ ਵਿੱਚ ਬੱਚਿਆਂ ਦੇ ਜੀਵਨ ਨੂੰ ਆਕਾਰ ਦੇਣ ਅਤੇ ਪਿਆਰ, ਕਦਰਾਂ-ਕੀਮਤਾਂ ਅਤੇ ਬੁੱਧੀ ਦੀ ਇੱਕ ਮਜ਼ਬੂਤ ? ?ਨੀਂਹ ਬਣਾਉਣ ਵਿੱਚ ਦਾਦਾ-ਦਾਦੀ ਦੀ ਅਨਮੋਲ ਭੂਮਿਕਾ ਦਾ ਜਸ਼ਨ ਮਨਾਇਆ ਗਿਆ। ਇਹ ਪ੍ਰੋਗਰਾਮ ਇੱਕ ਖੁਸ਼ੀ ਭਰੇ ਮਾਹੌਲ ਵਿੱਚ ਸਮਾਪਤ ਹੋਇਆ, ਜਿਸ ਨਾਲ ਸਾਰਿਆਂ ਨੂੰ ਪਿਆਰੀਆਂ ਯਾਦਾਂ ਅਤੇ ਪੀੜ੍ਹੀਆਂ ਵਿਚਕਾਰ ਸੁੰਦਰ ਬੰਧਨ ਲਈ ਇੱਕ ਨਵੀਂ ਕਦਰ ਮਿਲੀ।

# ਮੁੱਖ ਮੰਤਰੀ ਅੱਜ ਕਰਨਗੇ ਮੁਲਾਜ਼ਮ ਆਗੂਆਂ ਨਾਲ ਮੀਟਿੰਗ




**ਚੰਡੀਗੜ੍ਹ (ਸੁਰਜੀਤ ਸੁਮਨ)**-ਸਾਂਝ ਮੁਲਾਜ਼ਮ ਮੰਚ, ਸਾਂਝੀ ਤਾਲਮੇਲ ਕਮੇਟੀ ਅਤੇ ਮੁਲਾਜ਼ਮ ਫਰੰਟ ਵੱਲੋਂ ਪੰਜਾਬ ਸਰਕਾਰ ਦੇ ਤਿੰਨ ਮੰਤਰੀਆਂ ਵੱਲੋਂ ਮੁਲਾਜ਼ਮ ਮੰਗਾਂ ਸਬੰਧੀ ਗਲਤ ਅੰਕੜੇ ਪੇਸ਼ ਕਰਨ ਦੇ ਵਿਰੋਧ ਵਿੱਚ 17 ਸਤੰਬਰ ਨੂੰ ਪ੍ਰੈੱਸ ਕਲੱਬ ਚੰਡੀਗੜ੍ਹ ਵਿਖੇ ਇੱਕ ਪ੍ਰੈੱਸ ਮਿਲਣੀ ਦਾ ਪ੍ਰਬੰਧ ਕੀਤਾ ਗਿਆ ਸੀ, ਜੋ ਮੁਲਾਜ਼ਮ ਆਗੂਆਂ ਵੱਲੋਂ ਹਾਲ ਦੀ ਘੜੀ ਮੁਲਤਵੀ ਕਰ ਦਿੱਤੀ ਗਈ ਹੈ। ਮੁਲਾਜ਼ਮ ਆਗੂਆਂ ਨੇ ਖੁਲਾਸਾ ਕਰਦਿਆਂ ਕਿਹਾ ਕਿ ਮੁੱਖ ਸਕੱਤਰ ਪੰਜਾਬ ਸਰਕਾਰ ਕੇ ਏ ਪੀ ਸਿਨਹਾ ਵੱਲੋਂ ਸੁਨੇਹਾ ਮਿਲਿਆ ਹੈ ਕਿ ਮੁਲਾਜ਼ਮ ਆਗੂਆਂ ਨਾਲ 18 ਸਤੰਬਰ ਨੂੰ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਮੁਲਾਜ਼ਮ ਮੰਗਾਂ ਸੰਬੰਧੀ ਮੀਟਿੰਗ ਕਰ ਰਹੇ ਹਨ। ਮੁਲਾਜ਼ਮ ਆਗੂਆਂ ਨੇ ਇਸ ਮੀਟਿੰਗ ਦੇ ਤੈਅ ਹੋਣ ਨੂੰ ਸ਼ੁਭ ਸੰਕੇਤ ਮੰਨਦਿਆਂ ਮੁਲਾਜ਼ਮ ਮੰਗਾਂ ਨੂੰ ਗੱਲਬਾਤ ਰਾਹੀਂ ਹੱਲ ਕਰਨ ਲਈ ਪਹਿਲ ਦਾ ਸਵਾਗਤ ਕੀਤਾ ਹੈ।

# ਸਰਾਂ ਪਰਵਾਰ ਵੱਲੋਂ ਐਲੀਮੈਂਟਰੀ ਸਕੂਲ ਨੂੰ ਇੱਕ ਲੱਖ ਦੀ ਰਾਸ਼ੀ ਭੇਟ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**-ਸਥਾਨਕ ਇਲਾਕੇ ਦੇ ਪਿੰਡ ਬੀਰਮਪੁਰ ਨਾਲ ਸਬੰਧਤ ਸਰਾਂ ਪਰਵਾਰ ਜੋ ਕਿ ਅੱਜ ਕੱਲ੍ਹ ਵਿਦੇਸ਼ ਦੀ ਧਰਤੀ ਤੇ ਰਹਿ ਰਿਹਾ ਹੈ, ਵੱਲੋਂ ਆਪਣੇ ਪਿੰਡ ਨਾਲ ਮੋਹ ਦਿਖਾਉਂਦਿਆਂ ਪਿੰਡ ਦੇ ਸਰਕਾਰੀ ਐਲੀਮੈਂਟਰੀ ਸਕੂਲ ਬੀਰਮਪੁਰ ਨੂੰ ਇੱਕ ਲੱਖ ਰੁਪਏ ਦੀ ਰਾਸ਼ੀ ਭੇਟ ਕੀਤੀ ਗਈ।ਇਸ ਮੌਕੇ ਸਕੂਲ ਵਿੱਚ ਕਰਵਾਏ ਗਏ ਇੱਕ ਸਮਾਗਮ ਦੌਰਾਨ ਸਰਾਂ ਪਰਵਾਰ ਦੇ ਮੁਖੀ ਸਰਦਾਰ ਰਣਜੀਤ ਸਿੰਘ ਸਰਾਂ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਕਿਹਾ ਕਿ ਉਹ ਵਿਦੇਸ਼ ਵਿੱਚ ਰਹਿ ਕੇ ਵੀ ਆਪਣੇ ਪਿੰਡ ਅਤੇ ਆਪਣੀ ਮਿੱਟੀ ਨੂੰ ਨਹੀਂ ਭੁੱਲੇ ਅਤੇ ਸਕੂਲ ਦੀ ਤਰੱਕੀ ਲਈ ਹਮੇਸ਼ਾ ਯਤਨਸ਼ੀਲ ਰਹਿਣਗੇ। ਉਨ੍ਹਾਂ ਕਿਹਾ ਕਿ ਬੱਚਿਆਂ ਦੀ ਸਿੱਖਿਆ ਤੋਂ ਵੱਡਾ ਕੋਈ ਦਾਨ ਨਹੀਂ ਹੁੰਦਾ।ਉਨ੍ਹਾਂ ਕਿਹਾ ਕਿ ਮੇਰੇ ਭਰਾ ਸਰਦਾਰ ਨਰਿੰਦਰ ਸਿੰਘ ਸਰਾਂ ਅਤੇ ਹਰਿੰਦਰ ਸਿੰਘ ਸਰਾਂ ਨੇ ਕਿਹਾ ਕਿ ਅਗਾਂਹ ਤੋਂ ਵੀ ਸਿੱਖਿਆ ਦੇ ਖੇਤਰ ਵਿੱਚ ਆਪਣਾ ਬਣਦਾ ਯੋਗਦਾਨ ਪਾਉਂਦੇ ਰਹਿਣਗੇ। ਇਸ ਮੌਕੇ ਸਕੂਲ ਮੁਖੀ ਤ੍ਰਿਪਤੀ, ਮਨੀਸ਼ਾ ਸ਼ਰਮਾ, ਜਸਕਰਨ ਸਿੰਘ, ਸਾਹਿਲ ਸੰਧੂ ਅਤੇ ਨੀਲਮ ਠਾਕੁਰ ਨੇ ਸਰਾਂ ਪਰਿਵਾਰ ਦਾ ਸਕੂਲ ਨੂੰ ਦਾਨ ਦੇਣ ਤੇ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਸ ਰਾਸ਼ੀ ਨਾਲ ਸਕੂਲ ਵਿੱਚ ਬੱਚਿਆਂ ਲਈ ਲੋੜੀਂਦਾ ਸਮਾਨ ਅਤੇ ਸਕੂਲ ਅੰਦਰ ਹੋਣ ਵਾਲਾ ਜ਼ਰੂਰੀ ਕੰਮ ਕਰਵਾਇਆ ਜਾਵੇਗਾ।ਇਸ ਮੌਕੇ ਪਿੰਡ ਦੇ ਪਤਵੰਤੇ ਸੱਜਣ ਅਤੇ ਸਕੂਲ ਸਟਾਫ ਹਾਜ਼ਰ ਸਨ।



# ਪੱਤਰਕਾਰ ਵਿਕਰਮਜੀਤ ਵਿੱਕੀ ਦੇ ਪਿਤਾ ਦਾ ਦੇਹਾਂਤ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**-ਤਲਵੰਡੀ ਚੌਧਰੀਆਂ ਤੋਂ ਸੀਨੀਅਰ ਪੱਤਰਕਾਰ ਵਿਕਰਮਜੀਤ ਵਿੱਕੀ ਦੇ ਸਤਿਕਾਰਯੋਗ ਪਿਤਾ ਅਜੀਤ ਰਾਮ (ਮੇਟ) ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਉਨ੍ਹਾਂ ਦੇ ਅਕਾਲ ਚਲਾਣੇ ਦੀ ਖ਼ਬਰ ਮਿਲਦਿਆਂ ਹੀ ਸਮੁੱਚੇ ਇਲਾਕੇ ਅੰਦਰ ਗ਼ਮ ਦਾ ਮਾਹੌਲ ਛਾ ਗਿਆ।ਇਸ ਮੌਕੇ ਸੁਲਤਾਨਪੁਰ ਲੋਧੀ ਦੇ ਸਮੁੱਚੇ ਪੱਤਰਕਾਰ ਭਾਈਚਾਰੇ ਨੇ ਪਰਵਾਰ ਨਾਲ ਦਿਲੀ ਹਮਦਰਦੀ ਸਾਂਝੀ ਕਰਦਿਆਂ ਆਖਿਆ ਕਿ ਸਿਰ ਤੋਂ ਸਿਆਣੇ ਬਜ਼ੁਰਗਾਂ ਦਾ ਸਾਇਆ ਉੱਠ ਜਾਣਾ ਪਰਵਾਰ ਅਤੇ ਸਮਾਜ ਲਈ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ। ਅਜੀਤ ਰਾਮ ਜੀ ਦੇ ਅਚਾਨਕ ਵਿਛੋੜੇ 'ਤੇ ਇਲਾਕੇ ਦੀਆਂ ਪ੍ਰਮੁੱਖ ਰਾਜਸੀ, ਧਾਰਮਿਕ ਤੇ ਸਮਾਜਿਕ ਸ਼ਖ਼ਸੀਅਤਾਂ, ਵੱਖ-ਵੱਖ ਜਨਤਕ ਤੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਅਤੇ ਸਮੁੱਚੇ ਪੱਤਰਕਾਰ ਭਾਈਚਾਰੇ ਨੇ ਡੂੰਘੇ ਦੁੱਖ ਦਾ ਇਜ਼ਹਾਰ ਕਰਦਿਆਂ ਪੀੜਤ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਹੈ।ਪਰਵਾਰਕ ਮੈਂਬਰਾਂ ਮੁਤਾਬਕ ਮ੍ਰਿਤਕ ਦੇਹ ਦਾ ਅੰਤਿਮ ਸੰਸਕਾਰ ਅੱਜ ਦੁਪਹਿਰ 12:00 ਵਜੇ ਪਿੰਡ ਤਲਵੰਡੀ ਚੌਧਰੀਆਂ ਦੇ ਸ਼ਮਸ਼ਾਨਘਾਟ ਵਿਖੇ ਕੀਤਾ ਜਾਵੇਗਾ।

# ਸੇਵਾ ਸੰਕਲਪ ਮੁਹਿੰਮ ਦਾ ਨਸ਼ਾ ਮੁਕਤ ਹਰਿਆਣਾ-ਨਮੋ ਮੈਰਾਥਨ ਨਾਲ ਆਗਾਜ਼

**ਚੰਡੀਗੜ੍ਹ (ਕ੍ਰਿਸ਼ਨ ਗਰਗ)**-ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਦੇ ਨੌਜਵਾਨਾਂ ਦੀ ਊਰਜਾ ਨੂੰ ਰਾਸ਼ਟਰ ਦੀ ਤਾਕਤ ਬਣਾਉਣ ਲਈ ਮੌਕਿਆਂ ਦੇ ਨਵੇਂ ਦੁਆਰ ਖੋਲ੍ਹੇ ਹਨ। ਖੇਲੋ ਇੰਡੀਆ ਨੇ ਖੇਡ ਪ੍ਰਤਿਭਾਵਾਂ ਨੂੰ ਮੰਚ ਦਿੱਤਾ, ਫਿੱਟ ਇੰਡੀਆ ਨੇ ਸਿਹਤਮੰਦ ਜੀਵਨ ਸ਼ੈਲੀ ਦਾ ਸੰਨੇਹ ਦਿੱਤਾ, ਸਕਿੱਲ ਇੰਡੀਆ ਨੇ ਹੁਨਰ ਨੂੰ ਮੌਕੇ ਨਾਲ ਜੋੜਿਆ ਅਤੇ ਸਟਾਰਟਅੱਪ ਇੰਡੀਆ ਨੇ ਨੌਜਵਾਨਾਂ ਵਿੱਚ ਉੱਦਮਤਾ ਦੀ ਨਵੀਂ ਊਰਜਾ ਪੈਦਾ ਕੀਤੀ। ਇਸੇ ਤਰ੍ਹਾਂ ਮੁਦਰਾ ਯੋਜਨਾ ਅਤੇ ਸਟੈਂਡ-ਅੱਪ ਇੰਡੀਆ ਨੇ ਨੌਜਵਾਨਾਂ ਲਈ ਸਵੈ-ਰੁਜ਼ਗਾਰ ਅਤੇ ਉੱਦਮਤਾ ਦੇ ਰਸਤੇ ਖੋਲ੍ਹੇ ਹਨ।ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਵੀਰਵਾਰ ਨੂੰ ਅੰਬਾਲਾ ਸ਼ਹਿਰ ਵਿੱਚ 'ਸੇਵਾ ਸੰਕਲਪ ਮੁਹਿੰਮ' ਦੀ ਸ਼ੁਰੂਆਤ ਤਹਿਤ ਆਯੋਜਤ 'ਨਸ਼ਾ-ਮੁਕਤ ਹਰਿਆਣਾ ਨਮੋ ਮੈਰਾਥਨ' ਵਿੱਚ ਬਤੌਰ ਮੁੱਖ ਮਹਿਮਾਨ ਹਜ਼ਾਰਾਂ ਦੀ ਗਿਣਤੀ ਵਿੱਚ ਮੌਜੂਦ ਭਾਗੀਦਾਰਾਂ ਨੂੰ ਸੰਬੋਧਨ ਕਰ ਰਹੇ ਸਨ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਬੂਟੇ ਲਗਾ ਕੇ ਵਾਤਾਵਰਣ ਸੰਭਾਲ ਦਾ ਸੁਨੇਹਾ ਵੀ ਦਿੱਤਾ।


# ਗਾਇਕ ਸ਼ੈਗੀ ਬੌਸ ਦਾ ਗੀਤ 'ਮੈਂ ਪੰਜਾਬ ਬੋਲ ਰਿਹਾ' ਦਾ ਪੋਸਟਰ ਜਾਰੀ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਅਤੇ ਸਮਾਜ ਵਿੱਚ ਜਾਗਰੂਕਤਾ ਪੈਦਾ ਕਰਨ ਦੇ ਉਦੇਸ਼ ਨਾਲ ਪੰਜਾਬੀ ਗੀਤਕਾਰ, ਗਾਇਕ ਤੇ ਫ਼ਿਲਮ ਮੇਕਰ ਸ਼ੈਗੀ ਬੌਸ ਵੱਲੋਂ ਤਿਆਰ ਕੀਤਾ ਗੀਤ ਮੈਂ ਪੰਜਾਬ ਬੋਲ ਰਿਹਾ ਭਾਜਪਾ ਦੀ ਨਸ਼ਾ ਮੁਕਤ ਪੰਜਾਬ ਯਾਤਰਾ ਨਾਲ ਜੁੜੀ ਇੱਕ ਪ੍ਰਭਾਵਸ਼ਾਲੀ ਸੱਭਿਆਚਾਰਕ ਆਵਾਜ਼ ਬਣ ਕੇ ਸਾਹਮਣੇ ਆਇਆ ਹੈ। ਚੰਡੀਗੜ੍ਹ ਵਿਖੇ ਭਾਜਪਾ ਪੰਜਾਬ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਇਸ ਦਾ ਪੋਸਟਰ ਜਾਰੀ ਕੀਤਾ।ਇਸ ਮੌਕੇ ਸ਼ੈਗੀ ਬੌਸ ਤੋਂ ਇਲਾਵਾ ਹੋਬੀ ਧਾਲੀਵਾਲ, ਜਤਿੰਦਰ ਸਿੰਘ ਸਰਾਂ, ਇੰਦਰ ਸੇਖੜੀ, ਰਣਜੀਤ ਸਿੰਘ ਗਿੱਲਗੋ ਅਤੇ ਪ੍ਰੋ. ਸਰਚਾਂਦ ਸਿੰਘ ਖਿਆਲਾ ਵੀ ਮੌਜੂਦ ਸਨ।ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਮੈਂ ਪੰਜਾਬ ਬੋਲ ਰਿਹਾ ਸਿਰਫ਼ ਇੱਕ ਗੀਤ ਨਹੀਂ, ਸਗੋਂ ਨਸ਼ਿਆਂ ਦੀ ਮਾਰ ਝੱਲ ਰਹੇ ਪੰਜਾਬ ਦੇ ਦਰਦ ਅਤੇ ਆਪਣੀ ਜਵਾਨੀ ਨੂੰ ਬਚਾਉਣ ਦੀ ਪੁਕਾਰ ਹੈ। ਮੇਰੀ ਜਵਾਨੀ ਨੂੰ ਬਚਾ ਲਓ, ਮੈਂ ਪੰਜਾਬ ਬੋਲ ਰਿਹਾ ਗੀਤ ਦਾ ਕੇਂਦਰੀ ਸੁਨੇਹਾ ਹੈ, ਜੋ ਨਸ਼ਿਆਂ ਕਾਰਨ ਪ੍ਰਭਾਵਿਤ ਪਰਿਵਾਰਾਂ ਅਤੇ ਪਿੰਡਾਂ ਦੇ ਦਰਦ ਨੂੰ ਭਾਵਨਾਤਮਕ ਢੰਗ ਨਾਲ ਪ੍ਰਗਟ ਕਰਦਾ ਹੈ।



# ਨਕਲੀ ਖਾਦ ਤੇ ਬੀਜ ਵੇਚਣ ਵਾਲਿਆਂ ਖਿਲਾਫ ਹੋਵੇ ਕਾਰਵਾਈ : ਚੌਟਾਲਾ


**ਅੱਡਾ ਸਰਾਂ (ਜਸਵੀਰ ਕਾਜਲ)**-ਕਿਸਾਨਾਂ ਨੂੰ ਬੀਤੇ ਕੁਝ ਸਮੇਂ ਤੋਂ ਜਿੱਥੇ ਖਾਦਾਂ ਨਾਲ ਜਬਰੀ ਸਮਾਨ ਮਿਲਣ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਸੀ । ਉੱਥੇ ਹੁਣ ਕਿਸਾਨਾਂ ਨੂੰ ਮਿਲ ਰਹੇ ਨਕਲੀ ਬੀਜ ਅਤੇ ਖਾਦਾਂ ਦਾ ਮਾਮਲਾ ਵੀ ਸਾਹਮਣੇ ਆਇਆ ਹੈ । ਅੱਡਾ ਸਰਾਂ ਵਿਖੇ ਮੰਡੀ ਬੋਰਡ ਦੇ ਸਾਬਕਾ ਡਾਇਰੈਕਟਰ ਐਡਵੋਕੇਟ ਗੁਰਵੀਰ ਸਿੰਘ ਚੌਟਾਲਾ, ਪ੍ਰਧਾਨ ਅਸ਼ਵਨੀ ਕੁਮਾਰ ਦੁਕਾਨਦਾਰ ਯੂਨੀਅਨ ਅੱਡਾ ਸਰਾਂ ਦੀ ਅਗਵਾਈ ਵਿਚ ਹੋਈ ਇਕ ਇਕੱਤਰਤਾ ਦੌਰਾਨ ਮੌਜੂਦ ਕਿਸਾਨਾਂ ਨੇ ਨਕਲੀ ਬੀਜ ਤੇ ਖਾਦਾਂ ਮਿਲਣ ਦੀ ਸਮੱਸਿਆ ਸਬੰਧੀ ਜਾਣਕਾਰੀ ਦਿੱਤੀ ਹੈ। ਐਡਵੋਕੇਟ ਚੌਟਾਲਾ ਤੇ ਹੋਰ ਮੌਜੂਦ ਕਿਸਾਨਾਂ ਨੇ ਦੱਸਿਆ ਕਿ ਬੀਤੇ ਕੁਝ ਸਮੇਂ ਤੋਂ ਖਾਦਾਂ ਅਤੇ ਮਾੜੇ ਬੀਜ ਦੇ ਪੈਦਾਵਾਰ ਦੇ ਨਤੀਜੇ



ਬਹੁਤ ਘਟੀਆ ਹਨ । ਕਿਉਂਕਿ ਦੇਖਣ ਵਿਚ ਆਇਆ ਹੈ ਕਿ ਨਾ ਤਾਂ ਖਾਦਾ ਪਾਉਣ ਦਾ ਕੋਈ ਚੰਗਾ ਨਤੀਜਾ ਮਿਲ ਰਿਹਾ ਹੈ ਤੇ ਨਾ ਹੀ ਬੀਜਾਂ ਦੀ ਪੈਦਾਵਾਰ ਤਸੱਲੀ ਬਖਸ਼ ਹੋ ਰਹੀ ਹੈ । ਬੁਲਾਰਿਆਂ ਨੇ ਕਿਹਾ ਕਿ ਬੀਤੇ ਦਿਨੀ ਟਾਂਡਾ, ਗੜ੍ਹਦੀਵਾਲ ਖੇਤਰ ਵਿਚ 'ਚ ਕੁਝ ਕੋਆਪਰੇਟਿਵ ਸੋਸਾਇਟੀਆਂ ਅੰਦਰ ਨਕਲੀ ਖਾਦਾਂ ਵੇਚੀਆਂ ਗਈਆਂ ਤੇ ਕੰਢੀ ਖੇਤਰ ਵਿਚ ਮੂੰਗਫਲੀ ਦਾ ਨਕਲੀ ਬੀਜ ਕਿਸਾਨਾਂ ਨੂੰ ਵੇਚਿਆ ਗਿਆ ਅਤੇ ਜੇਕਰ ਅਜਿਹੀਆਂ ਧਾਂਦਲੀਆਂ ਖਿਲਾਫ ਸਰਕਾਰ ਨੇ ਕੋਈ ਸਖਤ ਕਾਰਵਾਈ ਨਾ ਕੀਤੀ ਤਾਂ ਸਬੰਧਿਤ ਕਿਸਾਨਾਂ ਦੀ ਲੜਾਈ ਲੜਨ ਲਈ ਮਾਨਯੋਗ ਅਦਾਲਤ ਵਿਚ ਜਨਹਿੱਤ ਪਟੀਸ਼ਨ ਦਾਇਰ ਕੀਤੀ ਜਾਵੇਗੀ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਅਜਿਹੀਆਂ ਧਾਂਦਲੀਆਂ ਤੋਂ ਬਚਾਉਣ ਲਈ ਵਿਸ਼ੇਸ਼ ਟੀਮਾਂ ਦਾ ਗਠਨ ਕੀਤਾ ਜਾਵੇ । ਇਸ ਮੌਕੇ ਕਰਤਾਰ ਸਿੰਘ ਹੰਬੜਾਂ, ਹਰਭਜਨ ਸਿੰਘ ਮਿਰਜਾਪੁਰ, ਸਰਪੰਚ ਗੁਰਨਾਮ ਸਿੰਘ, ਤਰੁਣ ਕੌਸ਼ਲ, ਅਮਨਦੀਪ ਸਿੰਘ ਵੜੈਚ, ਲਖਬੀਰ ਸਿੰਘ ਹੁੰਦਲ, ਪ੍ਰਿੰਸ ਚੌਹਾਨ, ਸੰਦੀਪ ਕੌਸ਼ਲ ਆਦਿ ਮੌਜੂਦ ਸਨ।

# ਸਰਬੱਤ ਦੇ ਭਲੇ ਲਈ ਧਾਰਮਿਕ ਸਮਾਗਮ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਪੰਡਿਤ ਮਿਥਲੇਸ਼)**-ਸ੍ਰੀ ਗੁਰੂ ਰਾਮਦਾਸ ਜੀ ਸੇਵਾ ਸੋਸਾਇਟੀ ਟਾਂਡਾ ਵੱਲੋਂ ਚਲਾਏ ਜਾ ਰਹੇ ਜੀ ਆਰ ਡੀ ਇੰਟਰਨੈਸ਼ਨਲ ਵਿਦਿਅਕ ਅਦਾਰਿਆਂ ਵਿਖੇ ਸਰਬੱਤ ਦੇ ਭਲੇ ਲਈ ਧਾਰਮਿਕ ਸਮਾਗਮ ਕਰਵਾਇਆ ਤੇ ਸੰਗਰਾਂਦ ਦਾ ਦਿਹਾੜਾ ਸ਼ਰਧਾ ਪੂਰਵਕ ਮਨਾਇਆ ਗਿਆ। ਸੰਸਥਾ ਦੇ ਚੇਅਰਪਰਸਨ ਪ੍ਰਦੀਪ ਕੌਰ ਤੇ ਮੈਨੇਜਿੰਗ ਡਾਇਰੈਕਟਰ ਬਿਕਰਮ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਿਦਿਅਕ ਅਦਾਰਿਆਂ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸਰਬੱਤ ਸੰਗਤਾਂ ਤੇ ਭਲੇ ਲਈ ਵਿਸ਼ਾਲ ਧਾਰਮਿਕ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਸਭ ਤੋਂ ਪਹਿਲਾਂ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ ਉਪਰੰਤ ਬਾਰਹ ਮਾਹਾ ਪਾਠ ਅਤੇ ਕਥਾ ਵਿਚਾਰਾਂ ਹੋਈਆਂ। ਇਸ ਮੌਕੇ ਤੇ ਭਾਈ ਜਸਪ੍ਰੀਤ ਸਿੰਘ ਮੋਮੀ ਕਨੇਡਾ



ਵਾਲਿਆਂ ਨੇ ਸੰਗਤ ਨੂੰ ਗੁਰਬਾਣੀ ਵਿਚਾਰ ਦੁਆਰਾ ਨਿਹਾਲ ਕਰਦਿਆਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਮਨੁੱਖਾ ਜਨਮ ਬੜੇ ਭਾਗਾਂ ਨਾਲ ਮਿਲਿਆ ਹੈ, ਇਸ ਕਰਕੇ ਸਾਨੂੰ ਸਵਾਸ ਸਵਾਸ ਹਰ ਸਮੇਂ ਉਸ ਪਰਮ ਪਿਤਾ ਪਰਮਾਤਮਾ ਦਾ ਨਾਮ ਜਪਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਗੁਰੂ ਦੀ ਸੰਗਤ ਵੱਡਿਆਂ ਅਤੇ ਚੰਗੇ ਭਾਗਾਂ ਨਾਲ ਮਿਲਦੀ ਹੈ ਅਤੇ ਸਾਨੂੰ ਇਸ ਮਨੁੱਖਾ ਜਨਮ ਦਾ ਲਾਹਾ ਲੈਂਦਿਆਂ ਵੱਧ ਤੋਂ ਵੱਧ ਗੁਰੂ ਦੀ ਸੰਗਤ ਕਰਕੇ ਗੁਰੂ ਚਰਨਾਂ ਨਾਲ ਜੁੜਨਾ ਚਾਹੀਦਾ ਹੈ। ਸੰਸਥਾ ਦੇ ਮੈਨੇਜਰ ਸਰਬਜੀਤ ਸਿੰਘ ਮੋਮੀ ਨੇ ਜਿੱਥੇ ਅੱਜ ਹੋਏ ਇਸ ਵਿਸ਼ਾਲ ਧਾਰਮਿਕ ਸਮਾਗਮ ਦੀ ਸਭਨਾ ਨੂੰ ਵਧਾਈ ਦਿੱਤੀ ਉਥੇ ਉਹਨਾਂ ਸਾਰੀ ਸੰਗਤ ਦਾ ਅਤੇ ਸਟਾਫ ਮੈਂਬਰਾਂ ਵਿਦਿਆਰਥੀਆਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਤੇ ਚਾਹ ਮਠਿਆਈਆਂ ਦੇ ਲੰਗਰ ਵੀ ਵਰਤਾਏ ਗਏ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਪ੍ਰਿੰਸੀਪਲ ਰੇਨੂ ਬਾਲਾ, ਵਾਈਸ ਪ੍ਰਿੰਸੀਪਲ ਰਾਜਵਿੰਦਰ ਕੌਰ, ਦਲਜਿੰਦਰ ਕੌਰ, ਲਵਲੀ ਸੈਣੀ, ਬਲਜੀਤ ਕੌਰ, ਤੇਜਿੰਦਰ ਕੌਰ, ਮਨਪ੍ਰੀਤ ਕੌਰ, ਆਚਲ ਸੈਣੀ, ਸੀਮਾ ਬਾਘਾ, ਹਰਦੀਪ ਕੌਰ, ਮਨਜੀਤ ਕੌਰ, ਮਨਦੀਪ ਕੌਰ, ਸੁਖਪ੍ਰੀਤ ਕੌਰ, ਕਸ਼ਮੀਰ ਕੌਰ ਤੋਂ ਇਲਾਵਾ ਵਿਦਿਅਕ ਅਦਾਰਿਆਂ ਦਾ ਸਾਰਾ ਸਟਾਫ ਹਾਜ਼ਰ ਸੀ।

# ਮੀਰੀ-ਪੀਰੀ ਖ਼ਾਲਸਾ ਮਾਰਚ ਦਾ ਤੀਜਾ ਪੜਾਅ ਤਖ਼ਤ ਕੇਸਗੜ੍ਹ ਸਾਹਿਬ ਤੋਂ ਜਾਹੋ-ਜਲਾਲ ਨਾਲ ਹੋਇਆ ਆਰੰਭ


**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਮੀਰੀ-ਪੀਰੀ ਖ਼ਾਲਸਾ ਮਾਰਚ ਦਾ ਤੀਜਾ ਪੜਾਅ ਖ਼ਾਲਸੇ ਦੀ ਜਨਮ ਭੂਮੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਤੋਂ ਸਿੱਖ ਰਵਾਇਤਾਂ ਅਤੇ ਖ਼ਾਲਸਾਈ ਜਾਹੋ-ਜਲਾਲ ਨਾਲ ਆਰੰਭ ਹੋਇਆ। ਮੀਰੀ ਪੀਰੀ ਦਿਵਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਰੰਭ ਹੋਇਆ ਖਾਲਸਾ ਮਾਰਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ, ਮੀਰੀ-ਪੀਰੀ ਦੇ ਸਿਧਾਂਤ, ਸਿੱਖੀ ਦੀ ਚੜ੍ਹਦੀ ਕਲਾ, ਗੁਰਮਤਿ ਜੀਵਨ-ਜਾਚ ਅਤੇ ਖ਼ਾਲਸਾਈ ਜਜ਼ਬੇ ਦਾ ਪ੍ਰਚਾਰ ਕਰਦਾ ਹੋਇਆ ਪਹਿਲੇ ਪੜਾਅ ਤਹਿਤ ਤਖਤ ਸ੍ਰੀ ਦਮਦਮਾ ਸਾਹਿਬ ਪੁੱਜਾ ਸੀ, ਜਿਥੋਂ ਵੱਖ ਵੱਖ ਅਸਥਾਨਾਂ ਤੋਂ ਹੁੰਦਾ ਹੋਇਆ ਦੂਜਾ ਪੜਾਅ ਪੂਰਾ ਕਰਕੇ 4 ਸਤੰਬਰ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸੰਪੂਰਨ ਹੋਇਆ ਸੀ। ਖਾਲਸਾ ਮਾਰਚ ਦੇ ਤੀਜੇ ਪੜਾਅ ਦੀ ਆਰੰਭਤਾ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ





ਸਿੰਘ ਗੜਗੱਜ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਟੇਕ ਸਿੰਘ, ਸੀਨੀਅਰ ਅਕਾਲੀ ਆਗੂ ਤੇ ਸਾਬਕਾ ਮੰਤਰੀ ਡਾ. ਦਲਜੀਤ ਸਿੰਘ ਚੀਮਾ ਸਮੇਤ ਪ੍ਰਮੁੱਖ ਸਖਸ਼ੀਅਤਾਂ ਅਤੇ ਵੱਡੀ ਗਿਣਤੀ ਸੰਗਤਾਂ ਹਾਜ਼ਰ ਸਨ। ਖਾਲਸਾ ਮਾਰਚ ਦੇ ਤੀਜੇ ਪੜਾਅ ਦੀ ਆਰੰਭਤਾ ਦੀ ਅਰਦਾਸ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਕੀਤੀ ਅਤੇ ਪਾਵਨ ਹੁਕਮਨਾਮਾ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਨੇ ਸਰਵਣ ਕਰਵਾਇਆ। ਇਸ ਮੌਕੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਰੰਭ ਹੋਏ ਖਾਲਸਾ ਮਾਰਚ ਨਾਲ ਗੁਰੂ ਦੋਖੀ ਤੇ ਸਿੱਖ ਵਿਰੋਧੀ ਤਾਕਤਾਂ ਤੋਂ ਸੰਗਤਾਂ ਨੂੰ ਸੁਚੇਤ ਕਰਨ ਦੇ ਨਾਲ ਨਾਲ, ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਿੱਖੀ ਸਰੂਪ ਵਿੱਚ ਪਰਪੱਕ ਰਹਿਣ ਦੀ ਪ੍ਰੇਰਨਾ ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਮੀਰੀ ਪੀਰੀ ਖ਼ਾਲਸਾ ਮਾਰਚ ਸਿੱਖੀ ਨੂੰ ਪ੍ਰਫੁੱਲਤ ਕਰਨ ਵਿੱਚ ਵੱਡਾ ਮੀਲ ਪੱਥਰ ਸਾਬਤ ਹੋਵੇਗਾ। ਛੋਟੀ ਉਮਰ ਦੇ ਬੱਚੇ ਬੜੇ ਚਾਅ ਨਾਲ ਸੋਹਣੀਆਂ ਦਸਤਾਰਾਂ ਸਜਾ ਕੇ ਮਾਰਚ ਵਿੱਚ ਸ਼ਮੂਲੀਅਤ ਕਰ ਰਹੇ ਹਨ, ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤ ਵੱਲੋਂ ਸ਼ਮੂਲੀਅਤ ਕੀਤੀ ਜਾ ਰਹੀ ਹੈ ਅਤੇ ਨੌਜਵਾਨਾਂ ਵੱਲੋਂ ਸਾਬਤ ਸੂਰਤ ਹੋਣ ਤੇ ਕੇਸ ਰੱਖਣ ਦਾ ਪ੍ਰਣ ਕੀਤਾ ਹੈ।

# ਵਿਜੇ ਭਾਟੀਆ ਵੱਲੋਂ ਜੈ ਪ੍ਰਕਾਸ਼ ਨਾਲ ਸ਼ਿਸ਼ਟਾਚਾਰ ਮੁਲਾਕਾਤ



**ਪੋਜੇਵਾਲ (ਰਾਮ ਲਾਲ)**-ਭਾਰਤੀ ਜਨਤਾ ਪਾਰਟੀ ਦੀ ਵਿਜੇ ਭਾਟੀਆ ਬਲਾਚੌਰ ਵੱਲੋਂ ਭਾਜਪਾ ਦੇ ਲੋਕਪ੍ਰਿਯ ਨੇਤਾ ਅਤੇ ਰਾਸ਼ਟਰੀ ਮੰਤਰੀ ਜੈ ਪ੍ਰਕਾਸ਼ ਨਾਲ ਉਨ੍ਹਾਂ ਦੇ ਦਿੱਲੀ ਸਥਿਤ ਦਫ਼ਤਰ ਵਿਖੇ ਸ਼ਿਸ਼ਟਾਚਾਰ ਮੁਲਾਕਾਤ ਕੀਤੀ ਗਈ। ਇਸ ਮੌਕੇ ਟੀਮ ਵੱਲੋਂ ਜੈ ਪ੍ਰਕਾਸ਼ ਨੂੰ ਮਿਲੀ ਜ਼ਿੰਮੇਵਾਰੀ ਲਈ ਸ਼ੁਭਕਾਮਨਾਵਾਂ ਅਤੇ ਵਧਾਈ ਦਿੱਤੀ ਗਈ।ਮੁਲਾਕਾਤ ਦੌਰਾਨ ਭਾਜਪਾ ਦੀ ਵਿਚਾਰਧਾਰਾ, ਸੰਗਠਨ ਨੂੰ ਹੋਰ ਮਜ਼ਬੂਤ ਕਰਨ ਅਤੇ ਜ਼ਮੀਨੀ ਪੱਧਰ 'ਤੇ ਪਾਰਟੀ ਦੀਆਂ ਗਤੀਵਿਧੀਆਂ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਅੱਗੇ ਵਧਾਉਣ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ। ਵਿਜੇ ਭਾਟੀਆ ਬਲਾਚੌਰ ਦੇ ਆਗੂਆਂ ਅਤੇ ਵਰਕਰਾਂ ਨੇ ਕਿਹਾ ਕਿ ਪਾਰਟੀ ਦੇ ਸੀਨੀਅਰ ਆਗੂਆਂ ਦੀ ਅਗਵਾਈ ਅਤੇ ਮਾਰਗਦਰਸ਼ਨ ਨਾਲ ਵਰਕਰਾਂ ਵਿੱਚ ਨਵਾਂ ਉਤਸ਼ਾਹ ਪੈਦਾ ਹੁੰਦਾ ਹੈ ਅਤੇ ਸੰਗਠਨ ਨੂੰ ਮਜ਼ਬੂਤੀ ਮਿਲਦੀ ਹੈ।ਇਸ ਮੌਕੇ ਜੈ ਪ੍ਰਕਾਸ਼ ਨੇ ਵੀ ਟੀਮ ਨਾਲ ਗੱਲਬਾਤ ਕਰਦਿਆਂ ਸੰਗਠਨਾਤਮਕ ਗਤੀਵਿਧੀਆਂ, ਲੋਕਾਂ ਨਾਲ ਨਿਰੰਤਰ ਸੰਪਰਕ ਅਤੇ ਪਾਰਟੀ ਦੇ ਕੰਮ ਨੂੰ ਮਜ਼ਬੂਤੀ ਨਾਲ ਅੱਗੇ ਲਿਜਾਣ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਵਰਕਰਾਂ ਨੂੰ ਆਪਸੀ ਤਾਲਮੇਲ ਨਾਲ ਮਿਹਨਤ ਕਰਨ ਅਤੇ ਲੋਕਾਂ ਨਾਲ ਨਿਰੰਤਰ ਸੰਪਰਕ ਬਣਾਈ ਰੱਖਣ ਲਈ ਪ੍ਰੇਰਿਤ ਕੀਤਾ।ਟੀਮ ਸੰਧੇਵਾਲ ਬਲਾਚੌਰ ਵੱਲੋਂ ਜੈ ਪ੍ਰਕਾਸ਼ ਜੀ ਦਾ ਸਮਾਂ ਦੇਣ ਅਤੇ ਪਿਆਰ-ਸਤਿਕਾਰ ਨਾਲ ਮੁਲਾਕਾਤ ਕਰਨ ਲਈ ਧੰਨਵਾਦ ਕੀਤਾ ਗਿਆ।